15-Feb-PAGE-1.qxd 2/14/2026 10:44 PM Page 1

ਐਤਵਾਰ, 15 ਫਰਵਰੀ, 2026
4 ਫ਼ੱਗਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 256

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 15 FEBRUARY, 2026 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਕੇਂਦਰੀ ਕੈਬਨਿਟ ਵੱਲੋਂ ਤਿੰਨ ਵੱਡੇ ਰੇਲਵੇ ਪ੍ਰਾਜੈਕਟਾਂ ਨੂੰ ਹਰੀ ਝੰਡੀ



**ਨਵੀਂ ਦਿੱਲੀ**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਰੇਲਵੇ ਮੰਤਰਾਲੇ ਦੇ ਤਿੰਨ ਵੱਡੇ ਮਲਟੀ-ਟ੍ਰੈਕਿੰਗ ਪ੍ਰਾਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਨ੍ਹਾਂ 'ਤੇ ਲਗਭਗ 18,509 ਕਰੋੜ ਰੁਪਏ ਦੀ ਲਾਗਤ ਆਵੇਗੀ। ਇਨ੍ਹਾਂ ਪ੍ਰਾਜੈਕਟਾਂ ਵਿੱਚ ਕਸਾਰਾ-ਮਨਮਾਡ, ਦਿੱਲੀ-ਅੰਬਾਲਾ ਅਤੇ ਬਲਾਰੀ-ਹੋਸਾਪੇਟ ਵਿਚਕਾਰ ਤੀਜੀ ਅਤੇ ਚੌਥੀ ਰੇਲਵੇ ਲਾਈਨ ਵਿਛਾਉਣਾ ਸ਼ਾਮਲ ਹੈ। ਇਸ ਨਾਲ ਰੇਲਵੇ ਨੈੱਟਵਰਕ 389 ਕਿਲੋਮੀਟਰ ਵਧਾਇਆ ਜਾਵੇਗਾ, ਜੋ ਦਿੱਲੀ, ਹਰਿਆਣਾ, ਮਹਾਰਾਸ਼ਟਰ ਅਤੇ ਕਰਨਾਟਕ ਦੇ 12 ਜ਼ਿਲ੍ਹਿਆਂ ਨੂੰ ਕਵਰ ਕਰੇਗਾ। ਇਸ ਕਦਮ ਨਾਲ ਰੇਲ ਗੱਡੀਆਂ ਦੀ ਆਵਾਜਾਈ ਵਿੱਚ ਤੇਜ਼ੀ ਆਵੇਗੀ, ਭੀੜ ਘਟੇਗੀ ਅਤੇ ਭਾਰਤੀ ਰੇਲਵੇ ਦੀ ਕਾਰਜਪ੍ਰਣਾਲੀ ਵਿੱਚ ਸੁਧਾਰ ਹੋਵੇਗਾ।ਇਹ ਪ੍ਰਾਜੈਕਟ ਪ੍ਰਧਾਨ ਮੰਤਰੀ ਦੇ ਨਵੇਂ ਭਾਰਤ ਅਤੇ ਆਤਮ ਨਿਰਭਰ ਭਾਰਤ ਦੇ ਸੁਪਨੇ ਅਨੁਸਾਰ ਹਨ, ਜਿਸ ਨਾਲ ਸਰਬਪੱਖੀ ਵਿਕਾਸ ਰਾਹੀਂ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਇਨ੍ਹਾਂ ਯੋਜਨਾਵਾਂ ਨੂੰ ਪੀ ਐੱਮ-ਗਤੀ ਸ਼ਕਤੀ ਨੈਸ਼ਨਲ ਮਾਸਟਰ ਪਲਾਨ ਤਹਿਤ ਤਿਆਰ ਕੀਤਾ ਗਿਆ ਹੈ ਤਾਂ ਕਿ ਵੱਖ-ਵੱਖ ਆਵਾਜਾਈ ਸਾਧਨਾਂ ਦੇ ਆਪਸੀ ਤਾਲਮੇਲ ਅਤੇ ਮਾਲ ਦੀ ਢੋਆ-ਢੁਆਈ ਨੂੰ ਬਿਹਤਰ ਬਣਾਇਆ ਜਾ ਸਕੇ। ਇਸ ਵਿਸਥਾਰ ਨਾਲ ਦੇਸ਼ ਦੇ ਕਈ ਪ੍ਰਮੁੱਖ ਸੈਰ-ਸਪਾਟਾ ਅਤੇ ਧਾਰਮਿਕ ਸਥਾਨਾਂ, ਜਿਵੇਂ ਕਿ ਤ੍ਰਿੰਬਕੇਸ਼ਵਰ ਜਯੋਤਿਰਲਿੰਗ, ਮਾਤਾ ਵੈਸ਼ਨੋ ਦੇਵੀ, ਹੰਪੀ (ਯੂਨੈਸਕੋ ਵਿਸ਼ਵ ਵਿਰਾਸਤ ਸਥਾਨ) ਅਤੇ ਤੁੰਗਭਦਰਾ ਡੈਮ ਤੱਕ ਪਹੁੰਚਣਾ ਆਸਾਨ ਹੋ ਜਾਵੇਗਾ। ਇਸ ਤੋਂ ਇਲਾਵਾ ਇਹ ਰੂਟ ਕੋਲਾ, ਸਟੀਲ, ਅਨਾਜ ਅਤੇ ਖਾਦਾਂ ਵਰਗੀਆਂ ਜ਼ਰੂਰੀ ਵਸਤੂਆਂ ਦੀ ਢੋਆ-ਢੁਆਈ ਲਈ ਬਹੁਤ ਮਹੱਤਵਪੂਰਨ ਹਨ।

## ਹੜ੍ਹਾਂ ਤੋਂ ਬਚਾਅ ਲਈ ਡੰਗੇ ਬਣਨਗੇ ਪਿੰਡਾਂ ਦੀ ਢਾਲ : ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਤੇ ਹਲਕਾ ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਨੇ ਹਲਕਾ ਵਾਸੀਆਂ ਨਾਲ ਵੱਡੀ ਖੁਸ਼ਖਬਰੀ ਸਾਂਝੀ ਕਰਦਿਆਂ ਦੱਸਿਆ ਕਿ ਦਰਿਆ ਨਜ਼ਦੀਕ ਵਸਦੇ ਦਰਜਨਾਂ ਪਿੰਡਾਂ ਨੂੰ ਬਰਸਾਤਾਂ ਦੌਰਾਨ ਹੜ੍ਹਾਂ ਤੋਂ ਬਚਾਉਣ ਲਈ ਲਗਭਗ 52 ਕਰੋੜ ਰੁਪਏ ਦੀ ਲਾਗਤ ਨਾਲ ਡੰਗੇ ਲਗਾਉਣ ਦੇ ਇਤਿਹਾਸਕ ਪ੍ਰੋਜੈਕਟ ਦੀ ਜਲਦ ਸ਼ੁਰੂਆਤ ਕੀਤੀ ਜਾ ਰਹੀ ਹੈ। ਇਸ ਸੰਬੰਧੀ ਕੈਬਨਿਟ ਮੰਤਰੀ ਨੇ ਕਿਹਾ ਕਿ ਹਰ ਸਾਲ ਬਰਸਾਤਾਂ ਦੌਰਾਨ ਸਵਾਂ ਨਦੀ ਅਤੇ ਭਾਖੜਾ ਡੈਮ ਵਿਚੋਂ ਸਤਲੁਜ ਦਰਿਆ ਵਿੱਚ ਵਾਧੂ ਪਾਣੀ ਛੱਡੇ ਜਾਣ ਕਾਰਨ ਦਰਜਨਾਂ ਪਿੰਡ ਪ੍ਰਭਾਵਤ ਹੁੰਦੇ ਹਨ, ਜਿਸ ਨਾਲ ਹੜ੍ਹਾਂ ਵਰਗੀ ਸਥਿਤੀ ਬਣ ਜਾਂਦੀ ਹੈ ਅਤੇ ਲੋਕਾਂ ਨੂੰ ਭਾਰੀ ਜਾਨੀ ਤੇ ਮਾਲੀ ਨੁਕਸਾਨ ਝੱਲਣਾ ਪੈਂਦਾ ਹੈ।ਉਹਨਾ ਦੱਸਿਆ ਕਿ ਪਿਛਲੇ ਸਾਲ ਵੀ ਲਗਭਗ 20 ਕਰੋੜ ਰੁਪਏ ਦੀ ਲਾਗਤ ਨਾਲ ਕਈ ਪਿੰਡਾਂ ਵਿੱਚ ਡੰਗੇ ਲਗਾਏ ਗਏ ਸਨ, ਜਿਸ ਨਾਲ ਹੜ੍ਹਾਂ ਕਾਰਨ ਹੋਣ ਵਾਲੇ ਵੱਡੇ ਨੁਕਸਾਨ ਤੋਂ ਕਾਫੀ ਹੱਦ ਤੱਕ ਬਚਾਅ ਰਿਹਾ ਸੀ। ਇਸ ਵਾਰ ਵੀ ਸਮਾਂ ਰਹਿੰਦਿਆਂ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾਣਗੇ, ਤਾਂ ਜੋ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਇਆ ਜਾ ਸਕੇ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਵਾਰ ਕੁੱਲ 52 ਕਰੋੜ ਰੁਪਏ ਦੀ ਲਾਗਤ ਨਾਲ ਡੰਗਿਆਂ ਦੇ ਵੱਡੇ ਅਤੇ ਇਤਿਹਾਸਿਕ ਪ੍ਰੋਜੈਕਟ ਨੂੰ ਸੁਰੂ ਕਰਨ ਜਾ ਰਹੇ ਜਾ ਰਹੇ ਹਾਂ, ਜਿਸ ਅਧੀਨ 1 ਕਰੋੜ ਰੁਪਏ ਦੀ ਲਾਗਤ ਨਾਲ ਦਸਗਰਾਈਂ ਅਤੇ ਮਹੈਣ ਪਿੰਡ ਵਿੱਚ 9 ਕਰੋੜ ਰੁਪਏ ਦੀ ਲਾਗਤ ਨਾਲ ਪਿੰਡ ਹਰਸਾਬੇਲਾ ਵਿੱਚ 2200 ਫੁੱਟ ਲੰਮਾ ਡੰਗਾ, ਮਹਿੰਦਲੀ ਕਲਾਂ ਵਿੱਚ ਪੌਣੇ 9 ਕਰੋੜ ਰੁਪਏ ਦੀ ਲਾਗਤ ਨਾਲ 1800 ਫੁੱਟ ਲੰਮਾ ਡੰਗਾ, ਅਗੰਮਪੁਰ ਵਿੱਚ 12 ਕਰੋੜ ਰੁਪਏ ਦੀ ਲਾਗਤ ਨਾਲ 3200 ਫੁੱਟ ਲੰਮਾ ਡੰਗਾ, ਪਿੰਡ ਬੁਰਜ ਵਿੱਚ 7 ਕਰੋੜ ਰੁਪਏ ਦੀ ਲਾਗਤ ਨਾਲ 700 ਫੁੱਟ ਲੰਮਾ ਡੰਗਾ, ਪਿੰਡ ਅਜੌਲੀ ਵਿੱਚ 3.5 ਕਰੋੜ ਰੁਪਏ ਦੀ ਲਾਗਤ ਨਾਲ 750 ਫੁੱਟ ਲੰਮਾ ਡੰਗਾ ਅਤੇ ਪਿੰਡ ਲੋਧੀਪੁਰ ਵਿੱਚ 9 ਕਰੋੜ ਰੁਪਏ ਦੀ ਲਾਗਤ ਨਾਲ 2000 ਫੁੱਟ ਲੰਮਾ ਡੰਗਾ ਤਿਆਰ ਕੀਤਾ ਜਾਵੇਗਾ। ਇਹ ਸਾਰੇ ਪ੍ਰੋਜੈਕਟ ਪੂਰੇ ਹੋਣ ਉਪਰੰਤ ਹਲਕੇ ਵਿੱਚ ਡੰਗੇ ਲਗਾਉਣ ਦਾ ਕੰਮ ਕੁੱਲ 82 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਹੋ ਜਾਵੇਗਾ।

## ਅਮਰੀਕਾ ਨਾਲ ਵਪਾਰ ਸਮਝੌਤੇ ਵਿਰੁੱਧ ਪੁਤਲਾ ਫੂਕ ਮੁਜ਼ਾਹਰਾ



**ਅਮਲੋਹ**-ਹਲਕਾ ਅਮਲੋਹ 'ਚ ਸ਼ਨੀਵਾਰ ਸਿਆਸੀ ਮਾਹੌਲ ਉਸ ਵੇਲੇ ਗਰਮਾ ਗਿਆ, ਜਦੋਂ ਦੇਸ਼ ਭਗਤ ਯੂਨੀਵਰਸਿਟੀ ਦੇ ਗੇਟ ਅੱਗੇ ਆਮ ਆਦਮੀ ਪਾਰਟੀ ਨੇ ਭਾਜਪਾ ਅਤੇ ਕੇਂਦਰ ਸਰਕਾਰ ਖਿਲਾਫ ਮੋਰਚਾ ਖੋਲ੍ਹ ਦਿੱਤਾ। ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਦੀ ਅਗਵਾਈ ਵਿੱਚ ਇਕੱਠੇ ਹੋਏ ਸੈਂਕੜੇ ਕਾਰਕੁਨਾਂ ਨੇ ਜਿੱਥੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦੀ ਜੰਮ ਕੇ ਮੁਖਾਲਫ਼ਤ ਕੀਤੀ, ਉਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਫੂਕ ਕੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ।ਵਿਧਾਇਕ ਬੜਿੰਗ ਨੇ ਬੇਹੱਦ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਪ੍ਰੋਗਰਾਮਾਂ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਜਾਂ ਉਨ੍ਹਾਂ ਦੇ ਆਗੂਆਂ ਦੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾ ਖੁਲਾਸਾ ਕੀਤਾ ਕਿ ਯੂਨੀਵਰਸਿਟੀ ਦੇ ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਆਉਣਾ ਸੀ, ਪਰ ਉਨ੍ਹਾ ਦੀ ਜਗ੍ਹਾ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਭੇਜਣਾ ਸਿਰਫ਼ ਰਾਜਨੀਤੀ ਤੋਂ ਪ੍ਰੇਰਿਤ ਹੈ।ਇਸ ਮੌਕੇ ਕਿਸਾਨੀ ਮੁੱਦਿਆਂ 'ਤੇ ਬੋਲਦਿਆਂ ਵਿਧਾਇਕ ਨੇ ਦੋਸ਼ ਲਾਇਆ ਕਿ ਭਾਰਤ-ਅਮਰੀਕਾ ਵਪਾਰਕ ਸਮਝੌਤੇ ਵਿੱਚ ਕਿਸਾਨਾਂ ਦੇ ਹਿੱਤਾਂ ਨੂੰ ਪੂਰੀ ਤਰ੍ਹਾਂ ਅੱਖੋਂ-ਪਰੋਖੇ ਕੀਤਾ ਗਿਆ ਹੈ। ਉਨ੍ਹਾ ਐਲਾਨ ਕੀਤਾ ਕਿ ਪੰਜਾਬ ਵਿੱਚ ਹੁਣ ਭਾਜਪਾ ਮੰਤਰੀਆਂ ਦਾ ਡਟਵਾਂ ਵਿਰੋਧ ਹੋਵੇਗਾ।ਧਰਨੇ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸ਼ਿੰਗਾਰਾ ਸਿੰਘ ਸਲਾਣਾ, ਮੰਡੀ ਗੋਬਿੰਦਗੜ੍ਹ ਕੌਂਸਲ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਅਤੇ ਕਈ ਪ੍ਰਮੁੱਖ ਸਰਪੰਚਾਂ ਤੇ ਕੌਂਸਲਰਾਂ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।

## ਕਾਂਗਰਸ ਦਾ ਅਸਲੀ ਚਿਹਰਾ ਹੋਇਆ ਬੇਨਕਾਬ : ਧਾਲੀਵਾਲ



**ਚੰਡੀਗੜ੍ਹ** : ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕਾਂਗਰਸੀ ਆਗੂ ਗੁਰਕੀਰਤ ਸਿੰਘ ਉਰਫ਼ ਕਾਲੂ ਦੇ ਬਟਾਲਾ ਵਿੱਚ ਕਥਿਤ ਤੌਰ 'ਤੇ ਹੈਰੋਇਨ ਲੈਂਦੇ ਫੜੇ ਜਾਣ ਅਤੇ ਐਨ ਡੀ ਪੀ ਐਸ ਐਕਟ ਤਹਿਤ ਮਾਮਲਾ ਦਰਜ ਹੋਣ ਤੋਂ ਬਾਅਦ ਕਾਂਗਰਸ 'ਤੇ ਤਿੱਖਾ ਹਮਲਾ ਕੀਤਾ ਹੈ।ਇਸ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ 'ਆਪ' ਪੰਜਾਬ ਦੇ ਮੁਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਗੁਰਕੀਰਤ ਕਾਲੂ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਕਰੀਬੀ ਸਾਥੀ ਮੰਨਿਆ ਜਾਂਦਾ ਹੈ ਅਤੇ ਦੋਵਾਂ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ।ਧਾਲੀਵਾਲ ਨੇ ਕਿਹਾ ਕਿ ਕਾਂਗਰਸੀ ਆਗੂ ਹਰ ਗੱਲ 'ਤੇ ਲੈਕਚਰ ਦਿੰਦੇ ਰਹਿੰਦੇ ਹਨ, ਪਰ ਉਨ੍ਹਾਂ ਦੇ ਆਪਣੇ ਬੰਦੇ ਨਸ਼ਿਆਂ ਨਾਲ ਫੜੇ ਜਾ ਰਹੇ ਹਨ। ਇਹ ਕਾਂਗਰਸ ਦਾ ਅਸਲੀ ਚਿਹਰਾ ਨੰਗਾ ਕਰਦਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ 'ਆਪ' ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਜੰਗ ਵਿੱਢੀ ਹੋਈ ਹੈ, ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਧਾਲੀਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਚਾਹੇ ਕੋਈ ਵੱਡਾ ਹੋਵੇ ਜਾਂ ਛੋਟਾ, ਜੋ ਵੀ ਨਸ਼ਾ ਵੇਚੇਗਾ ਜਾਂ ਨਸ਼ਾ ਕਰੇਗਾ, ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਕਾਨੂੰਨ ਆਪਣਾ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਪਾਰਟੀ ਵਿੱਚ ਅਹਿਮ ਅਹੁਦਿਆਂ 'ਤੇ ਬੈਠੇ ਆਗੂਆਂ ਦੇ ਨਾਂ ਵਾਰ-ਵਾਰ ਨਸ਼ਿਆਂ ਨਾਲ ਕਿਉਂ ਜੁੜ ਰਹੇ ਹਨ।

## ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਦੇ ਮਾਮਲੇ 'ਚ ਗੁਪਤਾ ਨੂੰ 24 ਸਾਲ ਸਜ਼ਾ



**ਨਿਊ ਯਾਰਕ** : ਖਾਲਿਸਤਾਨੀ ਅਤੇ ਸਿੱਖਸ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਨਾਕਾਮ ਸਾਜ਼ਿਸ਼ ਦੇ ਮਾਮਲੇ ਵਿੱਚ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ 24 ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ ਨੇ ਅਮਰੀਕੀ ਅਦਾਲਤ ਵਿੱਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। 54 ਸਾਲਾ ਨਿਖਿਲ ਗੁਪਤਾ ਨੇ ਨਿਊ ਯਾਰਕ ਦੀ ਮੈਨਹਟਨ ਫੈਡਰਲ ਅਦਾਲਤ ਵਿੱਚ ਮੰਨਿਆ ਕਿ ਉਹ ਇਸ ਸਾਜ਼ਿਸ਼ ਦਾ ਹਿੱਸਾ ਸੀ। ਇਸ ਤੋਂ ਬਾਅਦ ਅਦਾਲਤ ਨੇ ਉਸ ਨੂੰ 24 ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਈ, ਜਿਸ ਦਾ ਰਸਮੀ ਐਲਾਨ 29 ਮਈ ਨੂੰ ਜੱਜ ਵਿਕਟਰ ਮਾਰੇਰੋ ਵੱਲੋਂ ਕੀਤਾ ਜਾਵੇਗਾ।

ਅਮਰੀਕੀ ਜਾਂਚ ਏਜੰਸੀ ਅਤੇ ਨਿਆਂ ਵਿਭਾਗ ਮੁਤਾਬਕ ਨਿਖਿਲ ਗੁਪਤਾ 'ਤੇ ਦੋਸ਼ ਸੀ ਕਿ ਉਸ ਨੇ ਇੱਕ ਭਾਰਤੀ ਸਰਕਾਰੀ

• ਬਾਕੀ ਸਫਾ 2 'ਤੇ

## ਮਾਂ ਵਿਦੇਸ਼ ਰਹਿੰਦੇ ਪੁੱਤ ਨਾਲ ਮਿਲ ਕੇ ਚਲਾਉਂਦੀ ਸੀ ਫਿਰੌਤੀ ਦਾ ਧੰਦਾ

**ਫ਼ਰੀਦਕੋਟ** : ਫ਼ਰੀਦਕੋਟ ਜ਼ਿਲ੍ਹੇ ਵਿੱਚ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇੱਥੇ ਇੱਕ ਮਾਂ ਵੱਲੋਂ ਆਪਣੇ ਵਿਦੇਸ਼ ਬੈਠੇ ਪੁੱਤ ਨਾਲ ਮਿਲ ਕੇ ਫਿਰੌਤੀ ਦਾ ਰੈਕੇਟ ਚਲਾਉਣ ਦਾ ਖੁਲਾਸਾ ਹੋਇਆ ਹੈ। ਪੁਲਸ ਜਾਂਚ ਮੁਤਾਬਕ ਇਹ ਔਰਤ ਇਲਾਕੇ ਦੇ ਅਮੀਰ ਵਪਾਰੀਆਂ ਦੀ ਪਛਾਣ ਕਰਦੀ ਸੀ ਅਤੇ ਉਨ੍ਹਾਂ ਦੀ ਨਿੱਜੀ ਜਾਣਕਾਰੀ ਆਪਣੇ ਪੁੱਤ ਨੂੰ ਭੇਜਦੀ ਸੀ, ਤਾਂ ਜੋ ਉਹ ਵਿਦੇਸ਼ ਤੋਂ ਉਨ੍ਹਾਂ ਨੂੰ ਧਮਕਾ ਸਕੇ ।ਥਾਣਾ ਸਾਦਿਕ ਦੀ ਪੁਲਸ ਨੇ ਇਸ ਮਾਮਲੇ ਵਿੱਚ ਪਰਮਜੀਤ ਕੌਰ, ਉਸ ਦੇ ਵਿਦੇਸ਼ ਰਹਿੰਦੇ ਪੁੱਤਰ ਹਰਮਨਪ੍ਰੀਤ ਸਿੰਘ ਉਰਫ਼ ਹਾਮੀ ਅਤੇ ਉਨ੍ਹਾਂ ਦੇ ਇੱਕ ਸਾਥੀ ਸੋਨੂ ਸਿੰਘ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ । ਜਾਂਚ ਵਿੱਚ ਸਾਹਮਣੇ ਆਇਆ ਕਿ ਪਰਮਜੀਤ ਕੌਰ ਸਥਾਨਕ ਬਾਜ਼ਾਰਾਂ ਵਿੱਚ ਜਾ ਕੇ ਦੁਕਾਨਾਂ ਦੇ ਬਾਹਰ ਲੱਗੇ ਬੋਰਡਾਂ ਤੋਂ ਮਾਲਕਾਂ ਦੇ ਨਾਂਅ ਅਤੇ ਮੋਬਾਇਲ ਨੰਬਰ ਨੋਟ ਕਰਦੀ ਸੀ। ਏਨਾ ਹੀ ਨਹੀਂ, ਉਹ ਵਪਾਰੀਆਂ ਦੇ ਪਰਵਾਰਾਂ ਬਾਰੇ ਵੀ ਗੁਪਤ ਜਾਣਕਾਰੀ ਇਕੱਠੀ ਕਰਦੀ ਸੀ।ਇਹ ਸਾਰੀ ਜਾਣਕਾਰੀ ਉਹ ਆਪਣੇ ਪੁੱਤਰ ਹਰਮਨਪ੍ਰੀਤ ਨੂੰ ਭੇਜਦੀ ਸੀ, ਜੋ ਅੱਗੇ ਇੰਟਰਨੈਸ਼ਨਲ ਵਟਸਐਪ ਨੰਬਰਾਂ ਰਾਹੀਂ ਇਨ੍ਹਾਂ ਵਪਾਰੀਆਂ ਨੂੰ ਫੋਨ ਕਰਕੇ ਲੱਖਾਂ ਰੁਪਏ ਦੀ ਮੰਗ ਕਰਦਾ ਸੀ। ਪੀੜਤਾਂ ਨੂੰ ਡਰਾਉਣ ਲਈ ਉਹ ਉਨ੍ਹਾਂ ਦੇ ਬੱਚਿਆਂ ਅਤੇ ਪਰਵਾਰਕ ਮੈਂਬਰਾਂ ਬਾਰੇ ਅਜਿਹੀਆਂ ਗੱਲਾਂ ਕਰਦਾ ਸੀ, ਜਿਸ ਨਾਲ ਵਪਾਰੀ ਸਹਿਮ ਜਾਂਦੇ ਸਨ ਕਿ ਕੋਈ ਉਨ੍ਹਾਂ ਦੀ ਪਲ-ਪਲ ਦੀ ਖ਼ਬਰ ਰੱਖ ਰਿਹਾ ਹੈ।ਇਸ ਗੋਰਖਧੰਦੇ ਦਾ ਪਰਦਾ ਫਾਸ਼ ਉਦੋਂ ਹੋਇਆ, ਜਦੋਂ ਸਾਦਿਕ ਦੇ ਇੱਕ ਕੱਪੜਾ ਵਪਾਰੀ ਜਸਵਿੰਦਰ ਸਿੰਘ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ। ਜਸਵਿੰਦਰ ਨੂੰ ਇੱਕ ਵਿਦੇਸ਼ੀ ਨੰਬਰ ਤੋਂ ਫੋਨ ਆਇਆ, ਜਿਸ ਵਿੱਚ 80

• ਬਾਕੀ ਸਫਾ 2 'ਤੇ

## ਕੈਨੇਡਾ ਦੇ 3 ਮੈਂਬਰ ਪਾਰਲੀਮੈਂਟ ਹਰਿਮੰਦਰ ਸਾਹਿਬ ਨਤਮਸਤਕ



**ਅੰਮ੍ਰਿਤਸਰ** : ਕੈਨੇਡਾ ਦੇ ਮੈਂਬਰ ਪਾਰਲੀਮੈਂਟ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ ਤੇ ਦਲਵਿੰਦਰ ਸਿੰਘ ਗਿੱਲ ਨੇ ਸ਼ਨੀਵਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਮੈਂਬਰ ਪਾਰਲੀਮੈਂਟ ਅਤੇ ਉਨ੍ਹਾਂ ਨਾਲ ਆਏ ਪੱਤਰਕਾਰ ਸੁਖਜਿੰਦਰ ਸਿੰਘ ਚੋਹਲਾ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਤ ਕੀਤਾ ਗਿਆ।ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਨੇ ਸਿੱਖ ਨੂੰ ਬਖ਼ਸ਼ਿਸ਼ ਕੀਤੀ ਹੈ ਕਿ ਉਹ ਜਿਥੇ ਵੀ ਰਹੇ ਸਰਬੱਤ ਦੇ ਭਲੇ ਦਾ ਕਾਰਜ ਕਰੇ। ਇਸੇ ਤਹਿਤ ਹੀ ਦੇਸ਼ ਦੁਨੀਆ ਅੰਦਰ ਵਸੇ ਸਿੱਖ ਗੁਰੂ ਆਸ਼ੇ ਅਨੁਸਾਰ ਕਾਰਜ ਕਰਦਿਆਂ ਵੱਡੀਆਂ ਮੱਲਾਂ ਮਾਰ ਰਹੇ ਹਨ।

## ਜ਼ੁਬਾਨਬੰਦੀ ਕਰਨ ਵਾਲੇ ਤੱਤਾਂ ਖ਼ਿਲਾਫ਼ ਆਵਾਜ਼ ਬੁਲੰਦ ਕਰੋ : ਦੇਸ਼ ਭਗਤ ਯਾਦਗਾਰ ਕਮੇਟੀ

### ਇਰਫ਼ਾਨ ਹਬੀਬ ਤੇ ਨਸੀਰੂਦੀਨ 'ਤੇ ਹਮਲਾ



**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਸ਼ਨੀਵਾਰ ਮੁਲਕ ਦੀਆਂ ਦੋ ਨਾਮਵਰ ਹਸਤੀਆਂ ਉਪਰ ਯੋਜਨਾਬੱਧ ਢੰਗ ਨਾਲ ਭਾਜਪਾ ਹਕੂਮਤ ਦੀ ਸਰਪ੍ਰਸਤੀ ਹੇਠ ਪਲ਼ਦੇ ਫਿਰਕੂ ਤੱਤਾਂ ਵੱਲੋਂ ਜ਼ੁਬਾਨਬੰਦੀ ਕਰਨ ਲਈ ਹੱਲਾ ਬੋਲਿਆ ਜਾਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ।ਉਹਨਾਂ ਦੱਸਿਆ

• ਬਾਕੀ ਸਫਾ 2 'ਤੇ

## ਕੇ ਪੀ ਕਰਤਾਰਪੁਰ ਹਲਕੇ ਦਾ ਇੰਚਾਰਜ ਨਿਯੁਕਤ



**ਜਲੰਧਰ** : ਸੁਖਬੀਰ ਸਿੰਘ ਬਾਦਲ ਨੇ ਜਲੰਧਰ ਦੇ ਸਾਬਕਾ ਸੰਸਦ ਮੈਂਬਰ ਮਹਿੰਦਰ ਸਿੰਘ ਕੇ ਪੀ (68) ਨੂੰ ਕਰਤਾਰਪੁਰ ਹਲਕੇ ਦਾ ਇੰਚਾਰਜ ਨਿਯੁਕਤ ਕੀਤਾ ਹੈ। ਇਹ ਐਲਾਨ ਉਨ੍ਹਾਂ ਕਰਤਾਰਪੁਰ ਫੇਰੀ ਦੌਰਾਨ ਕੀਤਾ। ਜ਼ਿਕਰਯੋਗ ਹੈ ਕਿ ਕਰਤਾਰਪੁਰ ਤੋਂ ਪਹਿਲਾਂ ਅਕਾਲੀ ਵਿਧਾਇਕ ਰਹੇ ਸਰਵਣ ਸਿੰਘ ਫਿਲੌਰ ਅਤੇ ਅਵਿਨਾਸ਼ ਚੰਦਰ ਕਾਫੀ ਸਮਾਂ ਪਹਿਲਾਂ ਪਾਰਟੀ ਛੱਡ ਚੁੱਕੇ ਹਨ। ਫਿਲੌਰ ਹੁਣ ਅਕਾਲੀ ਦਲ (ਪੁਨਰਗਠਨ) ਨਾਲ ਹਨ ਅਤੇ ਅਵਿਨਾਸ਼ ਚੰਦਰ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ।ਇਸ ਤੋਂ ਪਹਿਲਾਂ ਅਕਾਲੀ ਦਲ ਨੇ ਸੇਠ ਸਤਪਾਲ ਮੱਲ 'ਤੇ ਭਰੋਸਾ ਜਤਾਇਆ ਸੀ, ਪਰ ਉਹ ਉਮੀਦ ਮੁਤਾਬਕ ਪ੍ਰਦਰਸ਼ਨ ਨਹੀਂ ਕਰ ਸਕੇ। ਪਿਛਲੇ ਦੋ ਸਾਲਾਂ ਦੌਰਾਨ ਸਾਬਕਾ ਐੱਮ ਸੀ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਪਰਮਜੀਤ ਰੇਰੂ ਵੀ ਹਲਕਾ ਇੰਚਾਰਜ ਰਹੇ, ਪਰ ਉਨ੍ਹਾ 2022 ਦੀਆਂ ਚੋਣਾਂ ਤੋਂ ਬਾਅਦ ਅਸਤੀਫਾ ਦੇ ਦਿੱਤਾ।

## ਅੱਜ-ਨਾਮਾ

ਵਧੀ ਜਾਣ ਪਰਵਾਰਾਂ ਵਿੱਚ ਖੁਦਕੁਸ਼ੀਆਂ,
ਘਰ ਦੇ ਜੀਅ ਰਹੇ ਮਰ ਜਾਂ ਮਾਰ ਮੀਆਂ।
ਤੰਗੀ-ਤੁਰਸ਼ੀ ਪਰਵਾਰਾਂ ਦੀ ਸਦਾ ਹੁੰਦੀ,
ਮਿਲ ਕੇ ਲੈਂਦੇ ਸੀ ਟੱਬਰ ਸਹਾਰ ਮੀਆਂ।
ਝਗੜਾ ਵਧੇ ਤੇ ਚਾਰ ਦਿਨ ਦੂਰ ਰਹਿੰਦੇ,
ਮੁੜ ਮੇਲ ਦੇਂਦੇ ਸੀ ਰਿਸ਼ਤੇਦਾਰ ਮੀਆਂ।
ਆ ਗਈ ਘਰਾਂ ਦੇ ਵਿੱਚ ਆ ਕੌੜ ਏਨੀ,
ਹਰ ਕੋਈ ਟੱਪਦਾ ਹੱਦਾਂ ਨੂੰ ਪਾਰ ਮੀਆਂ।
ਚੱਲਦੀ ਗੱਲ ਤਾਂ ਸਾਰੇ ਈ ਆਖ ਛੱਡਦੇ,
ਰੋਕਣਾ ਲੋੜੀਏ ਮੌਤਾਂ ਦਾ ਮਰਜ਼ ਮੀਆਂ।
ਹਰ ਕੋਈ ਸੁੱਟਦਾ ਗੱਲ ਹੈ ਦੂਜਿਆਂ 'ਤੇ,
ਸਮਝੇ ਖੁਦ ਨਾ ਕੋਈ ਵੀ ਫਰਜ਼ ਮੀਆਂ।

-ਤੀਸ ਮਾਰ ਖਾਂ

## ਹਰਿਆਣਾ 'ਚ ਸੜਕ ਹਾਦਸੇ 'ਚ 5 ਦੋਸਤਾਂ ਦੀ ਮੌਤ

**ਸੋਨੀਪਤ** : ਹਰਿਆਣਾ ਦੇ ਸੋਨੀਪਤ ਜ਼ਿਲ੍ਹੇ 'ਚ ਸੜਕ ਹਾਦਸੇ 'ਚ ਪੰਜ ਦੋਸਤਾਂ ਦੀ ਮੌਤ ਹੋ ਗਈ, ਜਦੋਂ ਕਿ ਦੋ ਹੋਰ ਗੰਭੀਰ ਜ਼ਖਮੀ ਹੋ ਗਏ। ਪੁਲਸ ਨੇ ਦੱਸਿਆ ਕਿ ਇਹ ਹਾਦਸਾ ਉਦੋਂ ਵਾਪਰਿਆ, ਜਦੋਂ ਤੇਜ਼ ਰਫਤਾਰ ਐੱਸ ਯੂ ਵੀ ਬੇਕਾਬੂ ਹੋ ਕੇ ਦਰੱਖਤ ਨਾਲ ਜਾ ਟਕਰਾਈ।ਪੁਲਸ ਨੇ ਦੱਸਿਆ ਕਿ ਇਹ ਸਾਰੇ ਨੌਜਵਾਨ ਗੋਹਾਨਾ ਦੇ ਪਿੰਡ ਭਵਾਰ 'ਚ ਇੱਕ ਵਿਆਹ ਸਮਾਗਮ 'ਚ ਸ਼ਾਮਲ ਹੋਣ ਤੋਂ ਬਾਅਦ ਵਾਪਸ ਰੋਹਤਕ ਪਰਤ ਰਹੇ ਸਨ। ਤਿੰਨ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਦੋ ਹੋਰਨਾਂ ਨੇ ਹਸਪਤਾਲ 'ਚ ਇਲਾਜ ਦੌਰਾਨ ਦਮ ਤੋੜ ਦਿੱਤਾ।ਮ੍ਰਿਤਕਾਂ ਦੀ ਪਛਾਣ ਸਾਗਰ, ਦੀਪਕ, ਸਾਹਿਲ, ਮੋਹਿਤ ਅਤੇ ਅੰਕੁਸ਼ ਵਜੋਂ ਹੋਈ ਹੈ। ਇਨ੍ਹਾਂ ਸਾਰਿਆਂ ਦੀ ਉਮਰ 22 ਤੋਂ 27 ਸਾਲ ਦੇ ਵਿਚਕਾਰ ਸੀ।




15-Feb-PAGE-1.qxd 2/14/2026 10:45 PM Page 2



ਮਾਮਲਾ ਬੈਂਕ ਵੱਲੋਂ ਘਰ ਨੂੰ ਸੀਲ ਕਰਨ ਦਾ

# ਬੀ ਕੇ ਯੂ ਉਗਰਾਹਾਂ ਵੱਲੋਂ ਧਰਨਾ, ਜਿੰਦਰਾ ਤੋੜ ਕੇ ਪਰਵਾਰ ਨੂੰ ਘਰ ਵਾੜਿਆ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) :** ਸ਼ਹਿਰ ਦੇ ਕਾਰੋਬਾਰੀ ਵੱਲੋਂ ਬੈਂਕ ਤੋਂ ਲਿਆ ਕਰਜ਼ਾ ਨਾ ਮੋੜ ਸਕਣ ਕਰਕੇ ਬੈਂਕ ਦਾ ਡਿਫਾਲਟਰ ਹੋਣ 'ਤੇ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਬੈਂਕ ਵੱਲੋਂ ਨਾਇਬ ਤਹਿਸੀਲਦਾਰ ਪਾਤੜਾਂ ਦੀ ਹਾਜ਼ਰੀ ਵਿੱਚ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਸਮੇਤ ਪਹੁੰਚ ਕੇ ਸਵੇਰੇ ਤੜਕਸਾਰ ਕਾਰੋਬਾਰੀ ਦੇ ਪਰਿਵਾਰਕ ਮੈਂਬਰਾਂ ਨੂੰ ਬਾਹਰ ਕੱਢ ਘਰ ਦੇ ਮੁੱਖ ਦਰਵਾਜ਼ੇ ਨੂੰ ਜਿੰਦਰਾ ਲਗਾ ਕੇ ਘਰ ਨੂੰ ਸੀਲ ਕਰ ਦਿੱਤਾ ਗਿਆ।ਪ੍ਰਸ਼ਾਸਨ ਵੱਲੋਂ ਕੀਤੀ ਗਈ ਕਾਰਵਾਈ ਦਾ ਪਤਾ ਲੱਗਦਿਆਂ ਹੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਪਹੁੰਚ ਕੇ ਕੋਠੀ ਦੇ ਬਾਹਰ ਧਰਨਾ ਲਗਾ ਦਿੱਤਾ।ਇਸ ਦੌਰਾਨ ਸਿਟੀ ਪੁਲਸ ਚੌਂਕੀ ਇੰਚਾਰਜ ਲਵਦੀਪ ਸਿੰਘ ਸੰਧੂ ਦੀ ਅਗਵਾਈ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੁਲਸ ਫੋਰਸ ਤਾਇਨਾਤ ਰਹੀ। ਧਰਨੇ ਦੌਰਾਨ ਕਿਸਾਨ ਜਥੇਬੰਦੀ ਦੇ ਵਰਕਰਾਂ



ਨੇ ਜਦੋਂ ਘਰ ਨੂੰ ਲਗਾਇਆ ਗਿਆ ਜੰਦਰਾ ਤੋੜਨ ਦੀ ਕੋਸ਼ਿਸ਼ ਕੀਤੀ ਤਾਂ ਸਥਿਤੀ ਤਣਾਅਪੂਰਨ ਬਣ ਗਈ, ਜਿਸ ਮਗਰੋਂ ਕਿਸਾਨ ਜਥੇਬੰਦੀ ਦੇ ਵਰਕਰ ਰੁਕ ਗਏ, ਪਰ ਪੁਲਸ ਫੋਰਸ ਦੇ ਪਿੱਛੇ ਹਟ ਜਾਣ ਮਗਰੋਂ ਕਿਸਾਨਾਂ ਨੇ ਤਾਲਾ ਤੋੜ ਕੇ ਪਰਿਵਾਰਕ ਮੈਂਬਰਾਂ ਨੂੰ ਘਰ ਦੇ ਅੰਦਰ ਭੇਜ ਦਿੱਤਾ। ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਬੀਕੇਯੂ ਉਗਰਾਹਾਂ ਦੇ ਬਲਾਕ ਸਕੱਤਰ ਅਵਤਾਰ ਸਿੰਘ ਬੂਰੜ, ਕਿਸਾਨ ਆਗੂ ਰਘਵੀਰ ਸਿੰਘ ਨਿਆਲ ਤੇ ਤੇਜਪਾਲ ਸਿੰਘ ਭੂਤਗੜ੍ਹ ਨੇ ਦੱਸਿਆ ਕਿ ਸ਼ਹਿਰ ਦੇ ਕਾਰੋਬਾਰੀ ਦੇਵੀ ਦਿਆਲ ਨੇ ਆਈਸੀਆਈਸੀਆਈ ਬੈਂਕ ਕੋਲੋਂ 90 ਲੱਖ ਰੁਪਏ ਦਾ ਕਰਜ਼ਾ ਲਿਆ ਸੀ, ਜਿਸ ਬਦਲੇ ਉਸ ਵੱਲੋਂ ਬੈਂਕ ਨੂੰ ਇੱਕ ਕਰੋੜ 3 ਲੱਖ ਰੁਪਏ ਮੋੜੇ ਜਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਬੈਂਕ ਅਧਿਕਾਰੀ ਜਾਣ-ਬੁੱਝ ਕੇ ਦੇਵੀ ਦਿਆਲ ਨੂੰ ਪੰਗਲ ਕਰ ਰਹੇ ਹਨ ਤੇ ਸਮੇਂ ਸਮੇਂ ਉਸ ਤੋਂ ਪੈਸੇ ਭਰਵਾਏ ਜਾਂਦੇ ਰਹੇ ਹਨ, ਪਰ ਹਾਲੇ ਵੀ ਬੈਂਕ ਨੇ ਉਸ ਵੱਲ 80 ਲੱਖ ਰੁਪਏ ਤੋਂ ਵੱਧ ਦਾ ਬਕਾਇਆ ਕੱਢ ਕੇ ਜਾਇਦਾਦ ਦੀ ਨਿਲਾਮੀ ਸਬੰਧੀ ਹਾਈ ਕੋਰਟ ਵਿੱਚ ਕੇਸ ਕਰਵਾਇਆ।ਕਿਸਾਨ ਆਗੂਆਂ ਨੇ ਕਿਹਾ ਕਿ ਜਥੇਬੰਦੀ ਨੇ ਹਮੇਸ਼ਾ ਧੱਕੇ ਖਿਲਾਫ ਲੜਾਈ ਲੜੀ ਹੈ ਤੇ ਉਹ ਕਿਸੇ ਵੀ ਗਰੀਬ-ਅਮੀਰ ਨਾਲ ਧੱਕਾ ਬਰਦਾਸ਼ਤ ਨਹੀਂ ਕਰਦੀ।

# 2027 'ਚ ਅਕਾਲੀ ਦਲ ਬਹੁਮਤ ਨਾਲ ਸਰਕਾਰ ਬਣਾਏਗਾ : ਢਿੱਲੋਂ



**ਸਮਰਾਲਾ (ਸੁਰਜੀਤ ਸਿੰਘ)-** ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਨੂੰ ਤਰੱਕੀ ਵੱਲ ਲਿਜਾਣ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ।ਸਾਲ 2022 ਵਿੱਚ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰਕੇ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪੰਜਾਬ ਦੇ ਲੋਕਾਂ ਦਾ ਬਿਲਕੁੱਲ ਹੀ ਮੋਹ ਭੰਗ ਹੋ ਚੁੱਕਾ ਹੈ, ਅੱਜ ਪੰਜਾਬ ਦੇ ਲੋਕ ਮੁੜ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਕਾਹਲੇ ਹੋ ਚੁੱਕੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਲਸ ਜ਼ਿਲ੍ਹਾ ਖੰਨਾ ਤੇ ਹਲਕਾ ਇੰਚਾਰਜ ਸਮਰਾਲਾ ਨੇ ਸਮਰਾਲਾ ਹਲਕੇ ਵਿੱਚ ਜਥੇਬੰਦੀ ਦਾ ਢਾਂਚਾ ਮਜ਼ਬੂਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ।ਉਨ੍ਹਾਂ ਕਿਹਾ ਕਿ ਅੱਜ ਹਲਕਾ ਸਮਰਾਲਾ ਵਿੱਚ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਆਗੂਆਂ ਨੂੰ ਬਲਾਕ ਸੰਮਤੀ ਜ਼ੋਨਾਂ ਦੇ ਪ੍ਰਧਾਨ ਨਿਯੁਕਤ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਵਿੱਚ ਹੋਰ ਵਾਧਾ ਕੀਤਾ ਗਿਆ ਹੈ।ਇਨ੍ਹਾਂ ਵਿੱਚ ਰੁਪਿੰਦਰ ਸਿੰਘ ਢੀਂਡਸਾ ਜ਼ੋਨ ਸ਼ੇਰਪੁਰ ਬੇਟ, ਨਿਸ਼ਾਨ ਸਿੰਘ ਜ਼ੋਨ ਮਾਣੇਵਾਲ, ਸੁਰਮੁੱਖ ਸਿੰਘ ਜ਼ੋਨ ਹਿਯਾਤਪੁਰ, ਜਗਪਾਲ ਸਿੰਘ ਜ਼ੋਨ ਤੱਖਰਾਂ, ਕੁਲਵਿੰਦਰ ਸਿੰਘ ਜ਼ੋਨ ਪੰਜ ਗਰਾਈਆਂ, ਡਾ. ਅਮਨਪ੍ਰੀਤ ਸਿੰਘ ਜ਼ੋਨ ਭਰਥਲਾ, ਮਨਜੀਤ ਸਿੰਘ ਜ਼ੋਨ ਬਹਿਲੋਲਪੁਰ, ਲਖਵਿੰਦਰ ਸਿੰਘ ਜ਼ੋਨ ਮਾਛੀਵਾੜਾ ਖਾਮ, ਹਰਵਿੰਦਰ ਸਿੰਘ ਜ਼ੋਨ ਚੱਕਲੀ ਆਦਲ, ਚਮਨ ਲਾਲ ਜ਼ੋਨ ਹੇੜੀਆਂ ਬੇਟ, ਜਸਵੀਰ ਸਿੰਘ ਪਤਨੀ ਸਤਵਿੰਦਰ ਸਿੰਘ ਜ਼ੋਨ ਰਤੀਪੁਰ, ਲਖਵਿੰਦਰ ਸਿੰਘ ਜ਼ੋਨ ਨਾਗਰਾ, ਸੁਰਜੀਤ ਸਿੰਘ ਜ਼ੋਨ ਗੋਸਲਾਂ, ਨੰਬਰਦਾਰ ਹਰਨੇਕ ਸਿੰਘ ਜ਼ੋਨ ਰੁਪਾਲੋਂ, ਕੁਲਵਿੰਦਰ ਸਿੰਘ ਜ਼ੋਨ ਮਹਿਦੂਦਾਂ, ਦਲਵੀਰ ਸਿੰਘ ਜ਼ੋਨ ਸੇਹ, ਏਕਮਜੀਤ ਸਿੰਘ ਜ਼ੋਨ ਸਲੌਦੀ, ਮਨਦੀਪ ਸਿੰਘ ਜ਼ੋਨ ਬਗਲੀ ਕਲਾਂ, ਗਗਨਪ੍ਰੀਤ ਸਿੰਘ ਜ਼ੋਨ ਮਾਦਪੁਰ, ਮੰਗਾ ਸਿੰਘ ਜ਼ੋਨ ਲਲੌੜੀ ਕਲਾਂ, ਸੁਰਿੰਦਰ ਸਿੰਘ ਗੋਲਡੀ ਜ਼ੋਨ ਸਮਸ਼ਪੁਰ, ਹਰਮਿੰਦਰ ਸਿੰਘ ਜ਼ੋਨ ਘੁਲਾਲ, ਸੁਖਵਿੰਦਰ ਸਿੰਘ ਜ਼ੋਨ ਹੇਡੋਂ ਬੇਟ, ਸਰਬਜੀਤ ਸਿੰਘ ਸਰਬੀ ਜ਼ੋਨ ਚਹਿਲਾਂ, ਜਗਜੀਤ ਸਿੰਘ ਜ਼ੋਨ ਗਹਿਲੇਵਾਲ, ਤਲਵਿੰਦਰ ਸਿੰਘ ਜ਼ੋਨ ਘੁੰਗਰਾਲੀ ਸਿੱਖਾਂ, ਸਰਜੀਤ ਸਿੰਘ ਜ਼ੋਨ ਉਟਾਲਾਂ, ਕੇਸਰ ਸਿੰਘ ਜ਼ੋਨ ਖੀਰਨੀਆਂ, ਹਰਜਿੰਦਰ ਸਿੰਘ ਰਾਜ ਸਰਪੰਚ ਜ਼ੋਨ ਕਕਰਾਲਾ ਕਲਾਂ ਤੋਂ ਪ੍ਰਧਾਨ ਨਿਯੁਕਤ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ 2027 ਵਿੱਚ ਪੂਰਨ ਬਹੁਮੱਤ ਨਾਲ ਪੰਜਾਬ ਅੰਦਰ ਸਰਕਾਰ ਬਣਾ ਕੇ ਪੰਜਾਬ ਨੂੰ ਵਿਕਾਸ ਵੱਲ ਲੈ ਕੇ ਜਾਵੇਗਾ।ਹੁਣ ਪੰਜਾਬ ਦੇ ਲੋਕ ਵੀ ਤੰਗ ਆ ਚੁੱਕੇ ਹਨ, ਉਹ ਮੁੜ ਕਿਸੇ ਵੀ ਪਾਰਟੀ ਦੇ ਝੂਠੇ ਬਹਿਕਾਵੇ ਵਿੱਚ ਨਹੀਂ ਆਉਣਗੇ।ਇਸ ਮੌਕੇ ਬਲਾਕ ਸੰਮਤੀ ਪ੍ਰਧਾਨਾਂ ਨੂੰ ਨਿਯੁਕਤੀ ਪੱਤਰ ਦੇਣ ਉਪਰੰਤ ਪਰਮਜੀਤ ਸਿੰਘ ਢਿੱਲੋਂ ਨੇ ਉਮੀਦ ਪ੍ਰਗਟ ਕੀਤੀ ਕਿ ਸਾਰੇ ਪ੍ਰਧਾਨ ਆਪੋ ਆਪਣੇ ਬਲਾਕ ਸੰਮਤੀ ਜ਼ੋਨ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਬਿਹਤਰੀ ਲਈ ਦਿਨ-ਰਾਤ ਇੱਕ ਕਰ ਦੇਣਗੇ।

# ਮਾਲਵਾ ਪੰਜਾਬੀ ਸਾਹਿਤ ਸਭਾ ਰਾਮਪੁਰਾ ਦੀ ਅਹਿਮ ਮੀਟਿੰਗ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)-** ਬੀਤੇ ਦਿਨੀਂ ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ.) ਰਾਮਪੁਰਾ (ਬਠਿੰਡਾ) ਦੀ ਇਕ ਅਹਿਮ ਮੀਟਿੰਗ ਦਰਸ਼ਨ ਸਿੰਘ ਪ੍ਰੀਤੀਮਾਨ ਦੀ ਪ੍ਰਧਾਨਗੀ ਹੇਠ ਸ.ਸ.ਸ.ਸ. ਸਕੂਲ ਪਿੰਡ ਰਾਮਪੁਰਾ ਦੇ ਖੇਡ ਗਰਾਊਂਡ ਵਿਖੇ ਹੋਈ, ਜਿਸ ਵਿੱਚ ਪੰਜਾਬੀ ਮਾਂ ਬੋਲੀ ਦੇ ਦੋ ਪਹਿਰੇਦਾਰ ਮਹਾਨ ਸ਼ਖਸੀਅਤਾਂ ਮਾਸਟਰ ਦਰਸ਼ਨ ਸਿੰਘ ਸਿੱਧੂ ਨੰਦਗੜ੍ਹ ਕੋਟੜਾ, ਜੋ ਮਾਲਵਾ ਪੰਜਾਬੀ ਸਾਹਿਤ ਸਭਾ (ਰਜਿ.) ਰਾਮਪੁਰਾ ਫੂਲ ਦੇ ਸਰਗਰਮ ਸਹਿਯੋਗੀ ਮੈਂਬਰ ਸਨ ਤੇ ਰਣਜੀਤ ਸਿੰਘ ਲਹਿਰਾ, ਜੋ ਵਿਦਿਆਰਥੀ ਆਗੂ ਤੇ 'ਲਾਲ ਪਰਚਮ' ਦੇ ਸੰਪਾਦਕ ਸਨ, ਦੀਆਂ ਬੇ-ਵਕਤੀ ਮੌਤਾਂ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਇਸ ਸਮੇਂ ਸਭਾ ਦੇ ਹੋਰ ਮੈਂਬਰ ਦਰਸ਼ਨ ਸਿੰਘ ਭੁੱਲਰ, ਹਰਬੰਸ ਸਿੰਘ ਘੁਮੀ, ਹੈੱਡ ਟੀਚਰ ਸੁਖਵਿੰਦਰ ਸਿੰਘ ਬਾਠ, ਡਾ. ਨਰੇਸ਼ ਸਿੰਘ ਚੌਹਾਨ, ਲੈਕ. ਮਨਦੀਪ ਸਿੰਘ ਬਾਠ, ਮਾ. ਜਗਦੀਸ਼ ਸਿੰਘ ਗਾਟਵਾਲੀ, ਮਾਸਟਰ ਲਾਭ ਸਿੰਘ ਢੋਲਕ ਮੰਡੀ ਕਲਾਂ, ਗਮਦੂਰ ਸਿੰਘ ਜੱਸੀ, ਜਗਸੀਰ ਸਿੰਘ ਸੀਤਾ, ਹਰਜੀਤ ਸਿੰਘ ਸਿੱਧੂ ਫੂਲਕਾ, ਜਸਵੰਤ ਸਿੰਘ ਜਸ ਮੰਡੀ ਕਲਾਂ, ਪ੍ਰੀਤਮ ਸਿੰਘ ਆਰਟਿਸਟ, ਹਰਜੀਤ ਕੌਰ ਅਕਾਲੀ ਸਿੰਘ, ਮਾਸਟਰ ਸੁਖਦੇਵ ਸਿੰਘ ਢਿੱਲੋਂ, ਗੁਰਬਚਨ ਸਿੰਘ ਪੀ.ਆਰ.ਟੀ.ਸੀ, ਲੈਕ. ਗੁਰਦੀਪ ਸਿੰਘ ਚਹਿਲ, ਨਿਰਮਲ ਸਿੰਘ ਵਿਗਿਆਨੀ, ਗੁਰਮੀਤ ਸਿੰਘ, ਸੁਰਿੰਦਰ ਧੀਰ ਹਾਜ਼ਰ ਸਨ।ਇਸ ਦੀ ਜਾਣਕਾਰੀ ਹੈੱਡ ਮਾਸਟਰ ਹਰਿੰਦਰ ਸਿੰਘ ਭੁੱਲਰ, ਲੈਕ. ਦਹੂਦ ਸਿੰਘ ਤੇ ਗਗਨ ਫੂਲ ਨੇ ਪ੍ਰੈੱਸ ਨੂੰ ਦਿੱਤੀ।

# ਮਾਤਾ ਸੁੰਦਰੀ ਗਰੁੱਪ ਆਫ਼ ਇੰਸ. ਦੀਆਂ ਵੱਖ-ਵੱਖ ਇਕਾਈਆਂ ਵੱਲੋਂ ਖ਼ੂਨਦਾਨ ਕੈਂਪ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)-** ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਢੱਡੇ ਦੀਆਂ ਵੱਖ ਵੱਖ ਇਕਾਈਆਂ ਮਾਤਾ ਸੁੰਦਰੀ ਗਰਲਜ਼ ਕਾਲਜ, ਮਾਤਾ ਸੁੰਦਰੀ ਕਾਲਜ ਆਫ਼ ਐਜੂਕੇਸ਼ਨ ਤੇ ਮਾਤਾ ਸੁੰਦਰੀ ਸੀਨੀਅਰ ਸੈਕੰਡਰੀ ਸਕੂਲ ਢੱਡੇ ਅਤੇ ਮਾਤਾ ਸੁੰਦਰੀ ਇੰਸਟੀਚਿਊਟ ਆਫ ਨਰਸਿੰਗ ਢੱਡੇ ਵੱਲੋਂ ਖ਼ੂਨਦਾਨ ਕੈਂਪ ਦਾ ਸਫਲ ਆਯੋਜਨ ਕੀਤਾ ਗਿਆ।ਕੈਂਪ ਦੇ ਉਦਘਾਟਨੀ ਸਮਾਰੋਹ ਵਿੱਚ ਮਾਨਸਾ ਜ਼ਿਲ੍ਹੇ ਦੀ ਮੈਡੀਕਲ ਅਫਸਰ ਡਾ. ਮੁਸਕਾਨ ਬਾਂਸਲ, ਸੀ.ਐੱਚ.ਓ. ਡਾ. ਕਮਲਦੀਪ ਸਿੰਘ, ਐੱਮ.ਐੱਲ.ਟੀ. ਸੁਨੈਨਾ ਬਾਂਸਲ ਤੇ ਕੌਂਸਲਰ ਅਮਨਦੀਪ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਐੱਮ. ਡੀ. ਗੁਰਬਿੰਦਰ ਸਿੰਘ ਬੱਲੀ ਤੇ ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਆਏ ਹੋਏ ਮਹਿਮਾਨਾਂ ਦਾ ਤਹਿ-ਦਿਲੋਂ ਸਵਾਗਤ ਕੀਤਾ।ਇਸ ਮੌਕੇ ਨਰਸਿੰਗ ਵਿਭਾਗ ਦੀ ਮੁਖੀ ਮੈਡਮ ਰਾਜਵੀਰ ਕੌਰ ਨੇ ਵਲੰਟੀਅਰਾਂ, ਏ.ਐੱਨ.ਐੱਮ. ਤੇ ਜੀ.ਐੱਨ.ਐੱਮ. ਵਿਦਿਆਰਥਣਾਂ ਦੀ ਸਹਾਇਤਾ ਨਾਲ ਡਿਊਟੀਆਂ ਸੁਚੱਜੇ ਢੰਗ ਨਾਲ ਲਗਾਈਆਂ ਤੇ ਖ਼ੂਨਦਾਨੀਆਂ ਲਈ ਰਿਫਰੈਸ਼ਮੈਂਟ ਵਜੋਂ ਕੇਲੇ, ਦੁੱਧ ਤੇ ਜੂਸ ਆਦਿ ਦੀ ਵਿਵਸਥਾ ਕੀਤੀ। ਸੰਸਥਾ ਦੇ ਪ੍ਰਿੰਸੀਪਲ-ਕਮ-ਪ੍ਰੋਗਰਾਮ ਅਫਸਰ ਪ੍ਰੋ. ਰਾਜ ਸਿੰਘ ਬਾਘਾ ਨੇ



ਦੱਸਿਆ ਕਿ ਸੰਸਥਾ ਪਿਛਲੇ 15 ਸਾਲਾਂ ਤੋਂ ਹਰ ਸਾਲ ਨਿਰੰਤਰ ਖ਼ੂਨਦਾਨ ਕੈਂਪ ਆਯੋਜਿਤ ਕਰਦੀ ਆ ਰਹੀ ਹੈ।ਇਸ ਸਾਲ ਵੀ ਕਾਲਜ ਦੇ ਸਟਾਫ ਮੈਂਬਰਾਂ, ਟਰਾਂਸਪੋਰਟ ਵਿਭਾਗ ਤੇ ਐਡਮਿਨਿਸਟ੍ਰੇਸ਼ਨ ਨਾਲ ਸੰਬੰਧਤ ਅਧਿਕਾਰੀਆਂ ਨੇ ਖੁਦ ਖ਼ੂਨਦਾਨ ਕਰਕੇ ਵਿਸ਼ੇਸ਼ ਯੋਗਦਾਨ ਪਾਇਆ।ਇਸ ਮੌਕੇ ਸੰਸਥਾ ਦੇ ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਖ਼ੂਨਦਾਨ ਪ੍ਰੇਰਨਾਦਾਇੱਕ ਕਾਰਜ ਕੀਤਾ। ਇਸ ਕੈਂਪ ਦੌਰਾਨ ਲਗਭਗ 30 ਯੂਨਿਟਾਂ ਖ਼ੂਨ ਇਕੱਠਾ ਕੀਤਾ। ਇਸ ਮੌਕੇ ਮੈਡਮ ਸਿੰਬਲਜੀਤ ਕੌਰ (ਡਾਇਰੈਕਟਰ), ਮੈਡਮ ਪ੍ਰਸ਼ੋਤਮ ਕੌਰ, ਪੋਲਰ ਸਟਾਰ ਸਕੂਲ ਢੱਡੇ ਦੇ ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ, ਗੁਰਪ੍ਰੀਤ ਸਿੰਘ ਲਹਿਰਾ, ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ, ਸੀਨੀਅਰ ਪ੍ਰੋ. ਜਸਵਿੰਦਰ ਸਿੰਘ, ਸੀਨੀਅਰ ਪ੍ਰੋ. ਰਵਿੰਦਰ ਕੁਮਾਰ, ਮੈਡਮ ਮਨਿੰਦਰਪ੍ਰੀਤ ਕੌਰ (ਪ੍ਰੋਗਰਾਮ ਅਫਸਰ), ਪ੍ਰੋਗਰਾਮ ਅਫਸਰ ਪ੍ਰੋ. ਰੁਪਿੰਦਰ ਕੌਰ (ਨਰਸਿੰਗ ਵਿਭਾਗ) ਐਜੂਕੇਸ਼ਨ ਕਾਲਜ ਦੀ ਪ੍ਰੋ. ਵੀਰਇੰਦਰ ਕੌਰ (ਪ੍ਰੋਗਰਾਮ ਅਫਸਰ), ਸੀਨੀਅਰ ਪ੍ਰੋ. ਰਾਜਵਿੰਦਰ ਕੌਰ, ਸੀਨੀਅਰ ਪ੍ਰੋ. ਰਣਜੀਤ ਕੌਰ, ਪ੍ਰੋ. ਹਰਵਿੰਦਰ ਕੌਰ, ਸੀਨੀਅਰ ਪ੍ਰੋ. ਹਰਸ਼ ਰਾਣੀ, ਪ੍ਰੋ. ਅਮਨ ਸ਼ਰਮਾ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਕਰਨਵੀਰ ਸਿੰਘ, ਪ੍ਰੋ. ਜਗਜੀਤ ਸਿੰਘ, ਮੈਡਮ ਸੁਖਵੀਰ ਕੌਰ, ਮੈਡਮ ਸਿਮਲਾ, ਮੈਡਮ ਅੰਮ੍ਰਿਤਪਾਲ ਕੌਰ, ਮੈਡਮ ਪੁਸ਼ਪਿੰਦਰ ਕੌਰ, ਮੈਡਮ ਲਵਜੋਤ ਕੌਰ ਅਤੇ ਮੈਡਮ ਪ੍ਰਭਜੋਤ ਕੌਰ ਆਦਿ ਹਾਜ਼ਰ ਸਨ।

# ਪੀ ਐੱਮ ਸ੍ਰੀ ਸਰਕਾਰੀ ਸਮਾਰਟ ਸਕੂਲ ਵਿਖੇ ਐਥਲੈਟਿਕਸ ਮੀਟ ਤੇ ਇਨਾਮ ਵੰਡ ਸਮਾਰੋਹ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)-** ਸਥਾਨਕ ਸ਼ਹਿਰ ਦੇ ਨਾਮਵਰ ਵਿੱਦਿਅਕ ਅਦਾਰੇ ਪੀ ਐੱਮ ਸ੍ਰੀ ਸਰਕਾਰੀ ਕੋ-ਐੱਡ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਪ੍ਰਿੰਸੀਪਲ ਮੈਡਮ ਵਿਜੇ ਕਪੂਰ ਦੀ ਅਗਵਾਈ ਹੇਠ ਸਾਲਾਨਾ ਐਥਲੈਟਿਕਸ ਮੀਟ ਤੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ. ਸਿੱ.) ਪਟਿਆਲਾ ਸੰਜੀਵ ਸ਼ਰਮਾ ਨੇ ਸ਼ਿਰਕਤ ਕੀਤੀ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਉਪ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ.) ਡਾ. ਰਵਿੰਦਰ ਪਾਲ ਸ਼ਰਮਾ, ਬਲਾਕ ਪਟਿਆਲਾ-2 ਦੇ ਬੀਪੀਈਓ ਪ੍ਰਿਥੀ ਸਿੰਘ, ਅਲੂਮਨੀ ਅਸੋਸੀਏਸ਼ਨ ਦੇ ਪ੍ਰਧਾਨ ਕੁਲਦੀਪ ਸਿੰਘ ਗਰੇਵਾਲ, ਸਾਬਕਾ ਪ੍ਰਿੰਸੀਪਲ ਨੈਸ਼ਨਲ ਅਵਾਰਡੀ ਤੋਤਾ ਸਿੰਘ ਚਹਿਲ, ਇੰਜੀਨੀਅਰ ਕੁਲਵੀਰ ਸਿੰਘ ਤੇ ਸਾਬਕਾ ਜ਼ਿਲ੍ਹਾ ਸਿੱਖਿਆ ਅਧਿਕਾਰੀ ਇੰਜੀ. ਅਮਰਜੀਤ ਸਿੰਘ ਨੇ ਸ਼ਿਰਕਤ ਕੀਤੀ।ਉਕਤ ਮਹਿਮਾਨਾਂ ਵੱਲੋਂ ਰਸਮੀ ਤੌਰ 'ਤੇ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ।ਸਮਾਰੋਹ ਦੌਰਾਨ ਵਿਦਿਆਰਥੀਆਂ ਦੇ ਵੱਖ-ਵੱਖ ਖੇਡ ਮੁਕਾਬਲੇ ਬਹੁਤ ਹੀ ਦਿਲਖਿੱਚਵੇਂ ਤੇ ਫਸਵੇਂ ਸਨ।ਸਮਾਰੋਹ ਦੀ ਸ਼ੁਰੂਆਤ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ



● **ਸੁਭਾਸ਼ ਚੰਦਰ ਬੋਸ ਹਾਊਸ ਨੇ ਜਿੱਤੀ ਓਵਰਆਲ ਟਰਾਫੀ**

ਕਰਦਿਆਂ ਮੁੱਖ ਮਹਿਮਾਨ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੰਜੀਵ ਸ਼ਰਮਾ ਨੇ ਕਿਹਾ ਕਿ ਖੇਡਾਂ ਦੀ ਵਿਦਿਆਰਥੀ ਜੀਵਨ ਵਿੱਚ ਬਹੁਤ ਮਹੱਤਤਾ ਹੈ।ਖੇਡਾਂ ਨਾਲ ਵਿਦਿਆਰਥੀਆਂ ਅੰਦਰ ਸਹਿਣਸ਼ੀਲਤਾ ਦੀ ਭਾਵਨਾ ਵਿਕਸਿਤ ਹੁੰਦੀ ਹੈ।ਉਨ੍ਹਾਂ ਕਿਹਾ ਕਿ ਮਲਟੀਪਰਪਜ਼ ਸਕੂਲ ਖੇਡਾਂ ਦੇ ਖੇਤਰ ਵਿੱਚ ਹਮੇਸ਼ਾ ਹੀ ਵੱਡੀਆਂ ਪੁਲਾਂਘਾਂ ਪੁੱਟਦਾ ਰਿਹਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਸਕੂਲ ਪ੍ਰਿੰਸੀਪਲ ਮੈਡਮ ਵਿਜੇ ਕਪੂਰ ਨੇ ਆਏ ਹੋਏ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨ ਤੇ ਹੋਰਨਾਂ ਦਾ ਸਵਾਗਤ ਕੀਤਾ।ਉਨ੍ਹਾਂ ਕਿਹਾ ਕਿ ਸਰਕਾਰੀ ਮਲਟੀਪਰਪਜ਼ ਸਕੂਲ ਇੱਕ ਵੱਡਾ ਨਾਮ ਬਣ ਚੁੱਕਾ ਹੈ, ਜਿੱਥੇ ਦਾਖਲਾ ਲੈਣ ਲਈ ਸਿਰਫ ਪਟਿਆਲੇ ਵਿੱਚੋਂ ਹੀ ਨਹੀਂ ਬਲਕਿ ਹੋਰਨਾਂ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਵੀ ਵਿਦਿਆਰਥੀ ਆ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਮਲਟੀਪਰਪਜ਼ ਸਕੂਲ ਦੇ ਸਮੁੱਚੇ ਸਟਾਫ ਦੀ ਮਿਹਨਤ ਸਦਕਾ ਹੋਇਆ ਹੈ।ਇਸ ਦੌਰਾਨ ਪੜ੍ਹਾਈ ਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਨ੍ਹਾਂ ਖੇਡਾਂ ਵਿੱਚ ਓਵਰ ਆਲ ਟਰਾਫੀ ਸੁਭਾਸ਼ ਚੰਦਰ ਬੋਸ ਹਾਊਸ ਨੇ ਜਿੱਤੀ।ਇਸ ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਸੱਭਿਆਚਾਰਕ ਗੀਤ, ਭੰਗੜੇ ਤੇ ਗਿੱਧੇ ਦੀ ਪੇਸ਼ਕਾਰੀ ਦਿੱਤੀ ਗਈ।ਅਖੀਰ ਵਿੱਚ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।

# ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਪੌਦਿਆਂ ਦਾ ਲੰਗਰ



**ਬੁਢਲਾਡਾ (ਅਸ਼ੋਕ ਲਾਕੜਾ)-** ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਰਿਟਾਇਰ ਪਟਵਾਰੀ ਬਲਵਿੰਦਰ ਸਿੰਘ ਦੇ ਸਹਿਯੋਗ ਨਾਲ ਪਿੰਡ ਹਾਕਮ ਵਾਲਾ ਵਿਖੇ ਇੱਕ ਵਿਸ਼ੇਸ਼ ਸਮਾਗਮ ਦੌਰਾਨ ਪੌਦਿਆਂ ਦਾ ਲਗਾਏ ਲੰਗਰ ਦੌਰਾਨ ਲਗਭਗ 300 ਪੌਦੇ ਵੰਡੇ ਗਏ।ਇਸ ਦੇ ਨਾਲ ਹੀ ਸੰਸਥਾ ਤੇ ਗੁਰਦੁਆਰਾ ਕਮੇਟੀ ਮੈਂਬਰਾਂ ਵੱਲੋਂ ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਮੈਦਾਨ ਵਿੱਚ ਵੀ ਪੌਦੇ ਲਗਾਏ ਗਏ।ਇਸ ਤੋਂ ਪਹਿਲਾਂ ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਮਾਸਟਰ ਕੁਲਵੰਤ ਸਿੰਘ ਤੇ ਬਲਵਿੰਦਰ ਸਿੰਘ ਪਟਵਾਰੀ ਨੇ ਸੰਗਤਾਂ ਨੂੰ ਨਾਮ ਜਪਣ, ਸ਼ੁਭ ਕਾਰਜ ਕਰਨ ਤੇ ਵਾਤਾਵਰਣ ਸੁਰੱਖਿਆ ਲਈ ਪੌਦੇ ਲਗਾਉਣ ਦੀ ਪ੍ਰੇਰਣਾ ਦਿੱਤੀ।ਪਿੰਡ ਦੀ ਪੰਚਾਇਤ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਸਥਾ ਦਾ ਇਸ ਕਾਰਜ ਲਈ ਧੰਨਵਾਦ ਕੀਤਾ ਤੇ ਸੰਸਥਾ ਵੱਲੋਂ 8 ਮਾਰਚ ਨੂੰ ਕੀਤੇ ਜਾ ਰਹੇ ਵਿਆਹ ਮਹਾਂਉਤਸਵ ਮੌਕੇ ਵੱਧ ਤੋਂ ਵੱਧ ਮਦਦ ਕਰਨ ਦਾ ਵਾਅਦਾ ਕੀਤਾ।ਇਹ ਮੌਕੇ ਸੰਸਥਾ ਮੈਂਬਰ ਮਾਸਟਰ ਕੁਲਵੰਤ ਸਿੰਘ, ਪਰਮਜੀਤ ਸਿੰਘ ਅਨੇਜਾ, ਅਮਰਜੀਤ ਸਿੰਘ ਕੈਂਥ, ਮਹਿੰਦਰਪਾਲ ਸਿੰਘ, ਪਿੰਡ ਦੇ ਗੁਰਦੁਆਰਾ ਕਮੇਟੀ ਪ੍ਰਧਾਨ ਜਗਤਾਰ ਸਿੰਘ, ਪਟਵਾਰੀ ਬਲਵਿੰਦਰ ਸਿੰਘ, ਸਰਪੰਚ ਸੁਖਵਿੰਦਰ ਸਿੰਘ, ਸਾਬਕਾ ਸਰਪੰਚ ਪਲਵਿੰਦਰ ਸਿੰਘ, ਸਾਬਕਾ ਪੰਚ ਸੁਖਵਿੰਦਰ ਸਿੰਘ ਭੋਲਾ, ਜਗਵੀਰ ਸਿੰਘ ਮਾਨ, ਕੁਲਦੀਪ ਸਿੰਘ ਮਾਨ, ਸਾਬਕਾ ਪੰਚ ਸੁਰਜੀਤ ਸਿੰਘ, ਰਾਜਵਿੰਦਰ ਸਿੰਘ, ਦਵਿੰਦਰ ਸਿੰਘ, ਡਾਕਟਰ ਸੁਖਪਾਲ ਸਿੰਘ, ਮਨਿੰਦਰਜੀਤ ਸਿੰਘ ਸਮੇਤ ਅਨੇਕਾਂ ਸੰਗਤਾਂ ਮੌਜੂਦ ਸਨ।

# ਰਜਿੰਦਰ ਬਰਾੜ ਦੀ ਪੁਸਤਕ ਦਾ ਰਿਲੀਜ਼ ਸਮਾਗਮ ਹੋਇਆ

**ਬਠਿੰਡਾ (ਬਖਤੌਰ ਢਿੱਲੋਂ)-** ਟੀਚਰਜ਼ ਹੋਮ ਬਠਿੰਡਾ ਵਿਖੇ ਸ੍ਰੀ ਬਰਜਿੰਦਰ ਸਿੰਘ ਬਰਾੜ ਦੀ ਪੁਸਤਕ 'ਪੰਜਾਬ ਸਟੂਡੈਂਟਸ ਯੂਨੀਅਨ ਤੇ ਮੇਰਾ ਜੀਵਨ ਸਫ਼ਰਨਾਮਾ' ਦਾ ਰਿਲੀਜ਼ ਸਮਾਗਮ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪ੍ਰਿੰਸੀਪਲ ਬੱਗਾ ਸਿੰਘ ਨੇ ਕੀਤੀ।ਪ੍ਰਧਾਨਗੀ ਮੰਡਲ ਵਿੱਚ ਸਰਵਸ੍ਰੀ ਬਰਜਿੰਦਰ ਸਿੰਘ ਬਰਾੜ, ਜਸਵਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਜਸਪਾਲ ਮਾਨਖੇੜਾ, ਤਰਸੇਮ ਨਰੂਲਾ ਵੀ ਸ਼ਾਮਲ ਸਨ।ਸਭ ਤੋਂ ਪਹਿਲਾਂ ਰਣਜੀਤ ਲਹਿਰਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਤਰਕਸ਼ੀਲ ਆਗੂ ਭੂਰਾ ਸਿੰਘ ਮਹਿਮਾ ਸਰਜਾ ਨੇ ਜੀ ਆਇਆਂ ਆਖਦਿਆਂ ਕਿਹਾ ਕਿ ਇਹ ਪੁਸਤਕ ਇਤਿਹਾਸਕ ਦਸਤਾਵੇਜ਼ ਹੈ।ਉਨ੍ਹਾਂ ਕਿਹਾ ਕਿ ਸਾਡਾ ਬਹੁਤਾ ਇਤਿਹਾਸ ਵਿਦੇਸ਼ੀਆਂ ਨੇ ਲਿਖਿਆ ਹੈ, ਅਸੀਂ ਇਸ ਮਾਮਲੇ ਵਿੱਚ ਪੱਛੜੇ ਹੋਏ ਹਾਂ।ਬਰਜਿੰਦਰ ਸਿੰਘ ਨੇ ਪੁਸਤਕ ਲਿਖਣ ਦੇ ਸਬੱਬ ਬਾਰੇ ਸਪੱਸ਼ਟ ਕਰਦਿਆਂ ਇਸ ਕਾਰਜ ਵਿੱਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਕੀਤਾ। ਇਸ ਉਪਰੰਤ ਸੰਬੋਧਨ ਕਰਦਿਆਂ ਸ੍ਰੀ ਜਸਪਾਲ ਮਾਨਖੇੜਾ ਨੇ ਕਿਹਾ ਕਿ ਸਾਡਾ ਇਤਿਹਾਸ ਬਹੁਤਾ ਕਰਕੇ ਲਿਖਿਆ ਨਹੀਂ ਲਿਖਵਾਇਆ ਗਿਆ ਹੈ, ਇਸੇ ਕਰਕੇ ਖੋਟ ਨਜ਼ਰ ਆਉਂਦਾ ਹੈ।ਉਨ੍ਹਾਂ ਕਿਹਾ ਕਿ ਖੱਬੀ ਲਹਿਰ ਨੇ ਵਿਦਿਆਰਥੀ, ਕਿਸਾਨੀ, ਸਾਹਿਤ ਆਦਿ ਹਰ ਖੇਤਰ ਵਿੱਚ ਚੰਗਾ ਪਫਭਾਵ ਪਾਇਆ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੱਸਿਆਵਾਂ ਬਹੁਤ ਗੁੰਝਲਦਾਰ ਹਨ, ਜਿਨ੍ਹਾਂ ਬਾਰੇ ਨਿੱਠ ਕੇ ਲਿਖਣ ਦੀ ਲੋੜ ਹੈ। ਸ੍ਰੀ ਬਲਵਿੰਦਰ ਸਿੰਘ ਭੁੱਲਰ ਨੇ ਕਿਹਾ ਕਿ ਲੇਖਕ ਨੇ ਪੁਸਤਕ ਵਿੱਚ ਨਕਸਲਬਾੜੀ ਦੇ ਪ੍ਰਭਾਵ ਹੇਠ ਕੰਮ ਕਰਨ ਵਾਲੀ ਪੰਜਾਬ ਸਟੂਡੈਂਟਸ ਯੂਨੀਅਨ ਤੇ ਆਪਣੇ ਜੀਵਨ ਬਾਰੇ ਪੂਰਾ ਸੱਚ ਲਿਖਣ ਦੀ ਜੁਰਅਤ ਕਰਕੇ ਲਿਖਣ ਦਾ ਧਰਮ ਬਾਖ਼ੂਬੀ ਨਿਭਾਇਆ ਹੈ, ਜੋ ਪ੍ਰਸੰਸਾਯੋਗ ਉੱਦਮ ਹੈ।ਤਰਸੇਮ ਨਰੂਲਾ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਹ ਪੁਸਤਕ ਜੁਝਾਰੂ ਤੇ ਸਫ਼ਲ ਜੀਵਨ ਦਾ ਕਿੱਸਾ ਹੈ ਤੇ ਪੂਰਾ ਸੱਚ ਹੈ।ਉਨ੍ਹਾਂ ਕਿਹਾ ਕਿ ਕਥਨੀ ਤੇ ਕਰਨੀ 'ਚ ਇਕਮਿਕ ਹੋਇਆ ਇਨਸਾਨ ਹੀ ਅਜਿਹੀ ਰਚਨਾ ਕਰ ਸਕਦਾ ਹੈ।ਸੁਰਿੰਦਰਪ੍ਰੀਤ ਘਣੀਆ ਨੇ ਕਿਹਾ ਕਿ ਪੁਸਤਕ ਯਾਦਾਂ ਭਰਭੂਰ ਹੈ।ਉਨ੍ਹਾਂ ਕਿਹਾ ਕਿ ਲੋਕ ਲਹਿਰਾਂ 'ਚ ਕੰਮ ਕਰਨ ਵਾਲਿਆਂ ਵੱਲੋਂ ਬੁਰਜੂਆ ਪਾਰਟੀਆਂ ਵਿੱਚ ਸ਼ਾਮਲ ਹੋ ਜਾਣਾ ਵੀ ਵੱਡਾ ਸੁਆਲ ਹੈ, ਜਿਸ 'ਤੇ ਚਰਚਾ ਹੋਣੀ ਚਾਹੀਦੀ ਹੈ।ਸ੍ਰੀ ਕਰਤਾਰ ਸਿੰਘ ਬਰਾੜ ਤੇ ਡਾ. ਅਜੀਤਪਾਲ ਸਿੰਘ ਨੇ ਯਾਦਾਂ ਸਾਂਝੀਆਂ ਕੀਤੀਆਂ।ਪੰਜਾਬ ਸਟੂਡੈਂਟਸ ਯੂਨੀਅਨ ਦੀ ਆਗੂ ਪਰਮਿੰਦਰ ਕੌਰ ਨੇ ਕਿਹਾ ਕਿ ਇਹ ਪੁਸਤਕ ਉਨ੍ਹਾਂ ਨੂੰ ਸੇਧ ਦੇਵੇਗੀ।ਪ੍ਰਧਾਨਗੀ ਭਾਸ਼ਣ ਕਰਦਿਆਂ ਪ੍ਰਿੰ. ਬੱਗਾ ਸਿੰਘ ਨੇ ਕਿਹਾ ਕਿ ਪੁਸਤਕ ਮੁੱਲਵਾਨ ਹੈ ਤੇ ਅਗਲੀਆਂ ਪੀੜ੍ਹੀਆਂ ਨੂੰ ਸੇਧ ਦੇਣ ਵਾਲੀ ਹੈ, ਪਰ ਅਜੇ ਅਧੂਰੀ ਜਾਪਦੀ ਹੈ ਲੇਖਕ ਨੂੰ ਹੋਰ ਜਾਣਕਾਰੀ ਇਕੱਤਰ ਕਰਕੇ ਇਸ ਨੂੰ ਮੁਕੰਮਲ ਕਰਨ ਦੀ ਲੋੜ ਹੈ।ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਪੁਰਾਣੇ ਆਗੂ ਤੇ ਵਰਕਰ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਮਾਹਲਾ ਪਰਵਾਰ ਦੀ ਲੋਕਾਂ ਨਾਲ ਨੇੜਤਾ ਬਣੀ ਅਕਾਲੀ ਦਲ ਦੀ ਤਾਕਤ : ਸੁਖਬੀਰ ਬਰਾੜ

**ਬਾਘਾ ਪੁਰਾਣਾ (ਮਨੀ ਸਿੰਗਲਾ)-** ਹਲਕਾ ਬਾਘਾ ਪੁਰਾਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਨੂੰ ਮਜ਼ਬੂਤ ਕਰਨ ਵਿੱਚ ਮਾਹਲਾ ਪਰਵਾਰ ਦੀ ਭੂਮਿਕਾ ਨੂੰ ਲੋਕ ਖਾਸ ਤੌਰ 'ਤੇ ਸਿਰਾਹ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਦੇ ਯੂਥ ਆਗੂ ਸੁਖਬੀਰ ਸਿੰਘ ਬਰਾੜ ਬਾਘਾ ਪੁਰਾਣਾ ਨੇ ਕੀਤਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਇੰਚਾਰਜ ਤੀਰਥ ਸਿੰਘ ਮਾਹਲਾ ਤੇ ਉਨ੍ਹਾਂ ਦੇ ਸਪੁੱਤਰ, ਯੂਥ ਆਗੂ ਸੁਖਜੀਤ ਸਿੰਘ ਮਾਹਲਾ ਵੱਲੋਂ ਆਪਣੇ ਵਰਕਰਾਂ ਤੇ ਹਲਕੇ ਦੇ ਲੋਕਾਂ ਦੇ ਦੁੱਖ-ਸੁੱਖ ਵਿੱਚ ਖੜ੍ਹ ਕੇ ਜੋ ਮਿਸਾਲ ਪੈਦਾ ਕੀਤੀ ਗਈ ਹੈ, ਉਹ ਅੱਜ ਪੂਰੇ ਹਲਕੇ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ।ਸੁਖਬੀਰ ਨੇ ਕਿਹਾ ਕਿ ਮਾਹਲਾ ਪਰਵਾਰ ਨੇ ਸਦਾ ਹੀ ਰਾਜਨੀਤੀ ਨੂੰ ਸੇਵਾ ਦਾ ਮਾਧਿਅਮ ਸਮਝਿਆ ਹੈ।ਚਾਹੇ ਕਿਸੇ ਪਰਵਾਰ ਵਿੱਚ ਖੁਸ਼ੀ ਦਾ ਮੌਕਾ ਹੋਵੇ ਜਾਂ ਦੁੱਖ ਦਾ, ਜਥੇਦਾਰ ਤੀਰਥ ਸਿੰਘ ਮਾਹਲਾ ਤੇ ਸੁਖਜੀਤ ਸਿੰਘ ਮਾਹਲਾ ਹਮੇਸ਼ਾ ਆਪਣੇ ਵਰਕਰਾਂ ਤੇ ਹਮਾਇਤੀਆਂ ਨਾਲ ਖੜ੍ਹੇ ਨਜ਼ਰ ਆਉਂਦੇ ਹਨ।ਇਹੀ ਕਾਰਨ ਹੈ ਕਿ ਅੱਜ ਹਲਕਾ ਬਾਘਾ ਪੁਰਾਣਾ ਵਿੱਚ ਅਕਾਲੀ ਦਲ ਦੀ ਪਕੜ ਦਿਨੋਂ-ਦਿਨ ਮਜ਼ਬੂਤ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਸਾਦਗੀ, ਇਮਾਨਦਾਰੀ ਤੇ ਲੋਕਾਂ ਨਾਲ ਸਿੱਧੀ ਗੱਲਬਾਤ ਕਰਨ ਦੀ ਸ਼ੈਲੀ ਨੇ ਉਨ੍ਹਾਂ ਨੂੰ ਹਰ ਵਰਗ ਵਿੱਚ ਲੋਕਪ੍ਰਿਯ ਬਣਾਇਆ ਹੈ। ਇਸੇ ਤਰ੍ਹਾਂ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਨੌਜਵਾਨਾਂ ਦੀ ਆਵਾਜ਼ ਬਣ ਕੇ ਉਭਰੇ ਹਨ ਤੇ ਪਾਰਟੀ ਨੂੰ ਨਵਾਂ ਜੋਸ਼ ਦੇ ਰਹੇ ਹਨ।ਲੋਕਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਅਗਵਾਈ ਹੇਠ ਹਲਕੇ ਦਾ ਸਮੁੱਚਾ ਵਿਕਾਸ ਸੰਭਵ ਹੈ।ਪਾਰਟੀ ਆਗੂਆਂ ਦਾ ਦਾਅਵਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਦੀ ਅਗਵਾਈ ਹੇਠ ਅਕਾਲੀ ਦਲ ਬਾਘਾ ਪੁਰਾਣਾ ਹਲਕੇ ਤੋਂ ਵੱਡੀ ਜਿੱਤ ਹਾਸਲ ਕਰੇਗਾ।



# ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਦੀ ਨਿਵੇਕਲੀ ਪਹਿਲਕਦਮੀ ਦੀ ਚੁਫੇਰਿਉਂ ਖ਼ੂਬ ਸ਼ਲਾਘਾ

**ਕੋਟਕਪੂਰਾ (ਰਛਪਾਲ ਭੁੱਲਰ) :** ਆਪਸੀ ਭਾਈਚਾਰਕ ਸਾਂਝ ਦੀ ਮਜ਼ਬੂਤੀ, ਸਰਬੱਤ ਦੇ ਭਲੇ ਤੇ ਬਿਨਾਂ ਕਿਸੇ ਵਿਤਕਰੇ ਦੇ ਲੋੜਵੰਦਾਂ ਦੀ ਸੇਵਾ ਲਈ ਹਮੇਸ਼ਾਂ ਤਤਪਰ ਰਹਿਣ ਵਾਲੀ ਸੰਸਥਾ ਪ੍ਰਜਾਪਤ ਸਮਾਜ ਸੇਵਾ ਸੁਸਾਇਟੀ ਮੋਗਾ ਦੇ ਮੈਂਬਰਾਂ ਨਾਲ ਹੋਈ ਖਾਸ ਗੱਲਬਾਤ ਦੌਰਾਨ ਸੁਸਾਇਟੀ ਦੇ ਸਰਪ੍ਰਸਤ ਚੌਧਰੀ ਹੰਸ ਰਾਜ, ਪ੍ਰਧਾਨ ਜੈ ਚੰਦ ਬੇਂਵਾਲ, ਲੀਗਲ ਐਡਵਾਈਜ਼ਰ ਅਜੀਤ ਵਰਮਾ ਐਡਵੋਕੇਟ, ਵਿੱਤ ਸਕੱਤਰ ਅਰਜਨ ਰਾਮ, ਜਨਰਲ ਸਕੱਤਰ ਧਰਮਬੀਰ ਸੁੱਖੀ ਅਤੇ ਮੁੱਖ ਟਰੇਨਰ ਅਸ਼ੋਕ ਕੁਮਾਰ ਨੇ ਦੱਸਿਆ ਕਿ ਸੁਸਾਇਟੀ ਦਾ ਗਠਨ ਸਾਲ 2023 ਵਿੱਚ ਕੀਤਾ ਗਿਆ ਸੀ। ਸੁਸਾਇਟੀ ਵੱਲੋਂ ਸਰਵ ਪ੍ਰਥਮ ਜਲ ਸੇਵਾ ਦੀ ਸ਼ੁਰੂਆਤ ਕੀਤੀ ਗਈ ਹੈ, ਸੁਸਾਇਟੀ ਨੂੰ ਜਦੋਂ ਵੀ ਕਿਸੇ ਨੇ ਮੈਡੀਕਲ ਜਾਂ ਆਰਥਿਕ ਮੱਦਦ ਲਈ ਅਪੀਲ ਕੀਤੀ ਤਾਂ ਸੁਸਾਇਟੀ ਦੇ ਮੈਂਬਰਾਂ ਨੇ ਸਮਾਜ ਦੇ ਸਹਿਯੋਗ ਨਾਲ ਸਹਾਇਤਾ ਕੀਤੀ, ਸਮਾਜ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਸਮਾਜ ਦੇ ਹਿੱਤ ਲਈ ਗੱਦੇ, ਕੰਬਲ, ਕੁਰਸੀਆਂ ਆਦਿ ਬਹੁਤ ਜ਼ਰੂਰੀ ਹੈ। ਇਸ ਸੰਬੰਧੀ ਸੁਸਾਇਟੀ ਵਲੋਂ ਵਿੱਢੀ ਗਈ ਇਕ ਛੋਟੀ ਤੇ ਨਿਵੇਕਲੀ ਪਹਿਲਕਦਮੀ ਨੂੰ ਸਮਾਜ ਦਾ ਹੱਦੋਂ ਵੱਧ ਸਹਿਯੋਗ ਮਿਲ ਰਿਹਾ ਹੈ। ਸੁਸਾਇਟੀ ਲਈ ਉਹ ਗੱਲ ਸਹੀ ਸਾਬਿਤ ਹੋਈ ਕਿ 'ਅਕੇਲੇ ਚਲੇ ਥੇ ਹਮ, ਜਬ ਪੀਛੇ ਮੁੜ ਕਰ ਦੇਖਾ ਤੋ ਕਾਰਵਾਂ ਬਣ ਗਿਆ'। ਮੋਗਾ ਪ੍ਰਜਾਪਤ ਸਮਾਜ ਦੇ ਲੋਕ ਆਪ ਮੁਹਾਰੇ ਹੋ ਸਮਾਜ ਸੇਵਾ ਲਈ ਖੁਦ ਅੱਗੇ ਆਏ ਅਤੇ ਵੱਧ ਚੜ੍ਹ ਕੇ ਸਹਿਯੋਗ ਦਿੱਤਾ ਜਾ ਰਿਹਾ ਹੈ। ਸੁਸਾਇਟੀ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਸਮਾਜ ਦੇ ਸਹਿਯੋਗ ਨਾਲ ਹੁਣ ਸੁਸਾਇਟੀ ਕੋਲ ਹੁਣ ਤੱਕ 100 ਗੱਦਾ, 80 ਕੁਰਸੀਆਂ, 80 ਕੰਬਲ ਸਮੇਤ ਕਵਰ, 32 ਚਾਦਰਾਂ, 15 ਦਰੀਆਂ ਤੇ 2 ਚਾਹ ਕੰਟੇਨਰਾਂ ਦਾ ਪ੍ਰਬੰਧ ਹੋ ਚੁੱਕਿਆ ਹੈ। ਉਕਤ ਸਾਮਾਨ ਦਾ ਕੋਈ ਵੀ ਕਿਰਾਇਆ ਨਹੀਂ ਵਸੂਲ ਕੀਤਾ ਜਾਵੇਗਾ, ਦੁੱਖ ਦੀ ਘੜੀ ਵਿੱਚ ਬਿਲਕੁਲ ਮੁਫ਼ਤ ਹੋਵੇਗਾ ਤੇ ਖੁਸ਼ੀ ਮੌਕੇ ਦਾਨ ਪਾਤਰ ਵਿੱਚ ਆਪਣੀ ਸ਼ਰਧਾ ਮੁਤਾਬਿਕ ਦਾਨ ਪਾਤਰ ਵਿੱਚ ਯੋਗਦਾਨ ਪਾ ਸਕਦੇ ਹਨ। ਇਸ ਤਰ੍ਹਾਂ ਸਮਾਜ ਦੇ ਹਿੱਤ ਲਈ ਸੁਸਾਇਟੀ ਵੱਲੋਂ ਇੱਕ ਨਿਵੇਕਲੀ ਪਹਿਲ ਕੀਤੀ ਗਈ ਤੇ ਅੱਗੇ ਤੋਂ ਵੀ ਸਮਾਜ ਦੇ ਮਾਰਗਦਰਸ਼ਨ ਅਨੁਸਾਰ ਸਮਾਜ ਸੇਵਾ ਦੇ ਕਾਰਜ ਸਮੂਹ ਸਮਾਜ ਦੇ ਸਹਿਯੋਗ ਨਾਲ ਕਰਦੇ ਰਹਾਂਗੇ। ਇਸ ਮੌਕੇ ਸਮੂਹ ਸੁਸਾਇਟੀ ਮੈਂਬਰਾਂ ਵੱਲੋਂ ਸਾਰੇ ਪ੍ਰਜਾਪਤ ਸਮਾਜ ਦਾ ਸਹਿਯੋਗ ਦੇਣ ਬਦਲੇ ਦਿਲੋਂ ਧੰਨਵਾਦ ਕੀਤਾ ਗਿਆ।



● **ਸਮਾਜਸੇਵੀਆਂ ਵੱਲੋਂ ਮਿਲੇ ਸਹਿਯੋਗ ਦੇ ਹਮੇਸ਼ਾ ਰਿਣੀ ਰਹਾਂਗੇ : ਆਗੂ**

# ਵਿਧਾਇਕਾ ਮਾਣੂੰਕੇ ਵੱਲੋਂ ਨਹਿਰੀ ਖਾਲ ਦਾ ਉਦਘਾਟਨ

**ਅਜੀਤਵਾਲ (ਲਵਲੀ ਕੁਮਾਰ)-** ਜਲ ਸਰੋਤ ਵਿਭਾਗ ਪੰਜਾਬ ਤੇ ਸੂਬਾ ਸਰਕਾਰ ਵੱਲੋਂ ਸੂਬੇ ਦੇ ਕੱਸੀਆਂ ਦੇ ਖਾਲ ਪੱਕੇ ਕਰਕੇ ਨਹਿਰੀ ਪਾਣੀ ਦਿੱਤਾ ਜਾ ਰਿਹਾ ਹੈ।ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਨੇ ਪਿੰਡ ਭੰਮੀਪੁਰਾ ਵਿਖੇ ਅੱਸੀ ਲੱਖ ਰੁਪਏ ਦੀ ਲਾਗਤ ਨਾਲ ਪੱਕੇ ਕੀਤੇ ਕੱਸੀ ਦੇ ਖਾਲ ਦਾ ਉਦਘਾਟਨ ਕੀਤਾ।ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਹੈ ਕਿ ਖੇਤਾਂ ਨੂੰ ਵੱਧ ਤੋਂ ਵੱਧ ਨਹਿਰੀ ਪਾਣੀ ਦਿੱਤਾ ਜਾਵੇ ਤੇ ਸੂਬੇ ਦੀਆਂ ਕੱਚੀਆਂ ਕੱਸੀਆਂ ਤੇ ਕੱਚੇ ਸੂਇਆ ਨੂੰ ਪੱਕਾ ਕਰਕੇ ਨਵੀਂ ਦਿੱਖ ਦਿੱਤੀ ਜਾ ਰਹੀ ਹੈ, ਜਿਸ ਨਾਲ ਖੇਤਾਂ ਨੂੰ ਪਾਣੀ ਵੱਧ ਮਿਲੇਗਾ।ਉਨ੍ਹਾ ਦੱਸਿਆ ਕਿ ਪਿੰਡ ਭੰਮੀਪੁਰਾ ਦੇ ਕਿਸਾਨਾਂ ਦੀ ਪਿਛਲੇ ਲੰਮੇ ਸਮੇਂ ਤੋਂ ਮੰਗ ਸੀ ਕਿ ਇਸ ਖਾਲ ਨੂੰ ਪੱਕਾ ਕੀਤਾ ਜਾਵੇ, ਇਸ ਮੰਗ ਨੂੰ ਮੱਦੇਨਜ਼ਰ ਰੱਖਦਿਆਂ ਅੱਜ ਪੰਜਾਬ ਸਰਕਾਰ ਨੇ ਪੂਰਾ ਕਰ ਦਿੱਤਾ ਹੈ ਅਤੇ ਹੁਣ ਇਸ ਪੱਕੇ ਖਾਲ ਤੋਂ 310 ਏਕੜ ਜ਼ਮੀਨ ਨੂੰ ਨਹਿਰੀ ਪਾਣੀ ਮਿਲੇਗਾ।ਇਸ ਮੌਕੇ ਵਿਧਾਇਕਾ ਬੀਬੀ ਸਰਬਜੀਤ ਕੌਰ ਮਾਣੂੰਕੇ ਨੂੰ ਸਰਪੰਚ ਮਨਪ੍ਰੀਤ ਕੌਰ, ਯੂਥ ਆਗੂ ਗੁਰਪ੍ਰੀਤ ਸਿੰਘ ਭੰਮੀਪੁਰਾ ਤੇ ਗ੍ਰਾਮ ਪੰਚਾਇਤ ਭੰਮੀਪੁਰਾ ਨੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।ਇਸ ਮੌਕੇ ਉਨ੍ਹਾ ਨਾਲ ਮਾਰਕੀਟ ਕਮੇਟੀ ਹਠੂਰ ਦੇ ਚੇਅਰਮੈਨ ਕਰਮਜੀਤ ਸਿੰਘ ਕੰਮੀ ਡੱਲਾ, ਡਾਕਟਰ ਗੁਰਪ੍ਰੀਤ ਸਿੰਘ ਭੰਮੀਪੁਰਾ, ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ, ਸਰਪੰਚ ਪਾਲੀ ਡੱਲਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸ਼ਹਿਰੀਨ ਕੌਰ ਖਾਲਸਾ ਤੇ ਬਲਾਕ ਸੰਮਤੀ ਮੈਂਬਰ ਆਦਿ ਹਾਜ਼ਰ ਸਨ।



# 26ਵਾਂ ਰਾਜ-ਪੱਧਰੀ ਅਕਾਦਮਿਕ ਤੇ ਖੇਡ ਪੁਰਸਕਾਰ ਸਮਾਰੋਹ 22 ਨੂੰ

**ਕਲੱਬ ਨੇ ਅਧਿਕਾਰਤ ਤੌਰ 'ਤੇ ਸੱਦਾ ਪੱਤਰ ਜਾਰੀ ਕੀਤਾ**

**ਬਰਨਾਲਾ (ਰਾਜਿੰਦਰ ਬਰਾੜ)** ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈੱਲਫੇਅਰ ਕਲੱਬ (ਰਜਿ.) ਬਰਨਾਲਾ ਦਾ 26ਵਾਂ ਰਾਜ-ਪੱਧਰੀ ਅਕਾਦਮਿਕ ਤੇ ਖੇਡ ਪੁਰਸਕਾਰ ਸਮਾਰੋਹ 22 ਫਰਵਰੀ ਨੂੰ ਹੋਵੇਗਾ।ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈੱਲਫੇਅਰ ਕਲੱਬ ਦੇ ਪ੍ਰਧਾਨ ਵਿਨੋਦ ਸ਼ਰਮਾ, ਸਰਪ੍ਰਸਤ ਰਾਮਪਾਲ ਸਿੰਗਲਾ ਤੇ ਚੇਅਰਮੈਨ ਸੁਭਾਸ਼ ਮਿੱਤਲ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਉਨ੍ਹਾਂ ਦਾ ਕਲੱਬ 22 ਫਰਵਰੀ ਨੂੰ ਰਾਇਲ ਗ੍ਰੀਨ ਪੈਲੇਸ, ਧਨੌਲਾ ਰੋਡ, ਬਰਨਾਲਾ ਵਿਖੇ ਇਸ ਸਮਾਗਮ ਧੂਮਧਾਮ ਨਾਲ ਕਰਾਇਆ ਜਾ ਰਿਹਾ ਹੈ।ਪੂਰੇ ਪ੍ਰੋਗਰਾਮ ਦੀ ਰੂਪ-ਰੇਖਾ ਤਿਆਰ ਕਰਨ ਲਈ ਇੱਕ ਮੀਟਿੰਗ ਕੀਤੀ ਗਈ।ਕਲੱਬ ਦੇ ਜਨਰਲ ਸਕੱਤਰ ਹਰੀਸ਼ ਬਾਂਸਲ, ਪੀਆਰਓ ਰਾਜਿੰਦਰ ਰਿੰਪੀ ਤੇ ਪ੍ਰੋਜੈਕਟ ਚੇਅਰਮੈਨ ਸੰਜੀਵ ਸ਼ਰਮਾ ਨੇ ਦੱਸਿਆ ਕਿ ਸੰਗਰੂਰ ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਇਸ ਸਮਾਗਮ ਵਿੱਚ ਪੁਰਸਕਾਰ ਪ੍ਰਦਾਨ ਕਰਨਗੇ।ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿੱਚ ਪੰਜਾਬ ਭਰ ਤੋਂ 8ਵੀਂ, 10ਵੀਂ ਤੇ ਬੀ ਜਮਾਤ ਦੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਜਾਵੇਗਾ।ਇਸ ਸਮਾਗਮ ਵਿੱਚ ਰਾਜ ਤੇ ਰਾਸ਼ਟਰੀ ਪੱਧਰ 'ਤੇ ਖੇਡਾਂ 'ਚੋਂ ਤਮਗੇ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ।ਮੀਟਿੰਗ 'ਚ ਪਿਆਰਾ ਲਾਲ ਰਾਏਸਰ ਵਾਲੇ, ਦਿਨੇਸ਼ ਸਿੰਗਲਾ, ਰਾਕੇਸ਼ ਸਿੰਗਲਾ, ਸ਼ੀਤਲ ਬਜੀਦਕੇ, ਸੇਵਕ ਭੰਮ, ਰਾਜਵਿੰਦਰ ਪਟਵਾਰੀ, ਵਿਮਲ ਸ਼ਰਮਾ, ਰਜਿੰਦਰ ਕੁਮਾਰ, ਸੁਰੇਸ਼ ਭੋਤਨਾ, ਨਰਿੰਦਰ ਨੀਟੀ, ਰਵੀ ਜਿੰਦਲ, ਬੰਟੀ ਗਰੋਵਰ, ਅਸ਼ਵਨੀ ਮਦਾਨ ਆਦਿ ਮੌਜੂਦ ਸਨ।



# ਮੁਫਤ ਆਯੂਸ ਕੈਂਪ 'ਚ 701 ਮਰੀਜ਼ਾਂ ਦਾ ਚੈੱਕਅੱਪ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-** ਡਾਇਰੈਕਟਰ ਆਯੁਰਵੈਦਾ, ਡਾਇਰੈਕਟਰ ਹੋਮਿਓਪੈਥੀ ਪੰਜਾਬ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਦਿਸ਼ਾ ਨਿਰਦੇਸ਼ਾਂ ਤੇ ਡਾ. ਮੰਜੂ ਦੀ ਯੋਗ ਅਗਵਾਈ ਵਿੱਚ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਮੁਫਤ ਆਯੂਸ ਕੈਂਪ ਲਗਾਇਆ ਗਿਆ, ਜਿਸ ਵਿੱਚ ਮਰੀਜ਼ਾਂ ਦਾ ਮੁਫਤ ਚੈੱਕਅਪ ਕਰਕੇ ਹੋਮਿਓਪੈਥੀ ਤੇ ਆਯੁਰਵੈਦਿਕ ਦਵਾਈਆਂ ਦਿੱਤੀਆਂ ਗਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ: ਮੰਜੂ ਨੇ ਦੱਸਿਆ ਇਸ ਕੈਂਪ ਕੁੱਲ 701 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ, ਜਿਸ ਵਿੱਚ ਹੋਮਿਓਪੈਥੀ ਦੇ 357 ਮਰੀਜ਼ ਤੇ ਆਯੂਰਵੈਦ ਦੇ 344 ਮਰੀਜ਼ ਦੇਖੇ ਗਏ। ਇਨ੍ਹਾਂ ਕੈਂਪਾਂ ਦਾ ਮੁੱਖ ਮਕਸਦ ਹੋਮਿਓਪੈਥੀ ਤੇ ਆਯੂਰਵੈਦਾ ਨੂੰ ਉਤਸ਼ਾਹਤ ਕਰਨਾ ਹੈ।ਇਸ ਕੈਂਪ ਵਿੱਚ ਐੱਚ.ਐੱਮ.ਓ. ਡਾ. ਮਨਵਿੰਦਰ ਕੌਰ, ਡਾ. ਦਲਜੀਤ ਸਿੰਘ, ਏ.ਐੱਮ.ਓ. ਡਾ ਪ੍ਰਤਿਭਾ ਸ਼ਰਮਾ, ਡਾ. ਰਮਾ, ਡਾ. ਨੀਲ ਕਮਲ, ਪਰਮਜੀਤ ਕੌਰ (ਹੋਮਿਓ ਡਿਸਪੈਸਰ) ਚਮਕੌਰ ਸਿੰਘ, ਜਤਿੰਦਰ ਸਿੰਘ, ਪ੍ਰੀਤੀ ਜੈਦਕਾ ਉੱਪ-ਵੈਦ ਨੇ ਆਪਣੀ ਡਿਊਟੀ ਨਿਭਾਈ।



# ਪੁੱਕਾ ਵੱਲੋਂ ਫਾਰਮੇਸੀ ਤੇ ਪੈਰਾ ਮੈਡੀਕਲ ਕਾਲਜਾਂ ਨੂੰ ਬੀ ਐੱਫ ਯੂ ਐੱਚ ਐੱਸ 'ਚ ਤਬਦੀਲ ਕਰਨ 'ਤੇ ਮੁੜ ਵਿਚਾਰ ਕਰਨ ਦੀ ਅਪੀਲ

**ਰਾਜਪੁਰਾ (ਰਮੇਸ਼ ਕਟਾਰੀਆ)-** ਪੰਜਾਬ ਅਨਏਡਿਡ ਕਾਲਜ ਐਸੋਸੀਏਸ਼ਨ (ਪੁੱਕਾ) ਨੇ ਪੰਜਾਬ ਸਰਕਾਰ ਨੂੰ ਫਾਰਮੇਸੀ ਤੇ ਪੈਰਾ ਮੈਡੀਕਲ ਕਾਲਜਾਂ ਨੂੰ ਤਕਨੀਕੀ ਯੂਨੀਵਰਸਿਟੀਆਂ ਤੋਂ ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀ ਐੱਫ ਯੂ ਐੱਚ ਐੱਸ) ਫਰੀਦਕੋਟ ਵਿੱਚ ਤਬਦੀਲ ਕਰਨ ਦੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਹੈ।ਡਾ. ਅੰਸ਼ੂ ਕਟਾਰੀਆ ਪ੍ਰਧਾਨ ਪੁੱਕਾ ਤੇ ਚੇਅਰਮੈਨ ਆਰੀਅਨਜ਼ ਗਰੁੱਪ ਆਫ਼ ਕਾਲਜਿਜ਼ ਨੇ ਕਿਹਾ ਕਿ ਇਹ ਕਾਲਜ ਕਈ ਸਾਲਾਂ ਤੋਂ ਆਈ. ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਤੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਅਧੀਨ ਕੰਮ ਕਰ ਰਹੇ ਹਨ।ਸ੍. ਮਨਜੀਤ ਸਿੰਘ ਸਰਪ੍ਰਸਤ ਜੁਆਇੰਟ ਐਸੋਸੀਏਸ਼ਨ ਆਫ਼ ਕਾਲਜਿਜ਼ (ਜੇਏਸੀ) ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਮਹੱਤਵਪੂਰਨ ਫੈਸਲੇ ਨੂੰ ਲਾਗੂ ਕਰਨ ਤੋਂ ਪਹਿਲਾਂ ਵਿਦਿਆਰਥੀਆਂ, ਸਟਾਫ਼, ਕਾਲਜ ਪ੍ਰਬੰਧਨ ਤੇ ਤਕਨੀਕੀ ਯੂਨੀਵਰਸਿਟੀਆਂ ਦੇ ਪ੍ਰਤੀਨਿਧੀਆਂ ਸਮੇਤ ਸਾਰੇ ਹਿੱਸੇਦਾਰਾਂ ਦੀ ਇੱਕ ਮੀਟਿੰਗ ਬੁਲਾਵੇ, ਤਾਂ ਜੋ ਉਨ੍ਹਾਂ ਦੀ ਫੀਡਬੈਕ ਲਈ ਜਾ ਸਕੇ।

# ਮਾਤਾ ਕੌਸ਼ਲਿਆ ਹਸਪਤਾਲ 'ਚ ਸਿਹਤ ਜਾਂਚ ਕੈਂਪ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਸਾਡੇ ਬਜ਼ੁਰਗ ਸਾਡਾ ਮਾਣ ਅਭਿਆਨ ਤਹਿਤ ਮਾਤਾ ਕੌਸ਼ਲਿਆ ਹਸਪਤਾਲ ਵਿੱਚ ਵਿਸ਼ੇਸ਼ ਸਿਹਤ ਤੇ ਮੈਡੀਕਲ ਜਾਂਚ ਕੈਂਪ ਲਾਇਆ ਗਿਆ।ਇਸ ਕੈਂਪ ਦਾ ਉਦੇਸ਼ ਬਜ਼ੁਰਗ ਨਾਗਰਿਕਾਂ ਨੂੰ ਘਰ ਦੇ ਨੇੜੇ ਹੀ ਉੱਚ-ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਤੇ ਉਨ੍ਹਾਂ ਨੂੰ ਸਰਕਾਰੀ ਭਲਾਈ ਸਕੀਮਾਂ ਬਾਰੇ ਜਾਗਰੂਕ ਕਰਨਾ ਸੀ।ਕੈਂਪ ਦੌਰਾਨ ਤਜਰਬੇਕਾਰ ਡਾਕਟਰਾਂ ਤੇ ਪੈਰਾਮੈਡੀਕਲ ਸਟਾਫ ਦੀ ਟੀਮ ਵੱਲੋਂ ਬਜ਼ੁਰਗਾਂ ਦੀ ਵਿਸਥਾਰਪੂਰਵਕ ਸਿਹਤ ਜਾਂਚ ਕੀਤੀ ਗਈ।ਇਸ ਵਿੱਚ ਬਲੱਡ ਪ੍ਰੈਸ਼ਰ, ਸ਼ੂਗਰ ਲੈਵਲ, ਅੱਖਾਂ ਦੀ ਜਾਂਚ, ਹੱਡੀਆਂ ਤੇ ਜੋੜਾਂ ਨਾਲ ਸੰਬੰਧਤ ਸਮੱਸਿਆਵਾਂ, ਦਿਲ ਦੀ ਬਿਮਾਰੀਆਂ ਤੇ ਹੋਰ ਆਮ ਰੋਗਾਂ ਦੀ ਸਕ੍ਰੀਨਿੰਗ ਸ਼ਾਮਲ ਸੀ।ਇਸ ਤੋਂ ਇਲਾਵਾ ਮੌਕੇ 'ਤੇ ਹੀ ਮੁਫ਼ਤ ਦਵਾਈਆਂ ਵੰਡੀਆਂ ਗਈਆਂ ਤੇ ਸਿਹਤ ਸੰਬੰਧੀ ਸਲਾਹ-ਮਸ਼ਵਰਾ ਵੀ ਪ੍ਰਦਾਨ ਕੀਤਾ ਗਿਆ।ਇਸ ਮੌਕੇ ਸਿਹਤ ਵਿਭਾਗ ਤੇ ਸਮਾਜਿਕ ਸੁਰੱਖਿਆ ਵਿਭਾਗ ਦੇ ਅਧਿਕਾਰੀ ਮੌਜੂਦ ਸਨ।

## ...ਸਫ਼ਾ 1 ਦੇ ਬਾਕੀ

### ਜ਼ੁਬਾਨਬੰਦੀ ਕਰਨ ਵਾਲੇ ਤੱਤਾਂ ਖ਼ਿਲਾਫ਼...

ਕਿ ਬੰਬਈ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨਾਲ ਉੱਘੇ ਫਿਲਮੀ ਕਲਾਕਾਰ ਅਤੇ ਸਮਾਜਿਕ ਸਰੋਕਾਰਾਂ ਦੀ ਬਾਤ ਪਾਉਣ ਵਾਲੇ ਨਸੀਰੂਦੀਨ ਸ਼ਾਹ ਨੂੰ ਵਿਚਾਰ-ਚਰਚਾ ਕਰਨ ਤੋਂ ਆਨੇ-ਬਹਾਨੇ ਘੜ ਕੇ ਕੋਰਾ ਜਵਾਬ ਦੇਣਾ ਅਤੇ ਦਿੱਲੀ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਹੇ ਮੁਲਕ ਦੇ ਮੰਨੇ-ਪ੍ਰਮੰਨੇ ਇਤਿਹਾਸਕਾਰ ਇਰਫ਼ਾਨ ਹਬੀਬ ਉਪਰ ਪਾਣੀ ਦੀਆਂ ਬੋਤਲਾਂ ਸੁੱਟ ਕੇ ਉਹਨਾਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਸਮਾਗਮ ਤਾਰਪੀਡੋ ਕਰਨ ਦੀ ਘਿਨੌਣੀ ਕਾਰਵਾਈ ਮੁਲਕ ਅੰਦਰ ਫਿਰਕੂ ਫਾਸ਼ੀ ਹੱਲੇ ਦੇ ਫੈਲਦੇ ਪੰਜਿਆਂ ਦੀ ਨੰਗੀ-ਚਿੱਟੀ ਗਵਾਹੀ ਹੈ।ਕਮੇਟੀ ਦਾ ਕਹਿਣਾ ਹੈ ਕਿ ਗਿਆਨ-ਵਿਗਿਆਨ ਅਤੇ ਹਕੀਕੀ ਲੋਕ ਇਤਿਹਾਸ ਦੀ ਗੱਲ ਅੱਗੇ ਲਾਜਵਾਬ ਭਾਜਪਾ ਹਕੂਮਤ ਹੁਣ ਬੁੱਧੀਜੀਵੀਆਂ, ਕਲਾਕਾਰਾਂ ਨੂੰ ਆਪਣੇ ਚੋਣਵੇਂ ਨਿਸ਼ਾਨੇ ਦੀ ਮਾਰ ਹੇਠ ਲਿਆਉਣ ਲਈ ਬੁਖਲਾਈ ਹੋਈ ਹੈ। ਅਜਿਹੇ ਕੋਝੇ ਮਨਸੂਬੇ ਅਸਲ ਵਿੱਚ ਅਮਰੀਕੀ ਸਾਮਰਾਜੀ ਲਾਣੇ ਅੱਗੇ ਗੋਡੇ ਟੇਕ ਕੇ ਕੀਤੇ ਸਮਝੌਤੇ ਖ਼ਿਲਾਫ਼ ਭਵਿੱਖ ਵਿੱਚ ਉਠਣ ਵਾਲੇ ਜਨਤਕ ਪ੍ਰਤੀਰੋਧ ਨੂੰ ਨੱਪਣ ਲਈ ਲੋਕਾਂ ਦੀ ਆਵਾਜ਼ ਬਣਨ ਵਾਲੇ ਸੂਝਵਾਨ ਜ਼ਹੀਨ ਬੁੱਧੀਜੀਵੀਆਂ ਨੂੰ ਖਾਮੋਸ਼ ਕਰਨ ਦਾ ਭਰਮ ਪਾਲਣ ਵਾਲਿਆਂ ਨੂੰ ਨਸੀਰੂਦੀਨ ਅਤੇ ਇਰਫ਼ਾਨ ਹਬੀਬ ਦੇ ਤੁਰੰਤ ਪੈਰ ਦਿੱਤੀ ਪ੍ਰਤੀਕਿਰਿਆ, 'ਉਹ ਆਪਣੀ ਗੱਲ ਹਰ ਹਾਲਤ ਭਵਿੱਖ ਵਿੱਚ ਵੀ ਜਾਰੀ ਰੱਖਣਗੇ' ਦੇ ਐਲਾਨ ਤੋਂ ਸਮਝ ਲੈਣਾ ਚਾਹੀਦਾ ਹੈ ਕਿ ਹੱਕ-ਸੱਚ ਦੀ ਆਵਾਜ਼ ਨੂੰ ਕਦੇ ਵੀ ਖਾਮੋਸ਼ ਨਹੀਂ ਕੀਤਾ ਜਾ ਸਕਦਾ।ਕਮੇਟੀ ਨੇ ਪੰਜਾਬ ਵਾਸੀਆਂ ਨੂੰ ਚੌਕੰਨੇ ਕੀਤਾ ਕਿ ਅਜਿਹੇ ਹਮਲੇ ਪੰਜਾਬ ਵਿੱਚ ਵੀ ਕਰਨ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ, ਇਸ ਲਈ ਕਮੇਟੀ ਨੇ ਸਭਨਾਂ ਲੋਕ-ਪੱਖੀ ਤਾਕਤਾਂ ਨੂੰ ਇੱਕਜੁੱਟ ਹੋ ਕੇ ਇਸ ਦਾ ਟਾਕਰਾ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ ਹੈ।

### ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ...

ਅਧਿਕਾਰੀ (ਜਿਸ ਦੀ ਪਛਾਣ ਵਿਕਾਸ ਯਾਦਵ ਵਜੋਂ ਹੋਈ ਸੀ) ਦੇ ਨਿਰਦੇਸ਼ਾਂ 'ਤੇ ਅਮਰੀਕੀ ਧਰਤੀ 'ਤੇ ਪੰਨੂ ਨੂੰ ਮਾਰਨ ਲਈ 1 ਲੱਖ ਡਾਲਰ ਦੀ ਸੁਪਾਰੀ ਦਿੱਤੀ ਸੀ। ਨਿਖਿਲ ਨੇ ਇਸ ਸੰਬੰਧੀ ਇੱਕ ਜਣੇ ਨਾਲ ਸੰਪਰਕ ਕੀਤਾ ਸੀ, ਜੋ ਅਸਲ ਵਿੱਚ ਅਮਰੀਕੀ ਏਜੰਸੀਆਂ ਦਾ ਇੱਕ ਅੰਡਰਕਵਰ ਏਜੰਟ ਨਿਕਲਿਆ। ਨਿਖਿਲ ਨੇ ਜੂਨ 2023 ਵਿੱਚ ਇਸ ਕੰਮ ਲਈ 15,000 ਡਾਲਰ ਦੀ ਐਡਵਾਂਸ ਰਕਮ ਵੀ ਅਦਾ ਕੀਤੀ ਸੀ।ਨਿਖਿਲ ਗੁਪਤਾ 'ਤੇ ਮਰਡਰ-ਫਾਰ-ਹਾਇਰ (ਭਾੜੇ 'ਤੇ ਕਤਲ ਕਰਵਾਉਣਾ) ਪੰਨੂ ਨੂੰ ਮਾਰਨ ਲਈ ਪੈਸਿਆਂ ਦਾ ਲੈਣ-ਦੇਣ ਕਰਨਾ, ਇੱਕ ਅਮਰੀਕੀ ਨਾਗਰਿਕ ਦੀ ਜਾਨ ਲੈਣ ਦੀ ਯੋਜਨਾ ਵਿੱਚ ਸ਼ਾਮਲ ਹੋਣ, ਮਨੀ ਲਾਂਡਰਿੰਗ ਦੀ ਸਾਜ਼ਿਸ਼, ਕਤਲ ਦੇ ਕੰਮ ਲਈ ਪੈਸੇ ਦੀ ਗੈਰ-ਕਾਨੂੰਨੀ ਹੇਰਾਫੇਰੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ।ਨਿਖਿਲ ਨੂੰ 30 ਜੂਨ, 2023 ਨੂੰ ਚੈੱਕ ਗਣਰਾਜ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਜੂਨ 2024 ਵਿੱਚ ਉਸ ਨੂੰ ਅਮਰੀਕਾ ਹਵਾਲੇ ਕਰ ਦਿੱਤਾ ਗਿਆ ਸੀ। ਉਦੋਂ ਤੋਂ ਉਹ ਬਰੂਕਲਿਨ ਦੀ ਜੇਲ੍ਹ ਵਿੱਚ ਸੀ। ਸ਼ੁਰੂ ਵਿੱਚ ਉਸ ਨੇ ਖੁਦ ਨੂੰ ਬੇਕਸੂਰ ਦੱਸਿਆ ਸੀ, ਪਰ ਹੁਣ ਅਦਾਲਤ ਵਿੱਚ ਸਾਰੇ ਦੋਸ਼ ਸਵੀਕਾਰ ਕਰ ਲਏ ਹਨ।

### ਮਾਂ ਵਿਦੇਸ਼ ਰਹਿੰਦੇ...

ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ। ਧਮਕੀ ਦੇਣ ਵਾਲੇ ਨੇ ਇਹ ਵੀ ਦੱਸਿਆ ਕਿ ਉਸ ਨੂੰ ਪਤਾ ਹੈ ਕਿ ਜਸਵਿੰਦਰ ਦਾ ਲੜਕਾ ਕਿੱਥੇ ਪੜ੍ਹਦਾ ਹੈ।

ਪੁਲਸ ਨੇ ਜਦੋਂ ਤਕਨੀਕੀ ਜਾਂਚ ਕੀਤੀ ਅਤੇ ਡਿਜੀਟਲ ਫੁੱਟਪ੍ਰਿੰਟਸ ਨੂੰ ਟਰੇਸ ਕੀਤਾ, ਤਾਂ ਤਾਰਾਂ ਪਰਮਜੀਤ ਕੌਰ ਤੇ ਉਸ ਦੇ ਪੁੱਤਰ ਨਾਲ ਜਾ ਜੁੜ ਗਈਆਂ। ਪੁਲਸ ਨੇ ਇਸ ਗਰੋਹ ਦੇ ਮੈਂਬਰਾਂ ਨੂੰ ਫੜਨ ਲਈ ਯਤਨ ਆਰੰਭ ਦਿੱਤੇ ਹਨ।

# ਏਕਮ ਪਬਲਿਕ ਸਕੂਲ 'ਚ 'ਕਭੀ ਅਲਵਿਦਾ ਨਾ ਕਹਿਨਾ' ਦੇ ਸਿਰਲੇਖ ਹੇਠ ਹੋਇਆ ਵਿਦਾਇਗੀ ਸਮਾਰੋਹ

**ਮਹਿਤਪੁਰ, (ਰਾਜਾ)**

ਏਕਮ ਪਬਲਿਕ ਸਕੂਲ ਮਹਿਤਪੁਰ 'ਚ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ।ਇਹ ਜਾਣਕਾਰੀ ਸਕੂਲ ਡਾਇਰੈਕਟਰ ਨਿਰਮਲ ਸਿੰਘ ਥਿੰਦ ਅਤੇ ਪ੍ਰਿੰਸੀਪਲ ਸ਼੍ਰੀਮਤੀ ਅਮਨਦੀਪ ਕੌਰ ਵੱਲੋਂ ਸਾਂਝੇ ਤੌਰ 'ਤੇ ਦਿੱਤੀ ਗਈ।ਉਹਨਾਂ ਦੱਸਿਆ ਕਿ ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਮੈਨੇਜਮੈਂਟ ਮੈਂਬਰਜ਼ ਵੱਲੋਂ ਸਾਂਝੇ ਤੌਰ 'ਤੇ ਰਿਬਨ ਕੱਟਣ ਉਪਰੰਤ ਕੀਤੀ ਗਈ। ਉਸ ਤੋਂ ਤੁਰੰਤ ਬਾਅਦ ਬੈਜ ਸੈਰੇਮਨੀ ਹੋਈ।ਇਸ ਮੌਕੇ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਦਾ ਸਭ ਨੇ ਭਰਪੂਰ ਅਨੰਦ ਮਾਣਿਆ।ਇਸ ਦੇ ਨਾਲ ਹੀ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਆਪਣੇ ਸੀਨੀਅਰ ਬਾਰਵੀਂ ਦੇ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਵੀ ਦਿੱਤੇ ਗਏ।ਇਸ ਮੌਕੇ ਬਾਰਵੀਂ ਜਮਾਤ ਦੀ ਵਿਦਿਆਰਥਣ ਇਸ਼ਮੀਤ ਕੌਰ (ਆਰਟਸ) ਨੇ ਮਿਸ ਫੇਅਰਵੈੱਲ ਅਤੇ ਨਵਦੀਪ ਸਿੰਘ (ਨਾਨ ਮੈਡੀਕਲ) ਨੇ ਮਿਸਟਰ ਫੇਅਰਵੈੱਲ ਦਾ ਖਿਤਾਬ ਜਿੱਤਿਆ।ਸਕੂਲ ਪ੍ਰਿੰਸੀਪਲ ਅਮਨਦੀਪ ਕੌਰ ਵੱਲੋਂ ਬੱਚਿਆਂ ਪ੍ਰਤੀ ਆਪਣੇ ਸਨੇਹ ਨੂੰ ਬਹੁਤ ਹੀ ਖੂਬਸੂਰਤ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ।ਇਸ ਸਾਰੇ ਪ੍ਰੋਗਰਾਮ ਦਾ ਆਯੋਜਨ ਗਿਆਰਵੀਂ ਜਮਾਤ ਦੇ ਅਧਿਆਪਕਾਂ ਜਿਹਨਾਂ ਵਿੱਚ ਸਰਦਾਰ ਪਰਮਿੰਦਰ ਸਿੰਘ, ਦਵਿੰਦਰ ਸ਼ਰਮਾ, ਪੂਨਮ ਸ਼ਰਮਾ , ਰੀਚਾ, ਮੀਨਾਕਸ਼ੀ, ਉਰਵਸ਼ੀ ਅਤੇ ਵਿਦਿਆਰਥੀਆਂ ਵੱਲੋਂ ਕੀਤਾ ਗਿਆ। ਜਿਸ ਦੀ ਸਕੂਲ ਮੈਨੇਜਮੈਂਟ ਵੱਲੋਂ ਬਹੁਤ ਸ਼ਲਾਂਘਾ ਕੀਤੀ ਗਈ।ਪ੍ਰੋਗਰਾਮ ਨੂੰ ਸਫਲਤਾ ਪੂਰਵਕ ਨੇਪਰੇ ਚੜ੍ਹਨ ਦੇ ਵਿੱਚ ਬਾਰ੍ਹਵੀਂ ਜਮਾਤ ਦੇ ਅਧਿਆਪਕਾਂ ਜਿਹਨਾਂ ਵਿੱਚ ਬਿਨੇਸ਼ ਸ਼ਰਮਾ, ਪਰਮਿੰਦਰ ਕੌਰ, ਦੀਪਤੀ ਕਵਾਤਰਾ, ਰਜਨੀ, ਕੋਮਲਪ੍ਰੀਤ ਕੌਰ ਅਤੇ ਨਵਪ੍ਰੀਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਪ੍ਰੋਗਰਾਮ ਮੌਕੇ ਸਕੂਲ ਦੀ ਪੰਜਾਬੀ ਡਿਪਾਰਟਮੈਂਟ ਦੀ ਹੈੱਡ ਸ਼੍ਰੀਮਤੀ ਦਲਵੀਰ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਟੇਜ ਸੰਚਾਲਨ ਸਕੂਲ ਕੋਆਰਡੀਨੇਟਰ ਮੈਡਮ ਸਵਪਨਦੀਪ ਕੌਰ, ਮੈਡਮ ਕਮਲਪ੍ਰੀਤ ਕੌਰ ਅਤੇ ਰਣਜੋਤ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਦਲਜੀਤ ਕੌਰ, ਸ਼੍ਰੀਮਤੀ ਸਮੀਕਸ਼ਾ ਸ਼ਰਮਾ, ਬਲਾਕ ਹੈੱਡ ਸ਼੍ਰੀਮਤੀ ਚੇਤਨਾ ਰਾਜਦੇਵ, ਸ੍ਰੀਮਤੀ ਰਾਜਵਿੰਦਰ ਕੌਰ, ਦਵਿੰਦਰ ਨਾਹਰ, ਨੇਹਾ ਭੱਲਾ, ਮਾਈਕਲ, ਐਡਮਿਨ ਹੈੱਡ ਸਮੀਰ ਅਤੇ ਬਾਕੀ ਸਭ ਅਧਿਆਪਕ ਸਾਹਿਬਾਨ ਹਾਜ਼ਰ ਸਨ।




ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

15-Feb-PAGE-3.qxd 2/14/2026 10:54 PM Page 1



# ਸਿੱਖਿਆ ਉਹੀ ਜੋ ਵਿਦਿਆਰਥੀਆਂ ਨੂੰ ਸਮਾਜ ਦੀਆਂ ਅਸਲ ਲੋੜਾਂ ਨਾਲ ਜੋੜੇ : ਪ੍ਰੋ. ਕਰਮਜੀਤ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**
ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖੇਤੀਬਾੜੀ ਵਿਭਾਗ ਅਧੀਨ ਡਾਇਟੀਟਿਕਸ ਐਂਡ ਨਿਊਟ੍ਰੀਸ਼ਨ ਡਵੀਜ਼ਨ ਨੇ ਪੋਸ਼ਣ ਵਿਗਿਆਨ ਦੇ ਖੇਤਰ ਵਿੱਚ ਖੋਜ ਅਤੇ ਹੁਨਰ-ਅਧਾਰਿਤ ਸਿੱਖਿਆ ਨੂੰ ਮਜ਼ਬੂਤ ਕਰਨ ਲਈ ਇੰਡਿਅਨ ਐਸੋਸੀਏਸ਼ਨ ਫ਼ਾਰ ਪੇਰੈਂਟਰਲ ਐਂਡ ਐਂਟਰਲ ਨਿਊਟ੍ਰੀਸ਼ਨ ਇੰਡੀਆ ਨਾਲ ਇਕ ਮਹੱਤਵਪੂਰਨ ਸਮਝੌਤਾ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਇਸ ਸਮਝੌਤੇ ਨੂੰ ਯੂਨੀਵਰਸਿਟੀ ਲਈ ਇਕ ਇਤਿਹਾਸਕ ਤੇ ਦੂਰਦਰਸ਼ੀ ਪਹਿਲ ਕਰਾਰ ਦਿੰਦਿਆਂ ਕਿਹਾ ਕਿ ਸਿੱਖਿਆ ਉਹੀ ਹੈ ਜੋ ਵਿਦਿਆਰਥੀਆਂ ਨੂੰ ਸਮਾਜ ਦੀਆਂ ਅਸਲ ਲੋੜਾਂ ਨਾਲ ਜੋੜੇ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦਾ ਉਦੇਸ਼ ਸਿਰਫ਼ ਡਿਗਰੀ ਦੇਣਾ ਨਹੀਂ, ਸਗੋਂ ਅਜਿਹੇ ਨਿਪੁੰਨ ਤੇ ਜ਼ਿੰਮੇਵਾਰ ਨੌਜਵਾਨ ਤਿਆਰ ਕਰਨਾ ਹੈ ਜੋ ਦੇਸ਼ ਦੀ ਸਿਹਤ ਅਤੇ ਵਿਕਾਸ ਵਿੱਚ ਯੋਗਦਾਨ ਪਾ ਸਕਣ। ਪ੍ਰੋ. ਕਰਮਜੀਤ ਸਿੰਘ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਸਾਂਝਾਂ ਨਾਲ ਅਕਾਦਮਿਕ ਸਿੱਖਿਆ ਅਤੇ ਜ਼ਮੀਨੀ ਹਕੀਕਤਾਂ ਵਿਚਕਾਰ ਦੀ ਦੂਰੀ ਘਟੇਗੀ ਅਤੇ ਵਿਦਿਆਰਥੀਆਂ ਨੂੰ ਖੋਜ, ਨਵੀਂ ਸੋਚ ਅਤੇ ਰੋਜ਼ਗਾਰ ਦੇ ਵਧੀਆ ਮੌਕੇ ਮਿਲਣਗੇ। ਇਹ ਸਮਝੌਤਾ ਯੂਨੀਵਰਸਿਟੀ ਵੱਲੋਂ ਪ੍ਰੋ. ਹਰਵਿੰਦਰ ਸਿੰਘ ਸੈਣੀ ਨੇ ਰਜਿਸਟਰਾਰ ਵਜੋਂ ਅਤੇ ਆਈਏਪੀਈਐੱਨ ਇੰਡੀਆ ਦੇ ਪ੍ਰਧਾਨ ਵੱਲੋਂ ਹਸਤਾਖਰ ਕਰਕੇ ਕੀਤਾ ਗਿਆ। ਇਸ ਦਾ ਮਕਸਦ ਕੁਪੋਸ਼ਣ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਨਿਪਟਣ ਲਈ ਖੋਜ, ਤਕਨੀਕੀ ਗਿਆਨ ਅਤੇ ਪ੍ਰੈਕਟੀਕਲ ਟ੍ਰੇਨਿੰਗ ਨੂੰ ਇਕੱਠਾ ਲਿਆਉਣਾ ਹੈ। ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਇਹ ਸਾਂਝ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਖੋਜ, ਇੰਟਰਡਿਸ਼ਪਲਿਨਰੀ ਇਨੋਵੇਸ਼ਨ ਅਤੇ ਸਕਿਲ ਡਿਵੈਲਪਮੈਂਟ ਦੇ ਨਵੇਂ ਮੌਕੇ ਦੇਵੇਗੀ। ਪੋਸ਼ਣ ਸਿਹਤਮੰਦ ਸਮਾਜ ਦੀ ਨੀਂਹ ਹੈ ਅਤੇ ਇਸ ਖੇਤਰ ਵਿੱਚ ਮਜ਼ਬੂਤ ਕੰਮ ਕਰਨਾ ਸਮੇਂ ਦੀ ਲੋੜ ਹੈ ਆਈਏਪੀਈਐੱਨ ਇੰਡੀਆ, ਪੁਣੇ ਅਧਾਰਿਤ ਇਕ ਗੈਰ-ਲਾਭਕਾਰੀ ਸੰਸਥਾ ਹੈ, ਜੋ ਕੁਪੋਸ਼ਣ ਬਾਰੇ ਜਾਗਰੂਕਤਾ ਫੈਲਾਉਣ, ਵਿਗਿਆਨਕ ਪੋਸ਼ਣ ਥੈਰੇਪੀ ਨੂੰ ਉਤਸ਼ਾਹਿਤ ਕਰਨ ਅਤੇ ਸਿਹਤ ਖੇਤਰ ਵਿੱਚ ਸਹਿਯੋਗ ਵਧਾਉਣ ਲਈ ਕੰਮ ਕਰਦੀ ਹੈ। ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਇਸ ਸਮਝੌਤੇ ਤਹਿਤ ਉਦਯੋਗ ਦੀ ਲੋੜ ਅਨੁਸਾਰ ਕੋਰਸਾਂ ਵਿੱਚ ਸੁਧਾਰ, ਵਿਦਿਆਰਥੀਆਂ ਨੂੰ ਇੰਡਸਟਰੀ ਐਕਸਪੋਜ਼ਰ ਅਤੇ ਹੱਥੋਂ-ਹੱਥ ਟ੍ਰੇਨਿੰਗ, ਸਾਂਝੇ ਰਿਸਰਚ ਪ੍ਰੋਜੈਕਟ ਅਤੇ ਵਿਕਾਸ ਕਾਰਜ, ਛੋਟੇ ਸਮੇਂ ਦੇ ਸਕਿਲ ਕੋਰਸ ਅਤੇ ਗੈਸਟ ਲੈਕਚਰ, ਫੈਕਲਟੀ ਟ੍ਰੇਨਿੰਗ, ਇੰਟਰਨਸ਼ਿਪ ਅਤੇ ਪਲੇਸਮੈਂਟ ਵਿੱਚ ਸਹਿਯੋਗ ਦਿੱਤਾ ਜਾਵੇਗਾ।



# ਕਟਾਰੂਚੱਕ ਨੇ ਗੋਤਰਾ ਲਾਹੜੀ ਕੋਠੇ ਵਿਖੇ ਸੜਕ ਦਾ ਨੀਂਹ ਪੱਥਰ ਰੱਖਿਆ

**ਪਠਾਨਕੋਟ (ਦਵਿੰਦਰ ਸਿੰਘ)**
ਪੰਜਾਬ ਸਰਕਾਰ ਨੇ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਸੜਕਾਂ ਦੇ ਨਿਰਮਾਣ ਕਾਰਜਾਂ ਨੂੰ ਲੈ ਕੇ ਵੱਡੀਆਂ ਗਰਾਂਟਾਂ ਜਾਰੀ ਕੀਤੀਆਂ ਅਤੇ ਖੁਸ਼ੀ ਦੀ ਗੱਲ ਇਹ ਹੈ ਕਿ ਵਿਧਾਨ ਸਭਾ ਹਲਕਾ ਭੋਆ ਦੇ ਹਰੇਕ ਪਿੰਡ ਦੇ ਅੰਦਰ ਕੋਈ ਨਾ ਕੋਈ ਵਿਕਾਸ ਕਾਰਜ ਚੱਲ ਰਿਹਾ ਹੈ ਜਿਸ ਅਧੀਨ ਗੋਤਰਾਂ ਲਾਹੜੀ ਕੋਠੇ ਵਿਖੇ ਸੜਕ ਦੇ ਨਿਰਮਾਣ ਕਾਰਜ ਆਰੰਭ ਕਰਵਾਏ ਗਏ ਹਨ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਗੋਤਰਾ ਲਾਹੜੀ ਕੋਠੇ ਵਿਖੇ ਸੜਕ ਦੇ ਨਿਰਮਾਣ ਕਾਰਜਾਂ ਲਈ ਨੀਂਹ ਪੱਥਰ ਰੱਖਣ ਮਗਰੋਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਪ੍ਰਵੀਨ ਕੁਮਾਰੀ, ਮੈਂਬਰ ਅਸ਼ਵਨੀ ਕੁਮਾਰ, ਮੈਂਬਰ ਕਮਲੇਸ਼ ਕੁਮਾਰੀ, ਰਮੇਸ਼ ਕੁਮਾਰ, ਕਰਨੈਲ ਚੰਦ, ਵਨੀਤ ਕੁਮਾਰ, ਪੁਰਸ਼ੋਤਮ ਲਾਲ, ਅਸ਼ੋਕ ਕੁਮਾਰ, ਲਾਲ ਚੰਦ, ਸੁਨੀਤਾ ਦੇਵੀ, ਸੁਰਜੀਤ ਕੁਮਾਰੀ, ਪ੍ਰੀਤਮ ਚੰਦ, ਮੁਲਕ ਰਾਜ, ਓਮ ਪ੍ਰਕਾਸ਼ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਵੀ ਹਾਜ਼ਰ ਸਨ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਕਟਾਰੂਚੱਕ ਨੇ ਕਿਹਾ ਕਿ ਅੱਜ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਵਿਧਾਨ ਸਭਾ ਹਲਕਾ ਭੋਆ ਦੀ ਇੱਕ ਹੋਰ ਸੜਕ ਜਿਸ ਤੇ ਕਰੀਬ 20 ਲੱਖ ਰੁਪਏ ਖਰਚ ਕੀਤੇ ਜਾਣੇ ਹਨ, ਦੇ ਨਿਰਮਾਣ ਕਾਰਜ ਆਰੰਭ ਕਰਵਾਏ ਗਏ ਹਨ ਜੋ ਕਿ ਖੇਤਰ ਵਾਸੀਆਂ ਦੀ ਲੰਮੇ ਸਮੇਂ ਤੋਂ ਮੰਗ ਸੀ ਅਤੇ ਇਹ ਰੋਡ ਖਸਤਾ ਹਾਲਤ ਹੋਣ ਕਰਕੇ ਲੋਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਉਨ੍ਹਾਂ ਦੱਸਿਆ ਕਿ ਪਿੰਡ ਕੋਠੇ ਦੇ ਨਾਲ ਲੱਗਦੇ ਹੋਰ ਕਰੀਬ ਅੱਧਾ ਦਰਜਨ ਪਿੰਡਾਂ ਦੇ ਬੱਚੇ ਜੋ ਕਿ ਇਸ ਰੋਡ ਤੋਂ ਹੋ ਕੇ ਭਰਿਆਲ ਲਾਹੜੀ ਵਿਖੇ ਪੜ੍ਹਨ ਲਈ ਜਾਂਦੇ ਹਨ ਅਤੇ ਰੋਡ ਦੀ ਖਸਤਾ ਹਾਲਤ ਹੋਣ ਕਰਕੇ ਉਨ੍ਹਾਂ ਬੱਚਿਆਂ ਨੂੰ ਆਉਣ ਜਾਣ ਵਿੱਚ ਕਾਫੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ।ਉਨ੍ਹਾਂ ਦੱਸਿਆ ਕਿ ਜਲਦੀ ਹੀ ਇਸ ਰੋਡ ਦਾ ਨਿਰਮਾਣ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ। ਅਸੀਂ ਧੰਨਵਾਦ ਕਰਦੇ ਹਾਂ ਮੁੱਖ ਮੰਤਰੀ ਪੰਜਾਬ ਦੇ ਜ੍ਹਿਨਾਂ ਦੇ ਉਪਰਾਲਿਆਂ ਸਦਕਾ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਸੜਕਾਂ ਦੇ ਨਿਰਮਾਣ ਕਾਰਜ ਚਲ ਰਹੇ ਹਨ।ਜ਼ਿਕਰਯੋਗ ਹੈ ਕਿ ਇਸ ਮੌਕੇ ਪਿੰਡ ਗੋਤਰਾ ਲਾਹੜੀ ਕੋਠੇ ਦੀ ਪੰਚਾਇਤ ਅਤੇ ਵੱਖ-ਵੱਖ ਲੋਕਾਂ ਵੱਲੋਂ ਕਟਾਰੂਚੱਕ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਗਿਆ।



# 'ਸਾਡੇ ਬਜ਼ੁਰਗ ਸਾਡਾ ਮਾਣ' ਨਾਅਰੇ ਤਹਿਤ ਲੱਗਣ ਵਾਲਾ ਕੈਂਪ ਮੁਲਤਵੀ

**ਗੁਰਦਾਸਪੁਰ, (ਜਨਕ ਮਹਾਜਨ)**-ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਸਾਡੇ ਬਜ਼ੁਰਗ ਸਾਡਾ ਮਾਣ ਨਾਅਰੇ ਦੇ ਤਹਿਤ 17 ਫਰਵਰੀ ਨੂੰ ਕੁਸ਼ਟ ਆਸ਼ਰਮ ਦੀਨਾਨਗਰ ਵਿਖੇ ਲੱਗਣ ਵਾਲਾ ਕੈਂਪ ਮੁਲਤਵੀ ਹੋ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ, ਡਾ. ਕਿਰਤਪ੍ਰੀਤ ਕੌਰ ਨੇ ਦੱਸਿਆ ਕਿ 17 ਫਰਵਰੀ ਨੂੰ ਦੀਨਾਨਗਰ ਵਿਖੇ ਲੱਗਣ ਵਾਲਾ ਕੈਂਪ ਪ੍ਰਬੰਧਕੀ ਕਾਰਨਾਂ ਕਰਕੇ ਅਗਲੇ ਹੁਕਮਾਂ ਤਹਿਤ ਮੁਲਤਵੀ ਕੀਤਾ ਗਿਆ ਹੈ।

# ਗੁੱਜਰਾਂ ਨੇ ਲਾਏ ਸੜਕਾਂ 'ਤੇ ਗੋਹੇ ਦੇ ਢੇਰ, ਲੋਕ ਨਿਰਮਾਣ ਵਿਭਾਗ ਸੁੱਤਾ ਕੁੰਭਕਰਨੀ ਨੀਂਦ

**ਬਿਆਸ (ਪਰਮਜੀਤ ਸਿੰਘ ਰੱਖੜਾ)**-ਤਹਿਸੀਲ ਬਾਬਾ ਬਕਾਲਾ ਦੇ ਪਿੰਡ ਸਿੰਘੋ ਤੋਂ ਸ਼ੇਰੋਂ ਤੋਂ ਬੁਤਾਲਾ ਨੂੰ ਜਾਂਦੀਆਂ ਸੜਕਾਂ 'ਤੇ ਗੁੱਜਰਾਂ ਵੱਲੋਂ ਸੜਕ ਦੇ ਦੋਨੋਂ ਪਾਸੇ ਵੱਡੇ-ਵੱਡੇ ਗੋਹੇ ਦੇ ਢੇਰ ਲਗਾਏ ਹੋਏ ਹਨ। ਇਨ੍ਹਾਂ ਸੜਕਾਂ 'ਤੇ ਰੋਜ਼ਾਨਾ ਦਰਜਨਾਂ ਸਕੂਲੀ ਬੱਸਾਂ ਲੰਘਦੀਆਂ ਹਨ ।ਸੜਕਾਂ ਦੇ ਕਿਨਾਰੇ ਡੂੰਘੇ ਹੋਣ ਕਾਰਨ ਤੇ ਗੁੱਜਰਾਂ ਵੱਲੋਂ ਗੋਹੇ ਦੇ ਢੇਰ ਲਗਾਏ ਹੋਣ ਕਾਰਨ ਕਿਸੇ ਵੇਲੇ ਵੀ ਕੋਈ ਦੁਖਦਾਈ ਘਟਨਾ ਵਾਪਰ ਸਕਦੀ ਹੈ।ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਸਬੰਧੀ ਕਈ ਵਾਰ ਲੋਕ ਨਿਰਮਾਣ ਵਿਭਾਗ ਬਿਆਸ ਦੇ ਐੱਸਡੀਓ ਤਰਲੋਚਨ ਸਿੰਘ ਨੂੰ ਕਹਿ ਚੁੱਕੇ ਹਾਂ ਲੇਕਿਨ ਕੋਈ ਕਾਰਵਾਈ ਨਹੀਂ ਕੀਤੀ ।ਇਸ ਸਬੰਧੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਪ੍ਰਧਾਨ ਨਿਰਮਲ ਸਿੰਘ ਖ਼ਾਨਪੁਰ, ਸੁਰਜੀਤ ਸਿੰਘ ਬੁਤਾਲਾ, ਤਰਸੇਮ ਸਿੰਘ ਬੁਤਾਲਾ, ਭੁਪਿੰਦਰ ਸਿੰਘ ਬੁਤਾਲਾ, ਬਲਜਿੰਦਰ ਸਿੰਘ, ਸੁਖਚੈਨ ਸਿੰਘ, ਸੋਨਾ ਸ਼ੇਰੋਂ, ਬਲਵਿੰਦਰ ਸਿੰਘ ਸ਼ੇਰੋਂ ਆਦਿ ਨੇ ਲੋਕ ਨਿਰਮਾਣ ਵਿਭਾਗ ਦੇ ਉਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਸੜਕਾਂ ਦੇ ਆਲੇ-ਦੁਆਲੇ ਗੁੱਜਰਾਂ ਵੱਲੋਂ ਲਾਏ ਗਏ ਗੋਹੇ ਦੇ ਢੇਰ ਚੁਕਵਾਏ ਜਾਣ ਤੇ ਸੜਕਾਂ 'ਤੇ ਕੀਤੇ ਨਾਜਾਇਜ਼ ਕਬਜ਼ੇ ਵੀ ਛੁਡਵਾਏ ਜਾਣ।



# ਐੱਸ ਐੱਚ ਓ ਥਾਣਾ ਸਰਾਂ ਵਿਰੁੱਧ ਥਾਣੇ ਸਾਹਮਣੇ ਕਿਸਾਨਾਂ ਦਾ ਧਰਨਾ

**ਸਰਾਏ ਅਮਾਨਤ ਖਾਂ/ਝਬਾਲ (ਮੱਖਣ ਮਨੋਜ)**
ਮੇਜਰ ਸਿੰਘ ਕਸੇਲ ਤੇ ਹੋਰਾਂ ਵਿਰੁੱਧ ਦਰਜ ਝੂਠਾ ਪਰਚਾ ਰੱਦ ਕਰਨ ਦੀ ਮੰਗ ਕਰਦਿਆਂ ਤੇ ਇਸ ਕੇਸ ਨਾਲ ਸਬੰਧਤ ਲੈਂਡ ਮਾਫ਼ੀਆ ਤੇ ਕਥਿਤ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਨੂੰ ਲੈਕੇ ਥਾਣਾ ਸਰਾਂ ਏ ਅਮਾਨਤ ਖਾਂ ਦੇ ਸਾਹਮਣੇ ਕਿਸਾਨ ਜਥੇਬੰਦੀਆਂ ਨੇ ਵਿਸ਼ਾਲ ਧਰਨਾ ਦਿੰਦਿਆਂ ਰੋਸ ਵਿਖਾਵਾ ਕੀਤਾ।ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ, ਬੇਕੇਯੂ ਏਕਤਾ ਉਗਰਾਹਾਂ, ਕੌਮੀ ਕਿਸਾਨ ਯੂਨੀਅਨ, ਅਜ਼ਾਦ ਕਿਸਾਨ ਸੰਘਰਸ਼ ਕਮੇਟੀ, ਬਾਰਡਰ ਕਿਸਾਨ ਕਮੇਟੀ, ਜਮਹੂਰੀ ਕਿਸਾਨ ਸਭਾ, ਖੇਤ ਮਜ਼ਦੂਰ ਸਭਾ, ਸਰਵ ਭਾਰਤ ਨੌਜਵਾਨ ਸਭਾ, ਫੈਡਰੇਸ਼ਨ ਏਟਕ ਸਮੇਤ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਨੇ ਹਿੱਸਾ ਲਿਆ।ਇਸ ਮੌਕੇ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕੁਲਬੀਰ ਸਿੰਘ ਕਸੇਲ, ਮਹਾਂਬੀਰ ਸਿੰਘ ਗਿੱਲ, ਗੁਰਬਾਜ਼ ਸਿੰਘ ਸਿੱਧਵਾਂ, ਕੈਪਟਨ ਸਿੰਘ ਬਘਿਆੜੀ, ਖਜ਼ਾਨਚੀ ਲਾਲ, ਪੂਰਨ ਸਿੰਘ ਮਾੜੀਮੇਘਾ, ਗੁਰਪ੍ਰੀਤ ਸਿੰਘ ਗੰਡੀਵਿੰਡ, ਕਾਮਰੇਡ ਚਰਨ ਸਿੰਘ, ਮਲਕੀਤ ਸਿੰਘ, ਨੌਜਵਾਨ ਸਭਾ ਦੇ ਪ੍ਰਧਾਨ ਵਿਸ਼ਾਲ ਦੀਪ ਸਿੰਘ ਵਲਟੋਹਾ,ਦਵਿੰਦਰ ਸੋਹਲ, ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਇਸ ਇਲਾਕੇ ਵਿੱਚ ਲੈਂਡ ਮਾਫ਼ੀਆ ਤੇ ਨਸ਼ਾ ਤਸਕਰਾਂ ਨੇ ਇਸ ਇਲਾਕੇ ਵਿੱਚ ਦਹਿਸ਼ਤ ਮਚਾਈ ਹੈ।ਇਸ ਮਾਫ਼ੀਆ ਨੇ ਝੂਠੇ ਕਾਗਜ਼ ਬਣਾ ਕੇ ਜੋ ਜ਼ਮੀਨ ਦੀਆਂ ਰਜਿਸਟਰੀਆਂ ਕਰਵਾਈਆਂ ਹਨ, ਤੁਰੰਤ ਰੱਦ ਕੀਤੀਆਂ ਜਾਣ।ਕਥਿਤ ਨਸ਼ਾ ਤਸਕਰਾਂ ਤੇ ਮਾਫ਼ੀਆ ਜਿਨ੍ਹਾਂ ਦੇ ਨਾਂਅ ਪੀੜਤਾਂ ਨੇ ਸਟੇਜ ਤੇ ਲਏ ਹਨ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ।ਪੀੜਤ ਨੇ ਨਸ਼ਾ ਤਸਕਰ ਤੇ ਭੂ ਮਾਫੀਆ ਜਿਹੜੇ ਥਾਣਾ ਮੁਖੀ ਸਰਾਏ ਅਮਾਨਤ ਖਾਂ ਨਾਲ ਨੇੜਤਾ ਰੱਖਦੇ ਹਨ, ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ।



# ਕਾਮਰਸ ਓਲੰਪੀਆਡ 'ਚ ਫੋਰ ਐੱਸ ਕਾਲਜ ਦੇ ਵਿਦਿਆਰਥੀਆਂ ਲਹਿਰਾਇਆ ਝੰਡਾ



**ਅੰਮ੍ਰਿਤਸਰ, (ਜਗਦੀਸ਼ ਕਮਲੇਸ਼)**-ਸੰਤ ਸਿੰਘ ਸੁੱਖਾ ਸਿੰਘ (ਫੋਰ ਐੱਸ) ਕਾਲਜ ਆਫ਼ ਕਾਮਰਸ ਫਾਰ ਵੂਮੈਨ ਦੀਆਂ ਵਿਦਿਆਰਥਣਾਂ ਨੇ ਇੰਸਟੀਚਿਊਟ ਆਫ਼ ਚਾਰਟਰਡ ਅਕਾਊਂਟੈਂਟਸ ਆਫ਼ ਇੰਡੀਆ (ਆਈਸੀਏਆਈ) ਵੱਲੋਂ ਆਯੋਜਿਤ ਕਾਮਰਸ ਓਲੰਪੀਆਡ 2025-26 ਵਿੱਚ ਹਿੱਸਾ ਲੈ ਕੇ ਆਪਣੀ ਐਥਲੈਟਿਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਕਾਲਜ ਪ੍ਰਬੰਧਨ ਨੇ ਆਪਣੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਜਸ਼ਨ ਮਨਾਇਆ।ਡਾਇਰੈਕਟਰ ਜਗਦੀਸ਼ ਸਿੰਘ, ਐਡੀਸ਼ਨਲ ਡਾਇਰੈਕਟਰ ਡਾ. ਮਨਮੋਹਨ ਸਿੰਘ ਅਤੇ ਪ੍ਰਿੰਸੀਪਲ ਡਾ. ਪਾਇਲ ਨੰਦਾ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ। ਡਾਇਰੈਕਟਰ ਜਗਦੀਸ਼ ਸਿੰਘ ਨੇ ਦੱਸਿਆ ਕਿ ਕਾਲਜ ਦੇ ਬੀ. ਕਾਮ. ਦੂਜੇ ਸਮੈਸਟਰ ਦੀ ਵਰਸ਼ਾ ਵੇਗਲ (ਏਆਈਆਰ-2) ਨੂੰ ਆਈਸੀਏਆਈ ਵੱਲੋਂ ਮੈਰਿਟ ਦਾ ਸਰਟੀਫਿਕੇਟ ਅਤੇ 12,000 ਦਾ ਨਕਦ ਇਨਾਮ ਮਿਲਿਆ।ਗੁਰਲੀਨ ਕੌਰ (ਏਆਈਆਰ-49) ਅਤੇ ਬੀ. ਕਾਮ. ਚੌਥੇ ਸਮੈਸਟਰ ਦੀ ਜਸਨੂਰ ਕੌਰ (ਏਆਈਆਰ-59) ਨੂੰ 1,800 ਦਾ ਨਕਦ ਇਨਾਮ ਅਤੇ ਪ੍ਰਸ਼ੰਸਾ ਪੱਤਰ ਮਿਲਿਆ। ਉਨ੍ਹਾਂ ਅੱਗੇ ਕਿਹਾ ਕਿ 51 ਵਿਦਿਆਰਥਣਾਂ ਨੂੰ ਪਾਰਟੀਸਿਪੇਸ਼ਨ ਸਰਟੀਫਿਕੇਟ ਦਿੱਤੇ ਗਏ। ਇਸ ਮੌਕੇ ਫੋਰ ਐੱਸ ਕਾਲਜਾਂ ਅਤੇ ਸਕੂਲਾਂ ਦੇ ਪ੍ਰਿੰਸੀਪਲ ਮੌਜੂਦ ਸਨ।

# ਹਰਚੋਵਾਲ-ਕਾਦੀਆਂ ਰੋਡ ਦਾ ਰੁਕਿਆ ਕੰਮ ਭਲਕ ਨੂੰ ਹੋਵੇਗਾ ਸ਼ੁਰੂ : ਅਮਰਪਾਲ ਸਿੰਘ

**ਧਾਰੀਵਾਲ/ਹਰਚੋਵਾਲ, (ਮਨਦੀਪ ਵਿੱਕੀ)**-ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਅਤੇ ਉਨ੍ਹਾਂ ਦੇ ਨਜ਼ਦੀਕੀ ਸਾਥੀ ਤੇ ਪੀਏ ਸੁਖਦੇਵ ਸਿੰਘ ਰੋਮੀ ਨੇ ਦੱਸਿਆ ਕਿ ਹਰਚੋਵਾਲ-ਕਾਦੀਆਂ ਰੋਡ ਦਾ ਪਿੱਛਲੇ ਸਮੇਂ ਤੋਂ ਅਧੂਰਾ ਪਿਆ ਕੰਮ ਮੁਕੰਮਲ ਕਰਨ ਲਈ ਇਸ ਸੜਕ ਦਾ ਕੰਮ ਸੋਮਵਾਰ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ।ਪੀਏ ਸੁਖਦੇਵ ਸਿੰਘ ਰੋਮੀ ਨੇ ਦੱਸਿਆ ਕਿ ਹਲਕਾ ਵਿਧਾਇਕ ਵੱਲੋਂ ਹਲਕੇ ਦੀਆਂ ਪਿਛਲੇ ਲੰਬੇ ਸਮੇਂ ਤੋਂ ਖ਼ਸਤਾ ਹਾਲ ਸੜਕਾਂ ਨੂੰ ਬਣਾ ਕੇ ਹਲਕੇ ਦੀ ਨੁਹਾਰ ਬਦਲੀ ਜਾ ਰਹੀ।ਉਨ੍ਹਾਂ ਕਿਹਾ ਕਿ ਚਾਰ ਮਾਰਚ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ੍ਰੀ ਚੋਲਾ ਸਾਹਿਬ ਦੇ ਮੇਲੇ 'ਤੇ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਚੋਲਾ ਸਾਹਿਬ ਦੇ ਦਰਸ਼ਨਾਂ ਲਈ ਜਾਣ ਵਾਲੀਆਂ ਸੰਗਤਾਂ ਦੀ ਸੰਗ ਦੇ ਰੂਪ ਵਿੱਚ ਵੱਡੀ ਗਿਣਤੀ 'ਚ ਆਮਦ ਨੂੰ ਮੁੱਖ ਰੱਖਦਿਆਂ ਹਰਚੋਵਾਲ -ਕਾਦੀਆਂ ਰੋਡ ਦੀ ਸੜਕ ਦੇ ਰੁਕੇ ਹੋਏ ਕੰਮ ਨੂੰ ਲੈ ਕੇ ਹਲਕਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਵੱਲੋਂ ਸਬੰਧਤ ਮਹਿਕਮੇ ਦੇ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਇਸ ਸੜਕ ਦੇ ਕੰਮ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਨ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ ਅਤੇ ਇਸ ਸੜਕ ਨੂੰ ਬਣਾਉਣ ਲਈ ਸੋਮਵਾਰ 16 ਫਰਵਰੀ ਤੋਂ ਕੰਮ ਸ਼ੁਰੂ ਕੀਤਾ ਜਾ ਰਿਹਾ ਤਾਂ ਜੋ ਸੰਗ ਮੇਲੇ ਤੋਂ ਪਹਿਲਾਂ ਮੁਕੰਮਲ ਕੀਤਾ ਜਾਵੇਗਾ।



# ਅੰਮ੍ਰਿਤਸਰ ਹਵਾਈ ਅੱਡੇ ਤੋਂ 1 ਕਿਲੋ 640 ਗ੍ਰਾਮ ਭੰਗ ਜ਼ਬਤ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**-ਬੈਂਕਾਕ ਤੋਂ ਆਏ ਯਾਤਰੀ ਕੋਲੋਂ ਕਸਟਮ ਅਧਿਕਾਰੀਆਂ ਨੇ 1 ਕਿਲੋ 640 ਗ੍ਰਾਮ ਭੰਗ ਬਰਾਮਦ ਕੀਤੀ, ਜਿਸਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਲਗਭਗ ਕੀਮਤ 1.64 ਕਰੋੜ ਦੱਸੀ ਜਾਂਦੀ ਹੈ। ਯਾਤਰੀ ਨੂੰ ਗ੍ਰਿਫਤਾਰ ਲਿਆ ਹੈ।ਕਸਟਮ ਵਿਭਾਗ ਨੇ ਅੰਮ੍ਰਿਤਸਰ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਿਰੁੱਧ ਆਪਣੀ ਮੁਹਿੰਮ ਵਿੱਚ ਇਹ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ।ਯਾਤਰੀ ਬੈਂਕਾਕ ਤੋਂ ਫਲਾਈਟ ਨੰਬਰ ਸ਼ਲ਼-214 ਰਾਹੀਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਿਆ ਸੀ।ਅਧਿਕਾਰੀਆਂ ਦਾ ਕਹਿਣਾ ਹੈ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਲਗਾਤਾਰ ਚੌਕਸੀ ਰੱਖੀ ਜਾ ਰਹੀ ਹੈ ਅਤੇ ਅਜਿਹੇ ਅਪਰਾਧੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਕਸਟਮ ਅਤੇ ਸੁਰੱਖਿਆ ਏਜੰਸੀਆਂ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ 'ਤੇ ਤਿੱਖੀ ਨਜ਼ਰ ਰੱਖ ਰਹੀਆਂ ਹਨ।ਕਸਟਮ ਵਿਭਾਗ ਅਤੇ ਸੁਰੱਖਿਆ ਏਜੰਸੀਆਂ ਨਸ਼ੀਲੇ ਪਦਾਰਥਾਂ ਵਿਰੁੱਧ ਜੰਗ ਨੂੰ ਅੱਗੇ ਵਧਾਉਣ ਲਈ ਪੂਰੀ ਚੌਕਸੀ ਨਾਲ ਕੰਮ ਕਰ ਰਹੀਆਂ ਹਨ।ਪੁਲਸ ਅਤੇ ਕਸਟਮ ਵਿਭਾਗ ਹੁਣ ਦੋਸ਼ੀ ਤੋਂ ਪੁੱਛਗਿੱਛ ਕਰ ਰਹੇ ਹਨ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਤਸਕਰੀ ਵਿੱਚ ਕੌਣ-ਕੌਣ ਸ਼ਾਮਲ ਹੈ ਅਤੇ ਇਹ ਨੈੱਟਵਰਕ ਕਿੰਨੇ ਸਮੇਂ ਤੋਂ ਸਰਗਰਮ ਹੈ।ਸਰਕਾਰ ਅਤੇ ਸੁਰੱਖਿਆ ਏਜੰਸੀਆਂ ਨੇ ਜਨਤਾ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਵਿਰੁੱਧ ਇਸ ਲੜਾਈ ਵਿੱਚ ਸਹਿਯੋਗ ਕਰਨ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਅਧਿਕਾਰੀਆਂ ਨੂੰ ਰਿਪੋਰਟ ਕਰਨ ਦੀ ਅਪੀਲ ਕੀਤੀ ਹੈ।



# ਟੀਕਾਕਰਨ ਬੱਚਿਆਂ ਲਈ ਸਭ ਤੋਂ ਵੱਡੀ ਸੁਰੱਖਿਆ : ਡਾ. ਮਮਤਾ

**ਗੁਰਦਾਸਪੁਰ, (ਦਿਨੇਸ਼ ਕੁਮਾਰ)**
ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਰਾਸ਼ਟਰੀ ਟੀਕਾਕਰਨ ਹਫ਼ਤੇ ਦੌਰਾਨ ਵੱਖ-ਵੱਖ ਜਗ੍ਹਾ ਤੇ 0 ਤੋਂ 5 ਸਾਲ ਦੇ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਲਈ ਟੀਕਾਕਰਨ ਸ਼ੈਸ਼ਨ ਲਗਾਏ ਗਏ।ਇਨ੍ਹਾਂ ਸ਼ੈਸ਼ਨ ਦਾ ਮੁੱਖ ਉਦੇਸ ਉਨ੍ਹਾਂ ਬੱਚੇ ਅਤੇ ਗਰਭਵਤੀ ਮਹਿਲਾ ਦਾ ਟੀਕਾਕਰਨ ਕਰਨਾ ਹੈ ਜੋਂ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਸਨ। ਇਸ ਮੁਹਿਮ ਦਾ ਉਦੇਸ਼ ਇਨ੍ਹਾਂ ਵਾਂਝੇ ਰਹਿ ਲਾਭਪਾਤਰੀਆਂ ਨੂੰ ਸਮੇਂ-ਸਿਰ ਸੁਰੱਖਿਅਤ ਅਤੇ ਮੁਫ਼ਤ ਟੀਕੇ ਉਪਲਬਧ ਕਰਵਾਉਣਾ ਹੈ ਤਾਂ ਜੋ ਗੰਭੀਰ ਬਿਮਾਰੀਆਂ ਤੋਂ ਬਚਾਅ ਹੋ ਸਕੇ ਅਤੇ ਸਿਹਤਮੰਦ ਭਵਿੱਖ ਸੁਨਿਸ਼ਚਿਤ ਹੋਵੇ।ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾਕਟਰ ਮਮਤਾ ਨੇ ਦੱਸਿਆ ਕਿ ਟੀਕਾਕਰਨ ਬੱਚਿਆਂ ਲਈ ਸਭ ਤੋਂ ਵੱਡੀ ਸੁਰੱਖਿਆ ਹੈ।ਉਨ੍ਹਾਂ ਦੱਸਿਆ ਕਿ ਟੀਕਿਆਂ ਨਾਲ ਖਸਰਾ, ਰੁਬੇਲਾ, ਡਿਫਥੀਰੀਆ, ਟੈਟਨਸ, ਨਿਮੋਨੀਆ, ਪੋਲੀਓ, ਅੰਧਰਾਤਾ, ਟੀ. ਬੀ. ਅਤੇ ਕਾਲੀ ਖਾਂਸੀ ਵਰਗੀਆਂ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ।ਇਸ ਲਈ ਜ਼ਰੂਰੀ ਹੈ ਕਿ ਹਰੇਕ ਬੱਚੇ ਅਤੇ ਗਰਭਵਤੀ ਮਾਂ ਦਾ ਟੀਕਾਕਰਨ ਕਰਵਾਇਆ ਜਾਵੇ।ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਟੀਕਾਕਰਨ ਕਾਰਡ ਹਮੇਸ਼ਾ ਆਪਣੇ ਨਾਲ ਰੱਖਣ ਅਤੇ ਕਿਸੇ ਵੀ ਟੀਕੇ ਦੀ ਤਾਰੀਖ ਨਾ ਛੱਡਣ ਕਿਉਂਕਿ ਅਧੂਰਾ ਟੀਕਾਕਰਨ ਬੱਚੇ ਦੀ ਸੁਰੱਖਿਆ ਘਟਾ ਦਿੰਦਾ ਹੈ।ਖੰਘ, ਬੁਖਾਰ ਜਾਂ ਸਾਹ ਦੀ ਤਕਲੀਫ਼ ਹੋਣ ਤੇ ਤੁਰੰਤ ਨਜ਼ਦੀਕੀ ਆਯੁਸ਼ਮਾਨ ਆਰੋਗਿਆ ਕੇਂਦਰ ਤੇ ਸੰਪਰਕ ਕਰਨ ਦੀ ਅਪੀਲ ਵੀ ਕੀਤੀ।



# ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਦਾ ਡੈਲੀਗੇਟ ਅਜਲਾਸ ਭਲਕੇ : ਉਦੀਪੁਰ

**ਧਾਰੀਵਾਲ, ਮਨਦੀਪ ਵਿੱਕੀ)**-ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐੱਸਈਬੀ ਇੰਪਲਾਈਜ ਫੈਡਰੇਸ਼ਨ ਏਟਕ ਸਰਕਲ ਯੂਨਿਟ ਗੁਰਦਾਸਪੁਰ ਦਾਂ ਡੈਲੀਗੇਟ ਅਜਲਾਸ 16 ਫਰਵਰੀ ਨੂੰ ਰਾਮ ਸਿੰਘ ਦੱਤ ਹਾਲ ਗੁਰਦਾਸਪੁਰ ਵਿਖੇ ਕੀਤਾ ਜਾ ਰਿਹਾ ਹੈ, ਜਿਸ ਵਿੱਚ ਜਥੇਬੰਦੀ ਦੇ 50 ਦੇ ਕਰੀਬ ਚੋਣਵੇਂ ਡੈਲੀਗੇਟ ਹਿੱਸਾ ਲੈਣਗੇ।ਉਪਰੋਕਤ ਜਾਣਕਾਰੀ ਤਿਆਰੀ ਕਮੇਟੀ ਦੀ ਮੀਟਿੰਗ ਦੌਰਾਨ ਦਿੰਦਿਆਂ ਜਥੇਬੰਦੀ ਦੇ ਸਰਕਲ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਨੇ ਦੱਸਿਆ ਕਿ ਅਜਲਾਸ ਵਿੱਚ ਪਿਛਲੇ ਤਿੰਨ ਸਾਲਾਂ ਦੀਆਂ ਜਥੇਬੰਦੀ ਦੀਆਂ ਸਰਗਰਮੀਆਂ ਅਤੇ ਵਿੱਤੀ ਰਿਪੋਰਟਾਂ ਪੇਸ਼ ਹੋਣਗੀਆਂ ਅਤੇ ਅੱਜ ਦੇ ਹਾਲਾਤ ਤੇ ਗੰਭੀਰ ਚਰਚਾਵਾਂ ਹੋਣਗੀਆਂ।ਇਸ ਅਜਲਾਸ ਵਿੱਚ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਗੁਰਪ੍ਰੀਤ ਸਿੰਘ ਗੰਡੀਵਿੰਡ, ਮੀਤ ਪ੍ਰਧਾਨ ਮਨਜੀਤ ਸਿੰਘ ਬਾਸਰਕੇ, ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਬਤੌਰ ਨਿਗਰਾਨ ਸ਼ਾਮਲ ਹੋਣਗੇ, ਜਿਨ੍ਹਾਂ ਦੀ ਨਿਗਰਾਨੀ ਹੇਠ ਅਗਲੇ ਦੋ ਸਾਲਾਂ ਵਾਸਤੇ ਸਰਕਲ ਕਮੇਟੀ ਦੀ ਚੋਣ ਕੀਤੀ ਜਾਵੇਗੀ।ਤਿਆਰੀ ਕਮੇਟੀ ਦੇ ਆਗੂ, ਸਾਥੀ ਰਣਜੀਤ ਸਿੰਘ ਦੋਰਾਂਗਲਾ, ਇੰਜ ਮਲਕੀਤ ਸਿੰਘ ਢਿੱਲੋਂ ਜੇਈ, ਸਾਹਿਬ ਸਿੰਘ ਧਾਲੀਵਾਲ, ਗੌਰਵ ਪ੍ਰਿਆ, ਅਮਨਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਅਜਲਾਸ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਮੁਲਾਜ਼ਮ ਆਗੂਆਂ ਨੇ ਵੱਖ-ਵੱਖ ਮੰਡਲਾਂ ਤੋਂ ਆ ਰਹੇ ਡੈਲੀਗੇਟਾ ਨੂੰ ਸਮੇਂ ਸਿਰ ਅਜਲਾਸ ਵਿੱਚ ਪਹੁੰਚਣ ਦੀ ਅਪੀਲ ਕੀਤੀ।



# ਹਲਕਾ ਮਜੀਠਾ 'ਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਸ਼ੁਰੂ



**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**
'ਆਪ' ਦੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਹਰ ਵਿਅਕਤੀ ਨੂੰ ਸਿਹਤ ਸਹੂਲਤਾਂ ਸਬੰਧੀ ਇਲਾਜ ਕਰਾਉਣ ਲਈ 10 ਲੱਖ ਰੁਪਏ ਦੀ ਜਾਰੀ ਕੀਤੀ ਸਿਹਤ ਬੀਮਾ ਯੋਜਨਾ ਦਾ ਲੋਕ ਲਾਭ ਉਠਾਉਣ ਲੱਗ ਪਏ ਹਨ।ਇਸ ਯੋਜਨਾ ਦਾ ਮਕਸਦ ਆਮ ਪਰਿਵਾਰ ਨੂੰ ਮਹਿੰਗੇ ਇਲਾਜ ਤੋਂ ਆਰਥਿਕ ਸੁਰੱਖਿਆ ਦੇਣਾ ਹੈ ਤਾਂ ਜੋ ਹਰ ਆਮ ਪਰਿਵਾਰ ਬਿਨਾਂ ਕਿਸੇ ਚਿੰਤਾ ਤੋਂ ਆਪਣਾ ਇਲਾਜ ਕਰਵਾ ਸਕੇ। ਹਲਕੇ ਮਜੀਠੇ ਵਿੱਚ ਧੜਾ-ਧੜ ਸਿਹਤ ਬੀਮਾ ਕਾਰਡ ਬਣ ਰਹੇ ਹਨ ਅਤੇ ਹਲਕਾ ਇੰਚਾਰਜ ਸਰਦਾਰ ਤਲਬੀਰ ਸਿੰਘ ਗਿੱਲ ਵੱਲੋਂ ਲਗਾਏ ਜਾ ਰਹੇ ਪਿੰਡਾਂ ਵਿੱਚ ਕੈਂਪਾਂ ਦਾ ਲੋਕ ਪੂਰਾ ਲਾਭ ਲੈ ਰਹੇ ਹਨ। ਲੋਕਾਂ ਪ੍ਰਤੀ ਨਿਭਾਈਆਂ ਜਾ ਰਹੀਆਂ ਜ਼ਿੰਮੇਵਾਰੀਆਂ ਸਦਕਾ ਹੀ ਸਰਦਾਰ ਤਲਬੀਰ ਸਿੰਘ ਗਿੱਲ 2027 ਵਿੱਚ ਹਲਕਾ ਮਜੀਠਾ 'ਚ ਆਪ ਤੋਂ ਭਾਰੀ ਲੀਡ ਨਾਲ ਵਿਧਾਇਕ ਬਣ ਕੇ ਹਲਕੇ ਦੀ ਵਾਗਡੋਰ ਸਾਂਭਣਗੇ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੇ ਨਜ਼ਦੀਕੀ ਸਾਥੀ ਦੀਪਕ ਭੰਡਾਰੀ ਨੇ ਕੀਤਾ। ਉਨ੍ਹਾਂ ਕਿਹਾ ਕਿ ਦਿਨ-ਪ੍ਰਤੀ ਦਿਨ ਹਲਕਾ ਮਜੀਠਾ ਤੋਂ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ ਅਤੇ ਤਲਬੀਰ ਸਿੰਘ ਗਿੱਲ ਨਾਲ ਚੱਟਾਨ ਵਾਂਗ ਖੜ੍ਹੇ ਹਨ।ਜਿਸ ਤਰ੍ਹਾਂ ਬਲਾਕ ਸਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਆਪ ਦੀ ਇਤਿਹਾਸਕ ਜਿੱਤ ਹੋਈ ਹੈ ਉਸੇ ਤਰ੍ਹਾਂ ਹੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਇਤਿਹਾਸਕ ਜਿੱਤ ਹੋਵੇਗੀ।ਇਸ ਮੌਕੇ ਦੀਪਕ ਭੰਡਾਰੀ (ਕਾਕਾ), ਜਸਪਾਲ ਸ਼ਰਮਾ ਅਤੇ ਮੈਂਬਰ ਕਰਮਜੀਤ ਸਿੰਘ (ਫੌਜੀ) ਹਾਜ਼ਰ ਸਨ।

# ਰੰਧਾਵਾ ਨੇ ਸ਼ਾਮਪੁਰਾ, ਗੋਲਾ ਢੋਲਾ ਤੇ ਠੇਠਰਕੇ ਵਿਖੇ ਕੀਤੇ ਵਿਕਾਸ ਕਾਰਜਾਂ ਦੇ ਉਦਘਾਟਨ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਹਲਕੇ ਅੰਦਰ ਨਿਰੰਤਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਜਿਸ ਦੇ ਚੱਲਦਿਆਂ ਉਨ੍ਹਾਂ ਵੱਲੋਂ ਬੀਡੀਪੀਓ ਬਲਾਕ ਡੇਰਾ ਬਾਬਾ ਨਾਨਕ ਅਧੀਨ ਆਉਂਦੇ ਪਿੰਡ ਸ਼ਾਮਪੁਰਾ, ਗੋਲਾ ਢੋਲਾ ਅਤੇ ਠੇਠਰਕੇ ਵਿਖੇ ਕਰਵਾਏ ਗਏ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ।ਇਸ ਮੌਕੇ ਉਨ੍ਹਾਂ ਵੱਲੋਂ ਪਿੰਡ ਵਾਸੀਆਂ ਨਾਲ ਮਿਲ ਬੈਠ ਕੇ ਹੋਰ ਵਿਕਾਸ ਕੰਮਾਂ ਬਾਰੇ ਵੀ ਚਰਚਾ ਕੀਤੀ ਗਈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ।ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਹਰ ਪਿੰਡ ਤੱਕ ਵਿਕਾਸ ਦੇ ਕੰਮ ਤੇਜ਼ੀ ਨਾਲ ਪਹੁੰਚਣ ਅਤੇ ਲੋਕਾਂ ਨੂੰ ਸੁਵਿਧਾਵਾਂ ਮਿਲਣ।ਉਨ੍ਹਾਂ ਸਾਰੇ ਸਹਿਯੋਗੀ ਸਾਥੀਆਂ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕ ਹਿੱਤ ਵਿੱਚ ਵੱਡੇ ਉਪਰਾਲੇ ਕੀਤੇ ਗਏ ਹਨ ਅਤੇ ਲੋਕਾਂ ਦੀ ਸਿਹਤ ਸਹੂਲਤ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਲਾਗੂ ਕੀਤੀ ਗਈ ਹੈ, ਜਿਸ ਤਹਿਤ ਬਿਮਾਰੀ ਦਾ ਇਲਾਜ ਕਰਵਾਉਣ ਲਈ 10 ਲੱਖ ਰੁਪਏ ਤੱਕ ਦੀ ਕੈਸ਼ਲੈੱਸ ਸਹੂਲਤ ਮੁਹੱਈਆ ਕਰਵਾਈ ਗਈ ਹੈ।ਉਨ੍ਹਾਂ ਅੱਗੇ ਕਿਹਾ ਕਿ ਇਤਿਹਾਸਕ ਅਤੇ ਧਾਰਮਿਕ ਹਲਕੇ ਡੇਰਾ ਬਾਬਾ ਨਾਨਕ ਵਿਖੇ ਸਰਬਪੱਖੀ ਵਿਕਾਸ ਕੰਮ ਤੇਜ਼ੀ ਨਾਲ ਚੱਲ ਰਹੇ ਹਨ।ਉਨ੍ਹਾਂ ਦੱਸਿਆ ਕਿ ਉਪਰੋਕਤ ਪਿੰਡਾਂ ਵਿੱਚ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸੜਕਾਂ ਦਾ ਨਿਰਮਾਣ ਕਰਵਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਪਿੰਡਾਂ ਦੇ ਵਿੱਚ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਖੇਡ ਮੈਦਾਨ ਵੀ ਤਿਆਰ ਕੀਤੇ ਗਏ ਹਨ।ਪਿੰਡਾਂ ਵਿੱਚ ਸ਼ਾਨਦਾਰ ਪਾਰਕਾਂ ਦੀ ਉਸਾਰੀ ਕੀਤੀ ਗਈ ਹੈ।ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਏ ਜਾ ਰਹੇ ਹਨ।ਇਸ ਮੌਕੇ ਬੀਡੀਪੀਓ ਅਮਨਦੀਪ ਕੌਰ ਅਤੇ ਵੱਖ-ਵੱਖ ਪਿੰਡਾਂ ਦੇ ਪੰਚ ਤੇ ਸਰਪੰਚ ਹਾਜ਼ਰ ਸਨ।



# ਮਾਨ ਸਰਕਾਰ ਬਜ਼ੁਰਗਾਂ ਦੇ ਸਵੈਮਾਨ, ਸੁਰੱਖਿਆ, ਸਿਹਤ ਤੇ ਸਮਾਜਿਕ ਸੰਭਾਲ ਲਈ ਵਚਨਬੱਧ : ਧਾਲੀਵਾਲ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**
ਸਿਵਲ ਹਸਪਤਾਲ ਅਜਨਾਲਾ ਵਿਖੇ 'ਸਾਡੇ ਬਜ਼ੁਰਗ-ਸਾਡਾ ਮਾਣ' ਤਹਿਤ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਮੁੱਖ ਮਹਿਮਾਨ, ਆਮ ਆਦਮੀ ਪਾਰਟੀ ਦੇ ਸੂਬਾਈ ਮੁੱਖ ਬੁਲਾਰੇ, ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਉਚੇਚੇ ਤੌਰ 'ਤੇ ਸ਼ਾਮਲ ਹੋਏ। 400 ਤੋਂ ਵਧੇਰੇ ਬਜ਼ੁਰਗਾਂ ਦੀਆਂ ਬਿਮਾਰੀਆਂ ਦੀ ਜਾਂਚ ਪੜਤਾਲ ਕਰਕੇ ਇਲਾਜ ਲਈ ਮੁਫਤ ਦਵਾਈਆਂ ਦਿੱਤੀਆਂ ਗਈਆਂ। ਕੈਂਪ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਧਾਲੀਵਾਲ ਨੇ ਕਿਹਾ ਕਿ ਸਾਡੇ ਬਜ਼ੁਰਗ ਬੋਹੜ ਦੀ ਠੰਡੀ ਤੇ ਸੁਹਾਵਣੀ ਛਾਂ ਵਰਗੇ ਹਨ ਅਤੇ ਸਮਾਜ ਦਾ ਬਹੁਮੁੱਲਾ ਖਜ਼ਾਨਾ ਹਨ।ਇਸੇ ਦੌਰਾਨ ਅਜਨਾਲਾ ਸ਼ਹਿਰ ਦੀ ਵਾਰਡ ਨੰ: 7 'ਚ ਬਲਾਕ ਸ਼ਹਿਰੀ ਪ੍ਰਧਾਨ ਤੇ ਚੇਅਰਮੈਨ ਅਮਿਤ ਔਲ ਦੇ ਉਦਮ ਨਾਲ 10 ਲੱਖ ਰੁਪਏ ਮੁਫਤ ਸਿਹਤ ਬੀਮਾ ਸਕੀਮ ਦੇ ਕਾਰਡ ਬਣਾਉਣ ਲਈ ਲਗਾਏ ਗਏ ਵਿਸ਼ੇਸ਼ ਕੈਂਪ ਦੌਰਾਨ 120 ਲਾਭਪਾਤਰੀਆਂ ਦੇ ਕਾਰਡ ਵੰਡੇ। ਇਸ ਮੌਕੇ ਧਾਲੀਵਾਲ ਨੇ ਦਾਅਵਾ ਕੀਤਾ ਕਿ ਪੰਜਾਬ ਦੀ ਕਰੀਬ 3 ਕਰੋੜ ਵੱਸੋਂ ਨੂੰ 10 ਲੱਖ ਰੁਪਏ ਤੱਕ ਮੁਫਤ ਸਿਹਤ ਬੀਮਾ ਦੀ ਸਹੂਲਤ ਮੁਹੱਈਆ ਕਰਵਾਉਣ 'ਚ ਸੂਬਾ ਭਗਵੰਤ ਮਾਨ ਸਰਕਾਰ ਸਿਰਫ ਦੇਸ਼ 'ਚੋਂ ਹੀ ਨਹੀਂ ਸਗੋਂ ਵਿਸ਼ਵ ਭਰ 'ਚੋਂ ਪਹਿਲੀ ਸਰਕਾਰ ਹੈ। ਉਨ੍ਹਾਂ ਦੱਸਿਆ ਕਿ ਕੋਈ ਵੀ ਨਾਗਰਿਕ ਮੁਫਤ ਸਿਹਤ ਬੀਮਾ ਸਕੀਮ ਦਾ ਕਾਰਡ ਬਣਾਉਣ ਤੋਂ ਵਾਂਝਾ ਨਹੀਂ ਰੱਖਿਆ ਜਾਵੇਗਾ ਅਤੇ ਅਗਲੇ 3 ਮਹੀਨੇ ਤੱਕ ਸਿਹਤ ਕਾਰਡ ਬਣਾਉਣ ਦੀ ਮੁਹਿੰਮ ਜਾਰੀ ਰੱਖੀ ਜਾਵੇਗੀ।ਜੇਕਰ ਕੋਈ ਨਾਗਰਿਕ ਪੱਛੜ ਜਾਵੇਗਾ ਤਾਂ ਉਸ ਤੋਂ ਬਾਅਦ ਵੀ ਉਸਦਾ ਸਿਹਤ ਕਾਰਡ ਬਣਾਇਆ ਜਾਵੇਗਾ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਸ਼ਾਲੂ ਅਗਰਵਾਲ, ਡਾ. ਸੁਨੀਲ ਮਹਾਜਨ ਹੱਡੀਆਂ ਦੇ ਮਾਹਿਰ, ਡਾ. ਹਰਮਨ ਕੌਰ ਰੰਧਾਵਾ, ਡਾ. ਵਿਕਾਸ ਦੀਪ, ਡਾ. ਕਮਲਜੀਤ ਕੌਰ, ਡਾ. ਪ੍ਰਿਅੰਕਾ, ਡਾ. ਸੁਮੀਤ ਪਾਲ ਸਿੰਘ, ਡਾ. ਨੀਰਜ ਅਗਰਵਾਲ, ਡਾ. ਆਰਜ਼ੂ, ਡਾ. ਜਸਈਸ਼ਰ, ਸੁਖਰਾਜ ਸਿੰਘ, ਗੁਰਤੇਜ ਸਿੰਘ, ਰਣਜੋਧ ਸਿੰਘ ਜੋਧਾ, ਬਲਦੇਵ ਸਿੰਘ, ਸਾਹਿਬ ਜੀਤ ਸਿੰਘ, ਖੁਸ਼ਪਾਲ ਸਿੰਘ, ਗੁਰਜੰਟ ਸਿੰਘ ਸੋਹੀ, ਪੀਏ ਮੁਖਤਾਰ ਸਿੰਘ, ਸ਼ਹਿਰੀ ਪ੍ਰਧਾਨ ਅਮਿਤ ਔਲ, ਜਸਪਾਲ ਸਿੰਘ ਢਿੱਲੋਂ, ਕੌਂਸਲਰ ਸੁਨੀਤਾ ਰਾਣੀ, ਸ਼ਿਵ ਚਾਹਲ, ਦਵਿੰਦਰ ਸਿੰਘ ਸੋਨੂੰ, ਗੁਰਦੀਪ ਕੌਰ ਸਮੇਤ ਹੋਰ ਸ਼ਖਸ਼ੀਅਤਾਂ ਤੇ ਆਗੂ ਮੌਜੂਦ ਸਨ।

# ਖ਼ਾਲਸਾ ਯੂਨੀਵਰਸਿਟੀ ਨੇ ਬਸੰਤ ਦਾ ਤਿਉਹਾਰ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**
ਖ਼ਾਲਸਾ ਯੂਨੀਵਰਸਿਟੀ ਬਸੰਤ ਦਾ ਤਿਉਹਾਰ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ, ਜਿਸ 'ਚ ਖ਼ਾਲਸਾ ਯੂਨੀਵਰਸਿਟੀ ਦੇ ਉੱਪ ਕੁਲਪਤੀ ਡਾ. ਮਹਿਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। 'ਵਰਸਿਟੀ ਦੇ ਅਕਾਦਮਿਕ ਮਾਮਲੇ ਡੀਨ ਡਾ. ਸੁਰਿੰਦਰ ਕੌਰ ਦੇ ਸਹਿਯੋਗ ਨਾਲ ਉਲੀਕੇ ਗਏ ਉਕਤ ਪ੍ਰੋਗਰਾਮ ਮੌਕੇ ਸ਼ਬਦ ਗਾਇਨ, ਭਾਸ਼ਣ, ਨਾਚ, ਮਿਸ ਬਸੰਤ ਮੁਕਾਬਲਾ, ਪਤੰਗ ਉਡਾਉਣ, ਪਕਵਾਨ ਬਣਾਉਣ ਅਤੇ ਫੁੱਲ੍ਹਾਂ ਦੀ ਸਜਾਵਟ ਦੇ ਮੁਕਾਬਲੇ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਵੱਖ-ਵੱਖ ਪ੍ਰੋਗਰਾਮ ਪੇਸ਼ ਕੀਤੇ। ਇਸ ਮੌਕੇ ਪੀਲੇ ਰੰਗ ਦੇ ਪਹਿਰਾਵਿਆਂ ਨਾਲ ਸਜਿਆ ਕੈਂਪਸ ਬਸੰਤ ਦੀ ਆਮਦ ਦਾ ਸੋਹਣਾ ਦ੍ਰਿਸ਼ ਪੇਸ਼ ਕਰ ਰਿਹਾ ਸੀ। ਇਸ ਤੋਂ ਪਹਿਲਾਂ ਡਾ. ਸੁਰਿੰਦਰ ਕੌਰ ਨੇ ਡਾ. ਮਹਿਲ ਸਿੰਘ, ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਅਤੇ ਸਿੱਖ ਇਤਿਹਾਸ ਮਾਹਿਰ ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਰਮਿੰਦਰ ਕੌਰ, ਡੀਨ ਭਾਸ਼ਾਵਾਂ ਅਤੇ ਜੱਜ ਸਾਹਿਬਾਨਾਂ ਦਾ ਖ਼ਾਲਸਾ ਯੂਨੀਵਰਸਿਟੀ ਸਟੂਡੈਂਟ ਵੈੱਲਫ਼ੇਅਰ ਡੀਨ ਡਾ. ਅਜੈ ਸਹਿਗਲ ਅਤੇ ਡਾ. ਰਿਤੂ ਧਵਨ, ਡੀਨ ਕਾਮਰਸ ਐਂਡ ਮੈਨੇਜਮੈਂਟ ਨਾਲ ਮਿਲ ਕੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਡਾ. ਮਹਿਲ ਸਿੰਘ ਨੇ ਕਿਹਾ ਕਿ ਬਸੰਤ ਦਾ ਤਿਉਹਾਰ ਖੁਸ਼ੀ, ਉਮੀਦ ਅਤੇ ਨਵੇਂ ਆਰੰਭ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸੱਭਿਆਚਾਰਕ ਸਮਾਗਮ ਵਿਦਿਆਰਥੀਆਂ ਨੂੰ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਜੋੜਨ ਦੇ ਨਾਲ-ਨਾਲ ਉਹਨਾਂ 'ਚ ਰਚਨਾਤਮਕਤਾ ਅਤੇ ਸਾਂਝੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੀ ਪ੍ਰੰਪਰਾਵਾਂ ਅਤੇ ਮੁੱਲਾਂ ਨੂੰ ਸਾਂਭ ਕੇ ਰੱਖਣ ਅਤੇ ਸਿੱਖਿਆ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆਂ 'ਚ ਵੀ ਵੱਧ-ਚੜ੍ਹ ਕੇ ਹਿੱਸਾ ਲੈਣ। ਉਨ੍ਹਾਂ ਕਿਹਾ ਕਿ ਰੁੱਤਾਂ, ਮੇਲੇ ਅਤੇ ਤਿਉਹਾਰ ਵਿਦਿਆਰਥੀਆਂ ਅੰਦਰ ਛੁਪੀਆਂ ਕਲਾਵਾਂ ਅਤੇ ਹਾਵ-ਭਾਵ ਨੂੰ ਪ੍ਰਗਟਾਉਣ ਦਾ ਇਕ ਜ਼ਰੀਆ ਬਣਦੇ ਹਨ। ਪ੍ਰੋਗਰਾਮ ਦੌਰਾਨ ਬੱਚਿਆਂ ਦੇ ਸ਼ਬਦ ਗਾਇਨ, ਭਾਸ਼ਣ, ਨਾਚ, ਮਿਸ ਬਸੰਤ ਮੁਕਾਬਲਾ, ਪਤੰਗ ਉਡਾਉਣ, ਪਕਵਾਨ ਬਣਾਉਣ ਅਤੇ ਫੁੱਲ੍ਹਾਂ ਦੀ ਸਜਾਵਟ ਵਰਗੇ ਮੁਕਾਬਲੇ ਕਰਵਾਏ ਗਏ ਜਿਸ 'ਚ ਜੇਤੂ ਵਿਦਿਆਰਥੀਆਂ ਨੂੰ ਡਾ. ਮਹਿਲ ਸਿੰਘ ਨੇ ਡਾ. ਗੋਗੋਆਣੀ ਨਾਲ ਮਿਲ ਕੇ ਇਨਾਮ ਪ੍ਰਦਾਨ ਕੀਤੇ। ਇਸ ਮੌਕੇ ਡਾ. ਸਹਿਗਲ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਤੌਰ 'ਤੇ ਸਵਾਗਤ ਕਰਦਿਆਂ ਉਪ ਕੁਲਪਤੀ ਡਾ. ਮਹਿਲ ਸਿੰਘ ਦੀ ਰਹਿਨੁਮਾਈ ਅਤੇ ਪ੍ਰੇਰਨਾ ਸਬੰਧੀ ਧੰਨਵਾਦ ਪ੍ਰਗਟ ਕੀਤਾ। ਮੰਚ ਸੰਚਾਲਨ ਡਾ. ਪ੍ਰਦੀਪ ਕੌਰ ਅਤੇ ਸਮਨਦੀਪ ਕੌਰ ਵੱਲੋਂ ਕੀਤਾ ਗਿਆ। ਕੋਆਰਡੀਨੇਟਰ ਡਾ. ਸ਼ਰੀਨਾ ਮਹਾਜਨ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਖ਼ਾਲਸਾ ਕਾਲਜ ਰਜਿਸਟਰਾਰ ਡਾ. ਦਵਿੰਦਰ ਸਿੰਘ, ਡਾ. ਮਨਬੀਰ ਕੌਰ, ਡੀਨ ਸਾਇੰਸਿਜ਼ ਤੇ ਹੋਰ ਸਟਾਫ਼ ਤੋਂ ਇਲਾਵਾ ਵੱਡੀ ਗਿਣਤੀ 'ਚ ਵਿਦਿਆਰਥੀਆਂ ਹਾਜ਼ਰ ਸਨ। ਇਸ ਮੌਕੇ ਪਤੰਗਬਾਜ਼ੀ ਅਤੇ ਖਾਣ-ਪੀਣ ਦੇ ਸਟਾਲ ਪ੍ਰਮੁੱਖ ਖਿੱਚ ਦਾ ਕੇਂਦਰ ਰਹੇ।



# ਮਿੱਡ-ਡੇ-ਮੀਲ ਤੇ ਸਫਾਈ ਵਰਕਰਾਂ ਵੱਲੋਂ ਰੋਸ ਪ੍ਰਦਰਸ਼ਨ



**ਬਟਾਲਾ (ਤਰਲੋਕ ਬੱਗਾ)**-ਮਿੱਡ-ਡੇ-ਮੀਲ ਤੇ ਸਫਾਈ ਵਰਕਰ ਯੂਨੀਅਨ ਆਜ਼ਾਦ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੀਆਂ ਸੈਂਕੜੇ ਮਿੱਡ ਡੇ ਮੀਲ ਤੇ ਸਫਾਈ ਵਰਕਰ ਕੁੱਕ ਬੀਬੀਆਂ ਨੇ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਪਾਰਕ ਵਿਖੇ ਕੇਂਦਰ ਤੇ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ।ਰੈਲੀ ਨੂੰ ਸੰਬੋਧਨ ਕਰਦੇ ਮਿੱਡ ਡੇ ਮੀਲ ਤੇ ਸਫਾਈ ਵਰਕਰ ਯੂਨੀਅਨ ਆਜ਼ਾਦ ਦੇ ਸੂਬਾ ਜਨਰਲ ਮਨਜੀਤ, ਰਾਜ ਬਟਾਲਾ, ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਦੀਨਾਨਗਰ ਦੇ ਪ੍ਰਧਾਨ ਅਸ਼ਵਨੀ ਕੁਮਾਰ ਹੈਪੀ, ਯੂਨੀਅਨ ਦੀ ਜ਼ਿਲ੍ਹਾ ਸਕੱਤਰ ਸਤਿੰਦਰ ਕੌਰ ਬਟਾਲਾ ਅਤੇ ਮਜ਼ਬੀ ਸਿੱਖ ਸਮਾਜ ਮੋਰਚਾ ਦੇ ਆਗੂ ਮੱਖਣ ਸਿੰਘ ਨੇ ਕਿਹਾ ਕਿ ਜਿਥੇ ਕੇਂਦਰ ਸਰਕਾਰ ਲਗਾਤਾਰ ਮਜ਼ਦੂਰ, ਮੁਲਾਜ਼ਮ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ ਉਥੇ ਪੰਜਾਬ ਦੀ ਆਪ ਸਰਕਾਰ ਦੇ ਮੁੱਖ ਮੰਤਰੀ ਮਾਨ ਵੀ ਕੱਚੇ ਕਾਮਿਆਂ ਤੇ ਸਕੀਮ ਵਰਕਰਾਂ ਨੂੰ ਪੱਕਾ ਕਰਨਾ ਤਾਂ ਦੂਰ ਤਨਖਾਹਾਂ ਵਿੱਚ ਵਾਧਾ ਕਰਨ ਦਾ ਵਾਅਦਾ ਕਰਕੇ ਵੀ ਲਾਗੂ ਨਹੀਂ ਕਰ ਰਹੇ।ਉਨ੍ਹਾਂ ਕਿਹਾ ਕਿ ਮਨਰੇਗਾ ਸਮੇਤ ਹਰ ਖੇਤਰ ਦੇ ਰੁਜ਼ਗਾਰ ਨੂੰ ਬਚਾਉਣ ਲਈ 1 ਮਾਰਚ ਨੂੰ ਭਦੌੜ ਦਾਣਾ ਮੰਡੀ ਵਿਖੇ ਸਾਂਝੀ ਸੂਬਾ ਪੱਧਰੀ ਮਜ਼ਦੂਰ ਲਾਲਕਾਰ ਰੈਲੀ ਵਿੱਚ ਵੀ ਹਜ਼ਾਰਾਂ ਕੁੱਕ ਬੀਬੀਆਂ ਸ਼ਾਮਲ ਹੋਣਗੀਆਂ।ਇਸ ਮੌਕੇ ਪ੍ਰਧਾਨ ਸਰੂਪ ਸਿੰਘ ਚਾਹਲ ਕਲਾਂ, ਦਲਬੀਰ ਸਿੰਘ ਭੱਟੀ, ਵਿਜੇ ਕੁਮਾਰ ਰਾਮਬਾਗ, ਜ਼ੋਨ ਮਸੀਹ ਈਸਾ ਨਗਰ, ਰਚਨਾ, ਪਰਮਜੀਤ ਕੌਰ, ਸ਼ੀਲਾ, ਭੱਠਾ ਮਜ਼ਦੂਰ ਯੂਨੀਅਨ ਦੇ ਆਗੂ ਪਾਲਾ ਨੇ ਵੀ ਸੰਬੋਧਨ ਕੀਤਾ।

# 'ਅਰਮਾਨਾਂ ਭਰੀ ਉਡਾਣ' ਥੀਮ 'ਤੇ ਆਧਾਰਿਤ ਸਾਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**
ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਚੌਕ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ।ਡਾ. ਮਹਿਤਾਬ ਸਿੰਘ ਆਈਪੀਐੱਸ , ਐੱਸਐੱਸਪੀ ਬਟਾਲਾ ਨੇ ਮੁੱਖ ਮਹਿਮਾਨ ਅਤੇ ਅਮਨਪ੍ਰੀਤ ਸਿੰਘ ਪੀਸੀਐੱਸ, ਐੱਸਡੀਐੱਮ ਬਾਬਾ ਬਕਾਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ: ਹਰਸ਼ਦੀਪ ਸਿੰਘ ਰੰਧਾਵਾ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ ।ਵਿਦਿਆਰਥੀਆਂ ਵੱਲੋਂ ਵੈਲਕਮ ਗੀਤ ਗਾ ਕੇ ਆਏ ਹੋਏ ਮੁੱਖ ਮਹਿਮਾਨ ਦਾ ਸਵਾਗਤ ਕੀਤਾ ਗਿਆ। ਇਸ ਸਮਾਗਮ ਦਾ ਵਿਸ਼ੇਸ਼ ਥੀਮ ਅਰਮਾਨਾਂ ਭਰੀ ਉਡਾਣ ਤੇ ਆਧਾਰਿਤ ਸੀ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਆਪਣੇ ਅਰਮਾਨਾਂ ਨੂੰ ਪੂਰਾ ਕਰਨ ਤੇ ਵੱਖ-ਵੱਖ ਆਈਟਮਾਂ ਪੇਸ਼ ਕੀਤੀਆਂ ਗਈਆਂ।ਵਿਦਿਆਰਥੀਆਂ ਵੱਲੋਂ ਪੰਜਾਬੀ ਲੋਕ ਨਾਚ ਲੁੱਡੀ, ਗਿੱਧਾ ਅਤੇ ਭੰਗੜਾ ਆਦਿ ਰਾਹੀਂ ਆਏ ਹੋਏ ਦਰਸ਼ਕਾਂ ਦਾ ਮਨੋਰੰਜਨ ਕੀਤਾ ਗਿਆ।ਐੱਸਐੱਸਪੀ ਡਾ. ਮਹਿਤਾਬ ਸਿੰਘ ਵੱਲੋਂ ਬੱਚਿਆਂ ਦੁਆਰਾ ਪ੍ਰਦਰਸ਼ਿਤ ਕੀਤੇ ਗਏ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਮੌਕੇ ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਸਕੂਲ ਦੇ ਚੇਅਰਮੈਨ ਸ: ਗੁਰਦੀਪ ਸਿੰਘ ਰੰਧਾਵਾ ਅਤੇ ਮੈਨੇਜਿੰਗ ਡਾਇਰੈਕਟਰ ਸ: ਹਰਸ਼ਦੀਪ ਸਿੰਘ ਰੰਧਾਵਾ ਨੇ ਆਏ ਹੋਏ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।ਵਿਸ਼ੇਸ਼ ਮਹਿਮਾਨ ਅਮਨਪ੍ਰੀਤ ਸਿੰਘ ਐੱਸਡੀਐੱਮ ਬਾਬਾ ਬਕਾਲਾ ਨੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਅਧਿਆਪਕਾਂ ਦਾ ਆਦਰ ਸਤਿਕਾਰ ਕਰਨ ਅਤੇ ਆਪਣੇ ਮਾਪਿਆਂ ਦੀ ਹਰ ਗੱਲ ਮੰਨਣ ਲਈ ਪ੍ਰੇਰਿਆ।ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸ: ਅਵਤਾਰ ਸਿੰਘ ਬੁੱਟਰ (ਮੈਂਬਰ ਚੀਫ ਖਾਲਸਾ ਦੀਵਾਨ), ਪ੍ਰਿੰ: ਕੁਲਬੀਰ ਸਿੰਘ ਮਾਨ , ਐਡੀਸ਼ਨਲ ਐੱਸਐੱਚਓ ਮਹਿਤਾ ਸ.ਪਰਮਜੀਤ ਸਿੰਘ ਬਾਜਵਾ ,ਪ੍ਰਿੰ: ਜਤਿੰਦਰ ਸ਼ਰਮਾ, ਪ੍ਰਿੰ: ਗੁਰਦੀਪ ਸਿੰਘ ਜਲਾਲ ਉਸਮਾ, ਕੈਪਟਨ ਜੋਗਿੰਦਰ ਸਿੰਘ, ਪ੍ਰਿੰ. ਗੁਰਬੀਰ ਕੌਰ, ਮੈਡਮ ਹਰਪ੍ਰੀਤ ਕੌਰ, ਲਕਸ਼ਮਣ ਸਿੰਘ ਰਾਵਤ, ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।



# ਚਾਰ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ-2026 ਸਫਲਤਾਪੂਰਵਕ ਸੰਪੰਨ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**
ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਗੁਰਦਾਸਪੁਰ ਵੱਲੋਂ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਤੇ ਉਦਯੋਗ ਅਤੇ ਵਣਜ ਵਿਭਾਗ ਪੰਜਾਬ ਦੇ ਸਾਂਝੇ ਉਪਰਾਲੇ ਤਹਿਤ 10 ਤੋਂ 13 ਫਰਵਰੀ ਤੱਕ ਚੱਲਣ ਵਾਲਾ ਪੰਜਾਬ ਸਖੀ ਸ਼ਕਤੀ ਮੇਲਾ-2026 ਵਿੱਚ ਸਫਲਤਾਪੂਰਵਕ ਸੰਪੰਨ ਹੋ ਗਿਆ।ਸਮਾਪਤੀ ਸਮਾਰੋਹ ਵਿੱਚ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਮੁੱਖ ਮਹਿਮਾਨ ਵਜੋਂ ਅਤੇ ਜੋਬਨ ਰੰਧਾਵਾ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ ਗੁਰਦਾਸਪੁਰ ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣਾ ਅਤੇ ਉਨ੍ਹਾਂ ਦੇ ਉਤਪਾਦਾਂ ਨੂੰ ਵੱਡਾ ਮੰਚ ਪ੍ਰਦਾਨ ਕਰਨ ਲਈ ਸਫਲ ਉਪਰਾਲਾ ਕੀਤਾ ਗਿਆ ਹੈ।ਉਨ੍ਹਾਂ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਮਹਿਲਾਵਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਉਹ ਆਪਣੀ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨਾਲ ਸਾਰਿਆਂ ਲਈ ਮਿਸਾਲ ਹਨ ਕਿ ਕਿਵੇਂ ਉਨ੍ਹਾਂ ਨੇ ਮਿਹਨਤ ਤੇ ਲਗਨ ਨਾਲ ਆਪਣੇ ਆਪ ਨੂੰ ਆਤਮਨਿਰਭਰ ਬਣਾਇਆ ਹੈ।ਵਿਧਾਇਕ ਰੰਧਾਵਾ ਨੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਔਰਤਾਂ ਦੇ ਸਸ਼ਕਤੀਕਰਨ ਲਈ ਕੀਤੇ ਯਤਨਾਂ ਦੀ ਸਰਾਹਨਾ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਗੁਰਦਾਸਪੁਰ ਵਿੱਚ ਕਰੀਬ 4800 ਸਵੈ ਸਹਾਇਤਾ ਗਰੁੱਪ ਕੰਮ ਕਰ ਰਹੇ ਹਨ, ਜਿਸ ਤੇ ਸਾਨੂੰ ਪੂਰਾ ਮਾਣ ਹੈ।ਇਸ ਮੌਕੇ ਗੱਲ ਕਰਦਿਆਂ ਚੇਅਰਮੈਨ ਜੋਬਨ ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਔਰਤਾਂ ਦੇ ਸਸ਼ਕਤੀਕਰਨ ਲਈ ਵਿਸ਼ੇਸ਼ ਉਦਮ ਕੀਤੇ ਗਏ ਹਨ ਅਤੇ ਔਰਤਾਂ ਨੂੰ ਅੱਗੇ ਵਧਣ ਲਈ ਪਲੇਟਫਾਰਮ ਮੁਹੱਈਆ ਕਰਵਾਇਆ ਗਿਆ ਹੈ।ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਅਤੇ ਚੇਅਰਮੈਨ ਜੋਬਨ ਰੰਧਾਵਾ ਵੱਲੋਂ ਮੇਲੇ ਵਿੱਚ ਘਰੇਲੂ ਸਮੱਗਰੀ ਸਾਮਾਨ, ਹੱਥੀਂ ਬਣਾਏ ਘਰੇਲੂ ਸਾਜ਼ੋ ਸਾਮਾਨ ਅਤੇ ਆਰਗੈਨਿਕ ਉਤਪਾਦ, ਆਚਾਰ, ਮੁਰੱਬੇ ਅਤੇ ਜੈਮ ਸਟਾਲ, ਮਹਿੰਦੀ, ਪਰਫਿਊਮ, ਕੈਂਡਲ ਸਟਾਲ, ਆਦਿ ਉਤਪਾਦਾਂ ਦੀ ਪ੍ਰਦਰਸ਼ਨੀ ਦਾ ਦੌਰਾ ਕੀਤਾ ਗਿਆ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਆਦਿੱਤਿਆ ਉੱਪਲ ਦੀ ਅਗਵਾਈ ਹੇਠ ਪੰਜਾਬ ਸਖੀ ਸ਼ਕਤੀ ਮੇਲਾ ਲਗਾਇਆ ਗਿਆ ਸੀ, ਜਿਸ ਵਿੱਚ ਗੁਰਦਾਸਪੁਰ ਵਾਸੀਆਂ ਵਲੋਂ ਮੇਲੇ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਖਰੀਦਦਾਰੀ ਕਰਕੇ ਔਰਤਾਂ ਦਾ ਹੌਸਲਾ ਹੋਰ ਮਜ਼ਬੂਤ ਕੀਤਾ ਹੈ।ਇਸ ਮੌਕੇ ਸਵੈ ਸਹਾਇਤਾ ਗਰੁੱਪ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਗੁਰਦਾਸਪੁਰ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਸੂਫੀ ਗਾਇਕ ਸੁਭਾਸ਼ ਸੂਫੀ, ਸਰਕਾਰੀ ਕਾਲਜ ਗੁਰਦਾਸਪੁਰ ਅਤੇ ਐੱਸ ਐੱਸ ਐੱਮ ਕਾਲਜ ਦੀਨਾਨਗਰ ਦੇ ਵਿਦਿਆਰਥੀ ਵਲੋਂ ਖੂਬਸੂਰਤ ਪੇਸ਼ਕਾਰੀ ਦਿੱਤੀ ਗਈ। ਇਸ ਮੌਕੇ ਪ੍ਰੋਫੈਸਰ ਰਾਜ ਕੁਮਾਰ ਸ਼ਰਮਾ, ਐੱਸਡੀਓ ਕੰਵਰਜੀਤ ਰੱਤੜਾ, ਕਰਨਬੀਰ ਸਿੰਘ ਫੰਕਸ਼ਨਲ ਮੈਨੇਜਰ, ਅਮਰਪਾਲ ਸਿੰਘ ਇੰਚਾਰਜ ਸੈਲਫ ਹੈਲਪ ਗਰੁੱਪ, ਪ੍ਰੋਫੈਸਰ ਪ੍ਰਬੋਧ ਗਰੋਵਰ, ਦਮਨਜੀਤ ਸਿੰਘ, ਵਰਿੰਦਰ ਸਿੰਘ, ਸ਼ਿਵ ਕੁਮਾਰ ਅਤੇ ਅਸ਼ੋਕ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ।



# 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ




**ਧਾਰੀਵਾਲ, (ਮਨਦੀਪ ਵਿੱਕੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਵਿਦਿਆ ਸਕੱਤਰ ਸ੍ਰ.ਸੁਖਮਿੰਦਰ ਸਿੰਘ ਵਿੱਦਿਆ ਸਕੱਤਰ ਦੀ ਸਰਪ੍ਰਸਤੀ ਹੇਠ ਅਤੇ ਕਾਲਜ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਦੀ ਅਗਵਾਈ ਅਧੀਨ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਹਰ ਸਾਲ ਵਾਂਗ 10+2 ਕਲਾਸ ਦੀ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 10+1 ਅਤੇ 10+2 ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕਰਦੇ ਹੋਏ ਵਿਦਿਆਰਥੀ ਵਰਗ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਜੁੜੇ ਰਹਿ ਕੇ ਭਵਿੱਖ ਵਿੱਚ ਬੁਲੰਦੀਆਂ ਨੂੰ ਛੂਹਣ ਦੀ ਗੱਲ ਵੀ ਆਖੀ।ਇਸ ਮੌਕੇ ਕਾਲਜ ਦੇ 10+2 ਕਲਾਸ ਦੇ ਹੁਸ਼ਿਆਰ ਅਤੇ ਅਨੁਸ਼ਾਸਨ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ ਤਾਂ ਕਿ ਹੋਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।10+2 ਦੇ ਵਿਦਿਆਰਥੀ ਗੁਰਨੂਰ ਸਿੰਘ, ਅੰਮ੍ਰਿਤਪਾਲ ਸਿੰਘ, ਜਗਰੂਪ ਸਿੰਘ, ਮੁਸਕਾਨ,ਸੁਖਦੀਪ ਕੌਰ ਅਤੇ ਕੋਮਲਪ੍ਰੀਤ ਕੌਰ ਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

15 Feb Page 4.qxd 2/14/2026 10:51 PM Page 1



## ਬਾਜਵਾ ਦੀ ਟਿੱਪਣੀ ਖ਼ਿਲਾਫ਼ 'ਆਪ' ਵੱਲੋਂ ਰੋਸ ਪ੍ਰਦਰਸ਼ਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)-** ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਵੱਲੋਂ ਬੈਂਡ ਵਾਜੇ ਸੰਬੰਧੀ ਕੀਤੀ ਗਈ ਟਿੱਪਣੀ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਇਸ ਨੂੰ ਦਲਿਤ ਵਿਰੋਧੀ ਸੋਚ ਕਰਾਰ ਦਿੰਦਿਆਂ ਪੂਰੇ ਪੰਜਾਬ ਵਿੱਚ ਕਾਂਗਰਸੀ ਆਗੂਆਂ ਦੇ ਘਰਾਂ ਅੱਗੇ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਹਨ।ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਬਿਆਨ ਸਮਾਜ ਵਿੱਚ ਵੰਡ ਪੈਦਾ ਕਰਦੇ ਹਨ ਤੇ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੇ ਜਾਣਗੇ। ਇਸੇ ਤਹਿਤ ਸ੍ਰੀ ਮੁਕਤਸਰ ਸਾਹਿਬ ਵਿੱਚ ਵੀ ਆਮ ਆਦਮੀ ਪਾਰਟੀ ਵੱਲੋਂ ਤਿੱਖਾ ਰੋਸ ਪ੍ਰਗਟਾਇਆ ਗਿਆ।ਕਾਂਗਰਸ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨਿਵਾਸ ਸਥਾਨ ਦੇ ਬਾਹਰ ਆਮ ਆਦਮੀ ਪਾਰਟੀ ਦੀ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ, ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਤੇ ਵੱਡੀ ਗਿਣਤੀ ਵਿੱਚ ਵਰਕਰ ਅਤੇ ਸਮਰਥਕ ਪਹੁੰਚੇ।



ਇਸ ਮੌਕੇ ਵਰਕਰਾਂ ਵੱਲੋਂ ਨਾਅਰੇਬਾਜ਼ੀ ਕਰਦਿਆਂ ਕਾਂਗਰਸ ਆਗੂਆਂ ਖ਼ਿਲਾਫ਼ ਕੜਾ ਰੋਸ ਜਤਾਇਆ ਗਿਆ ਤੇ ਮੰਗ ਕੀਤੀ ਗਈ ਕਿ ਪ੍ਰਤਾਪ ਸਿੰਘ ਬਾਜਵਾ ਆਪਣੇ ਬਿਆਨ ਲਈ ਸਰਵਜਨਕ ਤੌਰ 'ਤੇ ਮਾਫ਼ੀ ਮੰਗਣ। ਆਗੂਆਂ ਨੇ ਕਿਹਾ ਕਿ ਜੇਕਰ ਇਸ ਮਸਲੇ 'ਤੇ ਸਪੱਸ਼ਟੀਕਰਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਰੋਸ ਪ੍ਰਦਰਸ਼ਨ ਹੋਰ ਤੇਜ਼ ਕੀਤੇ ਜਾਣਗੇ। ਪ੍ਰਦਰਸ਼ਨ ਦੌਰਾਨ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ ਤੇ ਮਾਹੌਲ ਤਣਾਅਪੂਰਨ ਰਿਹਾ।ਆਮ ਆਦਮੀ ਪਾਰਟੀ ਦੇ ਆਗੂਆਂ ਨੇ ਕਿਹਾ ਕਿ ਸਮਾਜਿਕ ਸਨਮਾਨ ਤੇ ਬਰਾਬਰੀ ਲਈ ਉਨ੍ਹਾਂ ਦੀ ਲੜਾਈ ਜਾਰੀ ਰਹੇਗੀ।

## ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਹੁਨਰ ਤੇ ਕਲਾ ਨੂੰ ਹੋਰ ਨਿਖਾਰਨ ਦੀ ਲੋੜ : ਰਾਏ

### ਸਿੱਖਿਆ ਵਿਭਾਗ ਵੱਲੋਂ ਰਾਜ ਪੱਧਰੀ ਪ੍ਰਤਿਭਾ ਖੋਜ ਮੁਕਾਬਲੇ ਤੇ ਸੱਭਿਆਚਾਰਕ ਪ੍ਰੋਗਰਾਮ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-** ਸਿੱਖਿਆ ਵਿਭਾਗ ਪੰਜਾਬ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਦੇ ਗਿਆਨੀ ਜ਼ੈਲ ਸਿੰਘ ਆਡੀਟੋਰੀਅਮ ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਰਾਜ ਪੱਧਰੀ ਪ੍ਰਤਿਭਾ ਖੋਜ ਮੁਕਾਬਲੇ ਤੇ ਸੱਭਿਆਚਾਰਕ ਪ੍ਰੋਗਰਾਮ



ਕਰਵਾਇਆ ਗਿਆ।ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਅੰਦਰ ਲੁਕੇ ਹੋਏ ਹੁਨਰ ਨੂੰ ਉਭਾਰਨਾ ਅਤੇ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਪ੍ਰਗਟ ਕਰਨ ਲਈ ਮੰਚ ਮੁਹੱਈਆ ਕਰਵਾਉਣਾ ਸੀ।ਇਸ ਸਮਾਗਮ ਵਿੱਚ ਪੰਜਾਬ ਭਰ ਵਿੱਚੋਂ ਸਾਰੇ ਜ਼ਿਲ੍ਹਿਆਂ ਦੁਆਰਾ ਸ਼ਮੂਲੀਅਤ ਕੀਤੀ ਗਈ। ਇਸ ਪ੍ਰੋਗਰਾਮ ਮੌਕੇ ਪਹੁੰਚੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਸ਼ਮ੍ਹਾਂ ਰੌਸ਼ਨ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚੇ ਸਮਾਜ ਦਾ ਹੀ ਹਿੱਸਾ ਹਨ, ਸਾਡਾ ਫਰਜ਼ ਬਣਦਾ ਹੈ ਕਿ ਇਨ੍ਹਾਂ ਦੀ ਪ੍ਰਤਿਭਾ ਤੇ ਹੁਨਰ ਨੂੰ ਨਿਖਾਰਨ ਲਈ ਅਜਿਹੇ ਮੁਕਾਬਲੇ ਕਰਵਾਏ ਜਾਣੇ ਅਤਿ ਜ਼ਰੂਰੀ ਹਨ।ਉਨ੍ਹਾਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਿਖਲਾਈ ਤੇ ਪੜ੍ਹਾਈ ਕਰਵਾਉਣ ਵਾਲੇ ਅਧਿਆਪਕਾਂ ਨੂੰ ਅਜਿਹੇ ਬੱਚਿਆਂ ਦੇ ਹੁਨਰ ਅਤੇ ਕਲਾ ਨੂੰ ਹੋਰ ਨਿਖਾਰਨ ਲਈ ਮਿਹਨਤ ਕਰਵਾਉਣ ਦੇ ਜ਼ੋਰ ਦਿੱਤਾ। ਇਸ ਤੋਂ ਪਹਿਲਾਂ ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਜੀਤ ਕੌਰ ਨੇ ਦੱਸਿਆ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚੇ ਪਹਿਲਾਂ ਬਲਾਕ ਪੱਧਰ ਦੇ ਮੁਕਾਬਲਿਆਂ ਵਿੱਚ ਅੱਵਲ ਰਹੇ ਤੇ ਉਪਰੰਤ ਜ਼ਿਲ੍ਹਾ ਪੱਧਰ ਦੇ ਮੁਕਾਬਲਿਆਂ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਵੱਲੋਂ ਆਪਣੀ ਪ੍ਰਤਿਭਾ ਦਾ ਵਿਲੱਖਣ ਪ੍ਰਦਰਸ਼ਨ ਕਰਦੇ ਹੋਏ ਦਰਸ਼ਕਾਂ ਦਾ ਮਨ ਮੋਹ ਲਿਆ।ਸਮਾਗਮ 'ਚ ਉਚੇਚੇ ਤੌਰ 'ਤੇ ਪਹੁੰਚੇ ਹਰਿੰਦਰ ਸਿੰਘ ਬਧੌਛੀ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਲਈ 1 ਲੱਖ 75 ਹਜ਼ਾਰ ਰੁਪਏ ਦੇ ਨਕਦ ਇਨਾਮ ਦਿੱਤੇ।

## ਮਿੱਤਲ ਗਰੁੱਪ ਵੱਲੋਂ ਤਿਆਰ ਧਰਮਸ਼ਾਲਾ ਦਾ ਰਾਜਪਾਲ ਵੱਲੋਂ ਦੌਰਾ

**ਬਠਿੰਡਾ (ਪਰਵਿੰਦਰ ਜੀਤ ਸਿੰਘ)** ਸ੍ਰੀ ਗੁਲਾਬ ਚੰਦ ਕਟਾਰੀਆ ਵੱਲੋਂ ਮਿੱਤਲ ਗਰੁੱਪ ਵੱਲੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਵੰਦ ਕੁਮਾਰੀ ਮਿੱਤਲ ਪੇਸ਼ੈਂਟ ਸ਼ੈਲਟਰ ਹੋਮ (ਧਰਮਸ਼ਾਲਾ) ਦਾ ਵਿਸ਼ੇਸ਼ ਤੌਰ 'ਤੇ ਦੌਰਾ ਕੀਤਾ ਗਿਆ।ਇਸ ਮੌਕੇ ਜਿੱਥੇ ਉਨ੍ਹਾਂ ਮਿੱਤਲ ਪਰਵਾਰ ਵੱਲੋਂ ਕੀਤੇ ਵਿਸ਼ੇਸ਼ ਉਪਰਾਲੇ ਦੀ ਸ਼ਲਾਘਾ ਕੀਤੀ, ਉੱਥੇ ਇਸ



ਧਰਮਸ਼ਾਲਾ ਨਾਲ ਮਰੀਜ਼ਾਂ ਤੇ ਉਨ੍ਹਾਂ ਦੇ ਪਰਵਾਰ ਵਾਲਿਆਂ ਨੂੰ ਮਿਲਣ ਵਾਲੇ ਫਾਇਦੇ ਦਾ ਵੀ ਜ਼ਿਕਰ ਕੀਤਾ। ਦੌਰੇ ਦੌਰਾਨ ਮਿੱਤਲ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਰਾਜਿੰਦਰ ਮਿੱਤਲ ਤੋਂ ਇਲਾਵਾ ਡਿਪਟੀ ਕਮਿਸ਼ਨਰ ਬਠਿੰਡਾ, ਰਾਜੇਸ਼ ਧੀਮਾਨ, ਡੀਆਈਜੀ ਹਰਜੀਤ ਸਿੰਘ, ਜ਼ਿਲ੍ਹਾ ਪੁਲਿਸ ਮੁਖੀ ਡਾ. ਜਯੋਤੀ ਯਾਦਵ ਬੈਂਸ, ਏਮਜ਼ ਦੇ ਡਾਇਰੈਕਟਰ ਡਾ. ਰਤਨ ਗੁਪਤਾ, ਐਮਆਰਐਸਪੀਟੀਯੂ ਦੇ ਵੀਸੀ ਸੰਜੀਵ ਸ਼ਰਮਾ ਤੋਂ ਇਲਾਵਾ ਹੋਰ ਵੱਖ ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਵੀ ਸ਼ਾਮਲ ਸਨ। ਬਠਿੰਡਾ ਏਮਜ਼ ਹਸਪਤਾਲ ਦੇ ਮੁੱਖ ਗੇਟ 'ਤੇ ਬਣੀ ਧਰਮਸ਼ਾਲਾ ਵਿਖੇ ਪਹੁੰਚਣ 'ਤੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਹੋਰਾਂ ਦਾ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਰਾਜਿੰਦਰ ਮਿੱਤਲ ਅਤੇ ਜੁਆਇੰਟ ਮੈਨੇਜਿੰਗ ਡਾਇਰੈਕਟਰ ਕੁਸ਼ਲ ਮਿੱਤਲ ਤੋਂ ਇਲਾਵਾ ਹੋਰ ਪਰਵਾਰਕ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਉਪਰੰਤ ਰਾਜਪਾਲ ਕਟਾਰੀਆ ਵੱਲੋਂ ਧਰਮਸ਼ਾਲਾ ਅੰਦਰ ਸਥਿਤ ਕੰਟੀਨ, ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਦੇ ਠਹਿਰਣ ਲਈ ਬਣਾਏ ਗਏ ਕਮਰੇ, ਡੋਰਮੈਟਰੀ, ਰੈਸਟੋਰੈਂਟ ਹੋਰ ਵੱਖ-ਵੱਖ ਥਾਵਾਂ ਦਾ ਦੌਰਾ ਕੀਤਾ ਗਿਆ ਤੇ ਪ੍ਰਬੰਧਾਂ ਦੀ ਤਾਰੀਫ਼ ਕੀਤੀ। ਗਰੁੱਪ ਦੇ ਐਮਡੀ ਰਾਜਿੰਦਰ ਮਿੱਤਲ ਨੇ ਦੱਸਿਆ ਇਹ ਧਰਮਸ਼ਾਲਾ 13 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਹੈ। ਇਹ ਸੁਪਨਾ ਉਨ੍ਹਾਂ ਦੀ ਮਾਤਾ ਵੰਦ ਕੁਮਾਰੀ ਮਿੱਤਲ ਦਾ ਸੀ। ਉਨ੍ਹਾਂ ਦੱਸਿਆ ਕਿ ਧਰਮਸ਼ਾਲਾ ਦੇ ਅੰਦਰ 256 ਬੈੱਡਾਂ ਦਾ ਪ੍ਰਬੰਧ ਕੀਤਾ ਗਿਆ, ਜਿਸ 'ਚ ਏਸੀ ਅਤੇ ਨਾਨ ਏਸੀ 63 ਕਮਰੇ, 80 ਤੋਂ ਜ਼ਿਆਦਾ ਲੋਕਾਂ ਦੀ ਸਮਰੱਥਾ ਵਾਲੇ ਏਸੀ ਰੈਸਟੋਰੈਂਟ, ਵੇਟਿੰਗ ਰੂਮ ਤੋਂ ਇਲਾਵਾ ਇਥੇ ਠਹਿਰਨ ਵਾਲੇ ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਦਿੱਤੀ ਗਈ ਹੈ।

## ਸੈਂਟੀਨਲ ਸਕੂਲ ਦੇ ਖ਼ੁਸ਼ਗਵਾਰ ਮਾਹੌਲ 'ਚ ਗੁਜ਼ਾਰੇ ਸਮੇਂ ਨੇ ਭਾਵੁਕ ਕੀਤੇ ਵਿਦਿਆਰਥੀ

**ਸਮਰਾਲਾ (ਸੁਰਜੀਤ ਸਿੰਘ)** ਸੈਂਟੀਨਲ ਇੰਟਰਨੈਸ਼ਨਲ ਸਕੂਲ ਦੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਵਿਦਾਇਗੀ ਪਾਰਟੀ ਸਮੇਂ ਸਕੂਲ ਦੇ ਖ਼ੁਸ਼ਗਵਾਰ ਮਾਹੌਲ ਵਿੱਚ ਗੁਜ਼ਾਰੇ ਵਕਤ ਨੂੰ ਯਾਦ ਦਿਲਚਸਪ ਖੇਡਾਂ ਕਰਾਈਆਂ, ਜਿਸ ਦਾ ਬੱਚਿਆਂ ਨੇ ਖ਼ੂਬ ਅਨੰਦ ਮਾਣਿਆ। ਸਕੂਲ ਵੱਲੋਂ ਪਾਸ ਕਰਕੇ ਜਾ ਰਹੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਤੋਹਫ਼ਿਆਂ ਦੇ ਰੂਪ ਵਿੱਚ ਭੇਟ ਕੀਤੇ।ਵਿਦਾਇਗੀ ਮਿਹਨਤ ਦਾ ਕੋਈ ਬਦਲ ਨਹੀਂ ਹੈ। ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਜਿੱਥੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ, ਉੱਥੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਿਹਨਤ, ਲਗਨ ਤੇ ਦ੍ਰਿੜ੍ਹ



ਇਰਾਦੇ ਨਾਲ ਜ਼ਿੰਦਗੀ ਵਿੱਚ ਅੱਗੇ ਵਧਦੇ ਰਹਿਣ ਦੀ ਪ੍ਰੇਰਨਾ ਵੀ ਦਿੱਤੀ।ਸਕੂਲ ਦੇ ਸਾਰੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਸ਼ੁਭ-ਇੱਛਾਵਾਂ ਦਿੱਤੀਆਂ ਤੇ ਸਿੱਖਿਆ ਪ੍ਰਾਪਤ ਕਰਕੇ ਉੱਚ-

ਕਰਕੇ ਭਾਵੁਕ ਨਜ਼ਰ ਆਏ।ਸਕੂਲ ਵਿੱਚ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਦੀ ਅਗਵਾਈ ਵਿੱਚ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ।ਸਕੂਲ ਵੱਲੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਵੱਖ-ਵੱਖ ਮਨੋਰੰਜਕ ਖੇਡਾਂ ਕਰਾਈਆਂ ਗਈਆਂ ਅਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਬੱਚਿਆਂ ਨੇ ਖ਼ੂਬ ਰੰਗ ਬੰਨ੍ਹਿਆ ਤੇ ਰੌਣਕਾਂ ਲਾਈਆਂ।ਬੱਚਿਆਂ ਨੇ ਡਾਂਸ, ਬੋਲੀਆਂ, ਕਵਿਤਾਵਾਂ ਤੇ ਗੀਤ ਗਾ ਕੇ ਇਸ ਦਿਨ ਨੂੰ ਯਾਦਗਾਰ ਬਣਾਇਆ ਤੇ ਬੱਚਿਆਂ ਲਈ ਕਈ ਤਰ੍ਹਾਂ ਦੀਆਂ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਦੇ ਪ੍ਰਧਾਨ ਤੇ ਕਾਂਗਰਸ ਪਾਰਟੀ ਦੇ ਯੂਥ ਆਗੂ ਕਰਨਵੀਰ ਸਿੰਘ ਢਿੱਲੋਂ ਤੇ ਚੇਅਰਮੈਨ ਅੰਮ੍ਰਿਤਪਾਲ ਕੌਰ ਢਿੱਲੋਂ ਨੇ ਬੱਚਿਆਂ ਨੂੰ ਅਸ਼ੀਰਵਾਦ ਦਿੰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਅਤੇ ਕਿਹਾ ਕਿ ਜਿਸ ਤਰ੍ਹਾਂ ਉਨ੍ਹਾਂ ਸੈਂਟੀਨਲ ਇੰਟਰਨੈਸ਼ਨਲ ਸਕੂਲ 'ਚ ਮਿਹਨਤ ਕਰਕੇ ਨਾਮਣਾ ਖੱਟਿਆ ਹੈ, ਇਸੇ ਤਰ੍ਹਾਂ ਸਖ਼ਤ ਮਿਹਨਤ ਜਾਰੀ ਰੱਖਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿੱਚ ਸਫ਼ਲਤਾ ਹਾਸਲ ਕਾਰਨ ਲਈ ਸਖ਼ਤ ਅਹੁਦਿਆਂ ਤੱਕ ਪਹੁੰਚਣ ਦੀ ਕਾਮਨਾ ਕੀਤੀ। ਬੱਚਿਆਂ ਨੇ ਸਕੂਲ ਵਿੱਚ ਬਿਤਾਏ ਹੋਏ ਸਾਲਾਂ ਦਾ ਪੂਰਾ ਵਿਰਤਾਂਤ ਆਪਣੇ ਸ਼ਬਦਾਂ ਵਿੱਚ ਸੁਣਾਇਆ। ਸਕੂਲ ਦੀ ਚੋਣ ਕਮੇਟੀ ਨੇ ਬੱਚਿਆਂ ਦੀ ਪ੍ਰਫਾਰਮੈਂਸ ਦੇ ਅਧਾਰ 'ਤੇ ਦਕਸ਼ ਮਹਿੰਦਰੂ ਨੂੰ ਮਿਸਟਰ ਫੇਅਰਵੈਲ ਤੇ ਹਰਸ਼ਵੀਨ ਕੌਰ ਨੂੰ ਮਿਸ ਫੇਅਰਵੈਲ 2026 ਦੀ ਚੋਣ ਕੀਤੀ ਗਈ।ਅੰਤ ਪ੍ਰਿੰਸੀਪਲ ਡਾ. ਪੂਨਮ ਸ਼ਰਮਾ ਨੇ ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੇ ਹੋਏ ਸਭ ਨੂੰ ਇਸ ਦਿਨ ਦੀ ਬਹੁਤ-ਬਹੁਤ ਵਧਾਈ ਦਿੱਤੀ।

## ਸਰਕਾਰੀ ਸਕੂਲ ਗੋਬਿੰਦਪੁਰਾ ਵਿਖੇ ਐਮੀਨੈਂਟ ਐਕਸਪਰਟਾਂ ਵੱਲੋਂ ਸੈਮੀਨਾਰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-** ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਪੁਰਾ ਵਿਖੇ ਪ੍ਰਿੰਸੀਪਲ ਮਨਜੀਤ ਸਿੰਘ ਢੇਰਾ ਦੀ ਅਗਵਾਈ ਵਿੱਚ ਵਿਦਿਆਰਥੀਆਂ ਲਈ ਐਮੀਨੈਂਟ ਐਕਸਪਰਟਾਂ



ਦੁਆਰਾ ਸੈਮੀਨਾਰ ਕੀਤਾ ਗਿਆ। ਸੈਮੀਨਾਰ ਵਿੱਚ ਡਾ. ਅੰਜੂ ਬਾਲਾ ਤੇ ਸ਼੍ਰੀਮਤੀ ਭਾਵਨਾ ਬਾਂਸਲ ਵਿਸ਼ੇਸ਼ ਤੌਰ 'ਤੇ ਐਮੀਨੈਂਟ ਐਕਸਪਰਟ ਵਜੋਂ ਸ਼ਾਮਲ ਹੋਏ। ਸਟੇਜ ਦਾ ਸੰਚਾਲਨ ਕਰ ਰਹੇ ਡਾ. ਰਣਜੋਧ ਸਿੰਘ (ਲੈਕ. ਇਕਨੌਮਿਕਸ) ਨੇ ਮਹਿਮਾਨਾਂ ਨੂੰ 'ਜੀ ਆਇਆਂ ਨੂੰ' ਕਿਹਾ ਤੇ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਸਟਾਫ ਤੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਐਮੀਨੈਂਟ ਐਕਸਪਰਟਾਂ ਵੱਲੋਂ ਸਕੂਲ ਦੇ ਵਿਦਿਆਰਥੀਆਂ ਅੰਦਰ ਵਿਗਿਆਨਕ ਦ੍ਰਿਸ਼ਟੀਕੋਣ, ਰਚਨਾਤਮਕਤਾ, ਸਿਰਜਣਾਤਮਕਤਾ, ਨਵੀਨਤਾ ਪੈਦਾ ਕਰਨ ਤੇ ਸਮੇਂ ਦੀ ਸੁਯੋਗ ਵਰਤੋਂ ਕਰਕੇ ਭਵਿੱਖ ਬਣਾਉਣ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਬਾਰ੍ਹਵੀਂ ਉਪਰੰਤ ਉਚੇਰੀ ਸਿੱਖਿਆ ਤੇ ਇਸ ਨਾਲ ਮਿਲਣ ਵਾਲੇ ਰੁਜ਼ਗਾਰ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਗਈ। ਵਿਦਿਆਰਥੀਆਂ ਦੁਆਰਾ ਪੁੱਛੇ ਸਵਾਲਾਂ ਦੇ ਐਕਸਪਰਟਾਂ ਵੱਲੋਂ ਢੁੱਕਵੇਂ ਜਵਾਬ ਦਿੱਤੇ ਗਏ। ਸੈਮੀਨਾਰ ਦੇ ਅੰਤ 'ਚ ਆਏ ਹੋਏ ਐਮੀਨੈਂਟ ਐਕਸਪਰਟਾਂ ਦਾ ਚਰਨਜੀਤ ਸਿੰਘ (ਲੈਕਚਰਾਰ ਰਾਜਨੀਤੀ ਸ਼ਾਸਤਰ) ਨੇ ਧੰਨਵਾਦ ਕੀਤਾ। ਇਸ ਮੌਕੇ ਮਨਜੋਤ ਕੌਰ (ਲੈਕ. ਅੰਗਰੇਜ਼ੀ), ਗਲੋਰੀ (ਲੈਕ. ਗਣਿਤ), ਸੁਖਵਿੰਦਰ ਕੌਰ (ਲੈਕ. ਪੰਜਾਬੀ), ਵਿਪਨ ਕੁਮਾਰ (ਗਣਿਤ ਮਾਸਟਰ), ਜਗਜੀਤ ਸਿੰਘ (ਗਣਿਤ ਮਾਸਟਰ), ਜਰਨੈਲ ਸਿੰਘ (ਪੰਜਾਬੀ ਮਾਸਟਰ), ਵੋਕੇਸ਼ਨਲ ਟ੍ਰੇਨਰ ਮਮਤਾ ਭੰਡਾਰੀ ਤੇ ਰਾਜਪ੍ਰੀਤ ਕੌਰ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

## ਅਨੰਨਿਆ ਸਿੰਘ ਨੇ ਰਾਸ਼ਟਰੀ ਪੱਧਰ ਦੇ ਲੇਖ ਮੁਕਾਬਲੇ 'ਚ ਮਾਰੀ ਬਾਜ਼ੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)-** ਪੰਜਾਬੀ ਯੂਨੀਵਰਸਿਟੀ ਦੀ ਵਿਦਿਆਰਥਣ ਅਨੰਨਿਆ ਸਿੰਘ ਨੇ ਗਣਤੰਤਰ ਦਿਵਸ 2026 ਦੇ ਸਬੰਧ ਵਿੱਚ ਕਰਵਾਏ ਗਏ ਰਾਸ਼ਟਰੀ ਪੱਧਰ



ਦੇ ਲੇਖ ਮੁਕਾਬਲੇ 'ਸਵਤੰਤਰਤਾ ਕਾ ਮੰਤਰਾ-ਵੰਦੇ ਮਾਤਰਮ' ਵਿੱਚ ਪੂਰੇ ਭਾਰਤ ਵਿੱਚੋਂ 40ਵਾਂ ਰਨਰ-ਅੱਪ ਪੁਜ਼ੀਸ਼ਨ ਹਾਸਲ ਕੀਤੀ ਹੈ।ਜ਼ਿਕਰਯੋਗ ਹੈ ਕਿ ਅਨੰਨਿਆ ਸਿੰਘ ਯੂਨੀਵਰਸਿਟੀ ਦੇ ਹਿਊਮਨ ਜੈਨੇਟਿਕਸ ਵਿਭਾਗ ਵਿਖੇ ਬੀ ਐੱਸ-ਸੀ. (ਬਾਇਓਇੰਜੀਨੀਅਲ ਸਾਇੰਸਿਜ਼-ਹਿਊਮਨ ਜੈਨੇਟਿਕਸ) ਦੀ ਵਿਦਿਆਰਥਣ ਹੈ। ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਉਸ ਨੂੰ ਇਸ ਪ੍ਰਾਪਤੀ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਡਾ. ਜਗਦੀਪ ਸਿੰਘ ਨੇ ਇਸ ਮੌਕੇ ਉਸ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਵਿਦਿਆਰਥੀਆਂ ਦਾ ਰਾਸ਼ਟਰੀ ਪੱਧਰ 'ਤੇ ਅਜਿਹੇ ਵੱਕਾਰੀ ਮੁਕਾਬਲਿਆਂ ਵਿੱਚ ਸਥਾਨ ਹਾਸਲ ਕਰਨਾ ਯੂਨੀਵਰਸਿਟੀ ਲਈ ਮਾਣ ਵਾਲੀ ਗੱਲ ਹੈ।ਇਸ ਮੌਕੇ ਹਾਜ਼ਰ ਹਿਊਮਨ ਜੈਨੇਟਿਕਸ ਵਿਭਾਗ ਦੇ ਮੁਖੀ ਡਾ. ਪੁਨੀਤਪਾਲ ਸਿੰਘ ਨੇ ਵੀ ਵਿਦਿਆਰਥਣ ਦੀ ਇਸ ਸ਼ਲਾਘਾਯੋਗ ਪ੍ਰਾਪਤੀ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।

## ਜਵਾਹਰ ਨਵੋਦਿਆ ਵਿਖੇ ਪ੍ਰੇਰਣਾ ਉਤਸਵ ਮਨਾਇਆ

**ਮਾਨਸਾ (ਆਤਮਾ ਸਿੰਘ ਪਮਾਰ)** ਪੀ ਐੱਮ ਸ਼੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਫਫੜੇ ਭਾਈ ਕੇ ਵਿਖੇ ਪ੍ਰੇਰਣਾ ਉਤਸਵ-2026 ਮਨਾਇਆ ਗਿਆ, ਜਿਸ ਵਿੱਚ ਮਾਨਸਾ ਜ਼ਿਲ੍ਹੇ ਦੇ ਸਰਕਾਰੀ ਤੇ ਮਾਨਤਾ ਪ੍ਰਾਪਤ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸਮਾਗਮ ਦੇ ਸ਼ੁਰੂਆਤ 'ਚ ਪ੍ਰਿੰਸੀਪਲ ਕੁਸੁਮ ਗੁਪਤਾ ਵੱਲੋਂ ਹਾਜ਼ਰੀਨ ਦਾ ਸਵਾਗਤ ਕੀਤਾ ਗਿਆ ਤੇ ਬੱਚਿਆਂ ਨੂੰ ਸੰਖੇਪ 'ਚ ਪ੍ਰੇਰਣਾ ਉਤਸਵ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ ਗਈ। ਇਸ ਉਪਰੰਤ ਬੱਚਿਆਂ ਨੂੰ ਪ੍ਰੇਰਣਾ ਪ੍ਰੋਗਰਾਮ ਨਾਲ ਸਬੰਧਤ ਲਘੂ ਫਿਲਮ ਵੀ ਦਿਖਾਈ ਗਈ। ਪ੍ਰੇਰਣਾ ਪ੍ਰੋਗਰਾਮ ਅਧੀਨ ਬੱਚਿਆਂ ਨੇ ਪੋਸਟਰ ਬਣਾਉਣ, ਨਿਬੰਧ



ਰਚਨਾ (ਹਿੰਦੀ, ਪੰਜਾਬੀ, ਅੰਗਰੇਜ਼ੀ) 'ਚ ਭਾਗ ਲਿਆ। ਸਾਰੇ ਪ੍ਰਤੀਭਾਗੀਆਂ 'ਚੋਂ 15 ਮੁੰਡੇ ਤੇ 15 ਕੁੜੀਆਂ ਦੀ ਚੋਣ ਕੀਤੀ ਗਈ। ਇਸ ਉਪਰੰਤ ਬੱਚਿਆਂ ਦਾ ਇੰਟਰਵਿਊ ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਨਿਰਧਾਰਤ ਪੈਨਲ ਦੁਆਰਾ ਕੀਤਾ ਗਿਆ। ਸੁਰੇਸ਼ ਪਵਾਰ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ।

## ਰਕੇਸ਼ ਧਵਨ ਦੀ ਪਹਿਲੀ ਬਰਸੀ ਮੌਕੇ ਖ਼ੂਨ ਜਾਂਚ ਕੈਂਪ

**ਮਮਦੋਟ, (ਜਸਬੀਰ ਸਿੰਘ ਕੰਬੋਜ)** ਜ਼ਿੰਦਗੀ ਦਾ ਲੰਮਾ ਸਮਾਂ ਪੱਤਰਕਾਰਤਾ ਨੂੰ ਸਮਰਪਤ ਰਹੇ ਸਵ: ਰਾਕੇਸ਼ ਧਵਨ ਦੀ ਪਹਿਲੀ ਬਰਸੀ ਮੌਕੇ ਉਨ੍ਹਾਂ ਦੇ ਸਪੁੱਤਰ



ਵਰੁਣਦੀਪ ਧਵਨ, ਹੇਮਨ ਧਵਨ ਤੇ ਸਮੂਹ ਪਰਵਾਰ ਵੱਲੋਂ ਉਨ੍ਹਾਂ ਦੀ ਮਿੱਠੀ ਯਾਦ ਵਿੱਚ ਮੁਫ਼ਤ ਖ਼ੂਨ ਜਾਂਚ ਕੈਂਪ 14 ਫਰਵਰੀ ਨੂੰ ਦਫਤਰ ਜੱਗਬਾਣੀ (ਸਾਹਮਣੇ ਸੋਢੀ ਮਾਰਕੀਟ) ਮੇਨ ਰੋਡ ਮਮਦੋਟ ਵਿਖੇ ਲਾਇਆ ਜਾ ਰਿਹਾ ਹੈ।ਉਨ੍ਹਾਂ ਦੇ ਸਪੁੱਤਰ ਹੇਮਨ ਧਵਨ ਨੇ ਦੱਸਿਆ ਕਿ ਇਸ ਕੈਂਪ ਵਿੱਚ ਟਾਈਫਾਈਡ, ਮਲੇਰੀਆ, ਇੰਨਫੈਕਸ਼ਨ, ਸ਼ੂਗਰ, ਸੀ.ਬੀ.ਸੀ. ਆਦਿ ਕਈ ਤਰ੍ਹਾਂ ਦੇ ਟੈੱਸਟ ਮੁਫਤ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਕੈਂਪ ਦੌਰਾਨ ਅਤੁਟ ਲੰਗਰ ਵੀ ਵਰਤੇਗਾ।

## ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੀ ਗਿਆਰ੍ਹਵੀਂ ਸੂਚੀ ਜਾਰੀ

**ਸੰਗਰੂਰ (ਪ੍ਰਵੀਨ ਸਿੰਘ)** ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਵੱਲੋਂ ਮੈਡਮ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਸਾਬਕਾ ਮੈਂਬਰ ਪੰਜਾਬ ਰਾਜ ਅਨੁਸੂਚਿਤ ਜਾਤੀਆਂ



ਕਮਿਸ਼ਨ, ਚੰਡੀਗੜ੍ਹ (ਪੰਜਾਬ ਸਰਕਾਰ) ਦੀ ਅਨੁਮਤੀ ਸਾਲ 2026 ਲਈ ਪੰਜਾਬ ਯੂਥ ਵਿੰਗ ਦੇ ਸੂਬੇ ਅੰਦਰ 31 ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ, ਡਾ ਕ੍ਰਿਸ਼ਨ ਸਿੰਘ ਖੇੜੀ ਦਿਹਾਤੀ ਸੰਗਰੂਰ, ਮਨੋਜ ਕੁਮਾਰ ਤਨਵਰ ਸ਼ਹਿਰੀ ਸੰਗਰੂਰ, ਜੋਨੀ ਕੁਮਾਰ ਪਾਤੜਾ ਦਿਹਾਤੀ ਪਟਿਆਲਾ, ਰੋਹਨ ਕੁਮਾਰ ਪਟਿਆਲਾ ਸ਼ਹਿਰੀ, ਆਕਾਸ਼ਦੀਪ ਸਿੰਘ ਮਲੇਰਕੋਟਲਾ, ਮਨੀਸ਼ ਬਾਂਸਲ ਬਰਨਾਲਾ, ਜਗਦੀਪ ਸਿੰਘ ਬੁੱਕਣ ਵਾਲਾ ਫਿਰੋਜ਼ਪੁਰ, ਰਵਿੰਦਰ ਸਿੰਘ ਸਰਪੰਚ ਖਾਨ ਖਾਨਾ ਐਸ ਬੀ ਐਸ ਨਗਰ ਨਵਾਂਸ਼ਹਿਰ, ਮਨਪ੍ਰੀਤ ਸਿੰਘ ਬੁੱਟਰ ਗੁਰਦਾਸਪੁਰ, ਸ਼ਾਲੂ ਭੱਟੀ ਕੌਂਸਲਰ ਪਠਾਨਕੋਟ, ਡਾ ਚਮਕੌਰ ਸਿੰਘ, ਸ੍ਰੀ ਪ੍ਰਵੀਨ ਚੌਧਰੀ ਰਾਮਕੋਟ ਫਾਜ਼ਿਲਕਾ, ਸੁਖਜੀਵਨ ਸਿੰਘ ਮੋਗਾ, ਰੱਜਾ ਸਿੰਘ ਤਰਨਤਾਰਨ, ਗਗਨਦੀਪ ਸਿੰਘ ਗੁਰਧਨਪੁਰ ਸ੍ਰੀ ਫ਼ਤਿਹਗੜ੍ਹ ਸਾਹਿਬ, ਸ੍ਰੀ ਵਿਨੇ ਘਈ ਲੁਧਿਆਣਾ ਸ਼ਹਿਰੀ, ਜਸਵਿੰਦਰ ਸਿੰਘ ਝਮਟ ਪੁਲਿਸ ਜ਼ਿਲ੍ਹਾ ਖੰਨਾ, ਅਮਨਦੀਪ ਕੌਰ ਚੱਕ ਭਾਈਕਾ ਲੁਧਿਆਣਾ ਦਿਹਾਤੀ, ਅਰਜੁਨ ਕੁਮਾਰ ਕਪੂਰਥਲਾ, ਸੋਨੂ ਮਸੀਹ ਐਸ ਏ ਐਸ ਨਗਰ ਮੋਹਾਲੀ, ਬਲਰਾਜ ਬਾਂਸਲ ਮਾਨਸਾ, ਮਹੇਸ਼ ਕੁਮਾਰ ਬਠਿੰਡਾ ਸ਼ਹਿਰੀ, ਲਵਪ੍ਰੀਤ ਸਿੰਘ ਕਰਮਗੜ੍ਹ ਸਤਰਾ ਦਿਹਾਤੀ ਬਠਿੰਡਾ, ਰੌਸ਼ਨ ਲਾਲ ਬਡਲਾ ਹੁਸ਼ਿਆਰਪੁਰ ਦਿਹਾਤੀ, ਰਜਨੀ ਬਾਲਾ ਮਾਹਲਪੁਰ ਹੁਸ਼ਿਆਰਪੁਰ ਸ਼ਹਿਰੀ, ਭਜਨ ਸਿੰਘ ਰੋਪੜ, ਗੁਰਜੰਟ ਪਾਲ ਸ਼੍ਰੀ ਅੰਮ੍ਰਿਤਸਰ ਸ਼ਹਿਰੀ, ਪ੍ਰਕਾਸ਼ ਸਿੰਘ ਸ਼੍ਰੀ ਅੰਮ੍ਰਿਤਸਰ ਦਿਹਾਤੀ, ਰਵੀਪਾਲ ਸਿੰਘ ਜਲੰਧਰ ਸ਼ਹਿਰੀ, ਅਭਿਸ਼ੇਕ ਜਲੰਧਰ ਦਿਹਾਤੀ ਤੇ ਜਸਕਰਨ ਸਿੰਘ ਸ਼੍ਰੀ ਮੁਕਤਸਰ ਸਾਹਿਬ ਨਿਯੁਕਤ ਕੀਤਾ ਗਿਆ।ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਸਮਾਜ ਸੇਵਾ ਦਾ ਜਜ਼ਬਾ ਰੱਖਣ ਵਾਲੇ ਸਾਥੀਆਂ ਨੂੰ ਮਿਸ਼ਨ 'ਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

## ਚੌਥਾ ਦਮਦਮਾ ਸਾਹਿਬ ਸਾਹਿਤਕ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ

**ਤਲਵੰਡੀ ਸਾਬੋ (ਜਗਦੀਪ ਗਿੱਲ)-** ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਵਿਖੇ ਮਾਣਯੋਗ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ, ਸੋਸ਼ਲ ਸਾਇੰਸਜ਼ ਵਿਭਾਗ ਤੇ ਕੈਂਪਸ ਸਾਹਿਤ ਸਭਾ ਵੱਲੋਂ ਆਯੋਜਿਤ ਚੌਥੇ ਦਮਦਮਾ ਸਾਹਿਬ ਸਾਹਿਤਕ ਮੇਲੇ ਦੇ ਤੀਜੇ ਤੇ ਆਖਰੀ ਦਿਨ ਦੀ ਸ਼ੁਰੂਆਤ ਮਾਸਟਰ ਰੇਵਤੀ ਪ੍ਰਸ਼ਾਦ ਤੇ ਉਨ੍ਹਾਂ ਦੇ ਸਾਥੀਆਂ ਦੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਭਾਗ ਲਿਆ।ਇਨ੍ਹਾਂ ਬੈਠਕਾਂ ਦੇ ਸੂਤਰਧਾਰ ਮੁਖੀ ਸੋਸ਼ਲ ਸਾਇੰਸਜ਼ ਵਿਭਾਗ ਡਾ. ਬਲਦੇਵ ਸਿੰਘ ਸ਼ੇਰਗਿੱਲ ਰਹੇ।ਵਿਦਾਇਗੀ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਵਜੋਂ ਕੈਂਪਸ ਡਾਇਰੈਕਟਰ ਪ੍ਰੋਫੈਸਰ ਅਮਨਦੀਪ ਸਿੰਘ ਸ਼ਾਮਲ ਹੋਏ।ਇਸ ਦੌਰਾਨ ਵਿਦਾਇਗੀ ਭਾਸ਼ਣ ਡਾ. ਸਵਰਾਜਵੀਰ ਸਿੰਘ ਸਾਬਕਾ ਐਡੀਟਰ ਪੰਜਾਬੀ ਟ੍ਰਿਬਿਊਨ ਤੇ ਪ੍ਰਸਿੱਧ ਸਾਹਿਤਕਾਰ ਵੱਲੋਂ ਪੇਸ਼ ਕੀਤਾ ਗਿਆ।ਉਨ੍ਹਾਂ ਆਪਣੇ ਸੰਬੋਧਨ ਵਿੱਚ





ਕਿਹਾ ਕਿ ਦਮਦਮਾ ਸਾਹਿਬ ਸਾਹਿਤਕ ਮੇਲਾ ਕੇਵਲ ਇੱਕ ਸਮਾਰੋਹ ਨਹੀਂ, ਸਗੋਂ ਇਹ ਵਿਚਾਰਾਂ ਦੀ ਸਾਂਝ ਤੇ ਸੰਵਾਦ ਦਾ ਮੰਚ ਹੈ, ਜੋ ਪੰਜਾਬੀ ਸਾਹਿਤ ਨੂੰ ਨਵਾਂ ਆਕਾਸ਼ ਦਿੰਦਾ ਹੈ।ਅੱਜ ਦੀਆਂ ਬੈਠਕਾਂ ਦਾ ਸੰਚਾਲਨ ਡਾ. ਸੁਖਦੀਪ ਕੌਰ ਤੇ ਡਾ. ਸੁਖਵਿੰਦਰ ਕੌਰ ਨੇ ਕੀਤਾ।ਮੇਲੇ ਦੇ ਤਿੰਨ ਦਿਨਾਂ ਦੌਰਾਨ ਹੋਈਆਂ ਸਾਹਿਤਕ ਸਰਗਰਮੀਆਂ ਦੀ ਰਿਪੋਰਟ ਡਾ. ਭਾਵਨਾ ਸ਼ਰਮਾ ਵੱਲੋਂ ਪੇਸ਼ ਕੀਤੀ ਗਈ।ਭਾਸ਼ਾਵਾਂ ਵਿਭਾਗ ਦੇ ਪ੍ਰੋਫੈਸਰ ਸੁਸ਼ੀਲ ਕੁਮਾਰ ਨੇ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੇਲੇ ਦੀ ਸਫਲਤਾ ਸਾਰੇ ਅਧਿਆਪਕਾਂ, ਵਿਦਿਆਰਥੀਆਂ ਤੇ ਸਾਹਿਤਕ ਪ੍ਰੇਮੀਆਂ ਦੀ ਸਾਂਝੀ ਮਿਹਨਤ ਦਾ ਨਤੀਜਾ ਹੈ।ਕਿਤਾਬਾਂ ਦੀਆਂ ਸਟਾਲਾਂ ਖਿੱਚ ਦਾ ਕੇਂਦਰ ਬਣੀਆਂ ਰਹੀਆਂ।ਅੰਤ ਵਿੱਚ ਕੈਂਪਸ ਦੀ ਟੀਮ ਵੱਲੋਂ ਲੋਕ-ਨਾਚ ਗਿੱਧਾ ਤੇ ਭੰਗੜਾ ਪੇਸ਼ ਕੀਤਾ ਗਿਆ।ਇਸ ਤਰ੍ਹਾਂ ਚੌਥਾ ਦਮਦਮਾ ਸਾਹਿਬ ਸਾਹਿਤਕ ਮੇਲਾ ਪੂਰੀ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ।

ਕਵੀਸ਼ਰੀ ਗਾਇਨ ਨਾਲ ਹੋਈ।ਮੇਲੇ ਦੇ ਕੋਆਡੀਨੇਟਰ ਡਾ. ਅਮਨਦੀਪ ਸਿੰਘ ਸੇਖੋਂ ਤੇ ਡਾ. ਮਨਮਿੰਦਰ ਕੌਰ ਨੇ ਅੱਜ ਦੀਆਂ ਗਤੀਵਿਧੀਆਂ ਬਾਰੇ ਜਾਣੂੰ ਕਰਵਾਇਆ।ਡਾ. ਸੰਦੀਪ ਰਾਣਾ ਮੁਖੀ ਭਾਸ਼ਾਵਾਂ ਵਿਭਾਗ ਨੇ ਆਏ ਹੋਏ ਬੁਲਾਰਿਆਂ ਦਾ ਨਿੱਘਾ ਸਵਾਗਤ ਕੀਤਾ।ਤੀਸਰੇ ਦਿਨ ਦੇ ਪਹਿਲੇ ਸੈਸ਼ਨ ਦੌਰਾਨ ਮੁੱਖ ਬੁਲਾਰੇ ਵਜੋਂ ਰਿਤਿਕਾ ਖੇੜਾ ਪ੍ਰੋਫੈਸਰ ਆਈਆਈਟੀ ਦਿੱਲੀ ਨੇ ਸ਼ਿਰਕਤ ਕੀਤੀ।ਦੂਸਰੀ ਬੈਠਕ ਸਰਗਮ 'ਚ ਮੁੱਖ ਬੁਲਾਰੇ ਵਜੋਂ ਡਾ. ਰਮਿੰਦਰ ਸਿੰਘ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਰੀਜਨਲ ਸੈਂਟਰ ਬਠਿੰਡਾ, ਡਾ. ਨੀਤੂ ਅਰੋੜਾ ਯੂਨੀਵਰਸਿਟੀ ਕਾਲਜ ਘੁੱਦਾ, ਸੈਮ ਗੁਰਵਿੰਦਰ ਸਰਕਾਰੀ ਮਿਡਲ ਸਕੂਲ ਸਾਧੂਵਾਲਾ ਤੇ ਕੰਵਲਜੀਤ ਸਿੰਘ

## ਢਿੱਲੋਂ ਪਿਓ-ਪੁੱਤ ਜੋੜੀ ਨੇ ਮਜੀਠੀਆ ਨਾਲ ਕੀਤੀ ਮੁਲਾਕਾਤ

**ਬਾਘਾ ਪੁਰਾਣਾ (ਮਨੀ ਸਿੰਗਲਾ)-** ਸਾਬਕਾ ਕੈਬਨਿਟ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਅਦਾਲਤ ਵੱਲੋਂ ਜ਼ਮਾਨਤ ਮਿਲਣ ਤੋਂ ਬਾਅਦ ਅਕਾਲੀ ਦਲ ਦੇ ਵਰਕਰਾਂ ਤੇ ਆਗੂਆਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ।ਇਸੇ ਕੜੀ ਤਹਿਤ ਗੁਰਮੇਲ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਸਪੁੱਤਰ ਸਾਬਕਾ ਪ੍ਰਧਾਨ ਐੱਸ.ਓ.ਆਈ. ਗੁਰਦਿੱਤ ਸਿੰਘ ਢਿੱਲੋਂ ਨੇ ਮਜੀਠੀਆ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਦਿਲੋਂ ਵਧਾਈ



ਦਿੱਤੀ।ਮੁਲਾਕਾਤ ਦੌਰਾਨ ਗੁਰਮੇਲ ਸਿੰਘ ਢਿੱਲੋਂ ਤੇ ਗੁਰਦਿੱਤ ਸਿੰਘ ਢਿੱਲੋਂ ਨੇ ਕਿਹਾ ਕਿ ਮਜੀਠੀਆ ਨੂੰ ਮਿਲੀ ਜ਼ਮਾਨਤ ਇਨਸਾਫ਼ ਪ੍ਰਣਾਲੀ ਤੇ ਲੋਕਾਂ ਦੇ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦੀ ਹੈ।ਉਨ੍ਹਾਂ ਆਖਿਆ ਕਿ ਮਜੀਠੀਆ ਹਮੇਸ਼ਾ ਹੀ ਪੰਜਾਬ ਦੇ ਹੱਕਾਂ ਤੇ ਪੰਥਕ ਮਸਲਿਆਂ ਲਈ ਡੱਟ ਕੇ ਲੜਦੇ ਰਹੇ ਹਨ ਤੇ ਇਹ ਜ਼ਮਾਨਤ ਸੱਚ ਦੀ ਜਿੱਤ ਦਾ ਪ੍ਰਤੀਕ ਹੈ।ਗੁਰਦਿੱਤ ਸਿੰਘ ਢਿੱਲੋਂ ਨੇ ਕਿਹਾ ਕਿ ਮਜੀਠੀਆ ਦੀ ਰਿਹਾਈ ਨਾਲ ਪਾਰਟੀ ਦੇ ਵਰਕਰਾਂ ਵਿੱਚ ਨਵਾਂ ਜੋਸ਼ ਪੈਦਾ ਹੋਇਆ ਹੈ ਤੇ ਆਉਣ ਵਾਲੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤੀ ਮਿਲੇਗੀ।ਇਸ ਮੌਕੇ ਮਜੀਠੀਆ ਨੇ ਗੁਰਮੇਲ ਸਿੰਘ ਢਿੱਲੋਂ ਤੇ ਗੁਰਦਿੱਤ ਸਿੰਘ ਢਿੱਲੋਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਤੇ ਪੰਜਾਬ ਦੀ ਸੇਵਾ ਲਈ ਪਹਿਲਾਂ ਵਾਂਗ ਹੀ ਵਚਨਬੱਧ ਰਹਿਣਗੇ।ਮੁਲਾਕਾਤ ਦੇ ਅੰਤ 'ਤੇ ਦੋਵਾਂ ਪਾਸਿਆਂ ਵੱਲੋਂ ਇਕਜੁੱਟ ਹੋ ਕੇ ਪਾਰਟੀ ਨੂੰ ਮਜ਼ਬੂਤ ਕਰਨ ਤੇ ਆਉਣ ਵਾਲੀਆਂ ਚੁਣੌਤੀਆਂ ਦਾ ਡੱਟ ਕੇ ਮੁਕਾਬਲਾ ਕਰਨ ਦਾ ਸੰਕਲਪ ਦੁਹਰਾਇਆ ਗਿਆ।

## 'ਚਾਂਦਨੀ ਚੌਕ ਤੋਂ ਸਰਹਿੰਦ ਤੱਕ' ਨਾਟਕ ਦੀ ਸਫ਼ਲ ਪੇਸ਼ਕਾਰੀ

**ਸਮਰਾਲਾ (ਸੁਰਜੀਤ ਸਿੰਘ)-** ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਰਹਿਨੁਮਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ



ਦਿਹਾੜੇ ਨੂੰ ਸਮਰਪਤ ਨਾਟਕ ਚਾਂਦਨੀ ਚੌਕ ਤੋਂ ਸਰਹਿੰਦ ਤੱਕ ਦਾ ਸਫਲ ਮੰਚਨ ਕਰਵਾਇਆ ਗਿਆ।ਨਾਟਕ ਦੀ ਪੇਸ਼ਕਾਰੀ 'ਅਕਸ ਰੰਗਮੰਚ ਸਮਰਾਲਾ' ਵੱਲੋਂ ਉੱਘੇ ਨਾਟਕਕਾਰ ਰਾਜਵਿੰਦਰ ਸਮਰਾਲਾ ਦੀ ਨਿਰਦੇਸ਼ਨਾਂ ਹੇਠ, ਉਸ ਦੇ ਕਲਾਕਾਰਾਂ ਦੀ ਟੀਮ ਵੱਲੋਂ ਕੀਤੀ ਗਈ।ਨਾਟਕ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਅਟੱਲ ਆਸਥਾ, ਬੇਮਿਸਾਲ ਹੌਸਲੇ ਤੇ ਅਡਿੱਗ ਧਰਮ ਨਿਭਾਉ ਨੂੰ ਬਹੁਤ ਹੀ ਭਾਵਪੂਰਨ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਣਬੀਰ ਸਿੰਘ ਸਹਾਰਨ ਮਾਜਰਾ ਮੁੱਖ ਮਹਿਮਾਨ ਵਜੋਂ ਤੇ ਸੁਖਮਿੰਦਰ ਸਿੰਘ (ਸੈਕਟਰੀ ਵਿੱਦਿਆ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਮੁੱਖ ਮਹਿਮਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਲਜ ਵੱਲੋਂ ਕੀਤਾ ਗਿਆ ਇਹ ਉਪਰਾਲਾ ਕਾਬਿਲ-ਏ-ਤਾਰੀਫ਼ ਹੈ, ਕਿਉਂਕਿ ਨਾਟਕ ਇੱਕ ਮਜ਼ਬੂਤ ਸਾਧਨ ਹੈ, ਜਿਸ ਨਾਲ ਨੌਜਵਾਨ ਪੀੜ੍ਹੀ ਨੂੰ ਆਪਣੇ ਧਾਰਮਿਕ ਤੇ ਇਤਿਹਾਸਕ ਵਿਰਸੇ ਨਾਲ ਜੋੜਿਆ ਜਾ ਸਕਦਾ ਹੈ।ਸੁਖਮਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਕਾਰਜ ਸਮਾਜ ਵਿੱਚ ਨੈਤਿਕਤਾ, ਸਹਿਨਸ਼ੀਲਤਾ ਤੇ ਧਾਰਮਿਕ ਸਾਂਝ ਨੂੰ ਮਜ਼ਬੂਤ ਕਰਦੇ ਹਨ।ਨਾਟਕ ਦੇ ਮੰਚਨ ਤੋਂ ਬਾਅਦ ਕਲਾਕਾਰਾਂ ਦਾ ਸਨਮਾਨ ਕੀਤਾ ਗਿਆ।ਐਡੀਸ਼ਨਲ ਆਨਰੇਰੀ ਸਕੱਤਰ ਹਰਜਿੰਦਰ ਸਿੰਘ ਬਾਜਵਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਨਾਟਕ ਨੂੰ ਦੇਖਣ ਲਈ ਇਲਾਕੇ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ, ਅਧਿਆਪਕ, ਪਿੰਡਾਂ ਦੇ ਸਰਪੰਚ, ਪੰਚ ਤੇ ਸੰਗਤ ਵੱਡੀ ਗਿਣਤੀ ਵਿੱਚ ਮੌਜੂਦ ਰਹੀ।ਕਈ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ।ਡਾ. ਅਮਨਪ੍ਰੀਤ ਕੌਰ ਕੰਗ ਨੇ ਮੰਚ ਸੰਚਾਲਨ ਦੀ ਭੂਮਿਕਾ ਬਹੁਤ ਸੁਚੱਜੇ ਢੰਗ ਨਾਲ ਨਿਭਾਈ।

## ਸਰਕਾਰੀ ਸਕੂਲਾਂ 'ਚ ਦਾਖਲਾ ਵਧਾਉਣ ਸੰਬੰਧੀ ਕੱਢੀ ਰੈਲੀ

**ਬਰੇਟਾ (ਰੀਤਵਾਲ)-** ਨੇੜਲੇ ਪਿੰਡ ਸਿਰਸੀਵਾਲਾ ਵਿਖੇ ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਦੇ ਦਾਖਲੇ ਨੂੰ ਵਧਾਉਣ ਸਬੰਧੀ ਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਸਰਕਾਰੀ ਪ੍ਰਾਇਮਰੀ ਸਕੂਲ ਸਿਰਸੀਵਾਲਾ ਤੇ ਸਰਕਾਰੀ ਹਾਈ ਸਕੂਲ ਦਿਆਲਪੁਰਾ ਨੇ ਸਾਂਝੇ ਰੂਪ ਵਿੱਚ ਸਰਪੰਚ ਨਿਸ਼ਾਨ ਸਿੰਘ, ਹੈੱਡ ਮਿਸਟ੍ਰੈੱਸ ਅਨੀਤਾ



ਰਾਣੀ ਤੇ ਹੈੱਡ ਟੀਚਰ ਰਾਕੇਸ਼ ਕੁਮਾਰ ਦੀ ਅਗਵਾਈ ਹੇਠ ਰੈਲੀ ਕੱਢੀ।ਇਸ ਰੈਲੀ 'ਚ ਸਕੂਲ ਦੇ ਐੱਸ ਐੱਮ ਸੀ ਮੈਂਬਰਾਂ ਤੇ ਨਗਰ ਪੰਚਾਇਤ ਨੇ ਭਾਗ ਲਿਆ।ਇਸ ਰੈਲੀ ਦੌਰਾਨ ਅਨੀਤਾ ਰਾਣੀ ਤੇ ਮਹਿੰਦਰ ਪਾਲ ਬਰੇਟਾ ਨੇ ਦੱਸਿਆ ਕਿ ਸਕੂਲ ਵਿੱਚ ਮਿਹਨਤੀ ਤੇ ਤਜਰਬੇਕਾਰ ਸਟਾਫ਼, ਪੰਜਾਬੀ ਤੇ ਅੰਗ੍ਰੇਜ਼ੀ ਮਾਧਿਅਮ, ਕਲਾਸਰੂਮਾਂ ਵਿੱਚ ਪ੍ਰੋਜੈਕਟਰ ਤੇ ਆਧੁਨਿਕ ਸਹੂਲਤਾਂ ਵਾਲੀਆਂ ਲੈਬਾਂ ਮੌਜੂਦ ਹਨ। ਇਸ ਰੈਲੀ ਦਾ ਮੁੱਖ ਮੰਤਵ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਦਾਖਲ ਕਰਵਾਉਣ ਲਈ ਪ੍ਰੇਰਿਤ ਕਰਨਾ ਹੈ।ਉਨ੍ਹਾਂ ਕਿਹਾ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ 'ਚ ਦਾਖਲ ਕਰਾਉਣਾ ਚਾਹੀਦਾ ਹੈ ਤੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਲਾਭ ਲੈਣਾ ਚਾਹੀਦਾ ਹੈ। ਵਿਦਿਆਰਥੀਆਂ ਵੱਲੋਂ ਹੱਥਾਂ 'ਚ ਲੋਗੋ ਲੈ ਕੇ ਸਰਕਾਰ ਵੱਲੋਂ ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਨਾਹਰੇ ਲਾਉਂਦੇ ਹੋਏ ਆਮ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ। ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਸਾਰੇ ਨਗਰ ਦਾ ਚੱਕਰ ਲਗਾ ਕੇ ਇਸ ਰੈਲੀ ਨੂੰ ਸਕੂਲ ਵਿਖੇ ਸਮਾਪਤ ਕੀਤਾ ਗਿਆ।ਇਸ ਮੌਕੇ ਪ੍ਰਿੰਸ ਪਾਲ, ਮੱਘਰ ਸਿੰਘ ਖਾਲਸਾ, ਗੁਰਦੀਪ ਸਿੰਘ, ਸੁਮਨ, ਸੋਨਾਲੀ ਕੱਕੜ ਤੇ ਦੋਹਾਂ ਸਕੂਲਾਂ ਦਾ ਸਟਾਫ ਬੱਚਿਆਂ ਦੇ ਨਾਲ ਸੀ।

## ਫਾਸਟ ਫੂਡ ਬਣੇ ਬੱਚਿਆਂ ਦੀ ਜਾਨ ਦਾ ਖ਼ਤਰਾ : ਸਿਹਤ ਮਾਹਰ


**ਮਾਨਸਾ (ਰੀਤਵਾਲ)** ਸ਼ਹਿਰਾਂ ਦੇ ਨਾਲ-ਨਾਲ ਮੰਡੀਆਂ ਤੇ ਪਿੰਡਾਂ 'ਚ ਫਾਸਟ ਫੂਡ ਖਾਣ ਦਾ ਸ਼ੌਕ ਵਧਦਾ ਹੀ ਜਾ ਰਿਹਾ ਹੈ।ਰੈਸਟੋਰੈਂਟ ਜਾਂ ਫਾਸਟ ਫੂਡ ਕਾਰਨਰ 'ਚ ਹਰ ਉਮਰ ਦੇ ਲੋਕ ਭਾਰੀ ਗਿਣਤੀ 'ਚ ਦੇਖੇ ਜਾ ਸਕਦੇ ਹਨ।ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦਾ ਹਰ ਵਿਅਕਤੀ ਫਾਸਟ ਫੂਡ ਖਾਣ ਲੱਗਾ ਹੈ।ਜੇਕਰ ਇਹ ਕਦੇ-ਕਦਾਈਂ ਖਾ ਲਿਆ ਜਾਵੇ ਤਾਂ ਇਸ ਨਾਲ ਸਿਹਤ ਨੂੰ ਕੋਈ ਨੁਕਸਾਨ ਨਹੀਂ ਹੁੰਦਾ, ਪਰ ਹਰ ਰੋਜ਼ ਇਸ ਨੂੰ ਖਾਣ ਨਾਲ ਸਿਹਤ ਲਈ ਵੱਡਾ ਖ਼ਤਰਾ ਹੋ ਸਕਦਾ ਹੈ।ਫਾਸਟ ਫੂਡ ਖਾਣ ਦੀ ਆਦਤ ਕਈ ਸਿਹਤ ਸਮੱਸਿਆਵਾਂ ਦਾ ਕਾਰਨ ਬਣਦੀ ਜਾ ਰਹੀ ਹੈ।ਡਾਕਟਰਾਂ ਦਾ ਕਹਿਣਾ ਹੈ ਕਿ ਚੰਗੀ ਸਿਹਤ ਲਈ ਵਧੀਆ ਪੌਸ਼ਟਿਕ ਭੋਜਨ ਜ਼ਰੂਰੀ ਹੁੰਦਾ ਹੈ, ਪਰ ਬੱਚੇ ਘਰੇਲੂ ਖ਼ੁਰਾਕ ਜਿਵੇਂ ਦੇਸੀ ਘਿਓ, ਦੁੱਧ, ਦਹੀਂ, ਫਰੂਟ ਅਤੇ ਰੋਟੀ ਤੋਂ ਬਿਲਕੁਲ ਮੂੰਹ ਫੇਰ ਚੁੱਕੇ ਹਨ।ਮੌਜੂਦਾ ਸਮੇਂ 'ਚ ਫਾਸਟ ਫੂਡ ਦਾ ਚਲਣ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ।ਮਾਪੇ ਵੀ ਬੱਚਿਆਂ ਨੂੰ ਇਸ ਲਈ ਜ਼ਿਆਦਾ ਮਨ੍ਹਾ ਨਹੀਂ ਕਰਦੇ, ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਚਲੋ ਬੱਚਾ ਕੁੱਝ ਤਾਂ ਖਾ ਰਿਹਾ ਹੈ, ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਪੌਸ਼ਟਿਕ ਤੱਤਾਂ ਤੋਂ ਰਹਿਤ ਫਾਸਟ ਫੂਡ ਦੀ ਵਰਤੋਂ ਦਾ ਪ੍ਰਭਾਵ ਬੱਚਿਆਂ ਦੇ ਵਿਕਾਸ 'ਤੇ ਉਲਟ ਪੈਂਦਾ ਹੈ।

## ਪੀ ਸੀ ਯੂ ਵੱਲੋਂ 'ਦੀ ਵਾਇਰ' ਦੇ ਇੰਸਟਾਗਰਾਮ ਪੇਜ ਨੂੰ ਬੰਦ ਕਰਨ ਦੀ ਨਿੰਦਾ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-** ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਚੇਅਰਮੈਨ ਬਲਬੀਰ ਜੰਡੂ, ਪ੍ਰਧਾਨ ਜੈ ਸਿੰਘ ਛਿੱਬਰ ਤੇ ਸਕੱਤਰ ਜਨਰਲ ਸੰਤੋਖ ਗਿੱਲ ਨੇ 'ਦੀ ਵਾਇਰ' ਦੇ ਇੰਸਟਾਗਰਾਮ ਪੇਜ ਨੂੰ ਬਿਨਾਂ ਕਿਸੇ ਅਗਾਊਂ ਨੋਟਿਸ ਜਾਂ ਰਸਮੀ ਜਵਾਬਦੇਹੀ ਤੋਂ ਆਰਜ਼ੀ ਤੌਰ 'ਤੇ ਬੰਦ ਕਰਨ ਅਤੇ ਵਿਅੰਗਮਈ ਵੀਡੀਓ ਨੂੰ ਕਈ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਤੋਂ ਹਟਾ ਦੇਣ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਆਗੂਆਂ ਨੇ ਕਿਹਾ ਕਿ ਰਸਮੀ ਜਵਾਬਦੇਹੀ ਜਾਂ ਅਗਾਊਂ ਨੋਟਿਸ ਦਿੱਤੇ ਬਿਨਾਂ ਅਜਿਹੀਆਂ ਕਾਰਵਾਈਆਂ ਬੇਹੱਦ ਚਿੰਤਾਜਨਕ ਹਨ ਤੇ ਉਨ੍ਹਾਂ ਇਸ ਨੂੰ ਪ੍ਰੈੱਸ ਦੀ ਅਜ਼ਾਦੀ ਉਪਰ ਹਮਲਾ ਕਰਾਰ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਵਿਅੰਗ, ਆਲੋਚਨਾ ਤੇ ਵਿਚਾਰ ਚਰਚਾ ਪ੍ਰੈੱਸ ਦੀ ਆਜ਼ਾਦੀ ਦਾ ਅਨਿੱਖੜਵਾਂ ਅੰਗ ਹਨ, ਜੋ ਭਾਰਤੀ ਸੰਵਿਧਾਨ ਵੱਲੋਂ ਸੁਰੱਖਿਅਤ ਕੀਤੇ ਗਏ ਹਨ। ਪੰਜਾਬ ਤੇ ਚੰਡੀਗੜ੍ਹ ਜਰਨਲਿਸਟ ਯੂਨੀਅਨ ਨੇ ਸਬੰਧਤ ਅਧਿਕਾਰੀਆਂ ਤੋਂ ਸਾਫ਼ ਤੇ ਜਨਤਕ ਜਵਾਬਦੇਹੀ ਦੀ ਮੰਗ ਕੀਤੀ ਹੈ ਤੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਗ਼ੈਰ-ਜ਼ਰੂਰੀ ਕਾਰਵਾਈਆਂ ਤੋਂ ਪ੍ਰਹੇਜ਼ ਕਰੇ, ਜਿਹੜੀਆਂ ਪ੍ਰੈੱਸ ਦੀ ਆਜ਼ਾਦੀ ਨੂੰ ਕਮਜ਼ੋਰ ਕਰਦੀਆਂ ਹਨ ਅਤੇ ਜਮਹੂਰੀ ਕਦਰਾਂ ਕੀਮਤਾਂ ਨੂੰ ਨੁਕਸਾਨ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਮੀਡੀਆ ਨੂੰ ਚੁੱਪ ਕਰਾਉਣ ਜਾਂ ਧਮਕਾਉਣ ਦਾ ਕੋਈ ਵੀ ਯਤਨ, ਸਿੱਧੇ ਜਾਂ ਅਸਿੱਧੇ ਤੌਰ 'ਤੇ ਜਮਹੂਰੀਅਤ ਵਿੱਚ ਸਵੀਕਾਰ-ਯੋਗ ਨਹੀਂ ਹੈ।

## ਨੌਜਵਾਨ ਬ੍ਰਾਹਮਣ ਸਭਾ ਦੀ ਸਾਲਾਨਾ ਚੋਣ

**ਭੀਖੀ (ਗੁਰਿੰਦਰ ਸਿੰਘ ਔਲਖ)-** ਸਥਾਨਕ ਸ਼੍ਰੀ ਠਾਕੁਰ ਦੁਆਰਾ ਮੰਦਿਰ ਵਿੱਚ ਨੌਜਵਾਨ ਬ੍ਰਾਹਮਣ ਸਭਾ ਦੀ ਇਕ ਜ਼ਰੂਰੀ ਮੀਟਿੰਗ ਹੋਈ।ਮੀਟਿੰਗ ਵਿੱਚ ਸਰਬ ਸੰਮਤੀ ਨਾਲ ਸਾਲਾਨਾ ਟੀਮ ਦੀ ਚੋਣ ਕੀਤੀ ਗਈ, ਜਿਸ ਵਿੱਚ ਜਸਵੀਰ ਪੇਂਟਰ ਨੂੰ ਸਭਾ ਦਾ ਪ੍ਰਧਾਨ ਚੁਣਿਆ ਗਿਆ।ਜਨਰਲ ਸਕੱਤਰ ਨਵਦੀਪ ਰਿਸ਼ੀ ਤੇ ਖਜ਼ਾਨਚੀ ਵਿਕਾਸ ਸ਼ਰਮਾ ਨੂੰ ਚੁਣਿਆ ਗਿਆ।ਇਸ ਤੋਂ ਇਲਾਵਾ ਵਾਇਸ ਪ੍ਰਧਾਨ ਰਜਨੀਸ਼ ਸ਼ਰਮਾ ਤੇ ਕੀਰਤੀ ਸ਼ਰਮਾ ਸਹਾਇਕ ਖਜ਼ਾਨਚੀ ਲਾਜਪਤ ਰਿਸ਼ੀ, ਸਹਾਇਕ ਸਕੱਤਰ ਜੈ ਗੋਪਾਲ ਸ਼ਰਮਾ,



ਸੋਸ਼ਲ ਮੀਡੀਆ ਇੰਚਾਰਜ ਪੁਨੀਤ ਸ਼ਰਮਾ, ਪ੍ਰੈੱਸ ਸਕੱਤਰ ਪਰਮਜੀਤ ਸ਼ਰਮਾ ਨੂੰ ਚੁਣਿਆ ਗਿਆ। ਇਸ ਮੌਕੇ ਨਵੇਂ ਚੁਣੇ ਪ੍ਰਧਾਨ ਜਸਵੀਰ ਪੇਂਟਰ ਨੇ ਸਭਾ ਨੂੰ ਵਿਸ਼ਵਾਸ ਦਿਵਾਇਆ ਕਿ ਅਸੀਂ ਨੌਜਵਾਨ ਬ੍ਰਾਹਮਣ ਸਭਾ ਦੀ ਬਿਹਤਰੀ ਲਈ ਤੇ ਬ੍ਰਾਹਮਣ ਸਮਾਜ ਦੀ ਏਕਤਾ ਅਤੇ ਅਖੰਡਤਾ ਲਈ ਦਿਨ-ਰਾਤ ਮਿਹਨਤ ਕਰਾਂਗੇ ਤੇ ਨੌਜਵਾਨ ਬ੍ਰਾਹਮਣ ਸਭਾ ਦਾ ਨਾਮ ਪੂਰੇ ਪੰਜਾਬ ਵਿੱਚ ਰੌਸ਼ਨ ਕਰਾਂਗੇ। ਨੌਜਵਾਨ ਬ੍ਰਾਹਮਣ ਸਭਾ ਸਨਾਤਨ ਧਰਮ ਦੇ ਪ੍ਰਚਾਰ, ਪ੍ਰਸਾਰ ਤੇ ਸਨਾਤਨੀ ਭਾਈਚਾਰਕ ਸਾਂਝ ਲਈ ਹਮੇਸ਼ਾ ਕੰਮ ਕਰਦੀ ਰਹੇਗੀ। ਇਸ ਤੋਂ ਇਲਾਵਾ ਪ੍ਰਧਾਨ ਨੇ ਸਭਾ ਦੀਆਂ ਚੱਲ ਰਹੀਆਂ ਗਤੀਵਿਧੀਆਂ, ਜਿਸ ਵਿੱਚ ਵਿੱਚ ਸ੍ਰੀ ਰਾਧਾ ਰਾਣੀ ਸੰਕੀਰਤਨ ਤੇ ਗਊ ਸੇਵਾ ਦਾ ਵੀ ਜ਼ਿਕਰ ਕੀਤਾ।

## ਵਾਰ-ਵਾਰ ਬੰਦ ਰਹਿੰਦੇ ਰੇਲਵੇ ਫਾਟਕਾਂ ਤੋਂ ਰਾਹਗੀਰ ਪ੍ਰੇਸ਼ਾਨ

**ਬਰੇਟਾ (ਰੀਤਵਾਲ)-** ਸਥਾਨਕ ਦਿੱਲੀ-ਫਿਰੋਜ਼ਪੁਰ ਰੇਲਵੇ ਲਾਈਨ 'ਤੇ ਰੇਲਾਂ ਦੀ ਆਵਾਜਾਈ ਦੇ ਮੱਦੇਨਜ਼ਰ ਬਰੇਟਾ ਦੇ ਫਾਟਕ ਅਕਸਰ ਬੰਦ ਰਹਿਣ ਕਾਰਨ ਰਾਹਗੀਰਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਸਮੇਂ-ਸਮੇਂ ਸਿਰ ਸਿਆਸੀ ਆਗੂਆਂ ਵੱਲੋਂ ਵੋਟਾਂ ਸਮੇਂ ਇਸ ਸਮੱਸਿਆ ਦੇ



ਹੱਲ ਲਈ ਅੰਡਰਬ੍ਰਿਜ ਤੇ ਓਵਰਬ੍ਰਿਜ ਬਣਾਉਣ ਦੇ ਵੱਖੋ-ਵੱਖ ਦਾਅਵੇ ਤੇ ਵਾਅਦੇ ਕੀਤੇ ਜਾਂਦੇ ਹਨ, ਪਰ ਇਹ ਅੱਜ ਤੱਕ ਅਮਲ ਵਿੱਚ ਨਹੀਂ ਆਏ। ਜਾਣਕਾਰੀ ਅਨੁਸਾਰ ਸ਼ਹਿਰ ਦੇ ਗਊਸ਼ਾਲਾ ਤੇ ਜਲਵੇੜਾ ਰੋਡ ਵਾਲਾ ਫਾਟਕ ਮੁਸਾਫ਼ਿਰ ਗੱਡੀਆਂ, ਮਾਲ ਗੱਡੀਆਂ ਤੇ ਵਾਰ-ਵਾਰ ਰੇਲ ਇੰਜਣ ਸ਼ੰਟਿੰਗ ਹੋਣ ਕਾਰਨ ਅਕਸਰ ਬੰਦ ਰਹਿੰਦੇ ਹਨ।ਇਸ ਕਾਰਨ ਸ਼ਹਿਰ ਅੰਦਰ ਆਉਣ ਤੇ ਬਾਹਰ ਜਾਣ ਵਾਲੇ ਲੋਕਾਂ ਨੂੰ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ।ਫਾਟਕ ਬੰਦ ਹੋਣ ਕਾਰਨ ਗਰਮੀ ਵਿੱਚ ਤਪਦੀਆਂ ਦੁਪਹਿਰਾਂ ਤੇ ਮੀਂਹ, ਹਨੇਰੀ ਆਦਿ ਦੌਰਾਨ ਲੋਕਾਂ ਨੂੰ ਲੰਬਾ ਸਮਾਂ ਪ੍ਰੇਸ਼ਾਨ ਹੋਣਾ ਪੈਂਦਾ ਹੈ।ਆਵਾਜ਼ ਬੁਲੰਦ ਲੋਕਾਂ ਦਾ ਕਹਿਣਾ ਹੈ ਕਿ ਇਲਾਕੇ ਦੇ ਲੋਕਾਂ ਦੀ ਇਹ ਸਮੱਸਿਆ ਬਹੁਤ ਵੱਡੀ ਪ੍ਰੇਸ਼ਾਨੀ ਬਣੀ ਹੋਈ ਹੈ।ਇਸ ਸਮੱਸਿਆਂ ਦੇ ਹੱਲ ਲਈ ਅਨੇਕਾਂ ਵਾਰ ਲੋਕ ਰੇਲਵੇ ਦੇ ਉੱਚ ਅਧਿਕਾਰੀਆਂ ਤੇ ਸਿਆਸੀ ਪਾਰਟੀਆਂ ਦੇ ਲੀਡਰਾਂ ਕੋਲ ਗੁਹਾਰ ਲਗਾ ਚੁੱਕੇ ਹਨ, ਪਰ ਹਾਲੇ ਤੱਕ ਉਨ੍ਹਾਂ ਦੀ ਮੰਗ ਨੂੰ ਬੂਰ ਨਹੀਂ ਪਿਆ।

## ਕੈਪਟਨ ਕਰਮ ਸਿੰਘ ਨਗਰ 'ਚ ਆਵਾਰਾ ਕੁੱਤਿਆਂ ਦੀ ਦਹਿਸ਼ਤ

**ਸੰਗਰੂਰ (ਪ੍ਰਵੀਨ ਸਿੰਘ)** ਕੈਪਟਨ ਕਰਮ ਸਿੰਘ ਨਗਰ ਸੰਗਰੂਰ ਨਿਵਾਸੀਆਂ ਦੀ ਇੱਕ ਜ਼ਰੂਰੀ ਇਕੱਤਰਤਾ 200 ਗਜ ਵਾਲੇ ਪਾਰਕ ਵਿੱਚ ਹੋਈ, ਜਿਸ 'ਚ ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਕੁਲਦੀਪ ਦੇਹਰਾਨ, ਜਨਰਲ ਸਕੱਤਰ ਤਿਲਕ ਰਾਜ ਸਤੀਜਾ ਵਾਈਸ ਪ੍ਰਧਾਨ



ਮਨਦੀਪ ਮਿੱਤਲ, ਕੈਸ਼ੀਅਰ ਸੁਰੇਸ਼ ਕੁਮਾਰ ਤੇ ਨਪਿੰਦਰ ਕੁਮਾਰ ਮੰਨੀ ਸ਼ਾਮਲ ਹੋਏ।ਮੀਟਿੰਗ ਵਿੱਚ ਕਲੋਨੀ ਅੰਦਰ ਆਵਾਰਾ ਕੁੱਤਿਆਂ ਵੱਲੋਂ ਪਾਈ ਦਹਿਸ਼ਤ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਛੋਟੇ ਬੱਚੇ ਘਰਾਂ ਵਿੱਚੋਂ ਇਕੱਲੇ ਬਾਹਰ ਨਹੀਂ ਨਿਕਲ ਸਕਦੇ।ਸਕੂਲ ਜਾਣ-ਆਉਣ ਸਮੇਂ 'ਚੇ ਇਕੱਲੇ ਘਰ ਨਹੀਂ ਜਾ ਸਕਦੇ।ਦੋ ਸੌ ਗ਼ਜ਼ ਵਾਲੇ ਪਾਰਕ ਦੇ ਨਜ਼ਦੀਕ ਰਹਿਣ ਵਾਲੇ ਬੱਚਿਆਂ ਤੇ ਵੱਡੀ ਉਮਰ ਦੇ ਬਜ਼ੁਰਗਾਂ ਅਤੇ ਔਰਤਾਂ ਦੇ ਪਿੱਛੇ ਪੈ ਜਾਂਦੇ ਹਨ ਤੇ ਕਈ ਵਾਰ ਬੱਚਿਆਂ ਤੇ ਬਜ਼ੁਰਗਾਂ, ਔਰਤਾਂ ਨੂੰ ਕੱਟ/ਵੱਢ ਚੁੱਕੇ ਹਨ।ਘਰਾਂ ਤੋਂ ਇਕੱਲੇ ਬੱਚੇ ਖੇਡਣ ਲਈ ਪਾਰਕ ਵਿੱਚ ਨਹੀਂ ਜਾ ਸਕਦੇ।ਇਸ ਸਮੱਸਿਆ ਤੋਂ ਨਿਜ਼ਾਤ ਪਾਉਣ ਲਈ ਕਲੋਨੀ ਵਾਸੀਆਂ ਵੱਲੋਂ ਨਗਰਪਾਲਿਕਾ ਨੂੰ ਬੇਨਤੀ ਕਰਨ 'ਤੇ ਸਹਿਮਤੀ ਬਣੀ ਤਾਂ ਜੁ ਇਸ ਸਮੱਸਿਆ ਦਾ ਨਗਰਪਾਲਿਕਾ ਸੰਗਰੂਰ ਯੋਗ ਹੱਲ ਕਰਨ ਤਾਂ ਜੁ ਸਾਡੇ ਬੱਚੇ ਸੁਰੱਖਿਅਤ ਮਹਿਸੂਸ ਕਰਨ। ਪ੍ਰਧਾਨ ਕੁਲਦੀਪ ਦੇਹਰਾਨ, ਜਨਰਲ ਸਕੱਤਰ ਤਿਲਕ ਰਾਜ ਸਤੀਜਾ ਨੇ ਦੱਸਿਆ ਕਿ ਅਸੀਂ ਪਹਿਲਾਂ ਹੀ ਇਸ ਸਬੰਧ 'ਚ ਕਲੋਨੀ ਵੱਲੋਂ ਨਗਰਪਾਲਿਕਾ 'ਚ ਪੱਤਰ ਦੇ ਆਏ ਹਾਂ ਜਿਸਦਾ ਰਸੀਦ ਨੰ: 192/30.01.26 ਹੈ।ਜੇਕਰ ਫਿਰ ਵੀ ਇਸਦਾ ਕੋਈ ਹੱਲ ਨਾ ਨਿਕਲਿਆ ਤਾਂ ਇਸਦੇ ਸਿੱਟਿਆਂ ਲਈ ਨਗਰ ਕੌਂਸਲ ਜ਼ਿੰਮੇਵਾਰ ਹੋਵੇਗੀ।ਸੋ ਅਸੀਂ ਸਾਰੇ ਕਲੋਨੀ ਵਾਸੀ ਨਗਰ ਕੌਂਸਲ ਸੰਗਰੂਰ ਨੂੰ ਬੇਨਤੀ ਕਰਦੇ ਹਾਂ ਕਿ ਨਗਰ ਕੌਂਸਲ ਇਨ੍ਹਾਂ ਅਵਾਰਾ ਕੁੱਤਿਆਂ ਨੂੰ ਚੁੱਕ ਕੇ ਦੂਰ ਦਰਾਡੇ ਛੱਡ ਆਏ ਅਤੇ ਇਨ੍ਹਾਂ ਦੀ ਵਧ ਰਹੀ ਆਬਾਦੀ 'ਤੇ ਕੰਟਰੋਲ ਕਰਨ ਲਈ ਨਸਬੰਦੀ ਦੇ ਉਪਰਾਲੇ ਕਰੇ।

## ਠੇਕੇ 'ਤੇ ਲੈਣ ਦੇ ਬਹਾਨੇ ਜ਼ਮੀਨ ਬੈਅ ਕਰਾਉਣ ਦੇ ਦੋਸ਼ 'ਚ ਪਰਚਾ ਦਰਜ


### ਲਿਬਰੇਸ਼ਨ ਵੱਲੋਂ ਸਾਰੇ ਮੁਲਜ਼ਮਾਂ ਦੇ ਨਾਂਅ ਪਰਚੇ 'ਚ ਦਰਜ ਕਰਨ ਦੀ ਮੰਗ

**ਬੋਹਾ (ਨਿਰੰਜਣ ਬੋਹਾ)-** ਸੀ. ਪੀ. ਆਈ. ਐੱਮ. ਐੱਲ (ਲਿਬਰੇਸ਼ਨ) ਤਹਿਸੀਲ ਬੁਢਲਾਡਾ ਦੇ ਆਗੂ ਕਾਮਰੇਡ ਲਖਵਿੰਦਰ ਸਿੰਘ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਆਗੂ ਜੀਤ ਸਿੰਘ ਬੋਹਾ ਵੱਲੋਂ ਜਾਰੀ ਇੱਕ ਪ੍ਰੈੱਸ ਬਿਆਨ ਅਨੁਸਾਰ ਪਿੰਡ ਚੱਕ ਅਲੀ ਸ਼ੇਰ ਦੇ ਨਿਵਾਸੀ ਗੁਰਸੇਵਕ ਸਿੰਘ ਪੁੱਤਰ ਸ਼ੇਰ ਸਿੰਘ ਨਾਲ ਉ ਸਦੇ ਪਿੰਡ ਦੇ ਕੁਝ ਵਿਅਕਤੀਆਂ ਵੱਲੋਂ ਹੀ ਠੱਗੀ ਮਾਰੀ ਗਈ ਹੈ ਤੇ ਉਸ ਦੀ ਜ਼ਮੀਨ ਠੇਕੇ 'ਤੇ ਲੈਣ ਦੀ ਬਹਾਨੇ ਬੈਅ ਕਰਾ ਲਈ ਗਈ ਹੈ।ਉਨ੍ਹਾਂ ਦੱਸਿਆ ਕਿ ਭਾਵੇਂ ਥਾਣਾ ਬੋਹਾ ਵਿੱਚ ਇਸ ਸਬੰਧੀ ਤਿੰਨ ਆਰੋਪੀਆਂ ਵਿਰੁੱਧ ਐੱਫ ਆਈ ਆਰ ਦਰਜ ਲਈ ਗਈ ਹੈ, ਪਰ ਪੁਲਸ ਨੇ ਕੁਝ ਪੀੜਤ ਧਿਰ ਵੱਲੋਂ ਦੱਸੇ ਕੁਝ ਨਾ ਪਰਚੇ ਵਿਚ ਦਰਜ ਨਹੀਂ ਕੀਤੇ।ਉਨ੍ਹਾਂ ਕਿਹਾ ਕਿ ਪੀੜਤ ਧਿਰ ਵੱਲੋਂ ਵਾਰ ਵਾਰ ਮੰਗ ਕਰਨ 'ਤੇ ਵੀ ਇਹ ਨਾਂਅ ਪਰਚੇ ਵਿੱਚ ਨਹੀਂ ਦਰਜ ਕੀਤੇ ਜਾ ਰਹੇ।ਉਨ੍ਹਾਂ ਇੱਕ ਸਿੱਧੇ ਸਾਧੇ ਕਿਸਾਨ ਨਾਲ ਠੱਗੀ ਮਾਰਨ ਵਾਲੇ ਲੋਕਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ ਤੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਜੇ ਪੀੜਤ ਧਿਰ ਵੱਲੋਂ ਦੱਸੇ ਹੋਰ ਅਰੋਪੀਆਂ ਨਾਂ ਪਰਚੇ ਵਿੱਚ ਸ਼ਾਮਲ ਨਾ ਕੀਤੇ ਗਏ ਤਾਂ ਆਉਣ ਵਾਲੇ ਦਿਨਾਂ ਵਿੱਚ ਥਾਣਾ ਬੋਹਾ ਅੱਗੇ ਧਰਨਾ ਲਾ ਕੇ ਇਨਸਾਫ਼ ਦੀ ਮੰਗ ਕੀਤੀ ਜਾਵੇਗੀ।

ਜਦੋਂ ਇਸ ਸਬੰਧੀ ਥਾਣਾ ਬੋਹਾ ਦੇ ਨਵੇਂ ਆਏ ਐੱਸ. ਐੱਚ. ਓ. ਇੰਸਪੈਕਟਰ ਬਲਦੇਵ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਅਜੇ ਥੋੜ੍ਹਾ ਚਿਰ ਪਹਿਲਾਂ ਹੀ ਚਾਰਜ ਸੰਭਾਲਿਆ ਹੈ।ਉਹ ਮਾਮਲੇ ਦੀ ਤਹਿ ਤੱਕ ਜਾਣਗੇ ਤੇ ਕਿਸੇ ਵੀ ਧਿਰ ਨਾਲ ਬੇ-ਇਨਸਾਫੀ ਨਹੀਂ ਹੋਣ ਦੇਣਗੇ।

## ਮਾਤਾ ਨਿਰਮਲਾ ਦੇਵੀ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ

**ਸਮਾਣਾ (ਗੁਰਪਿਆਰ ਸਿੰਘ ਬੱਲ)-** ਸਵ. ਮਾਤਾ ਨਿਰਮਲਾ ਦੇਵੀ ਨਮਿੱਤ ਸ਼੍ਰੀ ਗਰੁੜ ਪੁਰਾਣ ਪਾਠ ਦੇ ਭੋਗ ਸਥਾਨਕ ਸਤੀ ਮੰਦਿਰ ਧਰਮਸ਼ਾਲਾ ਵਿਖੇ ਪਾਏ ਗਏ, ਜਿੱਥੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਦੇਵ ਟਿਵਾਣਾ, ਪੰਜਾਬ ਕਾਂਗਰਸ ਦੇ ਸਪੋਕਸ ਪਰਸਨ ਸੰਦੀਪ ਸਿੰਗਲਾ, ਸੀਨੀਅਰ



ਆਪ ਆਗੂ ਗੋਪਾਲ ਕ੍ਰਿਸ਼ਨ ਗਰਗ, ਸੀਨੀਅਰ ਅਕਾਲੀ ਆਗੂ ਕਪੂਰ ਚੰਦ ਬਾਂਸਲ, ਪ੍ਰਧਾਨ ਮਦਨ ਮਿੱਤਲ, ਪ੍ਰਧਾਨ ਜੀਵਨ ਗਰਗ, ਸਾਬਕਾ ਪ੍ਰਧਾਨ ਨਗਰ ਕੌਂਸਲ ਸਮਾਣਾ ਯਸਪਾਲ ਸਿੰਗਲਾ, ਪ੍ਰਧਾਨ ਅਸ਼ਵਨੀ ਗੁਪਤਾ, ਐੱਮ ਸੀ ਦਰਸ਼ਨ ਮਿੱਤਲ, ਰਾਣਾ ਸੇਖੋਂ, ਪ੍ਰਦੀਪ ਗੋਇਲ ਮਿੰਕਾ, ਸੁਨੈਨਾ ਮਿੱਤਲ, ਟਿੰਕਾ ਗਾਜੇਵਾਸ, ਅਸ਼ੋਕ ਮੋਦਗਿੱਲ ਤੇ ਦੀਪੂ ਬਾਲੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਸਖ਼ਸ਼ੀਅਤਾਂ ਨੇ ਹਾਜ਼ਰੀ ਭਰੀ ਤੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਵਿੱਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ।ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਮਾਤਾ ਨਿਰਮਲਾ ਦੇਵੀ ਜੀ ਵੱਲੋਂ ਆਪਣੇ ਬੱਚਿਆਂ ਨੂੰ ਦਿੱਤੇ ਚੰਗੇ ਸੰਸਕਾਰਾਂ ਤੇ ਸਿੱਖਿਆ ਸਦਕਾ ਹੀ ਅੱਜ ਉਨ੍ਹਾਂ ਦੇ ਸਪੁੱਤਰ ਸੁਰਿੰਦਰ ਮਿੱਤਲ, ਨਰੇਸ਼ ਮਿੱਤਲ, ਪ੍ਰਦੀਪ ਮਿੱਤਲ, ਜੁਗੇਸ਼ ਮਿੱਤਲ, ਵਿਨੋਦ ਮਿੱਤਲ ਤੇ ਪੋਤਰੇ ਵਿਸ਼ਾਲ ਮਿੱਤਲ (ਐਕਸਿਸ ਬੈਂਕ ਵਿੱਚ ਮੈਨੇਜਰ, ਧੂਰੀ), ਰਿਸ਼ਵ ਮਿੱਤਲ ਪੱਤਰਕਾਰ, ਰਾਹੁਲ ਮਿੱਤਲ (ਬਿਜ਼ਨੈੱਸਮੈਨ) ਤੇ ਸ਼ੁਭਮ ਮਿੱਤਲ (ਐੱਚ ਡੀ ਐੱਫ ਸੀ ਬੈਂਕ ਸਮਾਣਾ ਵਿੱਚ ਡਿਪਟੀ ਮੈਨੇਜਰ) ਅੱਜ ਸਮਾਜ ਵਿੱਚ ਚੰਗਾ ਨਾਮਣਾ ਖੱਟ ਰਹੇ ਹਨ।ਇਸ ਮੌਕੇ ਸਮੂਹ ਪੱਤਰਕਾਰ ਭਾਈਚਾਰਾ ਵੀ ਹਾਜ਼ਰ ਸੀ।

# ਭਰਪੂਰ ਸਿੰਘ ਦਾ ਕਾਤਲ ਧਰਮਕੋਟ ਪੁਲਸ ਵੱਲੋਂ ਰਿਵਾਲਵਰ ਸਮੇਤ ਕਾਬੂ



**ਮੋਗਾ (ਇਕਬਾਲ ਸਿੰਘ ਖਹਿਰਾ)**- ਧਰਮਕੋਟ ਪੁਲਸ ਨੇ ਬੀਤੀ 10 ਫਰਵਰੀ ਨੂੰ ਹੋਏ ਭਰਪੂਰ ਸਿੰਘ ਕਤਲ ਮਾਮਲੇ ਦੀ ਗੁੱਥੀ ਨੂੰ ਸੁਲਝਾਉਂਦਿਆਂ ਇਸ ਮਾਮਲੇ ਵਿੱਚ ਇੰਦਰਜੀਤ ਸਿੰਘ ਸੋਨੀ ਪਿੰਡ ਕੋਕਰੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਵਾਰਦਾਤ ਸਮੇਂ ਵਰਤਿਆ ਗਿਆ 32 ਬੋਰ ਰਿਵਾਲਵਰ, ਦੋ ਖੋਲ ਤੇ ਚਾਰ ਜ਼ਿੰਦਾ ਰੌਂਦ ਬਰਾਮਦ ਕਰਕੇ ਗੰਭੀਰਤਾ ਨਾਲ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ।ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ ਐੱਸ ਪੀ ਧਰਮਕੋਟ ਜਸਵਿੰਦਰ ਸਿੰਘ ਨੇ ਦੱਸਿਆ ਕਿ ਭਰਪੂਰ ਸਿੰਘ ਦੇ ਭਰਾ ਗੁਰਮੇਜ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਐੱਸ ਐੱਚ ਓ ਧਰਮਕੋਟ ਇੰਸਪੈਕਟਰ ਲਸ਼ਮਣ ਸਿੰਘ ਵੱਲੋਂ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਸੀ, ਜਿਸ ਨੂੰ ਗੰਭੀਰਤਾ ਨਾਲ ਲੈਂਦਿਆਂ ਐੱਸ ਐੱਸ ਪੀ ਮੋਗਾ ਅਜੇ ਗਾਂਧੀ ਦੇ ਦਿਸ਼ਾ-ਨਿਰਦੇਸ਼ ਤੇ ਐੱਸ ਪੀ ਡੀ ਧਰਮਕੋਟ ਰਹਿਨੁਮਾਈ ਹੇਠ ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ।ਇਸੇ ਦੌਰਾਨ ਪੁਲਸ ਨੂੰ ਗੁਪਤ ਸੂਚਨਾ ਮਿਲੀ ਕਿ ਕੜਿਆਲ ਬੱਸ ਸਟੈਂਡ ਨੇੜੇ ਇੰਦਰਜੀਤ ਸਿੰਘ ਸੋਨੀ ਘੁੰਮ ਰਿਹਾ ਹੈ।ਟੀਮ ਨੇ ਤੁਰੰਤ ਰੇਡ ਕਰਕੇ ਉਸ ਨੂੰ ਮੌਕੇ ਤੋਂ ਕਾਬੂ ਕਰ ਲਿਆ।ਗ੍ਰਿਫ਼ਤਾਰੀ ਤੋਂ ਬਾਅਦ ਦੋਸ਼ੀ ਕੋਲੋਂ ਵਾਰਦਾਤ ਵਿੱਚ ਵਰਤਿਆ ਗਿਆ 32 ਬੋਰ ਰਿਵਾਲਵਰ ਬਰਾਮਦ ਕੀਤਾ ਗਿਆ। ਨਾਲ ਹੀ ਦੋ ਖੋਲ ਤੇ ਚਾਰ ਜ਼ਿੰਦਾ ਰੌਂਦ ਵੀ ਬਰਾਮਦ ਹੋਏ ਹਨ। ਡੀ ਐੱਸ ਪੀ ਨੇ ਕਿਹਾ ਕਿ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਭਰਪੂਰ ਸਿੰਘ ਦੀ ਪਤਨੀ ਨਾਲ ਇੰਦਰਜੀਤ ਸਿੰਘ ਸੋਨੀ ਦੇ ਨਜਾਇਜ਼ ਸਬੰਧਾਂ ਨੂੰ ਲੈ ਕੇ ਰੰਜਿਸ਼ ਚੱਲ ਰਹੀ ਸੀ।ਮ੍ਰਿਤਕ ਵੱਲੋਂ ਇਸ ਦਾ ਵਿਰੋਧ ਕੀਤਾ ਜਾਂਦਾ ਸੀ।ਘਟਨਾ ਵਾਲੀ ਰਾਤ ਇੰਦਰਜੀਤ ਸਿੰਘ ਸੋਨੀ ਨੇ ਨਸ਼ੇ ਦੀ ਹਾਲਤ ਵਿਚ ਗੁੱਸੇ ਵਿਚ ਆ ਕੇ ਘਰ ਵਿਚ ਦਾਖ਼ਲ ਹੋ ਕੇ ਰਸੋਈ ਵਿੱਚ ਭਰਪੂਰ ਸਿੰਘ ਦੇ ਮੱਥੇ 'ਚ ਦੋ ਗੋਲੀਆਂ ਮਾਰ ਦਿੱਤੀਆਂ, ਜਿਸ ਨਾਲ ਉਸ ਦੀ ਮੌਤ ਹੋ ਗਈ।ਅੱਜ ਉਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਹੋਰ ਪੁੱਛਗਿੱਛ ਕਰਕੇ ਇਹ ਪਤਾ ਲਗਾਇਆ ਜਾ ਸਕੇ ਕਿ ਇਸ ਮਾਮਲੇ ਵਿੱਚ ਕੋਈ ਹੋਰ ਵਿਅਕਤੀ ਸ਼ਾਮਲ ਤਾਂ ਨਹੀਂ।ਪੁਲਸ ਵੱਲੋਂ ਮਾਮਲੇ ਦੀ ਗਹਿਰਾਈ ਨਾਲ ਜਾਂਚ ਜਾਰੀ ਹੈ।

# ਦਿਵਿਆਂਗ ਬੱਚਿਆਂ ਦੀਆਂ ਸੱਭਿਆਚਾਰਕ ਗਤੀਵਿਧੀਆਂ ਕਰਾਈਆਂ

**ਨਿਹਾਲ ਸਿੰਘ ਵਾਲਾ (ਲਵਲੀ ਮਾਹੀਕੇ)**- ਜ਼ਿਲ੍ਹਾ ਸਿੱਖਿਆ ਅਫ਼ਸਰ (ਐ ਸਿ) ਮੋਗਾ ਸ੍ਰੀਮਤੀ ਮੰਜੂ ਭਾਰਦਵਾਜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ



ਅਫ਼ਸਰ ਸ੍ਰ. ਹਰਦੇਵ ਸਿੰਘ ਸੰਧੂ ਦੀ ਅਗਵਾਈ ਹੇਠ ਬਲਾਕ ਨਿਹਾਲ ਸਿੰਘ ਵਾਲਾ ਦੇ ਦਿਵਿਆਂਗ ਬੱਚਿਆਂ ਦੀਆਂ ਬਲਾਕ ਪੱਧਰੀ ਸਭਿਆਚਾਰਕ ਗਤੀਵਿਧੀਆਂ ਕਰਵਾਈਆਂ ਗਈਆਂ।ਇਸ ਪ੍ਰੋਗਰਾਮ ਵਿੱਚ ਬੱਚਿਆਂ ਨੇ ਸੋਲੋਂ ਡਾਂਸ, ਭੰਗੜਾ, ਪੇਂਟਿੰਗ ਮੁਕਾਬਲੇ, ਡਰੈੱਸ ਕੰਪੀਟੀਸ਼ਨ ਆਦਿ ਪੇਸ਼ਕਾਰੀ ਕੀਤੀ।ਸੋਲੋ ਡਾਂਸ ਵਿੱਚ ਸਵਰੀਤ ਕੌਰ ਨੇ ਪਹਿਲਾ, ਅਨੂ ਨੇ ਦੂਸਰਾ ਤੇ ਭਗਵਾਨ ਦਾਸ ਨੇ ਤੀਜਾ ਸਥਾਨ ਹਾਸਲ ਕੀਤਾ।ਪੇਂਟਿੰਗ ਮੁਕਾਬਲੇ ਵਿੱਚ ਸੁਖਪ੍ਰੀਤ ਸਿੰਘ ਨੇ ਪਹਿਲਾ, ਗੁਰਲੀਨ ਸਿੰਘ ਨੇ ਦੂਸਰਾ ਤੇ ਮਨਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ।ਭੰਗੜੇ ਵਿੱਚ ਗੁਰਵਿੰਦਰ ਸਿੰਘ ਤੇ ਸਾਥੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ।ਇਸ ਪ੍ਰੋਗਰਾਮ ਵਿੱਚ ਬਲਾਕ ਪ੍ਰਾਇਮਰੀ ਦਫ਼ਤਰ ਦੇ ਮਨਜਿੰਦਰ ਕੌਰ, ਮਿਸ ਜਸਪ੍ਰੀਤ ਕੌਰ, ਸ੍ਰੀ ਪਵਨ ਕੁਮਾਰ, ਸ੍ਰੀ ਅਮਨਿੰਦਰਪਾਲ ਸ਼ਾਮਲ ਹੋਏ ਅਤੇ ਬੱਚਿਆਂ ਨੂੰ ਇਨਾਮ ਵੰਡੇ ਗਏ।ਇਨ੍ਹਾਂ ਬੱਚਿਆਂ ਦੀ ਤਿਆਰੀ ਕਰਵਾਉਣ ਵਾਲੇ ਵਿਸ਼ੇਸ਼ ਅਧਿਆਪਕ ਕੁਲਦੀਪ ਸਿੰਘ, ਸੁਲੱਖਣ ਸਿੰਘ, ਸ੍ਰੀਮਤੀ ਦੁਪਿਕਾ ਦਾ ਵੀ ਸਨਮਾਨ ਕੀਤਾ ਗਿਆ।

**ਬਰਸੀ 'ਤੇ ਵਿਸ਼ੇਸ਼**

# ਸੰਘਰਸ਼ੀ ਘੋਲਾਂ ਦਾ ਜਰਨੈਲ ਮਾਸਟਰ ਕਾਲੀਚਰਨ ਕੌਸ਼ਿਕ





ਸੁਨਾਮ ਹਲਕੇ ਅੰਦਰ ਸੰਘਰਸ਼ੀ ਘੋਲਾਂ ਦੇ ਜਰਨੈਲ ਵਜੋਂ ਜਾਣੇ ਜਾਂਦੇ ਮਾਸਟਰ ਕਾਲੀਚਰਨ ਕੌਸ਼ਿਕ ਦਾ ਜਨਮ ਦਸੰਬਰ 1936 ਵਿੱਚ ਮਾਤਾ ਬਸੰਤੀ ਦੇਵੀ ਦੀ ਸੁਲੱਖਣੀ ਕੁੱਖੋਂ ਪਿਤਾ ਸੰਤ ਰਾਮ ਦੇ ਘਰ ਹੋਇਆ।ਕਮਜ਼ੋਰ ਆਰਥਿਕ ਹਾਲਤਾਂ ਦੇ ਚੱਲਦਿਆਂ ਜਿਵੇਂ ਤਿਵੇਂ ਦਸ ਜਮਾਤਾਂ ਕੀਤੀਆਂ ਤੇ ਕੁੱਝ ਦੇਰ ਟਿਊਬਵੈੱਲ ਕਾਰਪੋਰੇਸ਼ਨ ਵਿੱਚ ਨੌਕਰੀ ਕਰਨ ਉਪਰੰਤ ਆਪ ਸਰਕਾਰੀ ਅਧਿਆਪਕ ਭਰਤੀ ਹੋ ਗਏ। ਅਧਿਆਪਕ ਦਾ ਪਵਿੱਤਰ ਕਾਰਜ ਕਰਦਿਆਂ ਹੀ ਆਪ ਨੇ ਰਾਜਸੀ ਸੂਝ ਗ੍ਰਹਿਣ ਕੀਤੀ ਤੇ ਅਧਿਆਪਕਾਂ ਦੀ ਜਥੇਬੰਦੀ ਗੌਰਮਿੰਟ ਟੀਚਰ ਯੂਨੀਅਨ ਦੇ ਲਗਾਤਾਰ 12 ਸਾਲ ਜਨਰਲ ਸਕੱਤਰ ਰਹੇ।ਉਸ ਸਮੇਂ ਅਧਿਆਪਕ ਯੂਨੀਅਨ ਦਾ ਵਿਭਾਗ ਵਿੱਚ ਬਹੁਤ ਵੱਡਾ ਰੁਤਬਾ ਤੇ ਪ੍ਰਭਾਵ ਹੁੰਦਾ ਸੀ।ਇੱਥੋਂ ਤੱਕ ਕਿ ਅਧਿਆਪਕਾਂ ਦੀਆਂ ਬਦਲੀਆਂ ਵੀ ਅਫ਼ਸਰਾਂ ਨੂੰ ਯੂਨੀਅਨ ਆਗੂਆਂ ਦੀ ਸਹਿਮਤੀ ਨਾਲ ਕਰਨੀਆਂ ਪੈਂਦੀਆਂ।ਲੋੜਾਂ ਸਮੇਂ ਅਧਿਆਪਕਾਂ ਦੇ ਅਧਿਕਾਰਾਂ ਲਈ ਲੜਦਿਆਂ ਆਪ ਅਧਿਆਪਕਾਂ ਤੇ ਲੋਕਾਂ ਵਿੱਚ ਆਪ ਮਾਸਟਰ ਜੀ ਦੇ ਨਾਂਅ ਨਾਲ ਸਤਿਕਾਰੇ ਜਾਣ ਲੱਗੇ।ਇਸੇ ਦੌਰਾਨ ਆਪ ਨੇ ਸਮਾਜ ਕਲਿਆਣ ਦਾ ਮਾਰਗ ਚੁਣਦਿਆਂ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਪੱਕੀ ਮੈਂਬਰਸ਼ਿਪ ਹਾਸਲ ਕੀਤੀ ਤੇ ਉੱਘੇ ਕਮਿਊਨਿਸਟ ਆਗੂਆਂ ਹਰਕ੍ਰਿਸ਼ਨ ਸਿੰਘ ਸੁਰਜੀਤ, ਜੰਗੀਰ ਸਿੰਘ ਸੁਤੰਤਰ, ਜਥੇਦਾਰ ਹਰਦਿੱਤ ਸਿੰਘ ਭੱਠਲ, ਪੰਡਿਤ ਕਿਸ਼ੋਰੀ ਲਾਲ, ਪ੍ਰੋਫੈਸਰ ਬਲਵੰਤ, ਕਾਮਰੇਡ ਚੰਦ ਸਿੰਘ ਚੌਪੜਾ, ਕਾਮਰੇਡ ਘੁੰਮਣ ਉਗਰਾਹਾਂ, ਕਾਮਰੇਡ ਜੰਗੀਰ ਸਿੰਘ ਕੌਲੜੀ ਆਦਿ ਨਾਲ ਆਪ ਨੇ ਕਮਿਊਨਿਸਟ ਲਹਿਰ ਦੇ ਹਰ ਸੰਘਰਸ਼ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।ਮਾਸਟਰ ਕਾਲੀਚਰਨ ਦਾ ਜੀਵਨ ਇੱਕ ਲੋਕ-ਨਾਇਕ ਦਾ ਜੀਵਨ ਸੀ। ਉਨ੍ਹਾਂ ਲਈ ਲੋਕ ਭਲਾਈ ਦੇ ਕਾਰਜ ਹੀ ਜੀਵਨ ਦਾ ਉਦੇਸ਼ ਸੀ।ਉਹ ਲੋਕਾਂ ਦੇ ਦੁੱਖ-ਸੁੱਖ ਦੇ ਸੰਗੀ ਰਹਿਣ ਕਰਕੇ ਆਪਣੇ ਵਾਰਡ ਦੇ ਨਗਰ ਕੌਂਸਲਰ (ਐੱਮ.ਸੀ.) ਵੀ ਚੁਣੇ ਗਏ ਤੇ ਸ਼ਹਿਰ 'ਚ ਉਨ੍ਹਾਂ ਦੀ ਵੱਡੀ ਪਛਾਣ ਹੋਣ ਕਰਕੇ ਨਗਰ ਕੌਂਸਲ ਨੇ ਉਨ੍ਹਾਂ ਦੇ ਮੁਹੱਲੇ ਦਾ ਨਾਂਅ ਸਰਕਾਰੀ ਤੌਰ 'ਤੇ ਮੁਹੱਲਾ ਕਾਲੀਚਰਨ ਨਾਂ ਦਿੱਤਾ ਜੋ ਅੱਜ ਵੀ ਅਧਿਕਾਰਤ ਤੌਰ 'ਤੇ ਮੁਹੱਲਾ ਉਨ੍ਹਾਂ ਦੇ ਨਾਂ 'ਤੇ ਜਾਣਿਆ ਜਾਂਦਾ ਹੈ।ਉਨ੍ਹਾਂ ਨੇ ਸਮੁੱਚਾ ਜੀਵਨ ਲੋਕਾਂ ਦੇ ਨਿੱਤ ਪ੍ਰਤੀ ਦੇ ਕੰਮਾਂ, ਅਧਿਕਾਰਾਂ ਤੇ ਮਸਲਿਆਂ ਦੇ ਹੱਲ ਲਈ ਅਰਪਿਤ ਕੀਤਾ। ਅੱਜ ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਮੌਕੇ ਜੇ ਉਨ੍ਹਾਂ ਦੀ ਧਰਮਪਤਨੀ ਮਾਤਾ ਕੈਲਾਸ਼ ਦੇਵੀ ਨੂੰ ਯਾਦ ਨਾ ਕਰਾਂਗੇ ਤਾਂ ਇਹ ਸਮਾਗਮ ਅਧੂਰਾ ਰਹੇਗਾ।ਕਾਮਰੇਡ ਕਾਲੀਚਰਨ ਕੌਸ਼ਿਕ ਲੋਕ ਸੰਘਰਸ਼ ਨੂੰ ਆਪਣੇ ਜੀਵਨ ਦਾ ਵੱਡਾ ਹਿੱਸਾ ਕਦੇ ਵੀ ਸਮਝਦੇ ਰਹੇ ਤਾਂ ਇਹ ਉਨ੍ਹਾਂ ਦੀ ਜੀਵਨ ਸਾਥਣ ਕੈਲਾਸ਼ ਦੇਵੀ ਦਾ ਸੱਚਾ ਸਾਥ ਨਾ ਹੁੰਦਾ।ਮਾਸਟਰ ਜੀ ਨੇ ਆਪਣੀ ਪਤਨੀ ਸ੍ਰੀਮਤੀ ਕੈਲਾਸ਼ ਦੇਵੀ ਨੂੰ ਵੀ ਰਾਜਨੀਤਕ ਤੌਰ 'ਤੇ ਜਾਗਰੂਕ ਕਰਕੇ ਮਾਰਕਸੀ ਪਾਰਟੀ ਦੀ ਮੈਂਬਰ ਬਣਾ ਲਿਆ ਸੀ, ਉਹ ਵੀ ਪਾਰਟੀ ਵੱਲੋਂ ਸਮੇਂ ਸਮੇਂ ਵਿੱਢੇ ਜਾਂਦੇ ਸੰਘਰਸ਼ਾਂ ਵਿੱਚ ਸ਼ਾਮਲ ਹੁੰਦੇ ਰਹੇ।ਮਾਤਾ ਕੈਲਾਸ਼ ਦੇਵੀ ਦਯਾ ਤੇ ਨਿਮਰ ਸੁਭਾਅ ਦੀ ਕੁੰਜੀ ਸਨ।

ਮਾਸਟਰ ਕਾਲੀਚਰਨ ਕੌਸ਼ਿਕ ਤੇ ਉਨ੍ਹਾਂ ਦੀ ਜੀਵਨ ਸਾਥਣ ਸ੍ਰੀਮਤੀ ਕੈਲਾਸ਼ ਦੇਵੀ ਦੀ ਨਿੱਘੀ ਯਾਦ ਨੂੰ ਸਮਰਪਤ ਸੀ.ਪੀ.ਆਈ. (ਐੱਮ) ਦੀ ਜ਼ਿਲ੍ਹਾ ਇਕਾਈ ਤੇ ਸਮੂਹ ਪਰਵਾਰ ਵੱਲੋਂ ਅੱਜ 15 ਫਰਵਰੀ ਐਤਵਾਰ ਸਥਾਨਕ ਕਾ. ਘੁੰਮਣ ਭਵਨ ਵਿਖੇ ਸ਼ਰਧਾਂਜਲੀ ਸਮਾਗਮ ਰੱਖਿਆ ਹੋਇਆ ਹੈ, ਜਿੱਥੇ ਪਾਰਟੀ ਆਗੂ ਤੇ ਵਰਕਰ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ।

**-ਅਸ਼ੋਕ ਬਾਂਸਲ, ਹਾਕਮ ਭੱਟੀ**

# ਵਿਰਾਸਤੀ ਕਵੀ ਦਰਬਾਰ 'ਚ ਵੱਖ-ਵੱਖ ਭਾਸ਼ਾਵਾਂ ਦੇ ਕਵੀਆਂ ਨੇ ਖ਼ੂਬ ਰੰਗ ਬੰਨ੍ਹਿਆ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਪਟਿਆਲਾ ਹੈਰੀਟੇਜ ਫੈਸਟੀਵਲ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਦੀ ਅਗਵਾਈ ਵਿੱਚ ਇੱਥੇ ਸਰਕਾਰੀ ਮਹਿੰਦਰਾ ਕਾਲਜ ਵਿਖੇ ਵਿਰਾਸਤੀ ਕਵੀ ਦਰਬਾਰ ਕਰਵਾਇਆ ਗਿਆ।ਇਸ ਕਵੀ ਦਰਬਾਰ ਦੇ ਨੋਡਲ ਅਫ਼ਸਰ ਐੱਸ.ਡੀ.ਐੱਮ. ਹਰਜੋਤ ਕੌਰ ਮਾਵੀ ਨੇ ਦੱਸਿਆ ਕਿ ਪੰਜਾਬੀ, ਹਿੰਦੀ, ਉਰਦੂ ਤੇ ਪੁਆਧੀ ਭਾਸ਼ਾ ਦੇ ਕਵੀਆਂ ਨੇ ਗਜ਼ਲਾਂ, ਕਵਿਤਾਵਾਂ ਤੇ ਸਾਹਿਤਕ ਗੀਤਾਂ ਰਾਹੀਂ ਵੱਡੀ ਗਿਣਤੀ 'ਚ ਹਾਜ਼ਰ ਸਰੋਤਿਆਂ ਨੂੰ ਕੀਲ ਲਿਆ।ਇਸ ਮੁਸ਼ਾਇਰੇ ਦੌਰਾਨ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਇਸ ਦੀ ਪ੍ਰਧਾਨਗੀ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸ੍ਰ. ਜਸਵੰਤ ਸਿੰਘ ਜ਼ਫ਼ਰ ਨੇ ਕੀਤੀ।ਮੇਜ਼ਬਾਨ ਕਾਲਜ ਦੀ ਪ੍ਰਿੰਸੀਪਲ ਨਿਸ਼ਠਾ ਤ੍ਰਿਪਾਠੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਰੰਗਲਾ ਬਣਾਉਣ ਲਈ ਜਿੱਥੇ ਵੱਖ-ਵੱਖ ਯੋਜਨਾਵਾਂ ਨੂੰ ਅਮਲੀ ਰੂਪ ਦਿੱਤਾ ਜਾ ਰਿਹਾ



ਹੈ, ਉੱਥੇ ਸੂਬੇ ਦੇ ਸੱਭਿਆਚਾਰ ਤੇ ਸੰਸਕ੍ਰਿਤੀ ਨੂੰ ਸੰਭਾਲਣ ਲਈ ਵਿਸ਼ੇਸ਼ ਮੇਲੇ ਸਜਾਏ ਜਾ ਰਹੇ ਹਨ, ਇਸੇ ਲੜੀ ਤਹਿਤ ਹੀ ਪਟਿਆਲਾ ਹੈਰੀਟੇਜ ਫੈਸਟੀਵਲ ਮਨਾਇਆ ਜਾ ਰਿਹਾ ਹੈ।ਪ੍ਰਧਾਨਗੀ ਭਾਸ਼ਣ ਦੌਰਾਨ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਕਵੀ ਦਰਬਾਰ ਨੂੰ ਪਟਿਆਲਾ ਹੈਰੀਟੇਜ ਫੈਸਟੀਵਲ ਦਾ ਹਿੱਸਾ ਬਣਾਉਣ ਦੀ ਸ਼ਲਾਘਾ ਕੀਤੀ।ਉਨ੍ਹਾਂ ਮੇਜ਼ਬਾਨ ਕਾਲਜ ਦੇ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਕਵਿਤਾਵਾਂ 'ਚ ਦਿਖਾਈ ਰੁਚੀ ਦੀ ਵੀ ਪ੍ਰਸੰਸਾ ਕੀਤੀ। ਇਸ ਮੌਕੇ ਸ਼੍ਰੋਮਣੀ ਕਵੀ ਸੁਰਜੀਤ ਜੱਜ, ਬਲਵਿੰਦਰ ਸੰਧੂ, ਤ੍ਰੈਲੋਚਨ ਲੋਚੀ, ਡਾ. ਗੁਰਸੇਵਕ ਲੰਬੀ, ਡਾ. ਰੁਬੀਨਾ ਸ਼ਬਨਮ, ਸੰਤ ਸਿੰਘ ਸੋਹਲ, ਚਰਨ ਪੁਆਧੀ, ਸਤੀਸ਼ ਵਿਦਰੋਹੀ, ਨਵਦੀਪ ਮੁੰਡੀ, ਡਾ. ਆਸ਼ਾ ਕਿਰਨ, ਗੁਰਪ੍ਰੀਤ ਢਿੱਲੋਂ, ਕਿਰਪਾਲ ਮੂਣਕ, ਬਜਿੰਦਰ ਠਾਕੁਰ, ਜਸਵਿੰਦਰ ਚਾਹਲ, ਅੰਮ੍ਰਿਤਪਾਲ ਸ਼ੈਦਾ, ਡਾ. ਗੁਰਵਿੰਦਰ ਅਮਨ, ਪ੍ਰੋ. ਪੁਨੀਤ, ਪ੍ਰੋ. ਸੁਖਵਿੰਦਰ ਤੇ ਪ੍ਰੋ. ਗਗਨਦੀਪ ਨੇ ਰਚਨਾਵਾਂ ਪੇਸ਼ ਕਰਕੇ ਆਪਣੀ ਹਾਜ਼ਰੀ ਲਗਵਾਈ।ਭਾਸ਼ਾ ਵਿਭਾਗ ਦੇ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਮੰਚ ਸੰਚਾਲਨ ਬਾਖ਼ੂਬੀ ਕੀਤਾ।ਸਾਰੇ ਕਵੀਆਂ ਤੇ ਮਹਿਮਾਨਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਨਮਾਨਤ ਕੀਤਾ ਗਿਆ।

# ਅਗਰਵਾਲ ਸਭਾ ਵੱਲੋਂ ਸੀਤਾਸਰ ਸ਼ੋਭਾ ਯਾਤਰਾ ਦਾ ਭਰਵਾਂ ਸਵਾਗਤ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਭਗਵਾਨ ਸ਼ਿਵ ਸ਼ੰਕਰ ਜੀ ਨੂੰ ਸਮਰਪਤ ਮਹਾਂ ਸ਼ਿਵਰਾਤਰੀ ਦੇ ਸੰਬੰਧ ਵਿੱਚ ਸੀਤਾ ਸਰ ਧਾਮ ਵੱਲੋਂ ਕੱਢੀ ਗਈ ਵਿਸ਼ਾਲ ਸ਼ੋਭਾ ਯਾਤਰਾ ਦਾ ਭਰਵਾਂ ਹਾਰਦਿਕ ਸਵਾਗਤ ਕੀਤਾ ਗਿਆ।ਸ਼ੋਭਾ ਯਾਤਰਾ ਦੇ ਮਹਾਰਾਜਾ ਅਗਰਸੇਨ ਚੌਕ ਵਿਖੇ ਪਹੁੰਚਣ 'ਤੇ ਅਗਰਵਾਲ ਸਭਾ ਵੱਲੋਂ ਫੁੱਲਾਂ ਦੀ ਵਰਖਾ ਕੀਤੀ ਗਈ ਤੇ ਪ੍ਰਬੰਧਕਾਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਲੱਡੂ ਵੰਡੇ ਗਏ।

ਸੀਤਾ ਸਰ ਕਮੇਟੀ ਵੱਲੋਂ ਸਭਾ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਅਗਰਵਾਲ ਸਭਾ ਦੇ ਪ੍ਰਧਾਨ ਵਿਕਰਮ ਗਰਗ ਵਿੱਕੀ, ਹਰੀ ਦੇਵ ਗੋਇਲ, ਕ੍ਰਿਸ਼ਨ ਸੰਦੋਹਾ, ਪ੍ਰਭਾਤ ਜਿੰਦਲ, ਰਾਮ ਲਾਲ ਰਾਮਾ ਆਲਮਪੁਰੀਆ, ਸ਼ਿਵ ਜਿੰਦਲ, ਮਾਸਟਰ ਰਾਜੀਵ ਬਿੰਦਲ, ਅਸ਼ੋਕ ਘੋਗਾ, ਆਰ ਡੀ ਕਾਂਸਲ, ਲਾਜਪਤ ਰਾਏ ਗਰਗ, ਬਿੰਦਰ ਪਾਲ, ਰਾਕੇਸ਼ ਗਰਗ, ਹਕੂਮਤ ਰਾਏ ਜਿੰਦਲ, ਯਸ਼ਪਾਲ ਸਿੰਗਲਾ, ਪਵਨ ਸੈਕਟਰੀ, ਅਸ਼ੋਕ ਗੋਇਲ, ਵਿਮਲ ਜੈਨ ਸਮੇਤ ਭਾਰੀ ਗਿਣਤੀ ਵਿੱਚ ਅਗਰਵਾਲ ਸਭਾ ਦੇ ਮੈਂਬਰ ਹਾਜ਼ਰ ਸਨ।

# 17 ਦੀ ਮੀਟਿੰਗ 'ਚ ਮਸਲੇ ਦਾ ਹੱਲ ਨਾ ਹੋਇਆ ਤਾਂ ਸਿੱਖਿਆ ਮੰਤਰੀ ਦੇ ਪਿੰਡ 'ਚ ਲਾਇਆ ਜਾਵੇਗਾ ਪੱਕਾ ਧਰਨਾ : ਈ ਟੀ ਟੀ ਬੇਰੁਜ਼ਗਾਰ ਅਧਿਆਪਕ

**ਜਲਾਲਾਬਾਦ (ਜੀਤ ਕੁਮਾਰ)**- ਈ ਟੀ ਟੀ 5994 ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਦੀ ਮੀਟਿੰਗ ਹੋਈ, ਜਿਸ ਵਿੱਚ ਜਸਵਿੰਦਰ ਕੰਬੋਜ, ਸਰਬਜੀਤ ਪਿੰਡੀ, ਕੁਲਵਿੰਦਰ ਸਾਮਾ, ਅਰਸ਼ ਬੱਲੂਆਣਾ, ਹਰਪ੍ਰੀਤ ਸਿੰਘ, ਅਲਕਾ ਫਾਜ਼ਿਲਕਾ, ਸੁਰਿੰਦਰ ਫਾਜ਼ਿਲਕਾ, ਰਿਤੇਸ਼ ਅਬੋਹਰ, ਮੁਕੇਸ਼ ਅਬੋਹਰ ਆਦਿ ਮੌਜੂਦ ਸਨ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਸਾਡੀ ਭਰਤੀ 5994, ਜੋ ਕਿ 2022 ਵਿੱਚ



ਆਈ ਸੀ, ਜਿਸ ਨੂੰ ਪੂਰਾ ਕਰਵਾਉਣ ਲਈ 4 ਸਾਲ ਤੋਂ ਸਰਕਾਰ ਨਾਲ ਮੀਟਿੰਗਾਂ ਕਰ ਰਹੇ ਹਾਂ, ਪਰ ਕੋਈ ਸਾਰਥਕ ਹੱਲ ਨਹੀਂ ਨਿਕਲ ਰਿਹਾ ਹੈ, ਜਿਸ ਦੇ ਰੋਸ ਵਜੋਂ ਯੂਨੀਅਨ ਵੱਲੋਂ ਸਿੱਖਿਆ ਮੰਤਰੀ ਪੰਜਾਬ ਸਰਕਾਰ ਦੇ ਪਿੰਡ ਗੰਭੀਰਪੁਰ ਵਿਖੇ 11 ਫਰਵਰੀ 2026 ਨੂੰ ਧਰਨਾ ਰੱਖਿਆ ਗਿਆ ਸੀ, ਜਿਸ 'ਤੇ ਪ੍ਰਸ਼ਾਸਨ ਵੱਲੋਂ ਯੂਨੀਅਨ ਨੂੰ ਸਿੱਖਿਆ ਮੰਤਰੀ ਨਾਲ ਪੈਨਲ ਮੀਟਿੰਗ ਦਿੱਤੀ ਗਈ ਹੈ।ਇਸ ਲਈ ਯੂਨੀਅਨ ਵੱਲੋਂ 14 ਫਰਵਰੀ 2026 ਦੇ ਧਰਨੇ ਨੂੰ ਮੁਲਤਵੀ ਕੀਤਾ ਗਿਆ ਹੈ ਤੇ ਅੱਜ ਇਥੇ 5994 ਭਰਤੀ ਨੂੰ ਪੂਰਾ ਕਰਾਉਣ ਦੇ ਸਬੰਧ ਵਿੱਚ ਬੇਰੁਜ਼ਗਾਰ ਅਧਿਆਪਕਾਂ ਵੱਲੋਂ ਮੀਟਿੰਗ ਰੱਖੀ ਗਈ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਕੇਡਰ ਪਹੁੰਚਿਆ ਤੇ ਕੇਡਰ ਵੱਲੋਂ ਹਾਂ-ਪੱਖੀ ਹੁੰਗਾਰਾ ਭਰਿਆ ਗਿਆ ਹੈ ਕਿ 17 ਫਰਵਰੀ 2026 ਨੂੰ ਸਿੱਖਿਆ ਮੰਤਰੀ ਨਾਲ ਪੈਨਲ ਮੀਟਿੰਗ ਹੈ, ਜਿਸ ਵਿੱਚ ਜੇਕਰ 5994 ਭਰਤੀ ਵਿਚਲਾ ਜੋ ਬੈਕਲਾਗ ਹੈ ਜਾਂ ਬਾਕੀ ਰਹਿੰਦੀ ਜੋ ਭਰਤੀ ਹੈ ਉਸ ਦਾ ਕੋਈ ਪੁਖਤਾ ਹੱਲ ਨਾ ਕੀਤਾ ਗਿਆ ਤਾਂ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ (ਵਿਧਾਨ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ) ਵਿਖੇ ਪੱਕਾ ਧਰਨਾ ਲਗਾਇਆ ਜਾਵੇਗਾ। ਇਹ ਸੰਘਰਸ਼ ਤਿੱਖੇ ਰੂਪ ਵਿੱਚ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਭਰਤੀ ਲਈ ਅਸੀਂ 4 ਪੇਪਰ ਦਿੱਤੇ ਹਨ, ਅਸੀਂ ਯੋਗ ਉਮੀਦਵਾਰ ਹਾਂ।ਸਾਡੀ ਸਾਰੀ ਕਾਗਜ਼ੀ ਕਾਰਵਾਈ ਪੂਰੀ ਹੋ ਚੁੱਕੀ ਹੈ, ਮਤਲਬ ਸਕਰੂਟਨੀ ਵੀ ਕਰਵਾ ਚੁੱਕੇ ਹਾਂ।ਲਗਭਗ ਅਸੀਂ ਪਿਛਲੇ 3 ਸਾਲਾਂ ਤੋਂ ਸੜਕਾਂ 'ਤੇ ਰੁਲ ਰਹੇ ਹਾਂ।ਅਸੀਂ ਪਹਿਲਾਂ ਵੀ ਬਹੁਤ ਮੰਗ ਪੱਤਰ ਦੇ ਚੁੱਕੇ ਹਾਂ, ਪਰ ਸਾਡਾ ਕੋਈ ਹੱਲ ਨਹੀਂ ਕੀਤਾ ਗਿਆ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਸਾਨੂੰ ਜੁਵਾਨਿੰਗ ਪੱਤਰ ਦੇ ਕੇ ਜਲਦੀ ਸਕੂਲਾਂ ਵਿੱਚ ਭੇਜਿਆ ਜਾਵੇ।ਈ ਟੀ ਟੀ 5994 ਭਰਤੀ ਵਿਚਲਾ, ਜੋ 2994 ਬੈਕਲਾਗ ਹੈ, ਉਸ ਨੂੰ ਜਲਦੀ ਪੂਰਾ ਕੀਤਾ ਜਾਵੇ। ਜੇ ਸਰਕਾਰ ਸਾਡੀਆਂ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ 17 ਫਰਵਰੀ 2026 ਦੀ ਪੈਨਲ ਮੀਟਿੰਗ ਤੋਂ ਬਾਅਦ ਯੂਨੀਅਨ ਵੱਲੋਂ ਮਜਬੂਰਨ ਪੱਕਾ ਧਰਨਾ ਲਗਾਇਆ ਜਾਵੇਗਾ ਤੇ ਗੁਪਤ ਐਕਸ਼ਨ ਕੀਤੇ ਜਾਣਗੇ ਅਤੇ ਬਜ਼ਾਰਾਂ ਵਿੱਚ ਵੀ ਜਲੂਸ ਕੱਢਿਆ ਜਾਵੇਗਾ।

# ਚੇਅਰਮੈਨ ਦੀਪਕ ਸੂਦ ਵੱਲੋਂ 'ਚਾਹ ਦੀ ਸਾਂਝ, ਆਪਣਿਆਂ ਦੇ ਨਾਲ' ਮੁਹਿੰਮ ਭਲਕ ਤੋਂ

**ਰਾਜਪੁਰਾ (ਰਮੇਸ਼ ਕਟਾਰੀਆ)**- ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਆਮ ਆਦਮੀ ਪਾਰਟੀ ਦੀ ਟਿਕਟ ਦੇ ਦਾਅਵੇਦਾਰਾਂ ਵਿੱਚੋਂ ਇੱਕ ਤੇ ਮਾਰਕੀਟ ਕਮੇਟੀ ਰਾਜਪੁਰਾ ਦੇ ਮੌਜੂਦਾ ਚੇਅਰਮੈਨ ਦੀਪਕ ਸੂਦ ਵੱਲੋਂ ਰਾਜਪੁਰਾ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਉਨ੍ਹਾਂ ਨੂੰ ਹੱਲ ਕਰਵਾਉਣ ਲਈ 16 ਫਰਵਰੀ ਤੋਂ 'ਚਾਹ ਦੀ ਸਾਂਝ, ਆਪਣਿਆਂ ਦੇ ਨਾਲ' ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।ਇਹ ਜਾਣਕਾਰੀ ਦੇਂਦਿਆਂ ਚੇਅਰਮੈਨ ਦੀਪਕ ਸੂਦ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਵਿੱਚ ਕਿਸੇ ਕਿਸਮ ਦੀ ਕੋਈ ਔਕੜ ਜਾਂ ਮੁਸ਼ਕਲ ਮਹਿਸੂਸ ਹੋ ਰਹੀ ਹੈ ਜਾਂ ਉਨ੍ਹਾਂ ਦੀ ਕੋਈ ਮੁਸ਼ਕਲ ਹੱਲ ਨਹੀਂ ਹੋ ਰਹੀ ਤਾਂ ਉਹ ਉਨ੍ਹਾਂ ਨੂੰ ਮਾਰਕੀਟ ਕਮੇਟੀ ਦੇ ਦਫ਼ਤਰ ਵਿੱਚ ਕਿਸੇ ਵੀ ਸਮੇਂ ਮਿਲ ਕੇ ਆਪਣੀ ਮੁਸ਼ਕਲ ਦੱਸ ਸਕਦੇ ਹਨ ਜਾਂ ਉਨ੍ਹਾਂ ਨੂੰ ਆਪਣੇ ਘਰ ਵੀ ਬੁਲਾ ਸਕਦੇ ਹਨ।ਉਨ੍ਹਾਂ ਕਿਹਾ ਕਿ ਮੇਰੇ ਵੱਲੋਂ



ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਵਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸੋਮਵਾਰ ਤੋਂ ਉਨ੍ਹਾਂ ਵੱਲੋਂ 'ਚਾਹ ਦੀ ਸਾਂਝ, ਆਪਣਿਆਂ ਦੇ ਨਾਲ' ਮੁਹਿੰਮ ਦੀ ਸ਼ੁਰੂਆਤ ਕਰਕੇ ਉਹ ਹੁਣ ਰੋਜ਼ਾਨਾ ਮਾਰਕੀਟ ਕਮੇਟੀ ਰਾਜਪੁਰਾ ਦੇ ਦਫ਼ਤਰ ਵਿੱਚ ਬਹਿ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਿਆ ਕਰਨਗੇ। ਚੇਅਰਮੈਨ ਸੂਦ ਨੇ ਕਿਹਾ ਕਿ ਪਹਿਲਾਂ ਉਨ੍ਹਾਂ ਵੱਲੋਂ ਹਫ਼ਤੇ ਵਿੱਚ ਇੱਕ ਦਿਨ ਦਾ ਸਮਾਂ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਰੱਖਿਆ ਗਿਆ ਸੀ, ਪਰ ਹੁਣ ਉਹ ਰੋਜ਼ਾਨਾ ਲੋਕਾਂ ਦੀਆਂ ਮੁਸ਼ਕਲਾਂ ਸੁਣ ਕੇ ਹੱਲ ਕਰਵਾਉਣ ਦੇ ਨਾਲ ਨਾਲ ਲੋਕਾਂ ਦੇ ਵਿਚਾਰ ਤੇ ਸੁਝਾਅ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਤੱਕ ਪਹੁੰਚਾਉਣਗੇ ਤਾਂ ਜੋ ਲੋਕਾਂ ਦੇ ਪੱਖ ਵਿੱਚ ਤੇ ਰਾਜਪੁਰਾ ਹਲਕੇ ਦੀ ਬਿਹਤਰੀ ਲਈ ਹੋਰ ਸੁਚਾਰੂ ਫ਼ੈਸਲੇ ਲਏ ਜਾ ਸਕਣ।

# ਸਰਕਾਰ ਸਰਕਾਰੀ ਜਾਇਦਾਦਾਂ ਵੇਚਣ ਦਾ ਫੈਸਲਾ ਤੁਰੰਤ ਵਾਪਸ ਲਵੇ : ਪੈਨਸ਼ਨਰ ਆਗੂ

**ਕੋਟਕਪੂਰਾ (ਰਛਪਾਲ ਭੁੱਲਰ)**- ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਜ਼ਿਲ੍ਹਾ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਕੁਲਵੰਤ ਸਿੰਘ ਚਾਨੀ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਸੂਬਾਈ ਸਲਾਹਕਾਰ ਬਲਦੇਵ ਸਿੰਘ ਸਹਿਦੇਵ ਨੇ ਮੌਜੂਦਾ ਦੌਰ ਵਿੱਚ ਮੁਲਕ ਵਿੱਚ ਬਣੇ ਹੋਏ ਗੰਭੀਰ ਹਾਲਤਾਂ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਦੇਸ਼ ਦੀ ਹੁਕਮਰਾਨ ਸਰਕਾਰ ਕਾਰਪਰੇਟ ਸੈਕਟਰ ਦੇ ਦਬਾਅ ਹੇਠ ਕੰਮ ਕਰ ਰਹੀ ਹੈ।

ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂ ਇਕਬਾਲ ਸਿੰਘ ਮੰਘੇੜਾ, ਸੋਮ ਨਾਥ ਅਰੋੜਾ, ਕੁਲਜੀਤ ਸਿੰਘ ਬੰਬੀਹਾ, ਮੰਦਰ ਸਿੰਘ ਲੈਕਚਰਾਰ ਤੇ ਤਰਸੇਮ ਨਰੂਲਾ ਨੇ ਪੰਜਾਬ ਵਿੱਚ ਪਿਛਲੇ ਲਗਭਗ ਚਾਰ ਸਾਲ ਤੋਂ ਹੁਕਮਰਾਨ ਭਗਵੰਤ ਮਾਨ ਸਰਕਾਰ ਨੇ ਪੰਜਾਬ ਸਰਕਾਰ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਕਰ ਦਿੱਤੀ ਹੈ।ਇਸ ਕਰਕੇ ਹੁਣ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਬਿਜਲੀ ਬੋਰਡ ਤੇ ਕਈ ਹੋਰ ਸਰਕਾਰੀ ਅਦਾਰਿਆਂ ਦੀਆਂ ਜ਼ਮੀਨਾਂ ਨੂੰ ਵੇਚਣ ਜਾ ਰਹੀ ਹੈ।ਆਗੂਆਂ ਨੇ ਪੰਜਾਬ ਸਰਕਾਰ ਦੇ ਇਸ ਫੈਸਲੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਆਗੂਆਂ ਨੇ ਭਗਵੰਤ ਮਾਨ ਸਰਕਾਰ 'ਤੇ ਦੋਸ਼ ਲਾਇਆ ਕਿ ਮੋਦੀ ਸਰਕਾਰ ਦੀ ਤਰਜ਼ 'ਤੇ ਕਾਰਪਰੇਟ



ਘਰਾਣਿਆਂ ਦੇ ਹੱਥਾਂ ਵਿੱਚ ਖੇਡ ਰਹੀ ਹੈ ਤੇ ਲਗਾਤਾਰ ਸੰਘਰਸ਼ਸ਼ੀਲ ਲੋਕਾਂ ਦੀ ਆਵਾਜ਼ ਨੂੰ ਗੈਰ-ਲੋਕਤੰਤਰੀ ਢੰਗ ਤਰੀਕੇ ਵਰਤ ਕੇ ਦਬਾਉਣਾ ਚਾਹੁੰਦੀ ਹੈ।

ਮੀਟਿੰਗ ਨੇ ਸਰਵਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਲੋਕਾਂ ਨਾਲ ਕੀਤੇ ਗਏ ਬਹੁਤ ਸਾਰੇ ਵਾਅਦਿਆਂ ਤੋਂ ਸ਼ਰੇਆਮ ਮੁੱਕਰਨ ਦਾ ਦੋਸ਼ ਲਾਇਆ ਜਿਵੇਂ ਕਿ ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਲਾਗੂ ਨਾ ਕਰਨਾ, ਜਨਵਰੀ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਾ ਕਰਨਾ, ਸੋਧੇ ਤਨਖਾਹ ਸਕੇਲਾਂ ਦਾ ਬਣਦਾ ਬਕਾਇਆ ਯਕਮੁਸ਼ਤ ਨਾ ਦੇਣਾ, ਮਹਿੰਗਾਈ ਭੱਤੇ ਦੀਆਂ 16 ਫੀਸਦੀ ਦੀ ਦਰ ਨਾਲ ਬਕਾਇਆ ਪਈਆਂ ਪੰਜ ਕਿਸ਼ਤਾਂ ਨਾ ਦੇਣਾ, ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਨਾ ਕਰਨਾ, ਮਾਣਯੋਗ ਅਦਾਲਤਾਂ ਵੱਲੋਂ ਮੁਲਾਜ਼ਮਾਂ ਦੇ ਹੱਕ ਵਿੱਚ ਕੀਤੇ ਗਏ ਫੈਸਲਿਆਂ ਨੂੰ ਜਨਰਲਾਈਜ਼ ਕਰਨ ਦੀ ਬਜਾਏ ਹੋਰ ਲਮਕਾਉਣਾ ਆਦਿ ਮੁੱਖ ਤੌਰ 'ਤੇ ਸ਼ਾਮਲ ਹਨ।

ਮੀਟਿੰਗ ਦੌਰਾਨ ਮਾਣਯੋਗ ਸੁਪਰੀਮ ਕੋਰਟ ਵੱਲੋਂ ਪੱਛਮੀ ਬੰਗਾਲ ਦੇ ਮੁਲਾਜ਼ਮਾਂ ਦੇ ਬਕਾਇਆ ਪਏ ਡੀ ਏ ਸਬੰਧੀ ਪਿਛਲੇ ਦਿਨੀਂ ਦਿੱਤੇ ਗਏ ਇਤਿਹਾਸਕ ਫੈਸਲੇ ਦਾ ਸਵਾਗਤ ਕੀਤਾ ਗਿਆ ਤੇ ਭਗਵੰਤ ਮਾਨ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਇਸ ਫੈਸਲੇ ਤੋਂ ਕੋਈ ਸਬਕ ਲੈ ਕੇ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਬਕਾਇਆ ਪਿਆ ਸਾਰਾ 16 ਫੀਸਦੀ ਡੀ ਏ ਤੁਰੰਤ ਜਾਰੀ ਕੀਤਾ ਜਾਵੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਗੁਰਚਰਨ ਸਿੰਘ ਮਾਨ, ਸ਼ਾਮ ਲਾਲ ਚਾਵਲਾ, ਅਮਰਜੀਤ ਕੌਰ ਛਾਬੜਾ, ਰਮੇਸ਼ ਢੈਪਈ, ਪ੍ਰਿੰਸੀਪਲ ਬਲਵੀਰ ਸਿੰਘ ਬਰਾੜ, ਗੁਰਦੀਪ ਭੋਲਾ ਪੀ ਆਰ ਟੀ ਸੀ, ਹਾਕਮ ਸਿੰਘ ਡੀ ਪੀ ਈ, ਇਕਬਾਲ ਸਿੰਘ ਗਿੱਲ ਡੀ ਪੀ ਈ, ਮਦਨ ਲਾਲ ਸ਼ਰਮਾ ਸੰਧਵਾਂ, ਸੁਖਮੰਦਰ ਸਿੰਘ ਰਾਮਸਰ, ਕੇਵਲ ਸਿੰਘ ਲੰਭਵਾਲੀ, ਸੁਖਦਰਸ਼ਨ ਸਿੰਘ ਗਿੱਲ, ਹਾਕਮ ਸਿੰਘ ਲੈਕਚਰਾਰ, ਕਸ਼ਮੀਰਾ ਸਿੰਘ, ਪ੍ਰਿੰਸੀਪਲ ਹਰੀ ਚੰਦ ਧਿੰਗੜਾ ਤੇ ਜਸਪਾਲ ਸਿੰਘ ਆਦਿ ਹਾਜ਼ਰ ਸਨ।

# ਨਿੱਤ ਵਾਪਰਦੀਆਂ ਦੁਰਘਟਨਾਵਾਂ ਦੀ ਜਾਂਚ ਲਈ ਬਖਸ਼ੀਵਾਲਾ ਚੌਕ 'ਚ ਕੈਮਰੇ ਲਗਾਏ ਜਾਣ : ਹਰਦੇਵ ਤੇ ਕੌਸ਼ਿਕ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸੁਨਾਮ ਦੀ ਪ੍ਰੈੱਸ ਦੇ ਨਾਮ ਇੱਕ ਬਿਆਨ ਜਾਰੀ ਕਰਦਿਆਂ ਸੀ ਪੀ ਆਈ ਦੇ ਬਜ਼ੁਰਗ ਆਗੂ ਕਾਮਰੇਡ ਹਰਦੇਵ ਸਿੰਘ ਬਖਸ਼ੀਵਾਲਾ ਤੇ ਸੀ ਪੀ ਆਈ (ਐੱਮ) ਦੇ ਕਾ. ਵਰਿੰਦਰ ਕੌਸ਼ਿਕ ਨੇ ਕਿਹਾ ਕਿ ਸੁਨਾਮ ਦੇ ਬਖਸ਼ੀਵਾਲਾ ਚੌਕ ਤੇ ਨੇੜਲੇ ਪਿੰਡਾਂ ਵਿੱਚ ਨਿੱਤ ਵਾਪਰਦੀਆਂ ਦੁਰਘਟਨਾਵਾਂ ਦੀ ਜਾਂਚ ਕਰਨ ਲਈ ਸੁਨਾਮ ਦੇ ਬਖਸ਼ੀਵਾਲਾ ਚੌਕ ਵਿੱਚ ਆਧੁਨਿਕ ਕੈਮਰਿਆਂ ਦਾ ਲੱਗਣਾ ਬਹੁਤ ਜ਼ਰੂਰੀ।ਉਕਤ ਕਮਿਊਨਿਸਟ ਆਗੂਆਂ ਨੇ ਕਿਹਾ ਕਿ ਬੀਤੇ 13 ਫਰਵਰੀ 2026 ਨੂੰ ਸੁਨਾਮ ਦੇ ਵਸਨੀਕ ਵਿਜੈ ਕੁਮਾਰ (ਕਾਲਾ) ਬਸਹਿਰੇ ਵਾਲੇ, ਜੋ ਕਿ ਆਪਣੇ ਕਾਰੋਬਾਰ ਸੰਬੰਧੀ ਆਪਣੇ ਦੋ ਪਹੀਆ ਵਾਹਨ 'ਤੇ ਸਵਾਰ ਹੋ ਸੁਨਾਮ ਤੋਂ ਪਿੰਡ ਬਖਸ਼ੀਵਾਲਾ ਜਾ ਰਹੇ ਸੀ, ਉਨ੍ਹਾਂ ਦਾ ਵਾਹਨ ਕਿਸੇ ਹੋਰ ਵਾਹਨ ਨਾਲ ਟਕਰਾਉਣ ਕਾਰਨ ਵਿਜੈ ਕੁਮਾਰ (ਕਾਲਾ) ਦਾ ਐਕਸੀਡੈਂਟ ਹੋ ਗਿਆ ਤੇ ਬਾਅਦ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਉਕਤ ਕਮਿਊਨਿਸਟ ਆਗੂਆਂ ਨੇ ਨਿੱਤ ਵਾਪਰਦੇ ਅਜਿਹੇ ਜਾਨ ਲੇਵਾ ਐਕਸੀਡੈਂਟ, ਚੋਰੀਆਂ, ਆਦਿ ਦੀ ਜਾਂਚ ਕਰਨ ਵਿੱਚ ਆਉਂਦੀ ਪ੍ਰੇਸ਼ਾਨੀ ਦੇ ਹੱਲ ਲਈ ਸੁਨਾਮ ਦੇ ਬਖਸ਼ੀਵਾਲਾ ਚੌਕ ਤੇ ਸੁਨਾਮ ਊਧਮ ਸਿੰਘ ਵਾਲਾ ਦੇ ਹਰ ਮੁੱਖ ਚੌਕਾਂ ਵਿੱਚ ਕੈਮਰਿਆਂ ਦਾ ਲੱਗਣਾ ਬਹੁਤ ਜ਼ਰੂਰੀ ਹੈ ਤੇ ਲੱਗੇ ਹੋਏ ਬੰਦ ਪਏ ਕੈਮਰਿਆਂ ਨੂੰ ਵੀ ਮੁੜ ਤੋਂ ਚਾਲੂ ਕਰਨ ਦੀ ਸੁਨਾਮ ਦੇ ਸਿਵਲ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ।



# ਸ਼ਾਹਪੁਰ ਕਲਾਂ ਦੇ ਕੁਸ਼ਤੀ ਦੰਗਲ ਦਾ ਪੋਸਟਰ ਰਿਲੀਜ਼

**ਲੌਂਗੋਵਾਲ (ਪ੍ਰਦੀਪ ਸੱਪਲ)** : ਨਜ਼ਦੀਕੀ ਪਿੰਡ ਸ਼ਾਹਪੁਰ ਕਲਾਂ ਵਿਖੇ ਸ੍ਰੀ ਸ੍ਰੀ 108 ਸਿੱਧ ਬਾਬਾ ਮਨੋਹਰ ਗਿਰ ਜੀ ਯੂਥ ਸਪੋਰਟਸ ਕਲੱਬ ਵੱਲੋਂ 19 ਫਰਵਰੀ ਵੀਰਵਾਰ ਨੂੰ ਹੋਣ ਵਾਲੇ ਪਹਿਲੇ ਕੁਸ਼ਤੀ ਦੰਗਲ ਦਾ ਪੋਸਟਰ ਹਰਵਿੰਦਰ ਸਿੰਘ ਖਹਿਰਾ ਡੀਐੱਸਪੀ ਸੁਨਾਮ ਤੇ ਮੁਕੇਸ਼ ਜਨੇਜਾ ਚੇਅਰਮੈਨ ਮਾਰਕੀਟ ਕਮੇਟੀ ਸੁਨਾਮ ਵੱਲੋਂ ਰਿਲੀਜ਼ ਕੀਤਾ ਗਿਆ।ਕਲੱਬ ਅਹੁਦੇਦਾਰਾਂ ਨੇ ਦੱਸਿਆ ਕਿ ਇਸ ਕੁਸ਼ਤੀ ਦੰਗਲ ਵਿੱਚ ਪੰਜਾਬ ਭਰ ਤੋਂ ਨਾਮਵਰ ਪਹਿਲਵਾਨ ਆਪਣੀ ਕਲਾ ਦੇ ਜੌਹਰ ਦਿਖਾਉਣਗੇ।



ਉਨ੍ਹਾਂ ਇਲਾਕਾ ਤੇ ਪੰਜਾਬ ਵਾਸੀਆਂ ਨੂੰ ਇਸ ਕੁਸ਼ਤੀ ਮੇਲੇ ਵਿੱਚ ਪਹੁੰਚ ਕੇ ਰੌਣਕਾਂ ਵਧਾਉਣ ਦੀ ਬੇਨਤੀ ਕੀਤੀ।ਇਸ ਸਮੇਂ ਮਲਕੀਤ ਸਿੰਘ ਪ੍ਰਧਾਨ ਬਲਾਕ ਚੀਮਾ, ਮਾਸਟਰ ਗੁਰਪ੍ਰੀਤ ਸਿੰਘ ਟੋਨੀ, ਜਗਸੀਰ ਸਿੰਘ ਸੀਰਾ, ਅਮਨ ਨਵੇਂ ਪਿੰਡੀਆ, ਸੁਖਬੀਰ ਸਿੰਘ ਬਲਾਕ ਸੰਮਤੀ ਮੈਂਬਰ, ਗੁਰਵੀਰ ਸਿੰਘ ਨਹਿਲ, ਬੇਅੰਤ ਸਿੰਘ ਰਿੰਪੀ, ਜਗਸੀਰ ਸਿੰਘ ਗੱਗਾ ਆਦਿ ਹਾਜ਼ਰ ਸਨ।

# ਪ੍ਰੇਮ ਸੰਬੰਧਾਂ ਦੇ ਚੱਲਦਿਆਂ ਮਾਂ ਨੇ ਆਪਣੇ ਦੋ ਬੱਚਿਆਂ ਦੀ ਕੀਤੀ ਹੱਤਿਆ

**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਪਿੰਡ ਫੂਲੇਵਾਲਾ 'ਚ ਇੱਕ ਮਾਂ ਨੇ ਪ੍ਰੇਮ ਸਬੰਧਾਂ ਦੇ ਚੱਲਦਿਆਂ ਰਾਹ ਵਿੱਚ ਰੋੜਾ ਬਣ ਰਹੇ ਆਪਣੇ ਦੋ ਬੱਚਿਆਂ ਦੀ ਹੱਤਿਆ ਕਰ ਦਿੱਤੀ ਹੈ।ਪਿੰਡ ਫੂਲੇਵਾਲਾ 'ਚ 15 ਦਿਨਾਂ ਦੇ ਅੰਦਰ ਦੋ ਭੈਣ-ਭਰਾਵਾਂ ਦੀ ਸ਼ੱਕੀ ਹਾਲਤਾਂ ਵਿੱਚ ਮੌਤ ਹੋ ਗਈ ਹੈ।ਪਿੰਡ ਵਾਸੀਆਂ ਨੇ ਬੱਚਿਆਂ ਦੀ ਮਾਂ 'ਤੇ ਸ਼ੱਕ ਪ੍ਰਗਟ ਕੀਤਾ ਹੈ ਤੇ ਨਿਰਪੱਖ ਪੁਲਸ ਜਾਂਚ ਦੀ ਮੰਗ ਕੀਤੀ ਹੈ। ਜਾਣਕਾਰੀ ਅਨੁਸਾਰ ਲਗਭਗ 15 ਦਿਨ ਪਹਿਲਾਂ ਇੱਕ 9 ਸਾਲਾ ਬੱਚੀ ਦੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ ਸੀ ਤੇ ਉਸ ਦੇ ਪਰਵਾਰ ਨੇ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਸੀ।ਬੀਤੇ ਸ਼ੁੱਕਰਵਾਰ ਰਾਤ ਨੂੰ ਬੱਚੀ ਦੇ ਸੱਤ ਸਾਲਾ ਛੋਟੇ ਭਰਾ ਫਤਿਹਵੀਰ ਦੀ ਵੀ ਮੌਤ ਹੋ ਗਈ।ਇਸ ਤੋਂ ਬਾਅਦ ਪਿੰਡ ਵਾਸੀਆਂ ਨੇ ਮ੍ਰਿਤਕ ਬੱਚਿਆਂ ਦੀ ਮਾਂ 'ਤੇ ਸ਼ੱਕ ਪ੍ਰਗਟ ਕੀਤਾ।ਆਰੋਪ ਹੈ ਕਿ ਪ੍ਰੇਮ ਸਬੰਧਾਂ ਕਾਰਨ ਔਰਤ ਨੇ ਆਪਣੇ ਬੱਚਿਆਂ ਨੂੰ ਚੂਹੇ ਮਾਰਨ ਵਾਲੀ ਜ਼ਹਿਰ ਦੇ ਦਿੱਤੀ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਡੀਐੱਸਪੀ ਫੂਲ ਮਨੋਜ ਕੁਮਾਰ ਨੇ ਦੱਸਿਆ ਕਿ ਕੱਲ੍ਹ ਇੱਕ 8 ਸਾਲ ਦੇ ਬੱਚੇ ਦੀ ਮੌਤ ਨੇ ਪਿੰਡ ਵਾਸੀਆਂ ਤੇ ਪਰਵਾਰ ਨੂੰ ਹੈਰਾਨ ਕਰ ਦਿੱਤਾ ਹੈ, ਜਿਨ੍ਹਾਂ ਨੂੰ ਸ਼ੱਕ ਹੈ ਕਿ ਉਨ੍ਹਾਂ ਦੇ ਬੱਚੇ ਦੀ ਮੌਤ ਉਨ੍ਹਾਂ ਦੀ ਮਾਂ ਕਾਰਨ ਹੋਈ ਹੈ।ਜਾਂਚ ਤੋਂ ਪਤਾ ਲੱਗਾ ਹੈ ਕਿ ਮਾਂ ਜੱਸੀ ਕੌਰ ਦੇ ਮਹਾਰਾਜ ਪਿੰਡ ਵਿੱਚ ਕਿਸੇ ਨਾਲ ਨਾਜਾਇਜ਼ ਸਬੰਧ ਹਨ ਤੇ ਬੱਚੇ ਰੁਕਾਵਟ ਬਣ ਰਹੇ ਸਨ।

# ਪੱਤਰਕਾਰ ਧਵਨ ਦੀ ਬਰਸੀ ਮੌਕੇ ਕੈਂਪ 'ਚ 128 ਮਰੀਜ਼ਾਂ ਦੇ ਖ਼ੂਨ ਦੀ ਜਾਂਚ

**ਮਮਦੋਟ (ਜਸਬੀਰ ਸਿੰਘ ਕੰਬੋਜ)**- ਪੱਤਰਕਾਰੀ ਦੇ ਖੇਤਰ ਵਿੱਚ ਵਿਲੱਖਣ ਪੈੜਾਂ ਪਾਉਣ ਵਾਲੇ ਤੇ ਜ਼ਿੰਦਗੀ ਦਾ ਲੰਬਾ ਸਮਾਂ ਪੱਤਰਕਾਰਤਾ ਨੂੰ ਸਮਰਪਤ ਰਹੇ ਪੱਤਰਕਾਰ ਰਾਕੇਸ਼ ਧਵਨ ਦੀ ਪਹਿਲੀ ਬਰਸੀ ਮੌਕੇ ਉਨ੍ਹਾ ਦੇ ਸਪੁੱਤਰ ਵਰੁਣਦੀਪ ਧਵਨ, ਹੇਮਨ ਧਵਨ ਤੇ ਸਮੂਹ ਪਰਵਾਰ ਵੱਲੋਂ ਉਨ੍ਹਾਂ ਦੀ ਮਿੱਠੀ ਯਾਦ ਵਿੱਚ ਮੁਫ਼ਤ ਖ਼ੂਨ ਜਾਂਚ ਕੈਂਪ ਲਗਾਇਆ ਗਿਆ। ਸੀ ਐੱਚ ਸੀ ਮਮਦੋਟ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰੇਖਾ ਭੱਟੀ ਦੀ



ਦੇਖ-ਰੇਖ ਤੇ ਹੈਲਥ ਕੇਅਰ ਲੈਬਸ ਮਮਦੋਟ ਤੇ ਅਮਨਦੀਪ ਲੈਬ ਮਮਦੋਟ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਵਿੱਚ ਡਾਕਟਰ ਹਰਸ਼ (ਮੈਡੀਕਲ ਅਫਸਰ), ਪਰਮਿੰਦਰ ਕੌਰ (ਸੀ. ਐੱਚ. ਓ), ਸਿਵਾਲੀ ਵਰਮਾ (ਐੱਸ. ਐੱਲ. ਟੀ.), ਰਾਜੇਸ਼ ਕੁਮਾਰ (ਐੱਸ. ਐੱਲ. ਟੀ), ਸਵਰਨ ਸਿੰਘ (ਮ. ਪ. ਹ. ਵ), ਜਜਬੀਰ ਸਿੰਘ (ਮ. ਪ. ਹ. ਵ.), ਅਮਰਜੀਤ ਸਿੰਘ, ਮੰਗਲ ਸਿੰਘ (ਮ. ਪ. ਹ. ਵ.) ਦੇ ਸਹਿਯੋਗ ਨਾਲ ਆਏ ਹੋਏ ਮਰੀਜ਼ਾਂ ਦੇ ਖ਼ੂਨ ਦੇ ਸੈਂਪਲ ਲਏ ਗਏ ਤੇ ਜਾਂਚ ਉਪਰੰਤ ਰਿਪੋਰਟਾਂ ਸੌਂਪੀਆਂ ਗਈਆਂ। ਹੋਰ ਜਾਣਕਾਰੀ ਦਿੰਦੇ ਹੋਏ ਸੀ ਐੱਚ ਸੀ ਮਮਦੋਟ ਦੇ ਬੀ ਈ ਈ ਅਮਨ ਕੰਬੋਜ ਨੇ ਦੱਸਿਆ ਕਿ ਇਸ ਤੋਂ ਇਲਾਵਾ ਮਮਦੋਟ ਦੇ ਸਰਕਾਰੀ ਹਸਪਤਾਲ ਵਿੱਚ ਵੀ ਮਰੀਜ਼ਾਂ ਦੇ ਜ਼ਿਆਦਾਤਰ ਖ਼ੂਨ ਦੇ ਟੈਸਟ ਮੁਫ਼ਤ ਹੀ ਕੀਤੇ ਜਾਂਦੇ ਹਨ ਤੇ ਜੋ ਮਰੀਜ਼ ਕਿਸੇ ਕਾਰਨ ਇਸ ਕੈਂਪ ਵਿੱਚ ਨਹੀਂ ਪਹੁੰਚ ਸਕੇ, ਉਹ ਕਿਸੇ ਵੀ ਕੰਮ ਵਾਲੇ ਦਿਨ (ਜਦ ਹਸਪਤਾਲ ਖੁੱਲ੍ਹਾ ਹੋਵੇ ਤੇ ਸਰਕਾਰੀ ਛੁੱਟੀ ਨਾ ਹੋਵੇ) ਸਵੇਰੇ ਹਸਪਤਾਲ ਖੁੱਲ੍ਹਣ ਦੇ ਸਮੇਂ ਤੋਂ ਦੁਪਹਿਰ ਇੱਕ ਵਜੇ ਤੱਕ ਆ ਡਾਕਟਰ ਸਾਹਿਬਾਨ ਕੋਲੋਂ ਚੈੱਕਅਪ ਕਰਵਾ ਕੇ ਲੋੜੀਂਦੇ ਟੈਸਟ ਕਰਵਾ ਸਕਦੇ ਹਨ। ਇਸ ਮੌਕੇ ਗੱਲਬਾਤ ਕਰਦਿਆਂ ਉਨ੍ਹਾ ਦੇ ਸਾਹਿਯੋਗੀ ਰਹੇ ਬਲਦੇਵ ਰਾਜ ਸ਼ਰਮਾ ਨੇ ਕਿਹਾ ਕਿ ਧਵਨ ਵੱਲੋਂ ਪੱਤਰਕਾਰਤਾ ਦੇ ਖੇਤਰ ਵਿੱਚ ਨਿਭਾਈਆਂ ਸੇਵਾਵਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾਂ ਸਕਦਾ। ਇਸ ਮੌਕੇ ਸਵਰਨ ਕੌਰ, ਪਰਮਜੀਤ ਕੌਰ (ਆਸ਼ਾ ਵਰਕਰ), ਬਲਦੇਵ ਰਾਜ ਸ਼ਰਮਾ ਸਟੇਟ ਕਮੇਟੀ ਮੈਂਬਰ ਪੰਜਾਬ ਐਂਡ ਚੰਡੀਗੜ੍ਹ ਜਰਨੀਲਿਸਟ ਯੂਨੀਅਨ, ਜਸਬੀਰ ਸਿੰਘ ਚੇਅਰਮੈਨ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ, ਜਸਵੰਤ ਸਿੰਘ ਥਿੰਦ ਪ੍ਰਧਾਨ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ, ਤਜਿੰਦਰ ਢੀਂਗੜਾ ਪ੍ਰਧਾਨ ਪ੍ਰੈੱਸ ਕਲੱਬ ਮਮਦੋਟ, ਸੀਨੀਅਰ ਪੱਤਰਕਾਰ ਬਲਜੀਤ ਸਿੰਘ, ਬਾਜ਼ ਸਿੰਘ ਸਾਹਣ ਕੇ, ਰਮਨੀਕ ਚੋਪੜਾ ਸਮੇਤ ਵੱਡੀ ਗਿਣਤੀ ਵਿੱਚ ਪੱਤਰਕਾਰਾਂ ਤੇ ਪਤਵੰਤਿਆ ਨੇ ਵੀ ਹਾਜ਼ਰੀ ਲਵਾਈ।

# ਪੀ ਯੂ ਦੇ ਜੀਵ ਵਿਗਿਆਨ ਤੇ ਵਾਤਾਵਰਣ ਵਿਗਿਆਨ ਵਿਭਾਗ ਵੱਲੋਂ ਅਲੂਮਨੀ ਮੀਟ

## ਕਿਸੇ ਵੀ ਸੰਸਥਾ ਦੀ ਅਸਲ ਅਮੀਰੀ ਹੁੰਦੇ ਹਨ ਉਸ ਦੇ ਸਾਬਕਾ ਵਿਦਿਆਰਥੀ : ਡਾ. ਜਗਦੀਪ ਸਿੰਘ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬੀ ਯੂਨੀਵਰਸਿਟੀ ਦੇ ਜੀਵ ਵਿਗਿਆਨ ਤੇ ਵਾਤਾਵਰਣ ਵਿਗਿਆਨ ਵਿਭਾਗ ਵੱਲੋਂ ਅਲੂਮਨੀ ਮੀਟ ਕਰਵਾਈ ਗਈ।ਉੱਪ-ਕੁਲਪਤੀ ਡਾ. ਜਗਦੀਪ ਸਿੰਘ, ਜੋ ਖ਼ੁਦ ਵੀ ਇਸੇ ਵਿਭਾਗ ਵਿਦਿਆਰਥੀ ਰਹੇ ਹਨ, ਨੇ ਇਸ ਮੌਕੇ ਸ਼ਿਰਕਤ ਕਰਦਿਆਂ ਵਿਭਾਗ ਨਾਲ਼ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਤੇ ਆਪਣੇ ਅਧਿਆਪਕਾਂ ਵੱਲੋਂ ਦਿੱਤੇ ਗਏ ਮਾਰਗਦਰਸ਼ਨ ਤੇ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਕਿਸੇ ਵੀ ਸੰਸਥਾ ਦੀ ਅਸਲ ਅਮੀਰੀ ਉਸ ਦੇ ਸਾਬਕਾ ਵਿਦਿਆਰਥੀ ਹੁੰਦੇ ਹਨ, ਜੋ ਦੁਨੀਆ ਦੇ ਵੱਖ-ਵੱਖ ਕੋਨਿਆਂ ਵਿੱਚ ਜਾ ਕੇ ਆਪਣੀ ਸੰਸਥਾ ਦਾ ਨਾਮ ਰੌਸ਼ਨ ਕਰਦੇ ਹਨ।ਵਿਭਾਗ ਮੁਖੀ ਡਾ. ਉਂਕਾਰ ਸਿੰਘ ਬੜੈਚ ਨੇ ਸਵਾਗਤੀ ਭਾਸ਼ਣ ਦੌਰਾਨ ਕਿਹਾ ਕਿ ਹਰ ਸਾਲ ਕਰਵਾਏ ਜਾਂਦੇ ਇਸ ਸਮਾਗਮ ਦਾ ਮੁੱਖ ਮਕਸਦ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਨਾ, ਪੇਸ਼ੇਵਰ ਤਜਰਬੇ ਸਾਂਝੇ ਕਰਨਾ ਤੇ ਭਵਿੱਖ ਲਈ ਪੁਰਾਣੇ ਵਿਦਿਆਰਥੀਆਂ ਦੇ ਆਪਸੀ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨਾ ਹੈ।ਸਮਾਗਮ ਵਿੱਚ ਅਮਰੀਕਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਸਾਬਕਾ ਵਿਦਿਆਰਥੀ ਤੇ ਉੱਘੇ ਪੇਨ ਮੈਨੇਜਮੈਂਟ ਸਪੈਸ਼ਲਿਸਟ ਡਾ. ਰਾਜ ਉੱਪਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਵਿਭਾਗ ਦੇ ਸੇਵਾਮੁਕਤ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ।ਸਮਾਗਮ ਵਿੱਚ 1971 ਬੈਚ ਦੇ ਲਗਭਗ 7 ਸਾਬਕਾ ਵਿਦਿਆਰਥੀ ਤੇ ਸਿਲਵਰ ਜੁਬਲੀ ਬੈਚ ਦੇ 6 ਵਿਦਿਆਰਥੀ ਸ਼ਾਮਲ ਹੋਏ।ਕੁੱਲ ਮਿਲਾ ਕੇ ਵੱਖ-ਵੱਖ ਬੈਚਾਂ ਦੇ ਲਗਭਗ 100 ਸਾਬਕਾ ਵਿਦਿਆਰਥੀਆਂ ਨੇ ਇਸ ਮਿਲਣੀ ਵਿੱਚ ਹਿੱਸਾ ਲਿਆ।

# ਬਰਸਾਤੀ ਪਾਣੀ ਦੀ ਨਿਕਾਸੀ ਲਈ 1.80 ਕਰੋੜ ਦੀ ਲਾਗਤ ਨਾਲ ਬਣਨ ਵਾਲੀ ਡਰੇਨ ਦਾ ਕੰਮ ਸ਼ੁਰੂ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ, ਪੇਧਨੀ)**- ਧੂਰੀ ਵਾਸੀਆਂ ਦੀ ਵੱਡੀ ਮੰਗ ਨੂੰ ਪੂਰਾ ਕਰਦਿਆਂ ਧੂਰੀ ਸ਼ਹਿਰ ਦੇ ਬਾਈਪਾਸ ਦੇ ਪੁੱਲ ਤੋਂ ਉਤਰਦਿਆਂ ਨਾਨਕਸਰ ਗੁਰਦੁਆਰਾ



ਸਾਹਿਬ ਤੋਂ ਮਾਲੇਰਕੋਟਲਾ ਚੌਕ ਤੱਕ ਬਰਸਾਤੀ ਪਾਣੀ ਦੀ ਸੁਚੱਜੀ ਨਿਕਾਸੀ ਲਈ ਸੜਕ ਦੇ ਦੋਵੇਂ ਪਾਸੇ ਕਰੀਬ 1 ਕਿਲੋਮੀਟਰ ਲੰਬੀ ਡਰੇਨ ਦੇ ਕੰਮ ਦੀ ਸ਼ੁਰੂਆਤ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਓ.ਐੱਸ.ਡੀ. ਸ. ਸੁਖਵੀਰ ਸਿੰਘ ਵੱਲੋਂ ਕਰਵਾਈ ਗਈ।ਇਸ ਡਰੇਨ ਦੇ ਨਿਰਮਾਣ, ਸੜਕ ਦੀ ਮੁਰੰਮਤ ਤੇ ਇੰਟਰਲਾਕ ਟਾਈਲਾਂ ਲਗਾਉਣ 'ਤੇ ਲਗਭਗ 1 ਕਰੋੜ 80 ਲੱਖ ਰੁਪਏ ਦੀ ਲਾਗਤ ਆਵੇਗੀ। ਇਸ ਮੌਕੇ ਓ.ਐੱਸ.ਡੀ. ਸ੍ਰ. ਸੁਖਵੀਰ ਸਿੰਘ ਨੇ ਕਿਹਾ ਕਿ ਧੂਰੀ ਦੇ ਵਾਰਡ ਨੰਬਰ 18, 19, 20 ਤੇ 21 ਦੇ ਵਸਨੀਕਾਂ ਨੂੰ ਬਰਸਾਤ ਦੌਰਾਨ ਖੜਦੇ ਪਾਣੀ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਦੱਸਿਆ ਕਿ ਇਸ 'ਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਤੁਰੰਤ ਕਾਰਵਾਈ ਕਰਦਿਆਂ ਸੜਕ ਦੇ ਦੋਵੇਂ ਪਾਸੇ ਡਰੇਨ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ ਅਤੇ ਅੱਜ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਕਰੀਬ 1 ਕਿਲੋਮੀਟਰ ਲੰਬੀ ਬਣਨ ਵਾਲੀ ਇਸ ਡਰੇਨ ਦੇ ਨਾਲ-ਨਾਲ ਸੜਕ ਦੀ ਰਿਪੇਅਰ ਵੀ ਕੀਤੀ ਜਾਵੇਗੀ ਤੇ ਬਾਕੀ ਹਿੱਸੇ 'ਤੇ ਬਲਾਕ ਟਾਈਲਾਂ ਲਗਾਈਆਂ ਜਾਣਗੀਆਂ, ਜਿਸ ਨਾਲ ਸੜਕ ਦੀ ਮਜ਼ਬੂਤੀ ਤੇ ਸੁੰਦਰਤਾ ਵਿੱਚ ਵਾਧਾ ਹੋਵੇਗਾ।ਡਰੇਨ ਦੇ ਨਿਰਮਾਣ ਨਾਲ ਬਰਸਾਤੀ ਪਾਣੀ ਦੀ ਨਿਕਾਸੀ ਸੁਚਾਰੂ ਹੋਵੇਗੀ ਤੇ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਦਾ ਸਥਾਈ ਹੱਲ ਹੋਵੇਗਾ। ਇਸ ਮੌਕੇ ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਪੰਜਾਬ ਸਟੇਟ ਟਰੇਡਰਸ ਕਮਿਸ਼ਨ ਧੂਰੀ ਦੇ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਪੁਸ਼ਪਿੰਦਰ ਸ਼ਰਮਾ, ਸਾਬਕਾ ਪ੍ਰਧਾਨ ਐਡਵੋਕੇਟ ਹੈਪੀ ਗਰਗ ਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ, ਰਮਨਦੀਪ ਸਿੰਘ ਤੇ ਐੱਸ.ਡੀ.ਓ. ਨਵਦੀਪ ਬਾਂਸਲ ਸਮੇਤ ਵੱਡੀ ਗਿਣਤੀ ਇਲਾਕਾ ਨਿਵਾਸੀ ਮੌਜੂਦ ਸਨ।

# ਦੇਸ਼-ਵਿਆਪੀ ਹੜਤਾਲ 'ਚ ਆਲ ਇੰਡੀਆ ਆਂਗਨਵਾੜੀ ਵਰਕਰ, ਹੈਲਪਰਜ਼ ਯੂਨੀਅਨ ਨੇ ਕੀਤੀ ਵੱਡੀ ਗਿਣਤੀ 'ਚ ਸ਼ਮੂਲੀਅਤ

**ਮੋਗਾ (ਇਕਬਾਲ ਸਿੰਘ ਖਹਿਰਾ)**- ਆਂਗਨਵਾੜੀ ਵਰਕਰ ਹੈਲਪਰ ਯੂਨੀਅਨ (ਏਟਕ) ਪੰਜਾਬ ਨੇ ਵੀ ਆਪਣਾ ਗੁੱਸਾ ਜ਼ਾਹਰ ਕਰਦੇ ਹੋਏ ਮੋਗਾ ਦੇ ਮੁੱਖ ਚੌਕ ਵਿੱਚ ਰੋਸ ਮੁਜ਼ਾਹਰਾ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਗੁਰਚਰਨ ਕੌਰ ਮੋਗਾ ਤੇ ਬਲਵਿੰਦਰ ਕੌਰ ਖੋਸਾ ਨੇ ਦੱਸਿਆ ਕਿ ਆਰ.ਸੀ.ਡੀ.ਐੱਸ. ਸਕੀਮ ਤਹਿਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ 50 ਸਾਲ ਹੋ ਗਏ ਹਨ, ਅਜੇ ਤੱਕ ਉਨ੍ਹਾਂ ਨੂੰ ਮੁਲਾਜ਼ਮ ਤਾਂ ਕੀ ਇੱਕ ਵਰਕਰ ਵੀ ਨਹੀਂ ਮੰਨਿਆ ਜਾ ਰਿਹਾ, ਜਦੋਂ ਕਿ ਕੇਂਦਰ ਵਿੱਚ ਭਾਜਪਾ ਸਰਕਾਰ ਆਈ ਹੈ, ਉਦੋਂ ਤੋਂ ਲੈ ਕੇ ਅੱਜ ਤੱਕ ਕੇਂਦਰ ਸਰਕਾਰ ਵੱਲੋਂ ਆਂਗਨਵਾੜੀ ਵਰਕਰਾਂ ਹੈਲਪਰਾਂ ਦੇ ਮਾਣ ਭੱਤੇ ਵਿੱਚ ਇੱਕ ਰੁਪਏ ਤੱਕ ਦਾ ਵੀ ਵਾਧਾ ਨਹੀਂ ਕੀਤਾ, ਜਦੋਂ ਕਿ ਕੇਂਦਰ ਸਰਕਾਰ ਨਾਰੀ ਸ਼ਕਤੀ ਕਰਨ ਦਾ ਵੱਖ-ਵੱਖ ਮੀਡੀਏ ਰਾਹੀਂ ਬੜਾ ਵੱਡਾ ਢੰਡੋਰਾ ਪਿੱਟ ਰਹੀ ਹੈ।ਇੱਥੇ ਹੀ ਬੱਸ ਨਹੀਂ ਪੋਸ਼ਣ ਟਰੈਕਰ ਦੇ ਨਾਂ ਤੇ ਕੇਂਦਰ ਸਰਕਾਰ ਆਂਗਣਵਾੜੀ ਵਰਕਰਾਂ ਤੇ ਮਾਨਸਿਕ ਬੋਝ ਪਾਉਣ ਦੇ ਨਾਲ ਨਾਲ ਆਰਥਿਕ ਬੋਝ ਵੀ ਪਾ ਰਹੀ ਹੈ, ਕਿਉਂਕਿ ਪੋਸ਼ਣ ਟਰੈਕਰ ਤੇ ਰਜਿਸਟਰ ਲਾਭਪਾਤਰੀਆਂ ਦੀ ਈ ਕੇ ਵਾਈ ਸੀ ਤੇ ਐੱਫ ਆਰ ਐੱਸ ਹੋਣਾ ਬੜਾ ਮੁਸ਼ਕਲ



ਹੈ, ਜੋ ਕਿ ਮਜ਼ਦੂਰ ਵਰਗ ਨਾਲ ਸਬੰਧਤ ਲਾਭਪਾਤਰੀ ਹਨ।ਉਹ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਵੱਖ-ਵੱਖ ਥਾਵਾਂ ਤੇ ਕੰਮ ਕਰਕੇ ਘੱਟੋ ਘੱਟ 7 ਵਜੇ ਤੱਕ ਘਰ ਪਰਤਦੇ ਹਨ, ਜਦੋਂ ਕਿ ਆਂਗਨਵਾੜੀ ਸੈਂਟਰ ਸਵੇਰੇ 9 ਵਜੇ ਤੋਂ 1 ਵਜੇ ਤੱਕ ਖੁੱਲਦੇ ਹਨ ਇਸ ਤਰਾਂ ਈਕੇ ਵਾਈ ਸੀ ਤੇ ਐੱਫ ਆਰ ਐੱਸ ਨਾ ਹੋਣ ਕਾਰਨ ਲਾਭਪਾਤਰੀ ਭੋਜਨ ਐਕਟ ਅਧੀਨ ਆਉਂਦੇ ਲਾਭ ਤੋਂ ਸੱਖਣੇ ਰਹਿ ਜਾਂਦੇ ਹਨ। ਇਸ ਲਈ ਕੇਂਦਰ ਸਰਕਾਰ ਇਸ ਸ਼ਰਤ ਨੂੰ ਹਟਾਵੇ ਤੇ ਪਹਿਲਾਂ ਦੀ ਤਰ੍ਹਾਂ ਖਾਣਾ ਦੇਣ ਦਾ ਪ੍ਰਬੰਧ ਕਰੇ। ਹਿੰਦੁਸਤਾਨ ਪੱਧਰੀ ਹੜਤਾਲ ਦੌਰਾਨ ਆਲ ਇੰਡੀਆ ਆਂਗਣਵਾੜੀ ਵਰਕਰਜ਼ ਹੈਲਪਰਜ਼ ਯੂਨੀਅਨ (ਏਟਕ) ਪੰਜਾਬ ਕੇਂਦਰ ਸਰਕਾਰ ਤੋਂ ਮੰਗ ਕਰਦੀ ਹੈ ਕਿ ਆਂਗਨਵਾੜੀ ਵਰਕਰ/ਹੈਲਪਰ ਨੂੰ ਦਰਜਾ ਤਿੰਨ ਤੇ ਚਾਰ ਦਿੱਤਾ ਜਾਵੇ ਅਤੇ ਜਿੰਨਾ ਚਿਰ ਇਸ ਤੇ ਵਿਚਾਰ ਚਰਚਾ ਚੱਲ ਰਹੀ ਹੈ ਉਨਾ ਚਿਰ 15 ਸਾਲ ਤੋਂ ਕਾਬਜ਼ ਭਾਜਪਾ ਸਰਕਾਰ ਘੱਟੋ ਘੱਟ 5 ਹਜ਼ਾਰ ਸਾਲਾਨਾ ਤੇ ਹਿਸਾਬ ਨਾਲ 15 ਸਾਲ ਦਾ ਬਣਦਾ ਬਕਾਇਆ ਦੇਵੇ, ਕਿਉਂਕਿ ਜੋ ਕੇਂਦਰ ਸਰਕਾਰ ਵੱਲੋਂ 4500 ਆਂਗਨਵਾੜੀ ਵਰਕਰਾਂ ਤੇ 2250 ਹੈਲਪਰਾਂ ਨੂੰ ਦਿੱਤੇ ਜਾ ਰਹੇ ਹਨ।ਇਹ ਇੱਕ ਕੋਝਾ ਮਜ਼ਾਕ ਹੈ।ਜਥੇਬੰਦੀ ਮੰਗ ਕਰਦੀ ਹੈ ਉਪਰੋਕਤ ਸਾਰੇ ਹੜਤਾਲ ਕਰਨ ਵਾਲਿਆਂ ਨੂੰ ਪੱਕੇ ਮੁਲਾਜ਼ਮ ਮੰਨ ਕੇ ਪੈਨਸ਼ਨ ਸਕੀਮ ਸ਼ੁਰੂ ਕੀਤੀ ਜਾਵੇ, ਨਹੀਂ ਤਾਂ ਉਪਰੋਕਤ ਜਥੇਬੰਦੀਆਂ ਦੇ ਵਰਕਰ ਤੇ ਆਂਗਣਵਾੜੀ ਵਰਕਰ ਵੱਡੀ ਗਿਣਤੀ ਵਿੱਚ ਦਿੱਲੀ ਵੱਲ ਕੂਚ ਕਰਨਗੇ।ਇਸ ਹੜਤਾਲ ਵਿੱਚ ਹੋਰਨਾਂ ਤੋਂ ਇਲਾਵਾ ਜਥੇਬੰਦਕ ਆਗੂ ਸਿੰਦਰ ਕੌਰ ਦੁੱਨੇਕੇ, ਚਰਨਜੀਤ ਕੌਰ ਧੂੜਕੋਟ ਰਣਸੀਂਹ, ਰਾਜਵਿੰਦਰ ਕੌਰ ਜਲਾਲਾਬਾਦ, ਬਿਮਲਜੀਤ ਕੌਰ ਦੀਨਾ, ਕਿਰਨਦੀਪ ਕੌਰ ਚੁਗਾਵਾਂ, ਸਰਬਜੀਤ ਕੌਰ, ਪ੍ਰਦੀਪ ਕੌਰ ਤੇ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰ ਤੇ ਹੈਲਪਰਾਂ ਨੇ ਸ਼ਮੂਲੀਅਤ ਕੀਤੀ।

# ਬਾਬਾ ਬੰਦਾ ਬਹਾਦਰ ਸਕੂਲ ਦੇ ਕੈਡਿਟਾਂ ਹੈਰੀਟੇਜ ਫੈਸਟੀਵਲ 'ਚ ਲਿਆ ਭਾਗ



**ਸਮਾਣਾ (ਇਕਬਾਲ ਸਿੰਘ ਬੱਲ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਐੱਨ.ਸੀ.ਸੀ. ਕੈਡਿਟਾਂ ਵੱਲੋਂ ਪਟਿਆਲਾ ਹੈਰੀਟੇਜ ਫੈਸਟੀਵਲ 2026 ਵਿੱਚ ਭਾਗ ਲਿਆ ਗਿਆ।ਇਨ੍ਹਾਂ ਵੱਲੋਂ ਪਟਿਆਲਾ ਹੈਰੀਟੇਜ ਫੈਸਟੀਵਲ 'ਚ ਮਿਲਟਰੀ ਲਿਟਰੇਚਰ ਫੈਸਟੀਵਲ ਤੇ ਆਰਟਿਲਰੀ ਡਿਸਪਲੇਅ, ਹਥਿਆਰਾਂ ਬਾਰੇ ਜਾਣਕਾਰੀ, ਟੈਂਕਾਂ ਨੂੰ ਚਲਾਉਣ ਬਾਰੇ ਜਾਣਕਾਰੀ, ਥਾਈਕ ਸ਼ੋਅ ਆਦਿ ਦਾ ਖਾਲਸਾ ਕਾਲਜ ਵਿਖੇ ਦੌਰਾ ਕੀਤਾ ਗਿਆ।ਐੱਨ.ਸੀ.ਸੀ. ਕੈਡਿਟਾਂ ਵੱਲੋਂ ਫੈਸਟੀਵਲ ਦੌਰਾਨ ਵੱਖ ਵੱਖ ਮਿਲਟਰੀ ਲਿਟਰੇਚਰ ਸੰਬੰਧੀ ਜਾਣਕਾਰੀ ਮਿਲੀ।ਸਕੂਲ ਪ੍ਰਿੰਸੀਪਲ ਤੇ ਸਮੂਹ ਮੈਨੇਜਮੈਂਟ ਕਮੇਟੀ ਵੱਲੋਂ ਕੈਡਿਟਾਂ ਨੂੰ ਨਵੀਂ ਜਾਣਕਾਰੀ ਪ੍ਰਾਪਤ ਕਰਨ 'ਤੇ ਵਧਾਈ ਦਿੱਤੀ ਗਈ।

# ਟੈਕਨੀਕਲ ਸਰਵਿਸ ਯੂਨੀਅਨ ਵੱਲੋਂ ਹੜਤਾਲ

**ਮਹਿਤਪੁਰ, (ਰਾਜਾ)**- ਦੇਸ਼ ਵਿਆਪੀ ਹੜਤਾਲ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਸਮਰਥਨ ਤਹਿਤ ਮਹਿਤਪੁਰ ਵਿਖੇ ਬਿਜਲੀ ਮੁਲਾਜਮਾ ਦੀ ਜੱਥੇਬੰਦੀ ਟੈਕਨੀਕਲ ਸਰਵਿਸ ਯੂਨੀਅਨ ਸਬ ਡਵੀਜ਼ਨ ਵੱਲੋਂ ਮੁਕੰਮਲ ਤੌਰ ਤੇ ਹੜਤਾਲ ਕੀਤੀ। ਜਿਸ ਵਿੱਚ ਸੰਯੁਕਤ ਕਿਸਾਨ ਮੋਰਚੇ ਦੀਆਂ ਜੱਥੇਬੰਦੀਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਸੰਦੀਪ ਅਰੋੜਾ, ਭਾਰਤੀ ਕਿਸਾਨ ਯੂਨੀਅਨ ਖਹਿਰਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਖਹਿਰਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਿਲਾ ਪ੍ਰਧਾਨ ਸਤਨਾਮ ਸਿੰਘ ਲੋਹਗੜ੍ਹ, ਜਨਰਲ ਮਜਦੂਰ ਸਭਾ ਦੇ ਜਿਲਾ ਪ੍ਰਧਾਨ ਸਿਕੰਦਰ ਸੰਧੂ, ਭੱਠਾ ਵਰਕਰ ਯੂਨੀਅਨ ਦੇ ਸੁਨੀਲ ਕੁਮਾਰ ਦੀ ਅਗਵਾਈ ਹੇਠ ਸ਼ਮੂਲੀਅਤ ਕੀਤੀ। ਵੱਖ ਵੱਖ ਬੁਲਾਰਿਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਆਪਣੇ ਹੀ ਦੇਸ਼ ਦੇ ਲੋਕਾਂ ਕੋਲੋਂ ਵੋਟਾਂ ਵਟੋਰ ਕੇ ਰਾਜ ਗੱਦੀਆਂ ਉਪਰ ਬੈਠਦਿਆਂ ਹੀ ਕਾਰਪੋਰੇਟ ਘਰਾਣਿਆਂ ਤੇ ਵਿਦੇਸ਼ੀ ਹਾਕਮਾਂ ਨੂੰ ਫਾਇਦਾ ਪਹੁੰਚਾਉਣ ਲਈ ਵੱਖ ਵੱਖ ਤਰ੍ਹਾਂ ਦੇ ਕਾਨੂੰਨ ਪਾਸ ਤੇ ਅਮਰੀਕਾ ਵਰਗੇ ਦੇਸ਼ਾਂ ਨਾਲ ਵਪਾਰਕ ਸਮਝੌਤੇ ਕਰ ਰਹੇ ਹਨ। ਜਿਸ ਨਾਲ ਜਿਥੇ ਦੇਸ਼ ਦੀ ਕਿਸਾਨੀ ਪ੍ਰਭਾਵਿਤ ਹੋਵੇਗੀ ਉਸ ਨਾਲ ਵਰਗ ਜਿਵੇਂ ਕਿਸਾਨ ਦੇ ਨਾਲ ਆੜਤੀਆ, ਮਜਦੂਰ, ਦੁਕਾਨਦਾਰ, ਆਦਿ ਤੇ



ਮਾੜਾ ਪ੍ਰਭਾਵ ਪਵੇਗਾ ਜਦੋਂ ਸਾਡੀ ਫ਼ਸਲ ਤੇ ਅਨਾਜ ਉਪਰ 18 ਪ੍ਰਤੀਸ਼ਿਤ ਟੈਕਸ ਲੱਗੇਗਾ ਤੇ ਵਿਦੇਸ਼ੀ ਚੀਜ਼ਾਂ ਤੇ ਟੈਕਸ ਮੁਆਫ਼ ਹੋਵੇਗਾ ਤਾਂ ਸੁਭਾਵਿਕ ਹੈ ਉਹ ਸਾਡੇ ਨਾਲੋਂ ਸਸਤਾ ਕਰਕੇ ਵੇਚਣਗੇ ਫ਼ਿਰ ਸਾਡੀ ਫ਼ਸਲ ਤੇ ਅਨਾਜ ਕੋਣ ਖਰੀਦੇਗਾ ਇਸ ਨਾਲ ਸਾਡੇ ਦੇਸ਼ ਦਾ ਕਿਸਾਨ ਬਰਬਾਦ ਹੋ ਜਾਵੇਗਾ ਦੂਸਰੇ ਪਾਸੇ ਸੂਬਾ ਸਰਕਾਰ ਵੱਲੋਂ ਲਾਏ ਜਾ ਰਹੇ ਚਿੱਪ ਵਾਲੇ ਮੀਟਰ ਲੋਕਾਂ ਦਾ ਕਚੂਮਰ ਕੱਢ ਦੇਣਗੇ। ਇਸ ਮੌਕੇ ਟੈਕਨੀਕਲ ਸਰਵਿਸ ਯੂਨੀਅਨ ਦੇ ਸਬ ਡਵੀਜ਼ਨ ਮਹਿਤਪੁਰ ਦੇ ਪ੍ਰਧਾਨ ਗਗਨਦੀਪ ਸਿੰਘ ਸਕੱਤਰ ਰਜਿੰਦਰ ਸਿੰਘ ਸੋਨੂੰ, ਕਿਸਾਨ ਜਸਵੰਤ ਸਿੰਘ ਲੋਹਗੜ੍ਹ, ਕਰਮ ਸਿੰਘ, ਪਰਵਿੰਦਰ ਸਿੰਘ, ਬਲਵੀਰ ਸਿੰਘ, ਰਘਵੀਰ ਸਿੰਘ, ਅਵਤਾਰ ਸਿੰਘ ਤਾਰੀ ਤੇ ਨੌਜਵਾਨ ਆਗੂ ਨਵਦੀਪ ਤੇਜ਼ੀ, ਰਾਜਾ ਸ਼ਾਹਪੁਰ, ਆਦਿ ਹਾਜਰ ਸਨ।

# ਹਰਜੋਤ ਬੈਂਸ ਨੇ ਝਿੰਜੜੀ ਵਾਸੀਆਂ ਨਾਲ ਨਿਭਾਇਆ ਵਾਅਦਾ

**ਪਹਿਲੀ ਵਾਰ ਪਿੰਡ ਨੂੰ ਜਾਣ ਲਈ ਸੜਕ ਦਾ ਹੋ ਰਿਹਾ ਨਿਰਮਾਣ**

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪਿੰਡ ਝਿੰਜੜੀ ਵਾਸੀਆਂ ਲਈ ਅੱਜ ਦਾ ਦਿਨ ਸਭ ਤੋਂ ਵੱਡਾ ਤਿਉਹਾਰ ਬਣ ਗਿਆ ਹੈ, ਜਦੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਪਿੰਡ ਦੇ ਲੋਕਾਂ ਨਾਲ ਕੀਤਾ ਵਾਅਦਾ ਨਿਭਾਇਆ ਹੈ। ਝਿੰਜੜੀ ਨੂੰ ਜਾਣ ਲਈ ਦਹਾਕਿਆਂ ਤੋ ਕੋਈ ਰਾਹ, ਸੜਕ ਨਹੀ ਸੀ ਅਤੇ ਇਸ ਇਲਾਕੇ ਦੇ ਲੋਕਾਂ ਨਾਲ ਸ੍ਰ.ਬੈਂਸ ਨੇ ਵਾਅਦਾ ਕੀਤਾ ਸੀ ਕਿ ਉਹ ਇਸ ਪਿੰਡ ਨੂੰ ਜਾਣ ਲਈ ਰਸਤਾ ਹੀ ਨਹੀ ਸਗੋਂ ਮਜ਼ਬੂਤ ਸੜਕ ਅਤੇ



ਪੁਲੀਆਂ ਪਾ ਕੇ ਡੰਗੇ ਲਗਾ ਕੇ ਇਸ ਪਿੰਡ ਨੂੰ ਪੂਰੀ ਤਰ੍ਹਾਂ ਸੜਕੀ ਨੈਟਵਰਕ ਨਾਲ ਜੋੜਨਗੇ ਅਤੇ ਇਸ ਪਿੰਡ ਦੇ ਲੋਕਾਂ ਨਾਲ ਕੀਤਾ ਵਾਅਦਾ ਪੂਰਾ ਹੋ ਗਿਆ ਹੈ।ਹਰਜੋਤ ਸਿੰਘ ਬੈਂਸ ਕੈਬਨਿਟ ਨੇ ਕਿਹਾ ਹੈ ਕਿ ਝਿੰਜੜੀ ਦੇ ਲੋਕਾਂ ਦਾ ਸੁਪਨਾ 70 ਸਾਲ ਬਾਅਦ ਪੂਰਾ ਹੋ ਗਿਆ ਹੈ। ਮੈਨੂੰ ਖੁਸ਼ੀ ਹੈ ਕਿ ਸਾਡੀ ਸਰਕਾਰ ਨੇ ਆਪਣਾ ਵਾਅਦਾ ਪੂਰਾ ਕਰ ਦਿੱਤਾ ਹੈ। ਕੈਬਨਿਟ ਮੰਤਰੀ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਭਰੋਸਾ ਦਿੱਤਾ ਕਿ ਹਰ ਸੜਕ ਘੱਟੋ-ਘੱਟ 18 ਫੁੱਟ ਚੌੜੀ ਹੋਵੇਗੀ, ਤਾਂ ਜੋ ਆਮ ਲੋਕਾਂ ਨੂੰ ਸੁਰੱਖਿਅਤ, ਸੁਵਿਧਾਜਨਕ ਅਤੇ ਲੰਬੇ ਸਮੇਂ ਤੱਕ ਸੁਚਾਰੂ ਆਵਾਜਾਈ ਸਹੂਲਤ ਮਿਲ ਸਕੇ। ਇਸ ਮੌਕੇ ਸੂਬੇਦਾਰ ਰਾਜਪਾਲ ਮੋਹੀਵਾਲ, ਰਾਮਪਾਲ ਕਾਹੀਵਾਲ, ਰਾਮ ਲਾਲ, ਬਲਵਿੰਦਰ ਸਿੰਘ ਸਰਪੰਚ, ਸੋਨੂੰ ਚੋਧਰੀ, ਦਲੀਪ ਹੰਸ ਦਲਿਤ ਵਿਕਾਸ ਬੋਰਡ ਦਾ ਮੈਂਬਰ, ਸਮਸ਼ੇਰ ਸਿੰਘ ਬਲਾਕ ਸੰਮਤੀ ਮੈਂਬਰ ਲਖੇੜ, ਲੱਕੀ ਭਗਵਾਲਾ, ਦਵਿੰਦਰ ਸਿੰਘ ਸਿੱਧੂ ਬਲਾਕ ਪ੍ਰਧਾਨ, ਸੋਹਣ ਸਿੰਘ ਨਿੱਕੂਵਾਲ, ਕਮਲ ਚੋਹਾਨ, ਲਕਸ਼ਮਣ ਚੋਹਾਨ, ਕ੍ਰਿਸ਼ਨ ਚੋਹਾਨ, ਸੋਨੂੰ ਚੋਹਾਨ, ਕੁਲਵਿੰਦਰ ਚੋਹਾਨ, ਹੈਪੀ ਚੋਹਾਨ, ਰਤਨ ਚੋਹਾਨ, ਗੁਰਚਰਨ ਚੋਹਾਨ, ਦੇਸ ਰਾਜ ਚੋਹਾਨ, ਤਾਰਾ ਚੋਹਾਨ, ਡੀ.ਸੀ ਚੋਹਾਨ, ਹਿੰਮਤ ਸਿੰਘ, ਸੁਰਿੰਦਰ ਸਿੰਘ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਮਹਾਂਸ਼ਿਵਰਾਤਰੀ ਦਾ ਤਿਉਹਾਰ ਮਨਾਇਆ



**ਜਲੰਧਰ (ਲਖਵਿੰਦਰ ਸਿੰਘ ਆਧੀ)**- ਸ਼ਿਵ ਸ਼ਕਤੀ ਮੰਦਰ ਅਨੂਪ ਨਗਰ (ਬਸਤੀ ਦਾਨਿਸ਼ਮੰਦਾਂ) ਦੀ ਪ੍ਰਬੰਧਕ ਕਮੇਟੀ ਵੱਲੋਂ ਮਹਾਂਸ਼ਿਵਰਾਤਰੀ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਕਮੇਟੀ ਦੇ ਪ੍ਰਧਾਨ ਬਾਂਸੀ ਲਾਲ ਨੇ ਦੱਸਿਆ ਕਿ ਸ਼ਿਵ ਸ਼ਕਤੀ ਮੰਦਰ ਤੋਂ ਸ਼ੋਭਾ ਯਾਤਰਾ ਸ਼ੁਰੂ ਕੀਤੀ ਗਈ ਹੈ ਜੋ ਸੀਟੀ ਇਨਕਲੇਵ, ਗ੍ਰੀਨ ਬੈਲੀ, ਬਦਰੀ ਕਲੋਨੀ, ਸਤਨਾਮ ਨਗਰ,ਕਰਨ ਇਨਕਲੇਵ ਅਤੇ ਹੋਰ ਵੀ ਕਲੋਨੀ ਵਿੱਚ ਗਈ। ਅਤੇ ਵਾਪਸ ਮੰਦਰ ਅਨੂਪ ਨਗਰ ਵਿਖੇ ਸਮਾਪਤ ਹੋਈ।ਇਸ ਮੌਕੇ ਆਮ ਆਦਮੀ ਪਾਰਟੀ ਦੇ ਵਾਰਡ ਨੰਬਰ 58ਦੇ ਕੌਂਸਲਰ ਡਾਕਟਰ ਮਨੀਸ਼ ਕਰਲੋਪੀਆ ਵੀ ਸ਼ਾਮਲ ਹੋਏ।ਪੰਡਿਤ ਜੇ ਪ੍ਰਕਾਸ਼ ਭੱਟ ਨੇ ਦੱਸਿਆ ਕਿ 15 ਫਰਵਰੀ ਨੂੰ ਵਿਸ਼ਾਲ ਲੰਗਰ ਭੰਡਾਰਾ ਲਗਾਇਆ ਜਾ ਰਿਹਾ ਹੈ। ਇਸ ਮੌਕੇ ਡਾਕਟਰ ਮਨੀਸ਼ ਕਰਲੋਪੀਆ ਪ੍ਰਧਾਨ ਬਾਸੀ ਲਾਲ, ਬਿੰਦਰ, ਸੰਜੇ ਚੌਧਰੀ, ਅਰਜਨ, ਪੂਰਨ, ਸੰਜੇ, ਪ੍ਰਮਿਲਾ ਦੇਵੀ, ਪੂਨਮ, ਅਤੇ ਨਾਮਵਰ ਸ਼ਖ਼ਸੀਅਤਾਂ ਤੇ ਹੋਰ ਵੀ ਬਹੁਤ ਸਾਰੇ ਨਗਰ ਨਿਵਾਸੀ ਹਾਜ਼ਰ ਸਨ।

# ਸਿਹਤ ਕੈਂਪਾਂ 'ਚ 9,000 ਸੀਨੀਅਰ ਨਾਗਰਿਕ ਹੋਏ ਰਜਿਸਟਰਡ: ਡਾ. ਬਲਜੀਤ ਕੌਰ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੀਨੀਅਰ ਨਾਗਰਿਕਾਂ ਦੀ ਸਿਹਤ, ਸੁਰੱਖਿਆ ਅਤੇ ਮਾਣ-ਸਨਮਾਨ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਜ਼ਮੀਨੀ ਪੱਧਰ 'ਤੇ ਕੀਤੇ ਜਾ ਰਹੇ ਉਪਰਾਲਿਆਂ ਰਾਹੀਂ ਉਨ੍ਹਾਂ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਨੂੰ ਲਗਾਤਾਰ ਹੋਰ ਮਜ਼ਬੂਤ ਕਰ ਰਹੀ ਹੈ। ਸਾਡੇ ਬਜ਼ੁਰਗ, ਸਾਡਾ ਮਾਣ ਮੁਹਿੰਮ ਸੂਬਾ ਪੱਧਰੀ ਪਹੁੰਚ ਦੇ [illegible] ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਪਹਿਲਕਦਮੀ ਪੰਜਾਬ ਦੀ ਬਜ਼ੁਰਗ ਆਬਾਦੀ ਦਾ ਸਨਮਾਨ ਤੇ ਸਹਾਇਤਾ ਕਰਨ ਪ੍ਰਤੀ ਸੂਬਾ ਸਰਕਾਰ ਦੀ ਲੋਕ-ਪੱਖੀ ਪਹੁੰਚ ਨੂੰ ਦਰਸਾਉਂਦੀ ਹੈ।

## ਪਲੇਸਮੈਂਟ ਕੈਂਪ 17 ਨੂੰ

**ਮੋਹਾਲੀ, (ਗੁਰਜੀਤ ਬਿੱਲਾ)**-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ, ਐੱਸ ਏ ਐੱਸ ਨਗਰ ਵੱਲੋਂ 17 ਫ਼ਰਵਰੀ ਦਿਨ ਮੰਗਲਵਾਰ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰ.461, ਤੀਜੀ ਮੰਜ਼ਿਲ, ਸੈਕਟਰ-76 ਮੋਹਾਲੀ ਵਿਖੇ ਕੀਤਾ ਜਾ ਰਿਹਾ ਹੈ। ਇਸ ਪਲੇਸਮੈਂਟ ਕੈਂਪ ਦਾ ਸਮਾਂ ਸਵੇਰ 10:00 ਵਜੇ ਤੋਂ ਦੁਪਿਹਰ 01.00 ਵਜੇ ਤੱਕ ਹੋਵੇਗਾ।

## ਫੱਗਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਮਨਾਇਆ

**ਨਵਾਂਸ਼ਹਿਰ (ਮਨੋਜ ਲਾਡੀ)**-ਰੈੱਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਨਵਾਂਸ਼ਹਿਰ ਵਿਖੇ ਫੱਗਣ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਮਨਾਇਆ। ਇਸ ਮੌਕੇ ਭਾਈ ਮਨਜੀਤ ਸਿੰਘ ਮੁੱਖ ਗ੍ਰੰਥੀ ਗੁਰਦੁਆਰਾ ਸਿੰਘ ਸਭਾ ਨਵਾਂਸ਼ਹਿਰ ਨੇ ਬਾਰਹ ਮਾਹ ਦਾ ਜਾਪ ਕੀਤਾ। ਉਪਰੰਤ ਫੱਗਣ ਮਹੀਨੇ ਦੀ ਵਿਆਖਿਆ ਗੁਰਬਾਣੀ ਦੇ ਹਵਾਲੇ ਦੇ ਕੇ ਕਰਦਿਆਂ ਸਮਝਾਇਆ ਕਿ ਜਿਵੇਂ ਫੱਗਣ ਦੇ ਮਹੀਨੇ ਵਿਚ ਵਨਸਪਤੀ ਸੁਗੰਧਤ ਵੰਡਦੀ ਹੈ ਤੇ ਮਨ ਨੂੰ ਅਨੰਦ ਖੇੜਾ ਆਉਂਦਾ ਹੈ। ਇਸ ਤਰ੍ਹਾਂ ਜੇ ਸਤਿਗੁਰੂ ਦੀ ਸੰਗਤ ਕਰ ਕੇ ਪ੍ਰਭੂ ਦੇ ਨਾਮ ਨਾਲ ਜੁੜ ਜਾਈਏ ਤਾਂ ਮਨ ਅਨੰਦ ਹੋ ਜਾਂਦਾ ਹੈ। ਉਨ੍ਹਾਂ ਨੇ ਦਾਖਲ ਨੌਜਵਾਨਾਂ ਨੂੰ ਨਾਮ ਬਾਣੀ ਨਾਲ ਜੁੜਨ ਲਈ ਕਿਹਾ ਅਤੇ ਮਾਤਾ ਪਿਤਾ ਦੇ ਆਗਿਆਕਾਰ ਬਣਨ ਲਈ ਪ੍ਰੇਰਿਤ ਕੀਤਾ।ਉਪਰੰਤ ਰੈੱਡ ਕਰਾਸ ਸਟਾਫ ਅਤੇ ਸਮਾਜ ਸੇਵੀ ਸੰਸਥਾਵਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਇਸ ਮੌਕੇ ਚਮਨ ਸਿੰਘ ਪ੍ਰੋਜੈਕਟ ਡਾਇਰੈਕਟਰ ਨੇ ਸਮੂਹ ਸੰਗਤ ਦਾ ਧੰਨਵਾਦ ਕਰਦਿਆਂ ਨੌਜਵਾਨਾਂ ਨੂੰ ਸਮਝਾਇਆ ਕਿ ਸਾਨੂੰ ਰੋਜ਼ਾਨਾ ਕੁੱਝ ਸਮਾ ਕੱਢ ਕੇ ਪ੍ਰਭੂ ਨਾਮ ਨਾਲ ਜੁੜਨਾ ਚਾਹੀਦਾ ਹੈ। ਇਸ ਮੌਕੇ ਤੇ ਦਿਨੇਸ਼ ਕੁਮਾਰ, ਕਮਲਜੀਤ ਕੌਰ, ਮਨਜੀਤ ਸਿੰਘ, ਮਨਜੋਤ, ਕਮਲਾ ਰਾਣੀ, ਗੁਰਦੀਪ ਸਿੰਘ ਹਾਫਿਜਾਬਾਦੀ, ਕੋਮਲਪ੍ਰੀਤ ਕੌਰ, ਮਰੀਜ਼ ਤੇ ਪਰਵਾਰਕ ਮੈਂਬਰ ਹਾਜ਼ਰ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਸਾਲਾਨਾ ਸਮਾਗਮ

**ਨੰਗਲ (ਸੁਰਜੀਤ ਸਿੰਘ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਥੇੜਾ ਨੰਗਲ ਵਿਖੇ ਕਰਵਾਏ ਗਏ ਸਾਲਾਨਾ ਸਮਾਗਮ ਵਿੱਚ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਨੇ ਖੇਡਾਂ ਅਤੇ ਸਿੱਖਿਆ ਵਿੱਚ ਸ਼ਾਨਦਾਰ ਪ੍ਰਾਪਤੀਆਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਕੇ ਉਨ੍ਹਾਂ ਦਾ ਹੌਸਲਾ ਵਧਾਇਆ। ਸਮਾਗਮ ਦੌਰਾਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਰੰਗਾਰੰਗ ਸੱਭਿਆਚਾਰਕ ਪੇਸ਼ਕਾਰੀਆਂ ਨੇ ਦਰਸ਼ਕਾਂ ਨੂੰ ਮੋਹ ਲਿਆ। ਕੈਬਨਿਟ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਿੱਖਿਆ ਹੀ ਸਮੇਂ ਦੀ ਹਾਣੀ ਬਣਨ ਦਾ ਸਭ ਤੋਂ ਸਰਲ ਤੇ ਪ੍ਰਭਾਵਸ਼ਾਲੀ ਮਾਧਿਅਮ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨਵੀਂ ਤਕਨਾਲੋਜੀ ਨਾਲ ਤਾਲਮੇਲ ਬਣਾਈ ਰੱਖਣ, ਸਿੱਖਿਆ ਹਾਸਲ ਕਰਨ ਅਤੇ ਰੋਜ਼ਾਨਾ ਜੀਵਨ ਵਿੱਚ ਅਨੁਸ਼ਾਸਨ ਤੇ ਮਿਹਨਤ ਨੂੰ ਅਪਣਾਉਣ ਦੀ ਅਪੀਲ ਕੀਤੀ।ਸਕੂਲ ਪ੍ਰਬੰਧਕਾਂ ਨੇ ਸਿੱਖਿਆ ਮੰਤਰੀ ਦਾ ਧੰਨਵਾਦ ਕਰਦਿਆਂ ਸਕੂਲ ਵਿੱਚ ਚੱਲ ਰਹੀਆਂ ਸਿੱਖਿਆ ਸੰਬੰਧੀ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਸਹਿਯੋਗ ਨਾਲ ਸਕੂਲ ਵਿੱਚ ਸਹੂਲਤਾਂ ਵਿੱਚ ਸੁਧਾਰ ਆ ਰਿਹਾ ਹੈ ਅਤੇ ਵਿਦਿਆਰਥੀਆਂ ਦੀ ਪ੍ਰਾਪਤੀ ਦਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਡਾ. ਸੰਜੀਵ ਗੌਤਮ ਜ਼ਿਲ੍ਹਾ ਪ੍ਰਧਾਨ, ਸਤੀਸ਼ ਚੋਪੜਾ ਬਲਾਕ ਪ੍ਰਧਾਨ, ਸੁਮਿਤ ਤਲਵਾੜਾ ਮੈਂਬਰ ਬ੍ਰਾਹਮਣ ਵੈੱਲਫੇਅਰ ਬੋਰਡ ਪੰਜਾਬ, ਪਰਮਿੰਦਰ ਕੌਰ ਦੁਆ ਪ੍ਰਿੰਸੀਪਲ, ਜਗਦੀਪ ਸਿੰਘ ਦੁਆ ਪ੍ਰਿੰਸੀਪਲ ਫਾਰਮੇਸੀ, ਹਰਪਾਲ ਸਿੰਘ ਭੱਲੜੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਵਿਦਿਆਰਥਣਾਂ ਨਾਲ ਸਾਂਝਾ ਕੀਤਾ ਆਈ ਏ ਐੱਸ ਬਣਨ ਦਾ ਸਫ਼ਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**- ਜਦੋਂ ਸੁਪਨਿਆਂ ਵਿੱਚ ਉਡਾਣ ਅਤੇ ਇਰਾਦਿਆਂ ਵਿੱਚ ਦ੍ਰਿੜਤਾ ਹੋਵੇ ਤਾਂ ਕੋਈ ਵੀ ਮੰਜ਼ਿਲ ਦੂਰ ਨਹੀਂ ਹੁੰਦੀ। ਇਸ ਵਿਸ਼ਵਾਸ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਹੋਏ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ 'ਬੇਟੀ ਬਚਾਓ-ਬੇਟੀ ਪੜ੍ਹਾਓ' ਮੁਹਿੰਮ ਤਹਿਤ ਮੁਫ਼ਤ ਕੋਚਿੰਗ ਪ੍ਰਾਪਤ ਕਰ ਰਹੀਆਂ 40 ਵਿਦਿਆਰਥਣਾਂ ਨਾਲ ਦਿਲੋਂ ਗੱਲਬਾਤ ਕੀਤੀ। ਇਹ ਗੱਲਬਾਤ ਸਿਰਫ਼ ਇੱਕ ਰਸਮੀ ਮੁਲਾਕਾਤ ਨਹੀਂ ਸੀ, ਸਗੋਂ ਪ੍ਰੇਰਨਾ, ਹਮਦਰਦੀ ਅਤੇ ਵਿਸ਼ਵਾਸ ਦਾ ਇੱਕ ਸ਼ਾਨਦਾਰ ਸੰਗਮ ਸੀ। ਇਸ ਦੌਰਾਨ ਉਨ੍ਹਾਂ ਨਾਲ ਪੀ.ਸੀ.ਐਸ. (ਟ੍ਰੇਨੀ) ਗੁਰਪ੍ਰੀਤ ਕੌਰ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਵਿਦਿਆਰਥੀਆਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ, ਉਨ੍ਹਾਂ ਦੇ ਸਵਾਲ ਸੁਣੇ ਅਤੇ ਹਰ ਸਵਾਲ ਦਾ ਧੀਰਜ ਨਾਲ ਜਵਾਬ ਦਿੱਤਾ। ਉਨ੍ਹਾਂ ਵਿਦਿਆਰਥਣਾਂ ਨਾਲ ਆਈ ਏ ਐੱਸ ਬਣਨ ਤੱਕ ਦੇ ਆਪਣੇ ਸਫ਼ਰ ਨੂੰ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ 'ਸੁਪਨੇ ਉਹ ਹੀ ਸੱਚ ਹੁੰਦੇ ਹਨ ਜਿਨ੍ਹਾਂ ਦੇ ਲਈ ਅਸੀਂ ਹਰ ਦਿਨ ਥੋੜ੍ਹਾ-ਥੋੜ੍ਹਾ ਸੰਘਰਸ਼ ਕਰਦੇ ਹਾਂ।' ਉਨ੍ਹਾਂ ਦਾ ਤਜਰਬਾ ਸੁਣ ਕੇ ਵਿਦਿਆਰਥਣਾਂ ਨੇ ਸਖ਼ਤ ਮਿਹਨਤ ਕਰਨ ਦਾ ਦ੍ਰਿੜ ਮਨ ਬਣਾਇਆ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਫਰੀ ਕੋਚਿੰਗ 'ਬੇਟੀ ਬਚਾਓ-ਬੇਟੀ ਪੜ੍ਹਾਓ' ਮੁਹਿੰਮ ਤਹਿਤ ਉਦੇ ਅਕੈਡਮੀ (ਗਿਆਨਮ), ਸਰਕਾਰੀ ਕਾਲਜ ਚੌਕ, ਹੁਸ਼ਿਆਰਪੁਰ ਵਿਖੇ 13 ਫਰਵਰੀ ਤੋਂ 30 ਮਾਰਚ ਤੱਕ 180 ਘੰਟੇ ਲਈ ਚਲਾਈ ਜਾ ਰਹੀ ਹੈ। ਇੱਥੇ ਵਿਦਿਆਰਥਣਾਂ ਨੂੰ ਐਸਐਸਸੀ, ਬੈਂਕਿੰਗ, ਰੇਲਵੇ ਤੇ ਹੋਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਤਿਆਰੀ ਕਰਵਾਈ ਜਾ ਰਹੀ ਹੈ। ਕਲਾਸਾਂ ਸੋਮਵਾਰ ਤੋਂ ਸ਼ਨੀਵਾਰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਲੱਗਣਗੀਆਂ ਅਤੇ ਹਫ਼ਤਾਵਾਰੀ ਮੌਕ ਟੈਸਟ ਵੀ ਲਏ ਜਾਣਗੇ।



# ਵਿਸ਼ਵ ਰੇਡੀਓ ਦਿਵਸ ਮਨਾਇਆ

**ਜਲੰਧਰ (ਰਾਜੇਸ਼ ਥਾਪਾ)** ਏ ਜੀ ਆਈ ਗਲੋਬਲ ਸਕੂਲ, ਅਰਬਾਨਾ, 66 ਫੁੱਟ ਰੋਡ ਦੇ ਬੱਚਿਆਂ ਨੇ ਉਤਸ਼ਾਹ ਨਾਲ ਵਿਸ਼ਵ ਰੇਡੀਓ ਦਿਵਸ ਮਨਾਇਆ। ਇਸ ਮੌਕੇ ਤੇ ਬੱਚਿਆਂ ਨੂੰ ਰੇਡੀਓ ਸਟੂਡੀਓ ਦਾ ਦੌਰਾ ਕਰਵਾਇਆ ਗਿਆ, ਜਿੱਥੇ ਉਨ੍ਹਾਂ ਨੇ ਰੇਡੀਓ ਦੀ ਕਾਰਗੁਜ਼ਾਰੀ ਆਪਣੇ ਅੱਖਾਂ ਨਾਲ ਵੇਖੀ ਅਤੇ ਸਮਝੀ।ਬੱਚਿਆਂ ਨੇ ਜਾਣਿਆ ਕਿ ਰੇਡੀਓ ਕਿਸ ਤਰ੍ਹਾਂ ਖ਼ਬਰਾਂ, ਸਿੱਖਿਆ ਅਤੇ ਜਾਗਰੂਕਤਾ ਦੇ ਸੰਦੇਸ਼ ਲੋਕਾਂ ਤੱਕ ਪਹੁੰਚਾਉਂਦਾ ਹੈ। ਉਨ੍ਹਾਂ ਨੇ ਇਹ ਵੀ ਵੇਖਿਆ ਕਿ ਐਂਕਰ ਮਾਈਕ ਦੇ ਸਾਹਮਣੇ ਕਿਵੇਂ ਬੋਲਦੇ ਹਨ ਅਤੇ ਪਿੱਛੇ ਬੈਠੀ ਟੈਕਨੀਕਲ ਟੀਮ ਸਾਰਾ ਪ੍ਰਬੰਧ ਕਿਵੇਂ ਸੰਭਾਲਦੀ ਹੈ। ਇਸ ਤਰ੍ਹਾਂ ਏ ਜੀ ਆਈ ਗਲੋਬਲ ਸਕੂਲ ਦੇ ਬੱਚਿਆਂ ਨੇ ਵਿਸ਼ਵ ਭਰ ਦੀ ਕਮਿਊਨਿਟੀ ਨਾਲ ਮਿਲ ਕੇ ਰੇਡੀਓ ਦੀ ਮਹੱਤਤਾ ਨੂੰ ਸਵੀਕਾਰ ਕੀਤਾ। ਰੇਡੀਓ ਅੱਜ ਵੀ ਸਿੱਖਿਆ, ਜਾਣਕਾਰੀ ਤੇ ਸਮਾਜਿਕ ਜ਼ਿੰਮੇਵਾਰੀ ਦਾ ਇੱਕ ਮਜ਼ਬੂਤ ਸਾਧਨ ਹੈ।ਇਹ ਦਿਵਸ ਯੂਨੇਸਕੋ ਵੱਲੋਂ ਘੋਸ਼ਿਤ ਕੀਤਾ ਗਿਆ ਹੈ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਰੇਡੀਓ ਗਿਆਨ ਫੈਲਾਉਣ, ਸਭਿਆਚਾਰਕ ਮੁੱਲਾਂ ਨੂੰ ਮਜ਼ਬੂਤ ਕਰਨ ਅਤੇ ਲੋਕਤਾਂਤਰਿਕ



ਸੰਵਾਦ ਨੂੰ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਂਦਾ ਹੈ।ਸਕੂਲ ਦੀ ਪ੍ਰਿੰਸੀਪਲ ਮਿਸਜ਼ ਆਰਤੀ ਸ਼ਰਮਾ ਨੇ ਕਿਹਾ ਕਿ ਸਾਡਾ ਸੰਸਥਾਨ ਬੱਚਿਆਂ ਦੇ ਸਰਵਾਂਗੀਣ ਵਿਕਾਸ ਲਈ ਪ੍ਰਤਿਬੱਧ ਹੈ।

## ਮੋਦੀ ਨੇ 11 ਸਾਲ 'ਚ ਦੇਸ਼ ਨੂੰ ਬਦਲਣ ਦਾ ਕੰਮ ਕੀਤਾ: ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਕਾਂਗ੍ਰਸ ਪਾਰਟੀ ਨੇ 55 ਸਾਲ ਦੇਸ਼ 'ਤੇ ਸ਼ਾਸਨ ਕੀਤਾ ਜਦੋਂ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਰਫ 11 ਸਾਲਾਂ ਦੇ ਸ਼ਾਸਨ ਵਿੱਚ ਦੇਸ਼ ਦੀ ਤਸਵੀਰ ਬਦਲਣ ਦਾ ਕੰਮ ਕੀਤਾ। ਉਨ੍ਹਾਂ ਨੇ ਕਿਹਾ ਕਿ ਕਾਂਗ੍ਰਸ ਵਿਰੋਧੀ ਧਿਰ ਦੀ ਭੂਮਿਕਾ ਵੀ ਨਹੀਂ ਨਿਭਾ ਰਹੀ, ਉਨ੍ਹਾਂ ਨੂੰ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਦੇ ਜੀਵਨ ਤੋਂ ਸੀਖ ਲੈਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਪਤਾ ਲੱਗੇ ਕਿ ਵਿਰੋਧੀ ਧਿਰ ਦੀ ਕੀ ਭੂਮਿਕਾ ਹੁੰਦੀ ਹੈ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਦਿੱਲੀ ਸਥਿਤ ਹਰਿਆਣਾ ਭਵਨ ਵਿੱਚ ਮੀਡੀਆ ਨੂੰ ਸੰਬੋਧਿਤ ਕਰ ਰਹੇ ਸਨ।

## ਐੱਸ ਸੀ ਵਿੰਗ ਦੇ ਵਿੱਤ ਸਕੱਤਰ ਅਮਰਜੀਤ ਸਿੰਘ ਕੋਕਰੀ ਕਲਾਂ 'ਆਪ' 'ਚ ਸ਼ਾਮਲ

**ਚੰਡੀਗੜ੍ਹ, ( ਗੁਰਜੀਤ ਬਿੱਲਾ)**- ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਨੂੰ ਉਸ ਸਮੇਂ ਵੱਡੀ ਮਜ਼ਬੂਤੀ ਮਿਲੀ ਜਦੋਂ ਭਾਜਪਾ ਐਸ.ਸੀ. ਵਿੰਗ ਦੇ ਸੂਬਾ ਵਿੱਤ ਸਕੱਤਰ ਰਹੇ ਸਰਦਾਰ ਅਮਰਜੀਤ ਸਿੰਘ ਕੋਕਰੀ ਕਲਾਂ ਰਸਮੀ ਤੌਰ 'ਤੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ



ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਰਫੋਂ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ। ਇਸ ਮੌਕੇ ਬੋਲਦਿਆਂ ਚੀਮਾ ਨੇ ਕਿਹਾ ਕਿ ਅਮਰਜੀਤ ਸਿੰਘ ਨੇ ਨਿਹਾਲ ਸਿੰਘ ਵਾਲਾ ਖੇਤਰ ਵਿੱਚ ਲੰਬੇ ਸਮੇਂ ਤੋਂ ਸਰਗਰਮ ਤੇ ਸਕਾਰਾਤਮਕ ਭੂਮਿਕਾ ਨਿਭਾਈ ਹੈ ਤੇ ਉਨ੍ਹਾਂ ਦਾ 'ਆਪ' ਵਿੱਚ ਆਉਣਾ ਮਾਨ ਸਰਕਾਰ ਦੇ ਕੰਮਾਂ ਪ੍ਰਤੀ ਲੋਕਾਂ ਦੇ ਵਧਦੇ ਵਿਸ਼ਵਾਸ ਦਾ ਪ੍ਰਤੀਕ ਹੈ।ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਮਰਜੀਤ ਸਿੰਘ ਕੋਕਰੀ ਕਲਾਂ ਨੇ ਭਾਜਪਾ ਦੀਆਂ ਲੋਕ-ਵਿਰੋਧੀ ਰਾਜਨੀਤੀ ਅਤੇ ਨੀਤੀਆਂ ਤੋਂ ਮੋਹ ਭੰਗ ਹੋਣ ਤੋਂ ਬਾਅਦ ਪਾਰਟੀ ਛੱਡਣ ਦਾ ਫੈਸਲਾ ਕੀਤਾ ਹੈ।

# ਫਰੀ ਮੈਡੀਕਲ ਹੈਲਥ ਚੈੱਕਅੱਪ ਕੈਂਪ ਲਗਾਇਆ



**ਫਗਵਾੜਾ (ਡਾ. ਰਮਨ)**- ਪਿਮਸ ਹਸਪਤਾਲ ਜਲੰਧਰ ਵੱਲੋਂ ਪੰਚਾਇਤ ਘਰ ਪਿੰਡ ਚੱਕ ਹਕੀਮ ਤਹਿਸੀਲ ਫਗਵਾੜਾ ਵਿਖੇ ਮੁਫ਼ਤ ਮੈਡੀਕਲ ਹੈਲਥ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਸਵੇਰੇ 9:30 ਵਜੇ ਤੋਂ ਦੁਪਹਿਰ 2:00 ਵਜੇ ਤੱਕ ਜਾਰੀ ਰਿਹਾ। ਕੈਂਪ ਦਾ ਉਦਘਾਟਨ ਪਿੰਡ ਚੱਕ ਹਕੀਮ ਦੇ ਸਰਪੰਚ ਵਰੁਣ ਬੰਗੜ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਪਿੰਡ ਵਾਸੀਆਂ ਲਈ ਇਸ ਤਰ੍ਹਾਂ ਦੇ ਸਿਹਤ ਕੈਂਪ ਬਹੁਤ ਲਾਭਕਾਰੀ ਸਾਬਤ ਹੁੰਦੇ ਹਨ, ਕਿਉਂਕਿ ਇਸ ਨਾਲ ਲੋਕਾਂ ਨੂੰ ਆਪਣੇ ਪਿੰਡ ਵਿੱਚ ਹੀ ਮਾਹਿਰ ਡਾਕਟਰਾਂ ਤੋਂ ਜਾਂਚ ਅਤੇ ਸਲਾਹ ਮਿਲ ਜਾਂਦੀ ਹੈ। ਉਨ੍ਹਾਂ ਪਿਮਸ ਹਸਪਤਾਲ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਉਪਰਾਲੇ ਜਾਰੀ ਰੱਖੇ ਜਾਣ। ਕੈਂਪ ਦੌਰਾਨ ਜਨਰਲ ਓਪੀਡੀ, ਅੱਖਾਂ ਦੀ ਓਪੀਡੀ ਅਤੇ ਹੱਡੀਆਂ ਦੇ ਰੋਗਾਂ (ਅਰਥੋਪੀਡਿਕ) ਨਾਲ ਸੰਬੰਧਤ ਓਪੀਡੀ ਦੀ ਸਹੂਲਤ ਪ੍ਰਦਾਨ ਕੀਤੀ ਗਈ। ਮਾਹਿਰ ਡਾਕਟਰਾਂ ਦੀ ਟੀਮ ਵਿੱਚ ਡਾ. ਸਮਰੀਨ ਕੌਰ ਬਾਠ (ਨੇਤਰ ਰੋਗਾਂ ਦੇ ਮਾਹਿਰ), ਡਾ. ਵਿਸ਼ਵਾ ਨਾਥ ਕਲੇਰ (ਓਰਥੋ) ਅਤੇ ਡਾ. ਮਨੋਜ ਮੋਗਰੇ ਜਨਰਲ ਬਿਮਾਰੀਆਂ ਦੇ ਮਾਹਿਰ ਸ਼ਾਮਲ ਸਨ, ਜਿਨ੍ਹਾਂ ਵੱਲੋਂ ਮਰੀਜ਼ਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਗਈ। ਡਾਕਟਰਾਂ ਦੀ ਟੀਮ ਨੇ ਲੋਕਾਂ ਨੂੰ ਸਿਹਤ ਸੁਰੱਖਿਆ, ਸਮੇਂ-ਸਮੇਂ ਤੇ ਜਾਂਚ ਅਤੇ ਸੰਤੁਲਿਤ ਜੀਵਨ ਸ਼ੈਲੀ ਬਾਰੇ ਵੀ ਜਾਗਰੂਕ ਕੀਤਾ। ਕੈਂਪ ਦੌਰਾਨ ਕਰੀਬ 150 ਮਰੀਜ਼ਾਂ ਦਾ ਮੁਫ਼ਤ ਚੈੱਕਅਪ ਕੀਤਾ ਗਿਆ ਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਇਸ ਤੋਂ ਇਲਾਵਾ ਮਰੀਜ਼ਾਂ ਨੂੰ ਅਗਲੇ ਇਲਾਜ ਲਈ ਜ਼ਰੂਰੀ ਹਦਾਇਤਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਡਾ.ਨਵਜੋਤ ਕੁਮਾਰ, ਡਾ.ਜਸਵੀਰ ਕੌਰ, ਡਾ.ਰਾਜ ਰਾਣੀ, ਪਰਮਜੀਤ ਪੰਚ, ਰਜਨੀ ਪੰਚ, ਸੀਮਾ ਪੰਚ, ਅਨੀਤਾ ਰਾਣੀ ਪੰਚ, ਤਿਲਕ ਰਾਜ, ਸਤਪਾਲ, ਬਲਵੀਰ ਕੁਮਾਰ ਚੌਂਕੀਦਾਰ, ਪਰਮਜੀਤ ਕੌਰ ਆਸ਼ਾ ਵਰਕਰ ਤੋਂ ਇਲਾਵਾ ਹੋਰ ਪਤਵੰਤੇ ਹਾਜਰ ਸਨ।

## ਉਦਯੋਗ-ਅਕਾਦਮਿਕ ਸਹਿਯੋਗ ਦੀ ਸਫਲ ਮਿਸਾਲ ਬਣਿਆ ਆਰ ਬੀ ਯੂ ਹੈਕਾਥਾਨ

**ਮੋਹਾਲੀ (ਗੁਰਜੀਤ ਬਿੱਲਾ)**-ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਸੈਮਸੰਗ ਇਨੋਵੇਸ਼ਨ ਕੈਂਪਸ ਦੇ ਸਹਿਯੋਗ ਨਾਲ ਤਿੰਨ ਦਿਨਾਂ ਹੈਕਾਥਾਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅਸਲ-ਸੰਸਾਰ ਦੀਆਂ ਚੁਣੌਤੀਆਂ ਲਈ ਰਚਨਾਤਮਕ, ਤਕਨਾਲੋਜੀ-ਅਧਾਰਤ ਹੱਲ ਵਿਕਸਤ ਕਰਨ ਲਈ ਨਵੀਨਤਾਕਾਰੀ ਨੌਜਵਾਨ ਦਿਮਾਗਾਂ ਨੂੰ ਇਕੱਠਾ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀ ਟੀਮਾਂ ਦੀ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ ਜਿਨ੍ਹਾਂ ਨੇ ਪੂਰੇ ਮੁਕਾਬਲੇ ਦੌਰਾਨ ਬੇਮਿਸਾਲ ਕੋਡਿੰਗ ਮੁਹਾਰਤ, ਵਿਸ਼ਲੇਸ਼ਣਾਤਮਕ ਸੋਚ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ। ਹੈਕਾਥਾਨ ਦਾ ਉਦਘਾਟਨ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕੀਤਾ, ਜਿਨ੍ਹਾਂ ਨੇ ਆਪਣੇ ਪ੍ਰੇਰਨਾਦਾਇਕ ਸ਼ਬਦਾਂ ਨਾਲ ਉੱਭਰ ਰਹੇ ਨਵੀਨਤਾਕਾਰਾਂ ਨੂੰ ਪ੍ਰੇਰਿਤ ਕੀਤਾ ਅਤੇ ਭਵਿੱਖ ਦੇ ਨੇਤਾਵਾਂ ਨੂੰ ਆਕਾਰ ਦੇਣ ਵਿੱਚ ਨਵੀਨਤਾ, ਉਦਯੋਗ ਸਹਿਯੋਗ ਅਤੇ ਅਨੁਭਵੀ ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

# ਭਾਰਤ-ਅਮਰੀਕਾ ਵਪਾਰ ਵਿਰੋਧੀ ਸਮਝੌਤਿਆਂ ਵਿਰੁੱਧ 'ਆਪ' ਵੱਲੋਂ ਰੋਸ ਮੁਜ਼ਾਹਰਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਅਤੇ ਮਾਰਕੀਟ ਕਮੇਟੀ, ਹੁਸ਼ਿਆਰਪੁਰ ਦੇ ਚੇਅਰਮੈਨ ਜਸਪਾਲ ਸਿੰਘ ਚੇਚੀ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਹੁਸ਼ਿਆਰਪੁਰ ਵਿੱਚ ਭਾਜਪਾ ਦਫ਼ਤਰ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਹ ਵਿਰੋਧ ਪ੍ਰਦਰਸ਼ਨ ਕੇਂਦਰੀ ਭਾਜਪਾ ਸਰਕਾਰ ਵੱਲੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਕੀਤੇ ਗਏ ਕਥਿਤ ਵਪਾਰ ਵਿਰੋਧੀ ਅਤੇ ਕਿਸਾਨ ਵਿਰੋਧੀ ਸਮਝੌਤਿਆਂ ਦੇ ਵਿਰੋਧ ਵਿੱਚ ਕੀਤਾ ਗਿਆ ਸੀ। ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਚੇਚੀ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਫੈਸਲੇ ਦੇਸ਼ ਦੇ ਵਪਾਰੀਆਂ ਅਤੇ ਕਿਸਾਨਾਂ ਦੇ ਹਿੱਤਾਂ ਦੇ ਵਿਰੁੱਧ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੇ ਸਮਝੌਤੇ ਭਾਰਤੀ ਬਾਜ਼ਾਰ, ਛੋਟੇ ਵਪਾਰੀਆਂ ਅਤੇ ਖੇਤੀਬਾੜੀ ਖੇਤਰ 'ਤੇ ਮਾੜਾ ਪ੍ਰਭਾਵ ਪਾ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਆਮ ਆਦਮੀ ਪਾਰਟੀ ਆਪਣੇ ਵਪਾਰੀ ਅਤੇ ਕਿਸਾਨ ਭਰਾਵਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ



ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਹਰ ਪੱਧਰ 'ਤੇ ਲੜੇਗੀ। ਉਨ੍ਹਾਂ ਕਿਹਾ ਕਿ 'ਆਪ' ਇਸ ਮੁੱਦੇ 'ਤੇ ਪੰਜਾਬ ਭਰ ਵਿੱਚ ਵਿਰੋਧ ਪ੍ਰਦਰਸ਼ਨ ਕਰ ਰਹੀ ਹੈ ਤਾਂ ਜੋ ਜਨਤਾ ਦੀ ਆਵਾਜ਼ ਕੇਂਦਰ ਸਰਕਾਰ ਤੱਕ ਪਹੁੰਚਾਈ ਜਾ ਸਕੇ। ਇਸ ਮੌਕੇ ਅਮਿਤ ਨੇਗੀ, ਮੈਂਬਰ ਵਪਾਰ ਕਮਿਸ਼ਨ, ਦਰਿਪਨ ਸੈਣੀ, ਜ਼ਿਲ੍ਹਾ ਚੇਅਰਮੈਨ ਵਪਾਰ ਵਿੰਗ, ਸਤਵੰਤ ਸਿੰਘ ਸਿਆਨ, ਕੰਚਨ ਦਿਓਲ, ਸੁਖਦੇਵ ਸਿੰਘ, ਮਨਿੰਦਰ ਸਿੰਘ, ਅਮਰੀਕ ਸਿੰਘ, ਜਗਦੀਪ ਸਿੰਘ, ਅਤੇ ਹੋਰ ਅਧਿਕਾਰੀ ਅਤੇ ਵਰਕਰ ਮੌਜੂਦ ਸਨ।

## ਆਰਮੀ ਅਗਨੀਵੀਰ ਭਰਤੀ ਦੀ ਤਿਆਰੀ ਲਈ ਸੀ-ਪਾਈਟ ਕੈਂਪ ਥੇਹ ਕਾਂਜਲਾ ਵਿਖੇ ਮੁਫ਼ਤ ਸਿਖ਼ਲਾਈ

**ਜਲੰਧਰ (ਸੁਰਿੰਦਰ ਕੁਮਾਰ)**-ਡਿਪਟੀ ਡਾਇਰੈਕਟਰ ਰੋਜ਼ਗਾਰ ਉੱਤਪਤੀ, ਹੁਨਰ ਵਿਕਾਸ ਅਤੇ ਸਿਖ਼ਲਾਈ ਵਿਭਾਗ ਨੀਲਮ ਮਹੇ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅਗਨੀਵੀਰ ਭਰਤੀ ਰੈਲੀ-2026 ਸਬੰਧੀ ਉਮੀਦਵਾਰਾਂ ਲਈ ਲਿਖ਼ਤੀ ਪੇਪਰ ਅਤੇ ਫਿਜ਼ੀਕਲ ਪ੍ਰੀਖਿਆ ਦੀ ਤਿਆਰੀ ਲਈ ਸੀ-ਪਾਈਟ ਕੈਂਪ ਥੇਹ ਕਾਂਜਲਾ ਕਪੂਰਥਲਾ ਵਿਖੇ ਮੁਫ਼ਤ ਸਿਖ਼ਲਾਈ ਸ਼ੁਰੂ ਹੋਣ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਭਾਰਤੀ ਫੌਜ ਵੱਲੋਂ ਇਸ ਭਰਤੀ ਲਈ 9 ਫਰਵਰੀ ਤੋਂ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ, ਜੋ ਕਿ 2 ਮਾਰਚ 2026 ਤੱਕ ਜਾਰੀ ਰਹੇਗੀ।ਸੀ-ਪਾਈਟ ਕੈਂਪ ਦੇ ਇੰਚਾਰਜ ਟ੍ਰੇਨਿੰਗ ਅਫ਼ਸਰ ਕੈਪਟਨ ਅਜੀਤ ਸਿੰਘ ਨੇ ਦੱਸਿਆ ਕਿ ਇਸ ਭਰਤੀ ਲਈ ਲਿਖਤੀ ਪੇਪਰ ਦੀ ਤਿਆਰੀ ਲਈ ਕਲਾਸਾਂ 16 ਫਰਵਰੀ ਤੋਂ ਸ਼ੁਰੂ ਹੋ ਰਹੀਆਂ ਹਨ।ਇਸ ਤੋਂ ਇਲਾਵਾ ਪੰਜਾਬ ਪੁਲਸ ਅਤੇ ਐਸ.ਐਸ.ਸੀ ਦੀਆਂ ਕਲਾਸਾਂ ਵੀ ਜਾਰੀ ਹਨ। ਜ਼ਿਲ੍ਹਾ ਕਪੂਰਥਲਾ, ਜਲੰਧਰ ਅਤੇ ਹੁਸ਼ਿਆਰਪੁਰ ਨਾਲ ਜੋ ਨੌਜਵਾਨ, ਜੋ ਐਸ.ਐਸ.ਸੀ./ ਆਰਮੀ ਅਗਨੀਵੀਰ/ ਪੰਜਾਬ ਪੁਲਸ ਦੇ ਲਿਖ਼ਤੀ/ ਫਿਜ਼ੀਕਲ ਟੈਸਟ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਹ ਸੀ-ਪਾਈਟ ਕੈਂਪ ਥੇਹ ਕਾਂਜਲਾ ਕਪੂਰਥਲਾ ਵਿਖੇ ਮੁਫ਼ਤ ਤਿਆਰੀ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਨੌਜਵਾਨਾਂ ਲਈ ਜਿੰਮ, ਸਮਾਰਟ ਕਲਾਸ ਰੂਮ, ਵਧੀਆ ਗਰਾਊਂਡ (400 ਮੀਟਰ ਟ੍ਰੈਕ), ਵਾਲੀਬਾਲ ਗਰਾਊਂਡ ਅਤੇ ਇਸ ਤੋਂ ਇਲਾਵਾ ਹੋਰ ਕਈ ਖੇਡਾਂ ਲਈ ਵਿਸ਼ੇਸ਼ ਪ੍ਰਬੰਧ ਹੈ। ਕੈਂਪ ਵਿਖੇ ਟ੍ਰੇਨਿੰਗ ਲੈਣ ਦੇ ਚਾਹਵਾਨ ਆਧਾਰ ਕਾਰਡ, ਦਸਵੀਂ ਜਾਂ ਬਾਰ੍ਹਵੀਂ ਕਲਾਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ ਆਦਿ ਦਸਤਾਵੇਜ਼ਾਂ ਦੀਆਂ ਫੋਟੋ ਕਾਪੀਆਂ ਅਤੇ ਦੋ ਪਾਸਪੋਰਟ ਸਾਈਜ਼ ਫੋਟੋਗ੍ਰਾਫ ਨਾਲ ਲੈ ਕੇ ਆਉਣ। ਟ੍ਰੇਨਿੰਗ ਦੌਰਾਨ ਨੌਜਵਾਨਾਂ ਨੂੰ ਰਿਹਾਇਸ਼ ਅਤੇ ਖਾਣੇ ਦੀ ਸੁਵਿਧਾ ਪੰਜਾਬ ਸਰਕਾਰ ਵੱਲੋਂ ਮੁਫਤ ਮੁਹੱਈਆ ਕਰਵਾਈ ਜਾਂਦੀ ਹੈ।

# ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਦੀ ਚੋਣ ਲਈ ਨੌਜਵਾਨ ਤਤਪਰ : ਕਕਰਾਲੀ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਪੰਜਾਬ ਯੂਥ ਕਾਂਗਰਸ ਦੀਆਂ ਹੋ ਰਹੀਆਂ ਚੋਣਾਂ ਵਿੱਚ ਜ਼ਿਲ੍ਹਾ ਰੂਪਨਗਰ ਤੋਂ ਜ਼ਿਲ੍ਹਾ ਪ੍ਰਧਾਨਗੀ ਲਈ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸਪੁੱਤਰ ਨਵਜੀਤ ਸਿੰਘ ਨਵੀ ਅਤੇ ਬਲਾਕ ਸੰਮਤੀ ਮੋਰਿੰਡਾ ਦੀ ਚੇਅਰਪਰਸਨ ਬਲਜੀਤ ਕੌਰ ਸਮਾਣਾ ਦੇ ਸਪੁੱਤਰ ਜੁਗਰਾਜ ਸਿੰਘ ਮਾਵੀ ਹਲਕਾ ਸ੍ਰੀ ਚਮਕੌਰ ਸਾਹਿਬ ਦੀ ਪ੍ਰਧਾਨਗੀ ਲਈ ਚੋਣ ਮੈਦਾਨ ਵਿੱਚ ਹਨ ਤੇ ਦੋਵਾਂ ਨੂੰ ਭਰਵਾਂ ਸਮਰਥਨ ਮਿਲ ਰਿਹਾ ਹੈ। ਇਸ ਸਬੰਧੀ ਜ਼ਿਲ੍ਹਾ ਪ੍ਰੀਸ਼ਦ ਮੈਂਬਰ



ਗੁਰਵਿੰਦਰ ਸਿੰਘ ਕਕਰਾਲੀ ਜੋ ਹਲਕਾ ਯੂਥ ਕਾਂਗਰਸ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ, ਨੇ ਦੱਸਿਆ ਕਿ ਜ਼ਿਲ੍ਹਾ ਯੂਥ ਕਾਂਗਰਸ ਦੀ ਚੋਣ ਲਈ ਨਵਜੀਤ ਸਿੰਘ ਨਵੀ ਜੋ ਕਿ ਪਹਿਲਾਂ ਵੀ ਵੱਡੇ ਮਾਰਜਨ ਨਾਲ ਜ਼ਿਲ੍ਹਾ ਯੂਥ ਕਾਂਗਰਸ ਦੀ ਚੋਣ ਜਿੱਤ ਕੇ ਪ੍ਰਧਾਨ ਬਣੇ ਸਨ, ਮੁੜ ਤੋਂ ਉਹਨਾਂ ਨੂੰ ਜ਼ਿਲ੍ਹਾ ਪ੍ਰਧਾਨ ਬਣਾਉਣ ਲਈ ਨੌਜਵਾਨਾਂ ਵਿੱਚ ਕਾਫੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਇਸੇ ਤਰ੍ਹਾਂ ਜੁਗਰਾਜ ਸਿੰਘ ਮਾਵੀ ਹਲਕਾ ਸ੍ਰੀ ਚਮਕੌਰ ਸਾਹਿਬ ਤੋਂ ਯੂਥ ਕਾਂਗਰਸ ਦੇ ਪ੍ਰਧਾਨ ਦੀ ਚੋਣ ਲੜ ਰਹੇ ਹਨ ਉਹਨਾਂ ਨੂੰ ਵੀ ਹਰ ਪਿੰਡ ਤੇ ਸ਼ਹਿਰ ਵਿੱਚੋਂ ਨੌਜਵਾਨਾਂ ਵੱਲੋਂ ਭਰਵਾਂ ਸਮਰਥਨ ਦੇਖਣ ਨੂੰ ਮਿਲ ਰਿਹਾ ਹੈ। ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਵਿੰਦਰ ਸਿੰਘ ਕਕਰਾਲੀ ਨੇ ਕਿਹਾ ਕਿ ਦੋਵੇਂ ਆਗੂ ਸਿਆਸਤ ਦੇ ਨਾਲ ਨਾਲ ਸਮਾਜ ਸੇਵੀ ਗਤੀਵਿਧੀਆਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਆ ਰਹੇ ਹਨ। ਉਹਨਾਂ 18 ਸਾਲ ਤੋਂ ਵੱਧ ਉਮਰ ਦੇ ਨੌਜਵਾਨਾਂ (ਜਿਨ੍ਹਾਂ ਦੀ ਵੋਟਾਂ ਬਣੀਆਂ ਹਨ) ਨੂੰ ਅਪੀਲ ਕੀਤੀ ਕਿ ਇਨਾਂ ਦੋਨਾਂ ਆਗੂਆਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਜੋ ਕਿ ਤੁਹਾਡੇ ਪਿੰਡ ਦੇ ਕਾਂਗਰਸੀ ਆਗੂਆਂ ਰਾਹੀਂ ਆਨਲਾਈਨ ਪਾਈਆਂ ਜਾਣੀਆਂ ਹਨ ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਬੇਹਤਰੀ ਲਈ ਚੰਗੇ ਨੌਜਵਾਨਾਂ ਨੂੰ ਅੱਗੇ ਆਉਣਾ ਜਰੂਰੀ ਹੈ। ਉਹਨਾਂ ਦੱਸਿਆ ਕਿ ਨੌਜਵਾਨਾਂ ਵਿੱਚ ਦੋਵੇਂ ਆਗੂਆਂ ਨੂੰ ਚੁਣਨ ਨੂੰ ਲੈ ਕੇ ਪਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

# ਸ਼ਿਵਰਾਤਰੀ ਧੂਮਧਾਮ ਮਨਾਈ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**- ਬ੍ਰਹਮਲੀਨ ਮਹੰਤ ਸ੍ਰੀ ਸ਼ੇਰ ਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਪ੍ਰੇਮਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਗਣਪਤੀ



ਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਪ੍ਰਯਾਗਨਾਨੰਦ ਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਜੀ ਮਹਾਰਾਜ, ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਜੀ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਤੇ ਸ੍ਰੀ ਸ੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪ੍ਰਾਚੀਨ ਸ਼ਿਵ ਮੰਦਿਰ ਵਿੱਚ ਸ਼ਿਵਰਾਤਰੀ ਦਾ ਤਿਉਹਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ਼ਿਵਰਾਤਰੀ ਦੇ ਸੰਬੰਧ ਵਿੱਚ ਮਹੰਤ ਜੈ ਰਾਮ ਗਿਰੀ ਜੀ ਮਹਾਰਾਜ ਦੀ ਅਗਵਾਈ ਹੇਠ ਤੇ ਮੰਦਿਰ ਦੇ ਸਾਰੇ ਸੇਵਾਦਾਰਾਂ ਤੇ ਮਹਾਂਦੇਵ ਸੇਵਾ ਦਲ ਵੱਲੋਂ ਤਿੰਨ ਦਿਨਾਂ ਦਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ 6 ਫਰਵਰੀ ਦਿਨ ਸ਼ੁੱਕਰਵਾਰ ਨੂੰ ਬੱਚਿਆਂ ਦੇ ਫੈਲਸੀ ਡਰੈਸ ਕੰਪਟੀਸ਼ਨ ਤੇ ਭਗਵਾਨ ਸ਼ਿਵ ਦੀ ਗੀਲਾ ਸ੍ਰੀ ਕੁੰਦਨ ਲਾਲ ਰਾਮਲੀਲ੍ਹਾ ਕਲੱਬ ਲੋਹੀਆਂ ਖਾਸ ਵੱਲੋਂ ਦਿਖਾਈ ਗਈ। ਇਸ ਮੌਕੇ ਗੁਰੂਦੇਵ ਬਾਪ ਜੀ ਮਹਾਰਾਜ ਵੱਲੋਂ ਫੈਲਸੀ ਡਰੈਸ ਕੰਪੀਟੀਸ਼ਨ ਵਾਲੇ ਬੱਚਿਆਂ ਨੂੰ ਅਤੇ ਭਗਵਾਨ ਸ਼ਿਵ ਦੀ ਗੀਲਾ ਕਰਨ ਵਾਲੇ ਕਲਾਕਾਰਾਂ ਨੂੰ ਸਨਮਾਨਤ ਕੀਤਾ ਗਿਆ ਅਤੇ 7 ਫਰਵਰੀ ਦਿਨ ਸ਼ਨੀਵਾਰ ਨੂੰ ਜੈ ਮਹਾਂਕਾਲ ਮਹਾਂ ਆਰਤੀ ਸੇਵਾ ਪਰਿਵਾਰ ਲੁਧਿਆਣਾ ਵੱਲੋਂ ਮਹਾਂਕਾਲ ਦੀ ਆਰਤੀ ਬੜੀ ਸ਼ਰਧਾ ਭਾਵਨਾ ਨਾਲ ਕੀਤੀ ਗਈ ਤੇ 8 ਫਰਵਰੀ ਨੂੰ ਸ੍ਰੀ ਸ੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਵੱਲੋਂ ਸ਼ਿਵ ਵਿਆਹ ਦੀ ਕਥਾ ਸੁਣਾਈ ਗਈ। ਪ੍ਰਾਚੀਨ ਸ਼ਿਵ ਮੰਦਿਰ ਵਿਖੇ ਸ਼ਿਵਰਾਤਰੀ ਮਨਾਉਣ ਮੌਕੇ ਵਿਆਹ ਵਰਗਾ ਮਾਹੌਲ ਬਣਿਆ ਹੋਇਆ ਸੀ। ਇਸ ਨਾਲ ਹੀ ਸ੍ਰੀ ਸ੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਵੱਲੋਂ ਸਾਰੇ ਹੀ ਸ਼ਹਿਰ ਵਾਸੀਆਂ ਨੂੰ ਇੱਕ ਜੁੱਟ ਰਹਿਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਮੰਦਿਰ ਵਿਖੇ ਹਜ਼ਾਰਾਂ ਦੇ ਕਰੀਬ ਸ਼ਰਧਾਲੂ ਹਾਜ਼ਰ ਸਨ। ਇਸ ਮੌਕੇ ਸੁਆਮੀ ਰਿਸ਼ੀ ਰਾਜ ਜੀ (ਨਵਾਂਸ਼ਹਿਰ), ਭਾਈ ਅੰਮ੍ਰਿਤਪਾਲ ਸਿੰਘ (ਗੁਰਦੁਆਰਾ ਸਿੰਘ ਸਭਾ ਲੋਹੀਆਂ ਖਾਸ), ਮਾਤਾ ਕਮਲੇਸ਼ ਜੀ, ਵਿਧਾਇਕ ਸ਼ਾਹਕੋਟ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਰਾਣਾ ਹਰਦੀਪ ਸਿੰਘ, ਮਹਾਂਦੇਵ ਸੇਵਾ ਦਲ, ਸ੍ਰੀ ਕੁੰਦਨ ਲਾਲ ਰਾਮਲੀਲ੍ਹਾ ਕਲੱਬ ਸਮੇਤ ਆਦਿ ਸ਼ਹਿਰ ਵਾਸੀ ਤੇ ਮੰਦਿਰ ਰੋਜ਼ਾਨਾ ਆਉਣ ਵਾਲੀ ਸੰਗਤ ਹਾਜ਼ਰ ਸਨ।

# ਡਰੋਲੀ ਕਲਾਂ ਵੱਲੋਂ ਮਹਾਂ ਸ਼ਿਵਰਾਤਰੀ ਦੇ ਸ਼ੁੱਭ ਦਿਹਾੜੇ 'ਤੇ 55ਵਾਂ ਖ਼ੂਨਦਾਨ ਕੈਂਪ

**ਆਦਮਪੁਰ (ਪਰਮਜੀਤ ਸਿੰਘ)**- ਦਸਵੰਧ ਗਰੀਬਾਂ ਲਈ ਵੈਲਫੇਅਰ ਸੋਸਾਇਟੀ ਰਜਿ: ਪੰਜਾਬ ਪਿੰਡ ਡਰੋਲੀ ਕਲਾਂ ਵੱਲੋਂ ਮਹਾਂਸ਼ਿਵਰਾਤਰੀ ਦੇ ਸ਼ੁੱਭ ਦਿਹਾੜੇ 'ਤੇ 55ਵਾਂ ਸਵੈ ਇੱਛਕ ਖ਼ੂਨਦਾਨ ਕੈਂਪ 15 ਫਰਵਰੀ ਦਿਨ ਐਤਵਾਰ ਨੂੰ ਬਾਬਾ ਮੋਤੀਪੁਰਾ ਮੱਠ ਪਾਸ਼ਟਾਂ ਵਿਖੇ ਲਗਾਇਆ ਜਾ ਰਿਹਾ।ਇਸ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਭਾਈ ਸੁਖਜੀਤ ਸਿੰਘ ਸੇਵਾਦਾਰ ਸ਼ਹੀਦ ਬਾਬਾ ਮਤੀ ਜੀ ਨੇ ਦੱਸਿਆ ਕਿ ਸਵੇਰੇ 9 ਵਜੇ ਤੋਂ ਸ਼ਾਮ ਚਾਰ ਵਜੇ ਤੱਕ ਕੇ ਖ਼ੂਨਦਾਨ ਕੈਂਪ ਲੱਗੇਗਾ। ਇਸ ਖ਼ੂਨਦਾਨ ਕੈਂਪ ਵਿੱਚ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਡਰੋਲੀ ਕਲਾਂ ਅਤੇ ਹਰਮਨ ਸਿੰਘ, ਪੰਡਿਤ ਸਚਿਨ ਸ਼ਾਸਤਰੀ ਦੇ ਵਿਸ਼ੇਸ਼ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ।

# ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)** -ਸ਼੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਰਡ ਨੰਬਰ 11-12 ਮਾਹਿਲਪੁਰ ਵੱਲੋਂ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦੇ ਸਹਿਯੋਗ ਨਾਲ ਧੰਨ- ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦੇ ਹੋਏ ਧਾਰਮਿਕ ਸਮਾਗਮ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਗਿਆ।ਇਸ ਮੌਕੇ ਸਭ ਤੋਂ ਪਹਿਲਾਂ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ, ਪ੍ਰਿੰਸ ਚੌਧਰੀ ਯੂਥ ਆਗੂ ਆਮ ਆਦਮੀ ਪਾਰਟੀ ਹਲਕਾ ਗੜ੍ਹਸ਼ੰਕਰ, ਦਵਿੰਦਰ ਸਿੰਘ ਸੈਣੀ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ, ਸ਼ਸ਼ੀ ਬੰਗੜ ਮੀਤ ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ, ਪ੍ਰੋਫੈਸਰ ਬਲਦੇਵ ਸਿੰਘ ਐਮ.ਸੀ, ਵਿੱਕੀ ਅਗਨੀਹੋਤਰੀ ਐਮ.ਸੀ, ਸਤਵੰਤ ਸਿੰਘ ਸੰਤਾ ਐਮ.ਸੀ, ਸੁਰਿੰਦਰ ਕੌਰ ਐਮ.ਸੀ, ਬਿੱਲਾ ਜੀ ਐਮ.ਸੀ, ਰੇਖਾ ਰਾਣੀ ਪ੍ਰਧਾਨ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜਿਸਟਰਡ ਮਾਹਿਲਪੁਰ ਸਮੇਤ ਇਲਾਕੇ ਦੀਆਂ ਸਨਮਾਨਯੋਗ ਸ਼ਖਸ਼ੀਅਤਾਂ ਅਤੇ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸਮਾਗਮ ਦੀਆਂ ਸਹਿਯੋਗੀ ਸੰਗਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਧਰਮ ਸਿੰਘ ਫੌਜੀ, ਥਾਣੇਦਾਰ ਬਲਵਿੰਦਰ ਸਿੰਘ, ਰਿਟਾਇਰਡ ਥਾਣੇਦਾਰ ਸੁਖਦੇਵ ਸਿੰਘ, ਨਿਰਮਲ ਕੌਰ ਬੋਧ, ਅਮਰਜੀਤ ਕੌਰ, ਰਣਜੀਤ ਕੌਰ, ਸੁਮੀਤਾ, ਗਗਨਦੀਪ ਕੌਰ, ਤਰਸੇਮ ਕੌਰ, ਡਾਕਟਰ ਬੱਬੂ, ਸੀਮਾ ਰਾਣੀ, ਗੁਰਪਾਲ ਕੌਰ, ਰਾਮ ਜੀ ਆਈਸ ਫੈਕਟਰੀ ਵਾਲੇ, ਡਾਕਟਰ ਪ੍ਰਭ ਹੀਰ, ਮਾਸਟਰ ਜੈ ਰਾਮ ਬਾੜੀਆਂ, ਸੁਖਵਿੰਦਰ ਕੁਮਾਰ, ਪਰਮਜੀਤ ਕੌਰ ਮੁੱਗੋਵਾਲ ਸਮੇਤ ਵਾਰਡ ਨੰਬਰ 11- 12 ਨਿਵਾਸੀ ਸੰਗਤਾਂ ਅਤੇ ਹੋਰ ਸਨਮਾਨਯੋਗ ਸ਼ਖਸ਼ੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਹੋਈਆਂ।

# ਨੌਜਵਾਨ ਭਾਰਤ ਸਭਾ ਵੱਲੋਂ ਡੈਲੀਗੇਟ ਅਜਲਾਸ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੌਜਵਾਨ ਭਾਰਤ ਸਭਾ ਵਲੋਂ ਜਥੇਬੰਦੀ ਦੀ 100ਵੀਂ ਵਰ੍ਹੇਗੰਢ ਮੌਕੇ ਜ਼ਿਲ੍ਹਾ ਜਲੰਧਰ ਦਾ ਡੈਲੀਗੇਟ ਇਜਲਾਸ ਸਫਲਤਾ ਪੂਰਵਕ ਕੀਤਾ ਗਿਆ। ਝੰਡਾ ਲਹਿਰਾਉਣ ਦੀ ਰਸਮ ਸੁਖਦੇਵ ਮੰਡਿਆਲਾ ਨੇ ਕੀਤੀ ।ਇਸ ਉਪਰੰਤ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਜਿਲ੍ਹੇ ਦੇ ਦਰਜਨਾਂ ਪਿੰਡਾਂ ਵਿੱਚੋਂ ਨੌਜਵਾਨਾਂ ਵਲੋਂ ਸ਼ਮੂਲੀਅਤ ਕੀਤੀ ਗਈ। ਜ਼ਿਲੇ ਦੀ ਰੀਵਿਊ ਰੀਪੋਰਟ ਪੇਸ਼ ਕੀਤੀ ਗਈ। ਜਿਸ ਵਿੱਚ ਭਰਵੀਂ ਚਰਚਾ ਤੋਂ ਬਾਅਦ ਇਸ ਨੂੰ ਪਾਸ ਕੀਤਾ ਗਿਆ। ਇਸ ਮੌਕੇ 9 ਮੈਂਬਰੀ ਜ਼ਿਲਾ ਕਮੇਟੀ ਦੀ ਚੋਣ ਕੀਤੀ ਜਿਸ ਵਿੱਚ ਪ੍ਰਧਾਨ ਮੰਗਲਜੀਤ ਪੰਡੋਰੀ, ਸਕੱਤਰ ਸੋਨੂ ਲੋਹੀਆਂ, ਖਜਾਨਚੀ ਸੁਖਦੇਵ ਮੰਡਿਆਲਾ, ਪ੍ਰੈਸ ਸਕੱਤਰ ਨਵਜੋਤ ਸਿਆਣੀਵਾਲ, ਕੁਲਜੀਤ ਬਿਲਗਾ, ਸਰੂਪ ਲਾਲ,ਜਸਕਰਨ,ਕਰਨ, ਤੇਜਦੀਪ ਸਿੰਘ ਨੂੰ ਕਮੇਟੀ ਮੈਂਬਰ ਚੁਣਿਆ ਗਿਆ। ਇਸ ਮੌਕੇ ਪ੍ਰਧਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਭਾ ਦੀ 100 ਵੀਂ ਵਰ੍ਹੇਗੰਢ ਤੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਵਿਸ਼ਾਲ ਰੈਲੀ ਕੀਤੀ ਜਾਵੇਗੀ। ਜਿਸ ਵਿੱਚ ਹਜ਼ਾਰਾਂ ਨੌਜਵਾਨਾਂ ਵਲੋਂ ਸ਼ਮੂਲੀਅਤ ਕੀਤੀ ਜਾਵੇਗੀ। ਭਰਾਤਰੀ ਜਥੇਬੰਦੀਆਂ ਵੱਲੋਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਸੰਧੂ, ਪੇਂਡੂ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਹੰਸਰਾਜ ਪੱਬਵਾਂ,ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਕੌਰ, ਇਸਤਰੀ ਜਾਗ੍ਰਿਤੀ ਮੰਚ ਦੇ ਪ੍ਰਧਾਨ ਅਨੀਤਾ ਸੰਧੂ ਨੇ ਭਰਾਤਰੀ ਸੰਦੇਸ਼ ਦਿੱਤਾ। ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਥੀਆਂ ਵਲੋਂ ਬੁੱਕ ਸਟਾਲ ਵੀ ਲਗਾਇਆ ਗਿਆ।



# ਲਤੀਫਪੁਰਾ ਮੁੜ-ਵਸੇਬਾ ਮੋਰਚਾ ਵਿਚਕਾਰ ਮੰਗਾਂ ਨੂੰ ਲੈ ਹਰ ਸੰਭਵ ਮਦਦ 'ਤੇ ਬਣੀ ਸਹਿਮਤੀ

**ਜਲੰਧਰ (ਸੁਰਿੰਦਰ ਕੁਮਾਰ)**- ਲੋਕਾਂ ਦੇ ਤੋੜੇ ਗਏ ਘਰਾਂ ਤੇ ਕਬਜ਼ਾ ਲੈਣ ਲਈ ਕੀਤੀ ਕਾਰਵਾਈ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਅਤੇ ਲਤੀਫਪੁਰਾ ਮੁੜ ਵਸੇਬਾ ਮੋਰਚਾ ਅਤੇ ਲਤੀਫਪੁਰਾ ਦੇ ਪ੍ਰਭਾਵਤ ਪਰਵਾਰਾਂ ਵਿੱਚ ਬੜੇ ਹੀ ਸੁਖਾਵੇਂ ਮਾਹੌਲ ਵਿੱਚ ਹੋਈ ਮੀਟਿੰਗ ਵਿੱਚ ਮੰਗਾਂ ਨੂੰ ਲੈ ਕੇ ਸਹਿਮਤੀ ਬਣ ਗਈ ਹੈ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਸਮੇਤ ਲਤੀਫਪੁਰਾ ਦੇ ਪ੍ਰਭਾਵਤ ਪਰਵਾਰਾਂ, ਲਤੀਫਪੁਰਾ ਮੁੜ ਵਸੇਬਾ ਮੋਰਚਾ ਦੇ ਆਗੂਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਪ੍ਰਭਾਵਤ ਪਰਵਾਰਾਂ ਦੇ ਮੁੜ ਵਸੇਬੇ ਲਈ ਹਰ ਸੰਭਵ ਮਦਦ ਅਤੇ ਸਹਿਯੋਗ ਕਰਨ ਲਈ ਵਚਨਬੱਧ ਹੈ।ਇਸ ਮੌਕੇ ਡੀ.ਸੀ.ਪੀ. ਮਨਪ੍ਰੀਤ ਸਿੰਘ ਢਿੱਲੋਂ ਅਤੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਵੀ ਮੌਜੂਦ ਸਨ।ਡਿਪਟੀ ਕਮਿਸ਼ਨਰ ਨੇ ਬੀਬੀ ਭਾਨੀ ਕੰਪਲੈਕਸ ਅਤੇ ਸੂਰਿਆ ਇਨਕਲੇਵ ਵਿਖੇ ਪ੍ਰਭਾਵਿਤ ਪਰਵਾਰਾਂ ਨੂੰ 49 ਫਲੈਟ ਅਤੇ 15 ਪਲਾਟਾਂ ਦੀ ਅਲਾਟਮੈਂਟ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਪ੍ਰਭਾਵਤ ਪਰਵਾਰ ਆਪਣੇ ਤਸਦੀਕਸ਼ੁਦਾ ਦਸਤਾਵੇਜ਼ ਜਮ੍ਹਾ ਕਰਵਾਉਣ ਅਤੇ ਪ੍ਰਸ਼ਾਸਨ ਵੱਲੋਂ 24 ਘੰਟਿਆਂ ਦੇ ਅੰਦਰ ਅਲਾਟਮੈਂਟ ਦੀ ਕਾਰਵਾਈ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਫਲੈਟ ਅਤੇ ਪਲਾਟ ਦੀ ਅਲਾਟਮੈਂਟ ਲਈ, ਜੋ 5 ਫੀਸਦੀ ਰਕਮ ਜਮ੍ਹਾ ਕਰਵਾਉਣੀ ਪੈਂਦੀ ਹੈ, ਉਹ ਵੀ ਇਨ੍ਹਾਂ ਪਰਵਾਰਾਂ ਤੋਂ ਨਹੀਂ ਲਈ ਜਾਵੇਗੀ। ਇਸ ਤੋਂ ਇਲਾਵਾ ਉਨ੍ਹਾਂ ਪ੍ਰਸ਼ਾਸਨ ਵੱਲੋਂ ਫਲੈਟਾਂ ਦੀ ਲੋੜੀਂਦੀ ਮੁਰੰਮਤ ਆਦਿ ਦਾ ਭਰੋਸਾ ਵੀ ਦਿਵਾਇਆ।ਡਾ. ਅਗਰਵਾਲ ਨੇ ਕਿਹਾ ਕਿ ਇਨ੍ਹਾਂ ਪਰਵਾਰਾਂ ਦੇ ਹੋਰ ਸਬੰਧਤ ਮਸਲਿਆਂ ਦੇ ਹੱਲ ਲਈ ਇਕ ਸਮਰਪਤ ਟੀਮ ਵੀ ਤਾਇਨਾਤ ਕੀਤੀ ਜਾ ਰਹੀ ਹੈ, ਜੋ ਇਨ੍ਹਾਂ ਦੀਆਂ ਮੁਸ਼ਕਲਾਂ ਦੇ ਢੁੱਕਵੇਂ ਹੱਲ ਨੂੰ ਯਕੀਨੀ ਬਣਾਏਗੀ। ਇਸ ਤੋਂ ਇਲਾਵਾ ਡਾ. ਅਗਰਵਾਲ ਨੇ ਕਿਹਾ ਕਿ ਜਿਨ੍ਹਾਂ 7 ਪਰਵਾਰਾਂ ਨੂੰ ਬੀਤੇ ਦਿਨੀਂ ਲਤੀਫਪੁਰਾ ਤੋਂ ਤਬਦੀਲ ਕੀਤਾ ਗਿਆ ਹੈ, ਉਨ੍ਹਾਂ ਦੀ ਫੌਰੀ ਜ਼ਰੂਰਤ ਨੂੰ ਪੂਰਾ ਕਰਨ ਲਈ ਪ੍ਰਸ਼ਾਸਨ ਵੱਲੋਂ ਹਰ ਸੰਭਵ ਮਦਦ ਕੀਤੀ ਜਾਵੇਗੀ। ਜਥੇਬੰਦੀਆਂ ਦੇ ਆਗੂਆਂ ਵੱਲੋਂ ਮੁਆਵਜ਼ੇ ਦੀ ਮੰਗ ਉਠਾਉਣ 'ਤੇ ਉਨ੍ਹਾਂ ਕਿਹਾ ਕਿ ਮੁਆਵਜ਼ੇ ਸਬੰਧੀ ਮਾਮਲਾ ਸਮਰੱਥ ਅਥਾਰਟੀ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ, ਤਾਂ ਜੋ ਇਸ ਦਾ ਯੋਗ ਹੱਲ ਹੋ ਸਕੇ। ਇਸ ਮੌਕੇ ਪੁਲਿਸ ਕਮਿਸ਼ਨਰ ਨੇ ਇਸ ਮਾਮਲੇ ਵਿੱਚ ਹੋਏ ਪਰਚਿਆਂ ਨੂੰ ਖਾਰਜ ਕਰਨ ਸਬੰਧੀ ਕਾਰਵਾਈ 'ਤੇ ਗੌਰ ਕਰਨ ਦਾ ਭਰੋਸਾ ਵੀ ਦਿਵਾਇਆ।ਮੀਟਿੰਗ ਵਿੱਚ ਐਸ.ਡੀ.ਐਮ. ਰਣਦੀਪ ਸਿੰਘ ਹੀਰ, ਜਲੰਧਰ ਇੰਪਰੂਵਮੈਂਟ ਟਰੱਸਟ ਦੇ ਅਧਿਕਾਰੀ, ਕਿਰਤੀ ਕਿਸਾਨ ਯੂਨੀਅਨ ਦੇ ਸੰਤੋਖ ਸਿੰਘ ਸੰਧੂ, ਬੀ.ਕੇ.ਯੂ. ਰਾਜੇਵਾਲ ਦੇ ਆਗੂ ਮਨਦੀਪ ਸਿੰਘ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਤੇ ਹੰਸ ਰਾਜ ਪੱਬਵਾਂ, ਕਿਸਾਨ ਯੂਨੀਅਨ ਅੰਮ੍ਰਿਤਸਰ ਤੋਂ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਪੰਜਾਬ ਕਿਸਾਨ ਯੂਨੀਅਨ ਬਾਗੀ ਤੋਂ ਗੁਰਦੀਪ ਸਿੰਘ ਭੰਡਾਲ, ਬੀ.ਕੇ.ਯੂ. ਡਕੌਂਦਾ ਤੋਂ ਧਰਮਿੰਦਰ ਸਿੰਘ, ਕਿਸਾਨ ਯੂਨੀਅਨ ਅੰਮ੍ਰਿਤਸਰ ਤੋਂ ਬੀਬੀ ਪਿੰਦੇ ਬਾਸੀ ਤੇ ਲਖਵੀਰ ਸਿੰਘ ਸੌਂਟੀ ਤੋਂ ਇਲਾਵਾ ਸੁਖਜੀਤ ਸਿੰਘ ਡਰੋਲੀ, ਗੁਰਮੁਖ ਸਿੰਘ ਬਾਜਵਾ, ਗੁਰਪ੍ਰਤਾਪ ਸਿੰਘ, ਹਾਜੀ ਬਿੱਟੂ ਚੌਹਾਨ, ਬਲਜਿੰਦਰ ਸਿੰਘ ਲਸੋਈ, ਮਹਿੰਦਰ ਸਿੰਘ ਬਾਜਵਾ, ਅਮਰੀਕ ਸਿੰਘ ਛੀਨਾ ਆਦਿ ਵੀ ਮੌਜੂਦ ਸਨ।

# 'ਬਾਲ ਵਿਆਹ ਤੇ ਬਾਲ ਮਜ਼ਦੂਰੀ' ਵਿਸ਼ੇ 'ਤੇ ਲੈਕਚਰ ਕਰਵਾਇਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਤੇ ਨਾਲਸਾ ਦੀ ਸਰਪ੍ਰਸਤੀ ਅਤੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਅਗਵਾਈ



ਹੇਠ ਕਾਲਜ ਦੇ ਅਰਥ ਸ਼ਾਸਤਰ ਅਤੇ ਰਾਜਨੀਤੀ ਸ਼ਾਸਤਰ ਵਿਭਾਗ ਵਲੋਂ 'ਬਾਲ ਵਿਆਹ ਤੇ ਬਾਲ ਮਜ਼ਦੂਰੀ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਇਸ ਮੌਕੇ ਐਡਵੋਕੇਟ ਸਰਿਤਾ ਕੰਵਰ ਗੜ੍ਹਸ਼ੰਕਰ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਆਰੰਭਤਾ ਮੌਕੇ ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਆਏ ਹੋਏ ਵਿਸ਼ੇਸ਼ ਬੁਲਾਰੇ ਦਾ ਰਸਮੀ ਸਵਾਗਤ ਕੀਤਾ। ਐਡਵੋਕੇਟ ਸਰਿਤਾ ਕੰਵਰ ਨੇ ਵਿਦਿਆਰਥੀਆਂ ਨੂੰ ਬਾਲ ਵਿਆਹ ਤੇ ਬਾਲ ਮਜ਼ਦੂਰੀ ਨਾਲ ਸਬੰਧਤ ਵੱਖ-ਵੱਖ ਕਾਨੂੰਨਾਂ ਤੋਂ ਜਾਣੂ ਕਰਵਾਇਆ।ਉਨ੍ਹਾਂ ਦੱਸਿਆ ਕਿ ਬਾਲ ਵਿਆਹ ਦੀ ਇਹ ਪ੍ਰਥਾ ਪੰਜਾਬ ਵਿਚ ਬਹੁਤ ਘੱਟ ਹੈ ਜਦਕਿ ਬਾਕੀ ਪ੍ਰਾਂਤਾਂ ਵਿਚ ਇਸਦਾ ਪ੍ਰਭਾਵ ਜਿਆਦਾ ਹੈ।ਉਨ੍ਹਾਂ ਕਿਹਾ ਕਿ ਅਗਰ ਸਾਡੇ ਆਲੇ ਦੁਆਲੇ ਬਾਲ ਮਜ਼ਦੂਰੀ ਕਰਦੇ ਬੱਚਿਆਂ ਨਾਲ ਸਬੰਧਤ ਅਗਰ ਕੋਈ ਕੇਸ ਦੇਖਣ ਨੂੰ ਮਿਲਣ ਤਾਂ ਉਸ ਬਾਰੇ ਸਬੰਧਤ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਜਾਵੇ ਤਾਂ ਜੋ ਬਣਦੀ ਕਾਰਵਾਈ ਹੋ ਸਕੇ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਅਖੀਰ ਵਿਚ ਸੰਬੋਧਨ ਕਰਦਿਆਂ ਬੁਲਾਰੇ ਐਡਵੋਕੇਟ ਸਰਿਤਾ ਕੰਵਰ ਦਾ ਧੰਨਵਾਦ ਕਰਦਿਆਂ ਕਿਹਾ ਇਹੋ ਜਿਹੀ ਜਾਣਕਾਰੀ ਵਿਦਿਆਰਥੀਆਂ ਲਈ ਬਹੁਤ ਮਾਇਨੇ ਰੱਖਦੀ, ਕਿਉਂਕਿ ਕਈ ਵਾਰ ਕਾਨੂੰਨੀ ਜਾਣਕਾਰੀ ਦੀ ਘਾਟ ਮਨੁੱਖ ਦੇ ਜੀਵਨ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਕਰ ਦਿੰਦੀ ਹੈ।

## Lost & Found

I, Amit Jaggi S/o Late Sh. Ashok Jaggi R/o H.No. 506-B, Surya Enclave, Jalandhar declare that House No. 193/5 Portion of that area 6 Marlas 96 sq. Ft. Situated at Abadi Central Town, Jalandhar was owned by my father Late Sh. Ashok Kumar Jaggi S/o Late Sh. Aasa Ram Jaggi Vide Sale Deed No. 8826, Dated 15-10-1996 S.R. Jalandhar, I have lost the above mentioned sale deed somewhere. That I tried a lot to find the said documents but I could not find it. That If anybody has any objection in this regard, please contact 79990-31000.

## Public Notice

I, Gurmeet Branch Manager Punjab National Bank, Hanuman Chowk Gurdaspur Branch Solemnly affirm and declare as under:- (1) That I am posted as stated above. (2) That Davinder Kaur W/O Kuldeep Singh P/O H.No. 78 Shubham Enclave Batala Road Gurdaspur Tehsil and Distt.Gurdaspur is going to avail home loan, facility from our bank by equitable mortgage the property/Plot measuring 6.5 marla situated at Bajwa Palm enclave Aujla byepass H.B. No. 340, Tehsil and Distt. Gurdaspur owned vide sale deed dated 04/02/2025 bearing document No. 2024-25/147/1/4286 duly Registered in the office of Sub Registrar Gurdaspur. (3) That the owner of the property Davinder Kaur W/O Kuldeep Singh has disclosed that in the chain of the property previous sale deed dated 12/10/2017. Registered vide document No. 2453 in favour of Smt. Rita W/O Ashok Kumar S/O Shinda Masih was lost by her and a lost report bearing GD No. 036 dated 09/02/2026 in the Police Station City Gurdaspur has been lodged by her. That in the respective of the above said property, Now PNB Bank Branch Office Hanuman Chowk Gurdaspur is going to allow a home loan facility to Davinder Kaur WO Kuldeep Singh against equitable mortgage of the said property. If any person has any objection or interest regarding equitable mortgage of the above said property or are having any claim/knowledge of the above said document alleged to have been lost, He/She may approach and file objection within 7 days before the Branch Manager Punjab National Bank Hanuman Chowk Gurdaspur. Thereafter, the Bank will allow loan facility against equitable mortgage of said property considering the above said previous sale deed mentioned above to be lost and not deposited with any bank, private agency or person as security and thereafter, the bank will not entertain any claim/ objection in this regard in respect of above said property by any other person, later on

Sd./
Gurmeet Branch Manager,
Punjab National Bank,
Place: Gurdaspur Hanuman Chowk Gurdaspur


# ਮਾਤਾ ਆਸ਼ਾ ਰਾਣੀ ਤੇ ਪ੍ਰਵੀਨ ਪੁਰੀ ਨੂੰ ਭਰਪੂਰ ਸ਼ਰਧਾਂਜਲੀਆਂ

ਸ਼ਾਹਕੋਟ (ਗਿਆਨ ਸੈਦਪੁਰੀ)-ਸਵਰਗੀ ਕੇਵਲ ਕ੍ਰਿਸ਼ਨ ਪੁਰੀ ਦੀ ਪਤਨੀ, ਪਵਨ ਪੁਰੀ ਸਾਬਕਾ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਵਿਪਨ ਪੁਰੀ ਤੇ ਸੰਜੀਵ ਪੁਰੀ ਦੀ ਮਾਤਾ ਸ੍ਰੀਮਤੀ ਆਸ਼ਾ ਰਾਣੀ ਨੂੰ ਵੱਖ-ਵੱਖ ਸਿਆਸੀ, ਸਮਾਜੀ ਅਤੇ ਧਾਰਮਿਕ ਆਗੂਆਂ ਵੱਲੋਂ ਭਰਪੂਰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਉਹ 4 ਫਰਵਰੀ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਇਸ ਦੇ ਨਾਲ ਹੀ ਮਾਤਾ ਆਸ਼ਾ ਰਾਣੀ ਦੇ ਪੁੱਤਰ ਅਤੇ ਪਵਨ ਪੁਰੀ ਦੇ ਭਰਾ ਪ੍ਰਵੀਨ ਪੁਰੀ ਨੂੰ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਉਹ ਮਾਤਾ ਜੀ ਦੇ ਦੇਹਾਂਤ ਤੋਂ ਕੁਝ ਦਿਨ ਪਹਿਲਾਂ ਵਿਦੇਸ਼ ਵਿੱਚ ਪੂਰੇ ਹੋ ਗਏ ਸਨ।ਮਾਤਾ ਤੇ ਪੁੱਤਰ ਨੂੰ ਇਕੱਠਿਆ ਸ਼ਰਧਾ ਦੇ ਫੁੱਲ ਭੇਟ ਕਰਨ ਮੌਕੇ ਮਾਹੌਲ ਕਾਫੀ ਭਾਵੁਕ ਹੋਇਆ ਨਜ਼ਰ ਆਇਆ।



*ਸ਼ਰਧਾਂਜਲੀ ਭੇਟ ਕਰਦੇ ਹੋਏ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਤੇ ਨਾਲ ਖੜੇ ਹਨ ਸਤੀਸ਼ ਰਿਹਾਨ।*

ਇਸ ਮੌਕੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਸ਼ਰਧਾਂਜਲੀ ਭੇਟ ਕਰਦਿਆਂ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ, ਉੱਥੇ ਪੁਰੀ ਪਰਵਾਰ ਵੱਲੋਂ ਸਿਆਸੀ, ਸਮਾਜੀ ਤੇ ਆਰਥਿਕ ਖੇਤਰ ਵਿੱਚ ਸਤਿਕਾਰਤ ਰੁਤਬਾ ਹਾਸਿਲ ਕਰਨ ਲਈ ਪੁਰੀ ਪਰਵਾਰ ਦੇ ਵਡੇਰਿਆਂ ਵੱਲੋਂ ਦਿੱਤੇ ਉੱਚਪਾਏ ਦੇ ਸੰਸਕਾਰਾਂ ਦਾ ਵੀ ਜ਼ਿਕਰ ਕੀਤਾ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਡਾ. ਅਮਰਜੀਤ ਸਿੰਘ ਥਿੰਦ ਨੇ ਵੀ ਸ਼ਰਧਾਂਜਲੀ ਭੇਟ ਕੀਤੀ। ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ ਨੇ ਸਟੇਜ ਸੰਚਾਲਨ ਕਰਦਿਆਂ ਜਿੱਥੇ ਸ਼ਰਧਾ ਦੇ ਫੁੱਲ ਭੇਟ ਕੀਤੇ, ਉਥੇ ਪੁਰੀ ਪਰਵਾਰ ਦੀ ਪੂਰੇ ਪੰਜਾਬ ਵਿੱਚ ਵਿਸ਼ੇਸ਼ ਪਹਿਚਾਣ ਅਤੇ ਸਤਿਕਾਰ 'ਤੇ ਮਾਣ ਮਹਿਸੂਸ ਕੀਤਾ। ਪੁਰੀ ਪਰਿਵਾਰ ਦੇ ਹਮੇਸ਼ਾ ਅੰਗ ਸੰਗ ਰਹਿ ਕੇ ਪਰਵਾਰਕ ਮੈਂਬਰ ਵਾਂਗ ਵਿਚਰਨ ਵਾਲੇ ਡਾ. ਜਗਤਾਰ ਸਿੰਘ ਚੰਦੀ ਸਾਬਕਾ ਮੈਂਬਰ ਸਟੀਲ ਅਥਾਰਟੀ ਆਫ ਇੰਡੀਆ ਨੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਾਮਲ ਹੋਣ ਵਾਲੀ ਸਮੂਹ ਸੰਗਤ ਦਾ ਧੰਨਵਾਦ ਕੀਤਾ।

ਸਤੀਸ਼ ਰਿਹਾਨ ਵੱਲੋਂ ਪ੍ਰੈਸ ਕਲੱਬ ਸ਼ਾਹਕੋਟ ਸਮੇਤ ਵੱਖ ਵੱਖ ਸੰਸਥਾਵਾਂ ਵੱਲੋਂ ਆਏ ਸ਼ੋਕ ਮਤੇ ਪੜ੍ਹੇ ਗਏ। ਇਸ ਮੌਕੇ ਪੁਰੀ ਪਰਵਾਰ ਵੱਲੋਂ ਵੱਖ-ਵੱਖ ਸੰਸਥਾਵਾਂ ਨੂੰ ਆਰਥਿਕ ਯੋਗਦਾਨ ਵੀ ਪ੍ਰਦਾਨ ਕੀਤਾ ਗਿਆ। ਸ਼ਰਧਾਂਜਲੀ ਦੇਣ ਤੋਂ ਪਹਿਲਾਂ ਪੰਡਿਤ ਓਮ ਦੱਤ ਸ਼ਰਮਾ ਅਤੇ ਸਥਾਨਕ ਬ੍ਰਹਮ ਕੁਮਾਰੀ ਆਸ਼ਰਮ ਦੀਆਂ ਸੰਚਾਲਕ ਭੈਣਾਂ ਨੇ ਜ਼ਿੰਦਗੀ ਮੌਤ ਦੇ ਫਲਸਫੇ ਬਾਰੇ ਚਾਨਣਾ ਪਾਇਆ।ਸ਼ਰਧਾਂਜਲੀ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜਾਰ ਸਿੰਘ ਥਿੰਦ, ਭਾਜਪਾ ਆਗੂ ਨਰਿੰਦਰ ਪਾਲ ਸਿੰਘ ਚੰਦੀ, ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸੁਰਿੰਦਰਜੀਤ ਸਿੰਘ ਚੱਠਾ, ਮਾਰਕੀਟ ਕਮੇਟੀ ਮਹਿਤਪੁਰ ਦੇ ਚੇਅਰਮੈਨ ਬਲਕਾਰ ਸਿੰਘ ਚੱਠਾ, ਅਕਾਲੀ ਦਲ (ਅੰਮ੍ਰਿਤਸਰ) ਦੇ ਸੂਬਾਈ ਆਗੂ ਜਥੇਦਾਰ ਸੁਲੱਖਣ ਸਿੰਘ ਨਿਮਾਜ਼ੀਪੁਰ, ਕਿਸਾਨ ਆਗੂ ਬਲਦੇਵ ਸਿੰਘ ਜੋਸਨ, ਆਪ ਆਗੂ ਅਨਿਲ ਕੁਮਾਰ ਅੱਗਰਵਾਲ, ਮਨਜੀਤ ਸਿੰਘ ਡਾਇਰੈਕਟਰ ਰਾਮਗੜ੍ਹੀਆ ਸਕੂਲ ਸ਼ਾਹਕੋਟ, ਸੋਨੂੰ ਕੰਗ ਪੀਏ, ਟਿੰਪੀ ਕੁਮਰਾ ਕਾਂਗਰਸੀ ਆਗੂ, ਮਾਰਕੀਟ ਕਮੇਟੀ ਸ਼ਾਹਕੋਟ ਦੇ ਸਾਬਕਾ ਵਾਈਸ ਚੇਅਰਮੈਨ ਕਪਿਲ ਕੁਮਾਰ ਗੁਪਤਾ, ਵਾਤਾਵਰਨ ਸੁਧਾਰ ਸੁਸਾਇਟੀ ਦੇ ਪ੍ਰਧਾਨ ਬੰਟੀ ਬੱਠਲਾ, ਗੁਰਨਾਮ ਸਿੰਘ ਚੱਠਾ ਢੰਡੋਵਾਲ, ਬੂਟਾ ਸਿੰਘ ਕਲਸੀ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਸਾਬਕਾ ਐਮ ਸੀ ਜਤਿੰਦਰ ਪਾਲ ਸਿੰਘ ਬੱਲ੍ਹਾ, ਕੁਲਸ਼ਨ ਸਿੰਘ ਨਵਾਂ ਪਿੰਡ ਅਕਾਲੀਆਂ, ਭਾਜਪਾ ਆਗੂ ਸੁਦਰਸ਼ਨ ਸੋਬਤੀ, ਅਕਾਲੀ ਆਗੂ ਠੇਕੇਦਾਰ ਰਣਧੀਰ ਸਿੰਘ, ਜਸਵਿੰਦਰ ਸਿੰਘ ਪੋਪਲੀ ਤੇ ਸੁਰਿੰਦਰ ਸਿੰਘ ਕਾਲਾ, ਡਾਕਟਰ ਜਸਵੰਤ ਸਿੰਘ ਭੰਡਾਲ, ਪ੍ਰਿੰਸੀਪਲ ਜਸਵੀਰ ਸਿੰਘ ਵਿਰਦੀ, ਨੈਸ਼ਨਲ ਅਵਾਰਡੀ ਕਰਤਾਰ ਸਿੰਘ ਸਚਦੇਵਾ, ਗਗਨਦੀਪ ਸਿੰਘ ਜੋੜਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਗੁਰਮੀਤ ਸਿੰਘ ਬਜਾਜ, ਮੈਂਬਰ ਨਗਰ ਪੰਚਾਇਤ ਸ਼ਾਹਕੋਟ ਪ੍ਰਵੀਨ ਗਰੋਵਰ ਮਜੀਦਾ ਭਲਵਾਨ, ਰਕੇਸ਼ ਭੱਲਾ ਡਾ.ਸੁਰਿੰਦਰ ਭੱਟੀ, ਪਵਨ ਅਗਰਵਾਲ ਪ੍ਰਧਾਨ ਮੰਡੀ ਕਮੇਟੀ, ਨਛੱਤਰ ਸਿੰਘ ਸੱਤੀ ਭਲਵਾਨ, ਸੁਨੀਲ ਉਪਲ, ਮਦਨ ਲਾਲ ਅਰੋੜਾ, ਅੰਮ੍ਰਿਤ ਲਾਲ ਕਾਕਾ, ਡਾ. ਰਵਿੰਦਰ ਸਿੰਘ ਰੂਪਰਾ, ਐਡਵੋਕੇਟ ਸ਼ਿਵ ਕਰਨ ਮਲਹੋਤਰਾ, ਗਗਨ ਜਿੰਦਲ, ਸੋਨੀ ਬਜਾਜ, ਹਰਪਾਲ ਮੈਸਨ, ਜਸਪਾਲ ਮਗਲਾਨੀ, ਮਾਸਟਰ ਵਿਜੇ ਵਿੱਗ, ਨੱਥਾ ਸਿੰਘ ਜਾਫਰਵਾਲ ਆਦਿ ਮੌਜੂਦ ਸਨ।

# ਜਸਵਿੰਦਰ ਸਿੰਘ ਭਾਗਸਰ ਪੰਚਾਇਤ ਅਫ਼ਸਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਬਣੇ



ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਚਾਇਤ ਅਫਸਰ ਐਸੋਸੀਏਸ਼ਨ ਵੱਲੋਂ ਮੀਟਿੰਗ ਕਰਕੇ ਜਸਵਿੰਦਰ ਸਿੰਘ ਭਾਗਸਰ ਵਾਸੀ ਸ੍ਰੀ ਮੁਕਤਸਰ ਸਾਹਿਬ ਨੂੰ ਐਸੋਸੀਏਸ਼ਨ ਦਾ ਸੂਬਾ ਪ੍ਰਧਾਨ ਚੁਣਿਆ ਗਿਆ। ਮੀਟਿੰਗ ਵਿੱਚ ਵੱਖ-ਵੱਖ ਬੁਲਾਰਿਆਂ ਨੇ ਵਿਚਾਰ ਪ੍ਰਗਟ ਕੀਤੇ ਅਤੇ ਇਸ ਉਪਰੰਤ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਸੂਬਾ ਪ੍ਰਧਾਨ ਜਸਵਿੰਦਰ ਸਿੰਘ ਭਾਗਸਰ ਤੋਂ ਇਲਾਵਾ ਮਨਦੀਪ ਸਿੰਘ ਦਰਦੀ ਚੇਅਰਮੈਨ, ਰਣਜੀਤ ਸਿੰਘ ਖਹਿਰਾ ਸੀਨੀਅਰ ਮੀਤ ਪ੍ਰਧਾਨ, ਹਰਜੀਤ ਸਿੰਘ ਸਮਰਾਲਾ ਜਨਰਲ ਸਕੱਤਰ, ਸੁਖਰਾਜ ਸ਼ਰਮਾ ਮੀਤ ਪ੍ਰਧਾਨ, ਗੁਰਮੇਲ ਸਿੰਘ ਬਰਨਾਲਾ ਖਜ਼ਾਨਚੀ, ਸੁਖਬੀਰ ਸਿੰਘ ਪ੍ਰੈਸ ਸਕੱਤਰ, ਓਂਕਾਰ ਸਿੰਘ ਸਕੱਤਰ ਅਤੇ ਸੁਖਜਿੰਦਰ ਸਿੰਘ ਨੂੰ ਸਰਬਸੰਮਤੀ ਨਾਲ ਸਲਾਹਕਾਰ ਚੁਣਿਆ ਗਿਆ।ਇਸ ਮੌਕੇ ਪੰਚਾਇਤ ਅਫਸਰ ਐਸੋਸੀਏਸ਼ਨ ਦੇ ਨਵ ਨਿਯੁਕਤ ਪ੍ਰਧਾਨ ਜਸਵਿੰਦਰ ਸਿੰਘ ਭੱਟੀ ਭਾਗਸਰ ਨੇ ਸਮੂਹ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।ਇਸ ਉਪਰੰਤ ਐਸੋਸੀਏਸ਼ਨ ਦਾ ਵਫਦ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਨੂੰ ਮਿਲਿਆ, ਜਿਸ ਵਿੱਚ ਮੰਗਾਂ ਤੇ ਮੁਸ਼ਕਲਾਂ ਸਬੰਧੀ ਡਾਇਰੈਕਟਰ ਨੂੰ ਜਾਣੂ ਕਰਵਾਇਆ ਗਿਆ।


## VALLABH STEELS LIMITED

Regd. Off.: G.T. Road, Village Pawa, Sahnewal, Ludhiana-141 120(Punjab), India
CIN: L27109PB1980PLC004327, Tel.:+91-161-2511413, Fax: +91-161-2511414
E-mail : fin.ho@vallabhgroup.com website : www.vallabhsteelsltd.in

### UN-AUDITED STANDALONE FINANCIAL RESULTS FOR THE QUARTER ENDED DECEMBER 31, 2025

The un-audited standalone financial results of Vallabh Steels Limited ('the Company') for the quarter/nine months ended December, 31, 2025 was approved by the Board of Directors of the Company at its meeting held on Friday, February 13, 2026 in terms of Regulation 33 of SEBI (Listing Obligations and Disclosure Requirements), Regulations, 2015.The aforementioned financial results along with the Limited Review Reports thereon are available on the Company's website (i.e. www.vallabhsteelsltd.in) and BSE Limited (www.bseindia.com). The same can be accessed by scanning the QR Code given below to view the results on the website of the Company:

For Vallabh Steels Limited
Sd/-
(Neelam Sharma)
Director

Place : Ludhiana
Dated : 13-02-2026

## ਫਾਰਮ ਨੰਬਰ URC-2

ਐਕਟ ਦੇ ਅਧਿਆਏ XXI ਦੇ ਭਾਗ I ਦੇ ਤਹਿਤ ਰਜਿਸਟ੍ਰੇਸ਼ਨ ਬਾਰੇ ਨੋਟਿਸ ਦੇਣ ਵਾਲਾ ਇਸ਼ਤਿਹਾਰ। ਕੰਪਨੀ ਐਕਟ, 2013 ਦੀ ਧਾਰਾ 374(ਬੀ) ਅਤੇ ਕੰਪਨੀਆਂ (ਰਜਿਸਟਰ ਕਰਨ ਲਈ ਅਧਿਕਾਰਤ) ਨਿਯਮ, 2014 ਦੇ ਨਿਯਮ 4(1) ਦੇ ਅਨੁਸਾਰ।

1. ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ ਐਕਟ, 2013 ਦੀ ਧਾਰਾ 366 ਦੀ ਉਪ-ਧਾਰਾ (2) ਦੇ ਅਨੁਸਾਰ, ਪੰਦਰਾਂ ਦਿਨਾਂ ਬਾਅਦ ਪਰ ਇਸ ਤੋਂ ਬਾਅਦ ਤੀਹ ਦਿਨਾਂ ਦੀ ਮਿਆਦ ਪੁੱਗਣ ਤੋਂ ਪਹਿਲਾਂ ਮਾਨੇਸਰ ਵਿਖੇ ਕੇਂਦਰੀ ਰਜਿਸਟ੍ਰੇਸ਼ਨ ਕੇਂਦਰ ਦੇ ਰਜਿਸਟਰਾਰ ਨੂੰ ਇੱਕ ਅਰਜ਼ੀ ਦੇਣ ਦਾ ਪ੍ਰਸਤਾਵ ਹੈ ਕਿ ਮੈਸਰਜ਼ ਜੇਐਮਪੀ ਇੰਡਸਟਰੀਜ਼, ਇੱਕ ਰਜਿਸਟਰਡ ਭਾਈਵਾਲੀ ਫਰਮ, ਕੰਪਨੀ ਐਕਟ 2013 ਦੇ ਅਧਿਆਇ XXI ਦੇ ਭਾਗ I ਦੇ ਤਹਿਤ ਮੈਕਵੈਲ ਕੰਪੋਨੈਂਟਸ ਲਿਮਿਟੇਡ ਦੇ ਨਾਂ 'ਤੇ ਇੱਕ ਪਬਲਿਕ ਲਿਮਿਟੇਡ ਕੰਪਨੀ ਵਜੋਂ, ਜੋ ਸ਼ੇਅਰਾਂ ਨਾਲ ਸੀਮਿਤ ਹੈ ਵਜੋਂ ਰਜਿਸਟਰ ਕੀਤੀ ਜਾ ਸਕਦੀ ਹੈ।
2. ਕੰਪਨੀ ਦੇ ਮੁੱਖ ਮਕਸਦਾਂ ਇਥੇ ਹੋਰ ਵਿਚ ਵਿੱਚ ਮੁੱਖ ਤੌਰ 'ਤੇ ਇਹ ਸ਼ਾਮਲ ਹਨ: ਕੰਪੋਨੈਂਟਸ ਨਾਲ ਸਬੰਧਤ ਧਾਤੂ ਹਿੱਸਿਆਂ ਦਾ ਨਿਰਮਾਣ ਟਰੈਕਟਰ ਪਾਰਟਸ,ਅਰਥਮੂਵਰ ਪਾਰਟਸ ਅਤੇ ਆਟੋ ਕੰਪੋਨੈਂਟਸ, ਕਾਸਟਿੰਗ ਅਤੇ ਸੰਬੰਧਿਤ ਉਤਪਾਦ।
3. ਪ੍ਰਸਤਾਵਿਤ ਕੰਪਨੀ ਦੇ ਡਰਾਫਟ ਮੈਮੋਰੰਡਮ ਅਤੇ ਐਸੋਸੀਏਸ਼ਨ ਦੇ ਲੇਖਾਂ ਦੀ ਇੱਕ ਕਾਪੀ # ਮੈਸਰਜ਼ ਵਿਖੇ ਇਸਦੇ ਦਫ਼ਤਰ ਵਿਖੇ ਨਿਰੀਖਣ ਕੀਤੀ ਜਾ ਸਕਦੀ ਹੈ। JMP ਇੰਡਸਟਰੀਜ਼, A-5, ਫੋਕਲ ਪੁਆਇੰਟ, ਜਲੰਧਰ, ਪੰਜਾਬ 144001
4. ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਇਸ ਅਰਜ਼ੀ 'ਤੇ ਇਤਰਾਜ਼ ਕਰਨ ਵਾਲਾ ਕੋਈ ਵੀ ਵਿਅਕਤੀ ਆਪਣਾ ਇਤਰਾਜ਼ ਕੇਂਦਰੀ ਰਜਿਸਟ੍ਰੇਸ਼ਨ ਸੈਂਟਰ (CRC), ਇੰਡੀਅਨ ਇੰਸਟੀਚਿਊਟ ਆਫ਼ ਕਾਰਪੋਰੇਟ ਅਫੇਅਰਜ਼ (IICA), ਪਲਾਟ ਨੰਬਰ 6, 7, 8, ਸੈਕਟਰ 5, IMT ਮਾਨੇਸਰ, ਜ਼ਿਲ੍ਹਾ ਗੁੜਗਾਓਂ (ਹਰਿਆਣਾ) ਵਿਖੇ ਰਜਿਸਟਰਾਰ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰ ਸਕਦਾ ਹੈ। ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ ਇੱਕੀ ਦਿਨਾਂ ਦੇ ਅੰਦਰ, ਫਰਮ/ਕੰਪਨੀ ਨੂੰ ਇਸਦੇ ਰਜਿਸਟਰਡ ਦਫ਼ਤਰ: A-5, ਫੋਕਲ ਪੁਆਇੰਟ, ਜਲੰਧਰ, ਪੰਜਾਬ 144001 'ਤੇ ਇੱਕ ਕਾਪੀ ਦੇ ਨਾਲ।

ਇਸ ਦੀ ਮਿਤੀ 13 ਫਰਵਰੀ 2026 ਹੈ।

ਬਿਨੈਕਾਰ ਦਾ ਨਾਮ
ਜੇ. ਐੱਮ. ਪੀ ਇੰਡਸਟ੍ਰੀਜ਼ ਲਈ
ਸਾਥੀ

## ਦਫਤਰ ਪ੍ਰਿੰਸੀਪਲ ਮਾਤਾ ਰਾਜ ਕੌਰ ਪੀ ਐੱਮ ਸ੍ਰੀ ਬਡਰੁੱਖਾਂ (ਸੰਗਰੂਰ)

Email : gsss.badrukhan.sgr@gmail.com
Phone No. 98159-40052

### ਵਿਸ਼ਾ : ਸ਼ਾਰਟ ਟੈਂਡਰ ਨੋਟਿਸ

ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵੱਲੋਂ ਪੀ. ਐੱਮ. ਸ੍ਰੀ. ਸ. ਸ. ਸ. ਸਕੂਲ ਬਡਰੁੱਖਾਂ ਦੇ 50 ਵਿਦਿਆਰਥੀ 2 ਅਧਿਆਪਕਾਂ ਦਾ ਐਕਸਪੋਜਰ ਟੂਰ ਅਹਿਮਦਾਬਾਦ ਵਿਖੇ ਲੈ ਜਾਣ ਦੀ ਪ੍ਰਵਾਨਗੀ ਮਿਲੀ ਹੈ। ਇਸ ਵਿੱਚ ਸਕੂਲ ਤੋਂ ਲੈ ਕੇ ਜੈਪੁਰ ਅਤੇ ਅਹਿਮਦਾਬਾਦ ਵਿੱਚ ਵੱਖ-ਵੱਖ ਥਾਵਾਂ 'ਤੇ ਘੁੰਮਾਉਣ, ਦਿਖਾਉਣ, ਛੇ ਦਿਨ ਦਾ ਖਾਣ-ਪੀਣ, ਰਹਿਣ-ਸਹਿਣ ਅਤੇ ਹਰ ਇੱਕ ਖਰਚ ਅਤੇ ਸਕੂਲ ਵਾਪਸੀ ਤੱਕ ਛੱਡਣ ਦਾ ਜੀ ਐੱਸ ਟੀ ਸਮੇਤ ਖਰਚਾ ਸ਼ਾਮਲ ਹੈ। ਦਿਲਚਸਪੀ ਰੱਖਦੀਆਂ ਵਪਾਰਕ ਸੰਸਥਾਵਾਂ ਨੂੰ ਮਿਤੀ 16-02-2026 ਨੂੰ ਸਕੂਲ ਵਿਖੇ 10 ਤੋਂ 11 ਵਜੇ ਤੱਕ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ।

ਸਹੀ/- ਪ੍ਰਿੰਸੀਪਲ
ਮਾਤਾ ਰਾਜ ਕੌਰ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ,
(ਨੰਬਰ : 1546, ਮਿਤੀ : 13/02/26) ਬਡਰੁੱਖਾਂ (ਸੰਗਰੂਰ)


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਮੈਂ, ਬਲਵਿੰਦਰ ਸਿੰਘ ਸੱਗੂ ਪੁੱਤਰ ਲੇਟ ਸ਼੍ਰੀ ਜਸਵੰਤ ਸਿੰਘ ਪੁੱਤਰ ਭਾਨ ਸਿੰਘ ਵਾਸੀ ਮਕਾਨ ਨੰਬਰ 627-3, ਅਰਬਨ ਇਸਟੇਟ, ਫੇਜ-2, ਜਲੰਧਰ ਬਿਆਨ ਕਰਦਾ ਹਾਂ ਕਿ ਇੱਕ ਪ੍ਰਾਪਰਟੀ ਜਿਸ ਦਾ ਪਤਾ ਪਲਾਟ ਰਕਬਾ 74'x136' ਖਸਰਾ ਨੰਬਰ 5941/198/2, 1081/208, 1085/211, 1087/212, 204, 203, ਬੰਬੇ ਨਗਰ ਕਲੋਨੀ, ਨਜਦੀਕ ਵਡਾਲਾ ਚੋਕ, ਜਲੰਧਰ ਦਾ ਮਾਲਕ ਅਤੇ ਅਟਾਰਨੀ ਹੋਲਡਰ ਵੱਲੋ ਜਸਵਿੰਦਰ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਲਾਲ ਸਿੰਘ ਹੋਣ ਦੇ ਨਾਤੇ ਇਹ ਬਿਆਨ ਕਰਦਾ ਹੈ ਕਿ ਉਪਰੋਕਤ ਪ੍ਰਾਪਰਟੀ ਲੜਾਈ ਝਗੜੇ ਦੇ ਅਧੀਨ ਹੈ। ਇਸ ਸੰਬੰਧੀ ਕਿਸੇ ਕਿਸਮ ਦਾ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਅਮਰਜੀਤ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ 960, ਬਸਤੀ ਮਿੱਠੂ, ਡਾਕਖਾਨਾ ਬਸਤੀ ਗੁਜਾਂ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮਿਤੀ 10-02-2026 ਨੂੰ ਮੈ ਰਾਮਾ ਮੰਡੀ ਚੌਂਕ ਤੋਂ ਤੱਲਣ ਰੋਡ ਵੱਲ ਨੂੰ ਜਾ ਰਿਹਾ ਸੀ ਤਾਂ ਮੇਰਾ ਲਿਫਾਫਾ ਜਿਸ ਵਿੱਚ ਮੇਰਾ ਇੱਕ ਅਸਲ ਮੁਖਤਾਰਨਾਮਾ ਖਾਸ ਜਿਸਦਾ ਵਸੀਕਾ ਨੰ. 2603 ਮਿਤੀ 20-05-2008 ਸਬ ਰਜਿਸਟਰਾਰ ਜਲੰਧਰ-1 ਜੋ ਕਿ ਜਾਇਦਾਦ ਵਾਕਿਆ ਪਿੰਡ ਨਾਹਲ ਤਹਿਸੀਲ ਵਾ ਜ਼ਿਲ੍ਹਾ ਜਲੰਧਰ ਜੋ ਕਿ ਰਸਤੇ ਵਿੱਚ ਕਿਧਰੇ ਡਿੱਗ ਗਿਆ ਹੈ। ਮੈਂ ਉਕਤ ਲਿਫਾਫੇ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਮੈਨੂੰ ਕੀਤੇ ਨਾ ਮਿਲਿਆ ਅਤੇ ਜਿਸ ਸੰਬੰਧ ਵਿੱਚ ਮੈ ਇੱਕ ਰੋਜਨਾਮਚਾ ਨੰ. 29 ਮਿਤੀ 11-02-2026 ਪੁਲਿਸ ਸਟੇਸ਼ਨ ਰਾਮਾ ਮੰਡੀ ਜਲੰਧਰ ਵਿਖੇ ਦਰਜ ਕਰਵਾਈਆ ਹੈ। ਜੇਕਰ ਕਿਸੇ ਨੂੰ ਉਪਰੋਕਤ ਦਸਤਾਵੇਜ ਮਿਲ ਜਾਣ ਤਾਂ ਮੇਰੇ ਪਤੇ ਤੇ ਸੰਪਰਕ ਕਰੇ। ਸੰਬੰਧਿਤ ਨੋਟ ਕਰਨ।

ਮੋਟਰ ਕੁਨੈਕਸ਼ਨ ਖਾਤਾ ਨੰ. 3003128764 (15 ਬੀ ਐੱਚ ਪੀ), ਜੋ ਕਿ ਦੀਦਾਰ ਸਿੰਘ ਪੁੱਤਰ ਰਾਮ ਸਿੰਘ ਰਕਬਾ ਮੋਟਰ ਪਿੰਡ ਔਜਲਾ ਬਨਵਾਲੀ, ਕਪੂਰਥਲਾ ਦੇ ਨਾਂਅ 'ਤੇ ਚੱਲ ਰਹੀ ਹੈ, ਨੂੰ ਸੁਰਿੰਦਰ ਕੌਰ ਪਤਨੀ ਅਮਰਜੀਤ ਸਿੰਘ ਵਾਸੀ ਪਿੰਡ ਧੁਆਂਖੇ ਜਗੀਰ, ਮਨਸੂਰਵਾਲ, ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ 'ਤੇ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਸ ਸੰਬੰਧ ਵਿੱਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਪਾਵਰਕਾਮ ਦੇ ਦਫਤਰ ਸ/ਡ ਸਿਟੀ ਨੰਬਰ-1 ਫੁਆਰਾ ਚੌਂਕ ਦੇ ਕੋਲ ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ।

ਤਸਦੀਕ ਕੀਤਾ ਜਾਂਦਾ ਹੈ ਕਿ ਇਸ ਉਪ ਮੰਡਲ ਦਫਤਰ ਵਿੱਚ ਚੱਲਦੇ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. 3003372816, ਜੋ ਕਿ ਸ੍ਰੀ ਦਲਬੀਰ ਸਿੰਘ ਪੁੱਤਰ ਵਿਸਾਖਾ ਸਿੰਘ ਪਿੰਡ ਧਾਰੀਵਾਲ ਕਲੇਰ ਦੇ ਨਾਂਅ 'ਤੇ ਚੱਲਦਾ ਹੈ, ਨੂੰ ਜਸਪਾਲ ਸਿੰਘ ਪੁੱਤਰ ਦਲਬੀਰ ਸਿੰਘ ਪਿੰਡ ਧਾਰੀਵਾਲ ਕਲੇਰ ਦੇ ਨਾਂਅ 'ਤੇ ਬਦਲੀ ਕਰਵਾਉਣ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਸੰਬੰਧੀ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦਫਤਰ ਅਜਨਾਲਾ ਵਿਖੇ ਉਪ ਮੰਡਲ ਅਫਸਰ ਨੂੰ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।

## ਆਮ ਸੂਚਨਾ

ਮੈਂ, ਮਨਜਿੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਗੱਗੜਭਾਣਾ (ਅੰਮ੍ਰਿਤਸਰ) ਸੂਚਿਤ ਕਰਦਾ ਹਾਂ ਕਿ ਮੈਂ ਇੱਕ ਮਕਾਨ ਜਲੰਧਰ ਵਿਹਾਰ, ਵਰਿਆਮਾ (ਜ਼ਿਲ੍ਹਾ ਜਲੰਧਰ) ਵਿੱਚ ਆਰਤੀ ਕਪੂਰ ਪਤਨੀ ਨਿਖਿਲ ਕਪੂਰ ਕੋਲੋਂ ਖਰੀਦਿਆ ਸੀ, ਜਿਸ ਦੀ ਰਜਿਸਟਰੀ ਮੇਰੇ ਨਾਮ ਹੈ ਅਤੇ ਬੈਨਾਮਾ ਨੰ. 1669 ਮਿਤੀ 29-04-1997 ਹੈ, ਜੋ ਮਿਤੀ 8-2-2026 ਨੂੰ ਨਵੇਂ ਮਕਾਨ ਵਿੱਚ ਸਿਫਤ ਹੋਣ ਵੇਲੇ ਮੇਰੀ ਰਜਿਸਟਰੀ ਕਿਤੇ ਗੁੰਮ ਹੋ ਗਈ ਹੈ। ਲੱਭਣ, ਦੱਸਣ ਵਾਲੇ ਨੂੰ ਯੋਗ ਇਨਾਮ ਦਿੱਤਾ ਜਾਵੇਗਾ।

ਮੈਂ, ਮੰਗਲ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਫਤਿਹ ਜਲਾਲ, ਡਾਕਖਾਨਾ ਪੱਤੜ ਕਲਾਂ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੈਂ ਆਪਣੀ ਨੂੰਹ ਮਨਪ੍ਰੀਤ ਕੌਰ ਪਤਨੀ ਜਸਕੀਰਤ ਸਿੰਘ ਵਾਸੀ ਪਿੰਡ ਫਤਿਹ ਜਲਾਲ ਡਾਕਖਾਨਾ ਪੱਤੜ ਕਲਾਂ, ਜ਼ਿਲ੍ਹਾ ਜਲੰਧਰ ਨੂੰ ਮਿਤੀ 04-12-2023 ਨੂੰ ਅਖਬਾਰ ਰਾਹੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰੀ ਨੂੰਹ ਮੇਰੇ ਕਹਿਣੇ ਵਿੱਚ ਹੈ ਤੇ ਮੇਰੇ ਨਾਲ ਉਸ ਦਾ ਵਿਹਾਰ ਚੰਗਾ ਹੈ। ਮੇਰਾ ਮੇਰੀ ਨੂੰਹ ਪ੍ਰਤੀ ਜੋ ਫਰਜ਼ ਬਣਦਾ ਹੈ, ਮੈਂ ਉਸ ਨੂੰ ਨਿਭਾਉਣ ਨੂੰ ਤਿਆਰ ਹਾਂ ਤੇ ਮਨਪ੍ਰੀਤ ਕੌਰ ਦੀ ਬੇਦਖਲੀ ਵਾਪਸ ਲੈਂਦਾ ਹਾਂ। ਸੰਬੰਧਤ ਨੋਟ ਕਰਨ।

ਮੈਂ ਲਖਬੀਰ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪੱਤੀ ਭੈਣੀ, ਗੁਮਾਨਪੁਰਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਛੋਟਾ ਭਰਾ ਕੁਲਬੀਰ ਸਿੰਘ ਮੇਰੇ ਤੋ ਵੱਖ ਰਹਿੰਦਾ ਹੈ ਅਤੇ ਉਸਦਾ ਕਾਰੋਬਾਰ ਵੱਖਰਾ ਹੈ ਅਤੇ ਮੇਰਾ ਕਾਰੋਬਾਰ ਵੱਖਰਾ ਹੈ ਮੇਰੇ ਆਪਣੇ ਭਰਾ ਦੇ ਨਾਲ ਵਿਚਾਰ ਨਹੀ ਮਿਲਦੇ ਮੈਂ ਕੁਲਬੀਰ ਸਿੰਘ ਨਾਲੋਂ ਆਪਣਾ ਰਿਸ਼ਤਾ ਖਤਮ ਕਰ ਰਿਹਾ ਹਾਂ ਅਤੇ ਉਸਦੇ ਕਿਸੇ ਵੀ ਲੈਣ ਦੇਣ ਨਫੇ ਨੁਕਸਾਨ, ਲੜਾਈ ਝਗੜੇ, ਗੈਰ ਕਾਨੂੰਨੀ ਕੰਮ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀ ਹੋਵੇਗਾ। ਜੇਕਰ ਕੁਲਬੀਰ ਸਿੰਘ ਬਾਹਰ ਕੋਈ ਲੈਣ ਦੇਣ ਜਾ ਗੈਰ ਕਾਨੂੰਨੀ ਕੰਮ ਕਰਦਾ ਹੈ ਤਾਂ ਉਸਦੀ ਸਾਰੀ ਜਿੰਮੇਵਾਰੀ ਉਸਦੀ ਆਪਣੀ ਅਤੇ ਉਸਦੇ ਪਰਿਵਾਰ ਦੀ ਹੋਵੇਗੀ ਮੇਰਾ ਹੁਣ ਕੁਲਬੀਰ ਸਿੰਘ ਦੇ ਨਾਲ ਕੋਈ ਰਿਸ਼ਤਾ ਜਾਂ ਤਲਕਵਾਸਤਾ ਨਹੀ ਰਿਹਾ ਅਤੇ ਨਾ ਹੀ ਅਗਾਹ ਕਦੇ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਸੰਤੋਖ ਸਿੰਘ ਪੁੱਤਰ ਆਤਮਾ ਸਿੰਘ ਵਾਸੀ ਪਿੰਡ ਲਾਂਬੜੀ, ਡਾਕਖਾਨਾ ਲਾਂਬੜਾ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਪੋਤਰਾ ਹਰਮਨਦੀਪ ਸਿੰਘ ਪੁੱਤਰ ਕਸ਼ਮੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਸਮਾਇਲੀ ਪੁੱਤਰੀ ਸ੍ਰੀ ਸੁਰਜੀਤ ਕੁਮਾਰ ਨਿਵਾਸੀ ਪੋਸਟ ਆਫਿਸ ਨਰੋਟ ਜੈਮਲ ਸਿੰਘ ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ , ਪਿੰਡ ਘੇਰ, ਗੁਰਦਾਸਪੁਰ, ਪੰਜਾਬ-145026 ਨੇ ਆਪਣਾ ਨਾਮ ਸਮਾਇਲੀ ਤੋਂ ਬਦਲ ਕੇ ਸਮਾਇਲੀ ਭਾਰਦਵਾਜ ਰੱਖ ਲਿਆ ਹੈ। ਸਾਰੇ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਸਤਪਾਲ ਸਿੰਘ ਪੁੱਤਰ ਗਿਆਨ ਚੰਦ, ਵਾਸੀ ਵਡਾਲਾ ਕਲਾਂ, ਕਪੂਰਥਲਾ, ਪੰਜਾਬ-144601 ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ, ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹੈ ਅਤੇ ਆਪਣੀ ਮਰਜ਼ੀ ਨਾਲ ਸਾਰੇ ਫੈਸਲੇ ਲੈਂਦਾ ਹੈ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ।ਮੇਰੇ ਉਕਤ ਲੜਕੇ ਰਾਹੁਲ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜਿੰਮੇਵਾਰ ਹੋਵੇਗਾ। ਮੈਂ ਜਾ ਮੇਰੇ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ, ਹਰਭਜਨ ਸਿੰਘ ਪੁੱਤਰ ਮਲੂਕ ਚੰਦ ਵਾਸੀ 3726-1/13, ਮੁਹੱਲਾ ਦਸਮੇਸ਼ ਨਗਰ, ਆਦਮਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਅਮਨਦੀਪ ਕੌਰ, ਜੋ ਸ਼ਾਦੀਸ਼ੁਦਾ ਹੈ, ਉਹ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦਾ ਮੇਰੇ ਪਰਵਾਰ ਨਾਲ ਕੋਈ ਸੰਬੰਧ ਨਹੀਂ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਰਨੈਲ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਚੱਕ ਬਲੋਚਾਂ ਵਾਲਾ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਅਮਨਦੀਪ ਸਿੰਘ ਅਤੇ ਮੇਰੀ ਨੂੰਹ ਪ੍ਰਵੀਨ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਤਰਲੋਕ ਸਿੰਘ ਪੁੱਤਰ ਆਸਾ ਸਿੰਘ ਵਾਸੀ ਬਾਬਾ ਬਕਾਲਾ ਸਾਹਿਬ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਸੇਵਕ ਸਿੰਘ ਤੇ ਨੂੰਹ ਗਗਨਦੀਪ ਕੌਰ ਨੂੰ ਕਹਿਣੇ ਕੰਟਰੋਲ ਤੋਂ ਬਾਹਰ ਹੋਣ ਕਾਰਨ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ।ਇਨ੍ਹਾਂ ਨਾਲ ਲੈਣਦੇਣ ਕਰਨ ਵਾਲਾ ਖੁੱਦ ਜੁੰਮੇਵਾਰ ਹੋਵੇਗਾ।

ਮੈਂ, ਹਰਜਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਪਿੰਡ ਟਾਹਲੀ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਅਤੇ (2 ਪਤਾ) C/o ਕਰਨਦੀਪ ਸਿੰਘ ਲਾਲੀ,1700 ਨਾਰਥ ਟੁੱਲੀ ਰੋਡ, ਅਪਾਰਟਮੈਂਟ 1-240, ਟਰਲਾਕ, ਸੀ ਏ, ਯੂ ਐਸ.ਏ ਬਿਆਨ ਕਰਦਾ ਹਾ ਕਿ ਮੇਰਾ ਲੜਕਾ ਵਿਪਨਜੋਤ ਸਿੰਘ, ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ ।ਮੈ ਇਸ ਨੂੰ ਆਪਣੀ ਸਾਰੀਆਂ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਲੈਣ-ਦੇਣ ਨਹੀ ਹੈ।ਜੋ ਕੋਈ ਵੀ ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।ਸਬੰਧਤ ਨੋਟ ਕਰਨ।

ਅਸੀਂ ਪ੍ਰਤਾਪ ਸਿੰਘ ਪੁੱਤਰ ਭਗਵੰਤ ਸਿੰਘ ਅਤੇ ਸੁਰਜੀਤ ਕੌਰ ਪਤਨੀ ਪ੍ਰਤਾਪ ਸਿੰਘ ਵਾਸੀ ਪਲਾਟ ਨੰ. 11, ਉੱਤਮ ਨਗਰ, ਨਜ਼ਦੀਕ ਚਾਟੀਵਿੰਡ ਨਹਿਰ, ਤਰਨ ਤਾਰਨ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਦੋਵਾਂ ਦੀ ਗੋਦ ਲਈ ਲੜਕੀ ਮਨਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹੈ, ਮਨਮਰਜ਼ੀ ਕਰਦੀ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦੀ ਹੈ। ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਅਤੇ ਰਿਸ਼ਤੇ ਨਾਤੇ ਤੋਂ ਬੇਦਖਲ ਕਰਦੇ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਅਸੀਂ ਜ਼ਿੰਮੇਵਾਰ ਨਹੀਂ ਹੋਵਾਂਗੇ, ਉਹ ਖੁਦ ਜ਼ਿੰਮੇਵਾਰ ਹੋਣਗੀ। ਸਾਡਾ ਅਤੇ ਸਾਡੇ ਪਰਵਾਰ ਦਾ ਉਸ ਨਾਲ ਕੋਈ ਤਾਲੁਕ-ਵਾਸਤਾ ਨਹੀਂ।

ਅਸੀਂ, ਜੋਰਜ਼ ਪੁੱਤਰ ਸ੍ਰੀ ਸਲਾਮਤ ਅਤੇ ਪ੍ਰਿਯਾ ਪਤਨੀ ਸ੍ਰੀ ਜੋਰਜ਼ ਵਾਸੀ ਮਕਾਨ ਨੰ. 332/9, ਮੁਹੱਲਾ ਵਾਲਮੀਕੀ, ਮਾਹਣਾ ਸਿੰਘ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪਾਰਸ (21 ਸਾਲ) ਜੋ ਕੁਆਰਾ ਹੈ, ਸਾਡੇ ਕਹਿਣ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਹਰ ਕਿਸਮ ਦੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਅਸੀਂ ਤੇ ਸਾਡਾ ਪਰਵਾਰ ਜ਼ਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਤੇ ਸਾਡੇ ਪਰਵਾਰ ਦਾ ਉਸ ਨਾਲ ਕੋਈ ਤਾਲੁਕ-ਵਾਸਤਾ ਨਹੀਂ।

## Change of Name

I, Lakhwinder Kaur D/o Jashpal Singh R/o Chak Ala Bakash Mukerian Distt. Hoshiarpur declare that my father's correct name is Jashpal Singh. Concerned note. (Hitesh)

I Harmanjeet Singh S/o Daljit Singh R/o Khode Bangar, PO: Rajeke, District Gurdaspur. I have declare that Harmanjeet is my given name and Singh is surname concerned note.

I Sucha Singh S/O Tarsem Lal R/O Vpo Kangna Bet Eh Balachaur Distt Sbs Nagar Punjab Have Changed My Name To Singh Sucha. Singh Is My Surname. All Please Note.

I Joginder Kaur W/O Kulwant Singh R/O Vill Chankoi Po Gulpur Teh Balachaur Distt Sbs Nagar Punjab Have Changed My Name To Kaur Joginder. Kaur Is My Surname. All Please Note.

I, Urmila W/o Ashok Khosla R/o 71-R White Avenue Amritsar have changed my name to Urmila Khosla

I, Vardan S/o Dilmeet Singh R/o 53-A, Royal Estate, Amritsar have changed my name from Vardan to Vardaan Singh

I, Ravneet Singh S/o Boota Singh R/o Village Sohawara Kalan Po Sohawara Khurd Pathankot have declare that Ravneet is my Give name and Singh is my Surname

I, Paljinder Kaur W/o Gurpreet Singh R/o Village Muradpura, PO Bal Khurd District Amritsar have changed my name from Paljinder Kaur Gill to Paljinder Kaur

I, Gurmit Singh S/o Gurmukh Singh R/o Bhaini Rajputan PO Bhaini Rajputan District Amritsar have changed my name from Gurmit Singh to Gurmeet Singh

I, Gurmeet Singh S/o Santokh Singh R/o Village Guruwali Tarn Taran Road, Amritsar have declare that Gurmeet is my Given name and Singh is my Surname

I, Sukhwinder Singh S/o Sukhdev Singh R/o Village Amar Kot, Rakh Devi Dasspura, have changed my name from Sukhwinder Singh to Sukhvinder Singh

I, Sunita W/o Pawan Singh R/o 672-A, Surya Enclave, Jalandhar , have changed my name from Sunita to Sunita Pathania. All concerned Please note.

I, Gurjinder Singh S/o Kulwinder Singh R/o Vill. Gill PO Chamiara, Jalandhar-144002 , Punjab, Certified that both names Gurjinder Singh as well as Gurjinder, belongs to me, i.e. one and same person . All concerned please note.

I Guneet Singh S/o Gurmit Singh R/o H.No. 501, Golden Avenue, Phase 2, Near Garha Road, Jalandhar, have changed my name from Guneet Singh to Guneet Singh Multani. All concerned please note.

I, Jatin son of Gagan Deep resident of H.No. N.M. 282, Mohalla Karar Khan, Jalandhar, Punjab-144008 have changed my name from Jatin to Given Name Jatin & Surname as Mehra. All concerned please note.

I Ashima W/O Chand Arora R/O Hno 198, Aman Avenue, Hakima Gate Amritsar Have Changed My Name From Ashima To Ashima Arora.

# PAOS INDUSTRIES LTD.

REGD. & CORPORATE OFFICE : VILLAGE PAWA, G.T. ROAD, LUDHIANA-141 120
CIN: L24100PB1990PLC049032, Ph: +91-161-5220000.
Email: paosindustriesltd@gmail.com, Website: www.paosindustries.in

31 ਦਸੰਬਰ 2025 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਨੌਂ ਮਹੀਨਿਆਂ ਲਈ ਸਟੈਂਡਅਲੋਨ ਅਣਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ

(ਆਈ ਐੱਨ ਆਰ ਲੱਖਾਂ 'ਚ

| ਲੜੀ ਨੰ. | ਵੇਰਵੇ | ਤਿਮਾਹੀ ਖਤਮ 31.12.2025 (ਅਣਪੜਤਾਲੇ) | ਤਿਮਾਹੀ ਖਤਮ 30.09.2025 (ਅਣਪੜਤਾਲੇ) | ਤਿਮਾਹੀ ਖਤਮ 31.12.2024 (ਅਣਪੜਤਾਲੇ) | ਨੌਂ ਮਹੀਨੇ ਖਤਮ 31.12.2025 (ਅਣਪੜਤਾਲੇ) | ਨੌਂ ਮਹੀਨੇ ਖਤਮ 31.12.2024 (ਅਣਪੜਤਾਲੇ) | ਸਾਲ ਖਤਮ 31.03.2025 (ਪੜਤਾਲੇ) |
|---|---|---|---|---|---|---|---|
| 1. | ਕਾਰੋਬਾਰਾਂ ਤੋਂ ਕੁੱਲ ਆਮਦਨ | 2455.48 | 2241.38 | 1809.11 | 6967.75 | 3853.26 | 5488.12 |
| 2. | ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਆਈਟਮਾਂ) | (120.36) | (50.00) | 10.38 | (128.81) | 98.99 | (187.69) |
| 3. | ਮਿਆਦ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਪਹਿਲਾਂ, (ਅਸਧਾਰਨ ਆਈਟਮਾਂ ਮਗਰੋਂ) | (120.36) | (50.00) | 10.38 | (128.81) | 98.99 | (187.69) |
| 4. | ਮਿਆਦ ਲਈ ਸ਼ੁੱਧ ਲਾਭ/(ਹਾਨੀ) ਟੈਕਸ ਤੋਂ ਬਾਅਦ (ਅਸਧਾਰਨ ਆਈਟਮਾਂ ਮਗਰੋਂ) | (119.05) | (18.76) | 10.60 | (90.81) | 155.28 | (77.10) |
| 5. | ਇਕੁਇਟੀ ਸ਼ੇਅਰ ਕੈਪੀਟਲ | 610.36 | 610.36 | 610.36 | 610.36 | 610.36 | 610.36 |
| 6. | ਮਿਆਦ ਲਈ ਕੁੱਲ ਵਿਆਪਕ ਆਮਦਨ (ਸ਼ਾਮਲ ਲਾਭ/(ਹਾਨੀ) ਹੋਰ ਵਿਆਪਕ ਆਮਦਨ ਤੋਂ ਬਾਅਦ | 0.00 | 0.00 | 0.00 | 0.00 | 0.00 | 0.00 |
| 7. | ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਿਨਾਂ) ਜਿਵੇਂ ਕਿ ਖਤਮ ਹੋਏ ਪਿਛਲੇ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ 'ਚ ਦਰਸਾਇਆ ਗਿਆ (31.03.2025 | | | | | | (2196.35) |
| 8. | ਪ੍ਰਤੀ ਸ਼ੇਅਰ ਕਮਾਈ (ਰੁਪਏ 10/- ਹਰੇਕ) | | | | | | |
| | (ਏ) ਬੇਸਿਕ | (1.95) | (0.31) | 0.17 | (1.49) | 2.54 | (1.26) |
| | (ਬੀ) ਡਲਿਊਟਿਡ | (1.95) | (0.31) | 0.17 | (1.49) | 2.54 | (1.26) |

ਟਿੱਪਣੀ : (i) ਉਪਰੋਕਤ ਤਿਮਾਹੀ/ਨੌਂ ਮਹੀਨਿਆਂ ਦੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੈਟ ਦਾ ਸਾਰ ਜੋ ਸੇਬੀ (ਲਿਸਟਿੰਗ ਅਤੇ ਹੋਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨਜ਼ 33 ਅਧੀਨ ਸਟਾਕ ਐਕਸਚੇਜਿਜ਼ ਕੋਲ ਦਾਇਰ ਕੀਤਾ ਗਿਆ ਹੈ। ਤਿਮਾਹੀ/ਨੌਂ ਮਹੀਨਿਆਂ ਦੇ ਨਤੀਜਿਆਂ ਦਾ ਮੁਕੰਮਲ ਫਾਰਮੈਟ ਬੀ ਐੱਸ ਈ ਦੀ ਵੈੱਬਸਾਈਟ www.bseindia.com ਅਤੇ ਕੰਪਨੀ ਦੀ ਵੈੱਬਸਾਈਟ www.paosindustries.in 'ਤੇ ਉਪਲਬਧ ਹੈ ਅਤੇ ਇੱਥੇ ਉਪਲਬਧ ਕਰਾਏ ਕਿਊ ਆਰ ਕੋਡ ਤੋਂ ਸਕੈਨ ਵੀ ਕੀਤਾ ਜਾ ਸਕਦਾ ਹੈ। (ii) ਪਹਿਲਾਂ ਦੇ ਅੰਕੜੇ ਜਿੱਥੇ ਜ਼ਰੂਰੀ ਹੋਇਆ ਮੁੜ ਵਰਗੀਕ੍ਰਿਤ ਅਤੇ ਇਕੱਠੇ ਕੀਤੇ ਗਏ ਹਨ।

ਸਥਾਨ : ਲੁਧਿਆਣਾ
ਮਿਤੀ : 14.02.2026

ਵਾਸਤੇ ਪੇਓਸ ਇੰਡਸਟ੍ਰੀਜ਼ ਲਿਮਟਿਡ
ਸਹੀ/-
ਸਾਗਰ ਬੋਰਾਸੇ
(ਕੁਲਵਕਤੀ ਡਾਇਰੈਕਟਰ)
ਡੀ ਆਈ ਐੱਨ 11220136

# ਆਦੀਨਾਥ ਟੈਕਸਟਾਈਲਜ਼ ਲਿਮਿਟੇਡ

Shreyans
ਰਜ਼ਿ ਦਫ਼ਤਰ ਪਿੰਡ ਭੋਲਾਪੁਰ, ਡਾਕਖਾਨਾ ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ-141123
Tel. No. 91-98761-00948, Email: atl@shreyansgroup.com
Website: www.adinathtextiles.com CIN - L17115PB1979PLC003910

31 ਦਸੰਬਰ 2025 ਨੂੰ ਖਤਮ ਹੋਏ ਤਿਮਾਹੀ ਅਤੇ ਨੌ ਮਹੀਨਿਆਂ ਦੇ ਅਣਪੜਤਾਲੇ ਵਿਤੀ ਨਤੀਜ਼ਿਆਂ ਦਾ ਵੇਰਵਾ

(ਰੁਪਏ ਲੱਖਾਂ ਵਿੱਚ ਈ.ਪੀ.ਐਸ ਨੂੰ ਛੱਡ ਕੇ)

| ਵੇਰਵਾ | ਤਿਮਾਹੀ ਖਤਮ 31.12.2025 (ਅਣਪੜਤਾਲੇ) | ਤਿਮਾਹੀ ਖਤਮ 31.12.2024 (ਅਣਪੜਤਾਲੇ) | ਨੌ ਮਹੀਨੇ ਖਤਮ 31.12.2025 (ਅਣਪੜਤਾਲੇ) |
|---|---|---|---|
| ਕੁੱਲ ਆਮਦਨ | 33.72 | 28.23 | 102.55 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ) | (0.37) | (2.30) | 3.92 |
| ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | (0.37) | (2.30) | 3.92 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | 11.76 | (3.60) | 13.75 |
| ਕੁੱਲ ਕੰਪ੍ਰੀਹੈਂਸਿਵ ਆਮਦਨ | 11.76 | (3.60) | 13.75 |
| ਇਕੁਇਟੀ ਸ਼ੇਅਰ ਪੂੰਜੀ (ਪ੍ਰਤੀ ਸ਼ੇਅਰ ਦੀ ਔਸਤ ਕੀਮਤ ₹10/-) | 681.44 | 681.44 | 681.44 |
| ਹੋਰ ਇਕੁਇਟੀ | - | - | - |
| ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (₹10/- ਪ੍ਰਤੀ ਸ਼ੇਅਰ) ਮੁਢਲੀ ਤੇ ਡੀਲੂਟਡ | 0.17 | (0.05) | 0.20 |

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੂਲੇਸ਼ਨਜ਼, 2015 ਦੀ ਰੇਗੂਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ ਫਾਈਲ ਕੀਤੇ ਨਤੀਜ਼ਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜ਼ਿਆਂ ਦਾ ਫੂਲ ਫਾਰਮੈਟ ਸਟਾਕ ਐਕਸਚੈਂਜ਼ ਦੀ ਵੈਬਸਾਈਟ www.bseindia.com ਅਤੇ ਕੰਪਨੀ ਦੀ ਵੈਬਸਾਈਟ www.adinathtextiles.com ਤੇ ਉਪਲਬੱਧ ਹੈ ਅਤੇ ਹੇਠ ਦਿੱਤੇ ਗਏ QR Code ਨੂੰ ਸਕੈਨ ਕਰਕੇ ਵੀ ਐਕਸੈਸ ਕੀਤੇ ਜਾ ਸਕਦੇ ਹਨ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਰਜ਼ਨੀਸ਼ ਔਸਵਾਲ
ਚੇਅਰਮੈਨ ਅਤੇ ਮੈਨੇਜਿੰਗ ਡਾਈਰੇਕਟਰ
DIN: 00002668

ਮਿਤੀ : 14.02.2026
ਸਥਾਂਨ : ਲੁਧਿਆਣਾ

# BHANDARI HOSIERY EXPORTS LIMITED

Regd. Office: Bhandari House, Village Meharban, Rahon Road, Ludhiana-141007 (Punjab) (India)
Phones 88720-16410, Fax 0161-2690394 CIN: L17115PB1993PLC013930
E-mail : bhandari@bhandariexport.com; Website: www.bhandariexport.com

STANDALONE UN-AUDITED FINANCIAL RESULTS FOR THE QUARTER AND NINE MONTHS ENDED 31.12.2025 (INR LAKHS)

| Sr. No. | Particulars | Quarter ended | | | Nine Months ended | | Year ended |
|---|---|---|---|---|---|---|---|
| | | 31.12.2025 (Un-audited) | 30.09.2025 (Un-audited) | 31.12.2024 (Un-audited) | 31.12.2025 (Un-audited) | 31.12.2024 (Un-audited) | 31.03.2025 (Audited) |
| 1 | Total income from operations | 5909.53 | 6837.02 | 6302.74 | 19043.50 | 18944.04 | 27882.21 |
| 2 | Net Profit / (Loss) for the period (before Tax, Exceptional and/or Extraordinary items) | 268.53 | 267.69 | 280.30 | 752.57 | 702.77 | 1019.04 |
| 3 | Net Profit / (Loss) for the period before tax (after Extraordinary items) | 268.53 | 267.69 | 280.30 | 752.57 | 702.77 | 1019.04 |
| 4 | Net Profit / (Loss) for the period after tax (after Extraordinary items) | 219.42 | 206.92 | 201.82 | 588.24 | 511.53 | 771.32 |
| 5 | Paid up Equity Share Capital (Face Value of Rs. 1/- each) | 2400.49 | 2400.49 | 2400.49 | 2400.49 | 2400.49 | 2400.49 |
| 6 | Total comprehensive income for the period (comprising profit/loss for the period and other comprehensive income (After Tax) | 219.42 | 206.92 | 201.82 | 588.24 | 511.53 | 774.80 |
| 7 | Reserves (excluding Revaluation Reserve) as shown in the Audited Balance Sheet of the previous year | - | - | - | - | - | 12914.12 |
| 8 | Earnings Per Share (of Rs. 1/- each) | | | | | | |
| | Basic : | 0.09 | 0.09 | 0.08 | 0.25 | 0.21 | 0.32 |
| | Diluted : | 0.09 | 0.09 | 0.08 | 0.25 | 0.21 | 0.32 |

Note: 1. The above Unaudited Financial Results for the Quarter and Nine months ended 31.12.2025 have been reviewed by the Audit Committee and approved by the Board of Directors on 14th February, 2026. These results have been prepared in accordance with Indian Accounting Standards ('Ind AS') prescribed under Section 133 of the Companies Act, 2013 read with relevant rules thereunder and in terms of Regulation 33 of the SEBI (Listing Obligations & Disclosure Requirements) Regulations 2015 as amended. 2. The review report of the Statutory Auditors is being filed with the BSE Limited and NSE Limited. For more details on Unaudited Financial Results, visit Company's Website i.e. www.bhandariexport.com. and financial results at corporate section at www.bseindia.com and www.nseindia.com. 3. The Group is engaged in the Single operating segment 'Textiles'. 4. The above is an extract of the detailed format of Unaudited Financial Results for Quarter and Nine months ended 31st December, 2025 filed with Stock Exchanges under Regulation 33 of the SEBI (Listing Obligations & Disclosure Requirements) Regulations 2015. The full format of the above said Financial Results are available on the Stock Exchange websites, www.nseindia.com and www.bseindia.com and on the Company's website www.bhandariexport.com .

For Bhandari Hosiery Exports Limited
Sd/-
Nitin Bhandari
Chairman & Managing Director
(DIN: 01385065)

Dated : 14.02.2026
Place : Ludhiana

# ATAM VALVES LIMITED

Registered Office : 1051, Industrial Area, Jalandhar, Punjab-144004
CIN: L27109PB1985PLC006476,Website: www.atamvalves.in

ਮਿਤੀ 31 ਦਸੰਬਰ 2025 ਨੂੰ ਖ਼ਤਮ ਹੋਈ ਤਿਮਾਹੀ ਅਤੇ ਨੌਂ ਮਹੀਨਿਆਂ ਲਈ ਅਣ-ਪੜਤਾਲੇ ਵਿੱਤੀ ਨਤੀਜੇ

(ਪ੍ਰਤੀ ਸ਼ੇਅਰ ਡਾਟਾ ਤੋਂ ਇਲਾਵਾ ਰੁਪਏ ਲੱਖਾਂ 'ਚ)

| ਵੇਰਵੇ | ਮਿਤੀ 31.12.2025 ਨੂੰ ਖ਼ਤਮ ਹੋਈ ਤਿਮਾਹੀ | ਮਿਤੀ 30.09.2025 ਨੂੰ ਖ਼ਤਮ ਹੋਈ ਤਿਮਾਹੀ | ਮਿਤੀ 31.12.2024 ਨੂੰ ਖ਼ਤਮ ਹੋਈ ਤਿਮਾਹੀ | ਮਿਤੀ 31.12.2025 ਨੂੰ ਖ਼ਤਮ ਹੋਏ ਨੌਂ ਮਹੀਨੇ | ਮਿਤੀ 31.12.2024 ਨੂੰ ਖ਼ਤਮ ਹੋਏ ਨੌਂ ਮਹੀਨੇ | ਮਿਤੀ 31.03.2025 ਨੂੰ ਸਾਲ ਖਤਮ |
|---|---|---|---|---|---|---|
| | (ਅਣ-ਪੜਤਾਲੇ | (ਅਣ-ਪੜਤਾਲੇ) | (ਅਣ-ਪੜਤਾਲੇ) | (ਅਣ-ਪੜਤਾਲੇ) | (ਅਣ-ਪੜਤਾਲੇ) | (ਪੜਤਾਲੇ) |
| ਕਾਰੋਬਾਰਾਂ ਤੋਂ ਮਾਲੀਆ | 1,041.16 | 1,140.78 | 1,738.17 | 3,419.07 | 4,579.13 | 6050.01 |
| ਕੁੱਲ ਆਮਦਨ | 1,041.68 | 1,141.06 | 1,738.61 | 3,420.29 | 4,583.75 | 6057.10 |
| ਮਿਆਦ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਅਤੇ ਵਿਸ਼ੇਸ਼ ਆਈਟਮਾਂ ਤੋਂ ਪਹਿਲਾਂ) | (75.03) | 119.81 | 212.62 | 210.40 | 564.37 | 851.81 |
| ਮਿਆਦ ਲਈ ਟੈਕਸ ਤੋਂ ਪਹਿਲਾਂ ਸ਼ੁੱਧ ਲਾਭ/(ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ) | (75.03) | 119.81 | 212.62 | 210.40 | 564.37 | 851.81 |
| ਮਿਆਦ ਲਈ ਟੈਕਸ ਤੋਂ ਬਾਅਦ ਸ਼ੁੱਧ ਲਾਭ/(ਹਾਨੀ) (ਵਿਸ਼ੇਸ਼ ਆਈਟਮਾਂ ਤੋਂ ਬਾਅਦ) | (57.64) | 89.85 | 157.55 | 156.13 | 416.84 | 629.89 |
| ਕੁੱਲ ਵਿਆਪਕ ਆਮਦਨ/ (ਹਾਨੀ) ਮਿਆਦ ਲਈ | (57.64) | 89.71 | 159.78 | 157.54 | 413.86 | 628.52 |
| ਇਕੁਇਟੀ ਸ਼ੇਅਰ ਕੈਪੀਟਲ | 1,146.30 | 1,146.30 | 1,146.30 | 1,146.30 | 1,146.30 | 1146.30 |
| ਹੋਰ ਇਕੁਇਟੀ (ਰੀਵੈਲੂਏਸ਼ਨ ਰਿਜ਼ਰਵ ਤੋਂ ਬਿਨਾਂ) | - | - | - | - | - | 2500.70 |
| ਪ੍ਰਤੀ ਸ਼ੇਅਰ ਕਮਾਈ (ਰੁ. 10/- ਹਰੇਕ ਦਾ ਅੰਕਿਤ ਮੁੱਲ) | | | | | | |
| (ਏ) ਬੇਸਿਕ | (0.50) | 0.78 | 1.37 | 1.36 | 3.64 | 5.50 |
| (ਬੀ) ਡਲਿਊਟਿਡ | (0.50) | 0.78 | 1.37 | 1.36 | 3.64 | 5.50 |

ਟਿੱਪਣੀ 1: 31 ਦਸੰਬਰ 2025 ਨੂੰ ਖ਼ਤਮ ਹੋਈ ਤਿਮਾਹੀ ਅਤੇ ਨੌਂ ਮਹੀਨਿਆਂ ਲਈ ਕੰਪਨੀ ਦੇ ਵਿੱਤੀ ਨਤੀਜੇ ਆਡਿਟ ਕਮੇਟੀ ਵੱਲੋਂ ਸਿਫਾਰਸ਼ ਅਤੇ ਨਜ਼ਰਸਾਨੀ ਕੀਤੇ ਗਏ ਅਤੇ ਡਾਇਰੈਕਟਰਾਂ ਦੇ ਬੋਰਡ ਵੱਲੋਂ ਉਨ੍ਹਾਂ ਦੀ 13.02.2026 ਨੂੰ ਹੋਈ ਮੀਟਿੰਗ ਵਿੱਚ ਮਨਜ਼ੂਰ ਕੀਤੇ ਗਏ ਹਨ।
ਟਿੱਪਣੀ 2: ਉਪਰੋਕਤ 31 ਦਸੰਬਰ 2025 ਨੂੰ ਖਤਮ ਹੋਈ ਤਿਮਾਹੀ ਅਤੇ ਨੌਂ ਮਹੀਨਿਆਂ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੈਟ ਦਾ ਇੱਕ ਸਾਰ ਹੈ, ਜੋ ਸੇਬੀ (ਲਿਸਟਿੰਗ ਐਂਡ ਅਦਰ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼, 2015 ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜਾਂ ਕੋਲ ਦਾਇਰ ਕੀਤਾ ਗਿਆ ਹੈ। 31 ਦਸੰਬਰ 2025 ਨੂੰ ਖਤਮ ਹੋਈ ਤਿਮਾਹੀ ਅਤੇ ਨੌਂ ਮਹੀਨਿਆਂ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਸਟਾਕ ਐਕਸਚੇਂਜ ਦੀ ਵੈੱਬਸਾਈਟ www.bseindia.com ਅਤੇ www.nseindia.com ਅਤੇ ਕੰਪਨੀ ਦੀ ਵੈੱਬਸਾਈਟ https://www.atamvalves.in 'ਤੇ ਉਪਲੱਬਧ ਹੈ।
ਟਿੱਪਣੀ 3: ਪਿਛਲੀ ਮਿਆਦ/ਸਾਲ ਦੇ ਅੰਕੜੇ, ਚਾਲੂ ਮਿਆਦ ਨਾਲ ਤੁਲਨਾ ਹਿੱਤ, ਜਿੱਥੇ ਲੋੜ ਪਈ ਰੀਗਰੁੱਪਡ/ਰੀਅਰੇਂਜਡ ਕੀਤੇ ਜਾ ਚੁੱਕੇ ਹਨ।

ਸਥਾਨ : ਜਲੰਧਰ
ਮਿਤੀ : 13/02/2026

ਵਾਸਤੇ ਅਤੇ ਤਰਫੋਂ ਡਾਇਰੈਕਟਰਾਂ ਦੇ ਬੋਰਡ
ਅਮਿਤ ਜੈਨ
ਮੈਨੇਜਿੰਗ ਡਾਇਰੈਕਟਰ

15-Feb-PAGE--8.qxd 2/14/2026 10:46 PM Page 1



# ਮਹਾਂਸ਼ਿਵਰਾਤਰੀ ਦੇ ਉਤਸਵ 'ਤੇ ਮਾਛੀਵਾੜਾ ਸਾਹਿਬ ਵਿਸ਼ੇਸ਼ ਸਪਲੀਮੈਂਟ






# ਘੁੰਮਣਾ ਵਿਖੇ ਖੇਡ ਮੇਲਾ ਭਲਕੇ

**ਬੰਗਾ (ਅਵਤਾਰ ਕਲੇਰ)**- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 10ਵਾਂ ਸਾਲਾਨਾ ਕਬੱਡੀ ਕੱਪ 16 ਫਰਵਰੀ ਨੂੰ ਪਿੰਡ ਘੁੰਮਣਾ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਕੱਬਡੀ ਕੱਪ ਵਿੱਚ ਸ੍ਰੀ ਗੁਰੂ ਰਵਿਦਾਸ ਸਪੋਰਟਸ ਐਂਡ ਕਲਚਰ ਕਲੱਬ ਘੁੰਮਣ ਵਲੋ ਕੱਲਬ ਦੇ ਚੈਅਰਮੈਨ ਪ੍ਰਮੋਟਰ ਬਲਵੀਰ ਬੈਂਸ ਕੈ ਨੇਡੀਅਨ, ਪ੍ਰਧਾਨ ਪਾਲ ਸਿੰਘ ਮੇਹਲੀਆਣਾ, ਕਮਲਜੀਤ ਬੰਗਾ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਬਰ, ਵਿਜੇ ਪਾਲ ਸਿੰਘ ਤੇਜੀ ਪ੍ਰੈਸ ਸਕੱਤਰ ਦੀ ਅਗਵਾਈ ਹੇਠ ਸ਼ਾਨੋ-ਸ਼ੌਕਤ ਨਾਲ ਸ੍ਰੀ ਰਵਿਦਾਸ ਸਟੇਡੀਅਮ ਘੁੰਮਣਾ ਵਿਖੇ ਕਰਵਾਇਆ ਜਾ ਰਿਹਾ ਹੈ। ਬਲਵੀਰ ਬੈਂਸ ਕੈਨੇਡੀਅਨ ਨੇ ਦੱਸਿਆ ਇਸ ਟੂਰਨਾਮੈਟ ਵਿੱਚ ਲੜਕਿਆਂ ਦੇ 4 ਕਲੱਬਾਂ ਦੇ ਮੁਕਾਬਲੇ ਤੇ ਲੜਕੀਆ ਦੇ 6 ਟੀਮਾ ਦੇ ਮੁਕਾਬਲੇ ਹੋਣਗੇ। ਪਹਿਲੇ ਨੰਬਰ ਦੇ ਰਹਿਣ ਵਾਲੀ ਟੀਮ ਨੂੰ ਦੋ ਲੱਖ ਤੇ ਦੂਸਰੀ ਟੀਮ ਤੇ ਰਹਿਣ ਵਾਲੇ ਨੂੰ ਡੇਢ ਲੱਖ ਰੁਪਏ ਇਨਾਮ ਦਿੱਤਾ ਜਾਵੇਗਾ ਤੇ ਲੜਕੀਆਂ ਦੀ ਟੀਮ ਨੂੰ ਪਹਿਲਾ ਇਨਾਮ 41 ਹਜ਼ਾਰ ਤੇ ਦੂਸਰਾ 31 ਹਜ਼ਾਰ ਰੁਪਏ ਇਨਾਮ ਦਿੱਤਾ ਜਾਵੇਗਾ। ਬੈਸਟ ਰੇਡਰ ਤੇ ਜਾਫੀ ਨੂੰ ਮੋਟਰ ਸਾਇਕਲ ਨਾਲ ਸਨਮਾਨਤ ਕੀਤਾ ਜਾਵੇਗਾ।ਉਚ ਕੋਟੀ ਦੇ ਖਿਡਾਰੀਆ ਅਤੇ ਮਹਿਮਾਨਾਂ ਨੂੰ ਵਿਸ਼ੇਸ ਤੌਰ ਤੇ ਸਨਮਾਨਿਤ ਵੀ ਕੀਤਾ ਜਾਵੇਗਾ ।ਇਸ ਦੇ ਇਲਾਵਾ ਪ੍ਰਸਿੱਧ ਕਬੱਡੀ ਖਿਡਾਰੀ ਏਕਮ ਦੇ ਪਿਤਾ ਸੁਖਦੇਵ ਸਿੰਘ ਫਰੰਦੀਪੁਰ ਤੇ ਪ੍ਰਸਿੱਧ ਕਬੱਡੀ ਖਿਡਾਰੀ ਕਾਲਾ ਗਾਜੀਆ ਵਾਲਾ ਨੂੰ ਰਾਡੋ ਘੜੀ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਬਿੰਦਰ ਘੁੰਮਣ ਕਨੇਡਾ, ਸੁਖਵੀਰ ਸਿੰਘ ਕਿੰਨੜਾ,ਮਨਜੀਤ ਸਿੰਘ ਕਨੇਡਾ ,ਬਲਜਿੰਦਰ ਘੁੰਮਣ, ਧਰਮਿੰਦਰ ਕਟਾਰੀਆ ,ਅਵਤਾਰ ਚੰਦ , ਧਰਮਾ ਬੈਂਸ,ਸੰਦੀਪ ਕਟਾਰੀਆ ,ਸੋਨੂੰ ਬੰਗਾ ,ਦੀਪਾ ਝੰਮਟ ਆਦਿ ਹਾਜ਼ਰ ਸਨ।



# 'ਮੁੱਖ ਮੰਤਰੀ ਤੀਰਥ ਯਾਤਰਾ' ਯੋਜਨਾ ਤਹਿਤ ਤੀਸਰੀ ਬੱਸ ਬੇਹੜਾ ਤੋਂ ਅੰਮ੍ਰਿਤਸਰ ਸਾਹਿਬ ਲਈ ਰਵਾਨਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਤੀਸਰੀ ਵਿਸ਼ੇਸ਼ ਬੱਸ ਪਿੰਡ ਬੇਹੜਾ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਰਵਾਨਾ ਕੀਤੀ ਗਈ।ਇਸ ਮੌਕੇ ਵਿਧਾਇਕ ਰੰਧਾਵਾ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਬਜ਼ੁਰਗਾਂ ਨੂੰ ਮੁਫ਼ਤ ਧਾਰਮਿਕ ਸਥਾਨਾਂ ਦੀ ਯਾਤਰਾ ਕਰਵਾਈ ਜਾ ਰਹੀ ਹੈ।ਯਾਤਰਾ ਦੌਰਾਨ ਬਜ਼ੁਰਗਾਂ ਦੀ ਸਿਹਤ, ਸੁਰੱਖਿਆ ਅਤੇ ਸਹੂਲਤਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ। ਇਹ ਯਾਤਰਾ ਦਰਬਾਰ ਸਾਹਿਬ, ਦੁਰਗਿਆਣਾ ਮੰਦਰ ਅਤੇ ਭਗਵਾਨ ਵਾਲਮੀਕਿ ਤੀਰਥ ਸਥਲ ਦੇ ਦਰਸ਼ਨ ਕਰਵਾਉਣ ਤੋਂ ਇਲਾਵਾ ਯਾਤਰੀਆਂ ਨੂੰ ਜਲ੍ਹਿਆਂਵਾਲਾ ਬਾਗ਼ ਅਤੇ ਵਾਹਗਾ ਸਰਹੱਦ ਵੀ ਦਿਖਾਵੇਗੀ।ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਰਾਹੀਂ ਮਾਨ ਸਰਕਾਰ ਬਜ਼ੁਰਗਾਂ ਦੀ ਸੱਚੀ ਸੇਵਾ ਕਰ ਰਹੀ ਹੈ ਅਤੇ ਸਮਾਜ ਵਿੱਚ ਉਨ੍ਹਾਂ ਪ੍ਰਤੀ ਸਨਮਾਨ ਅਤੇ ਸੰਭਾਲ ਦਾ ਸੰਦੇਸ਼ ਦੇ ਰਹੀ ਹੈ।




# ਸੁਖਦੇਵ ਸਿੰਘ ਵੱਲੋਂ ਸਕੂਲ ਉਸਾਰੀ ਲਈ 11000 ਰੁਪਏ ਦੀ ਰਾਸ਼ੀ ਦਾਨ

**ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ)**- ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬਿਨਪਾਲਕੇ (ਜਲੰਧਰ) ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਵਿੱਚ ਹਾਜ਼ਰ ਹੋਏ ਵਿਸ਼ੇਸ਼ ਮਹਿਮਾਨ ਲੈਕਚਰਾਰ ਸੁਖਦੇਵ ਸਿੰਘ (ਸੇਵਾ - ਮੁਕਤ) ਨੇ ਸਕੂਲ ਇਮਾਰਤ ਦੀ ਉਸਾਰੀ ਲਈ 11000 ਰੁਪਏ ਦੀ ਰਾਸ਼ੀ ਦਾਨ ਕੀਤੀ। ਪ੍ਰਿੰਸੀਪਲ ਸੁਰਿੰਦਰ ਕੁਮਾਰ ਰਾਣਾ ਨੇ ਦੱਸਿਆ ਕਿ ਸੁਖਦੇਵ ਸਿੰਘ ਇਸ ਸਕੂਲ ਦੇ ਵਿਦਿਆਰਥੀ ਰਹੇ ਹਨ ਅਤੇ ਉਨ੍ਹਾਂ ਨੇ ਇਸ ਸਕੂਲ ਵਿੱਚ ਲੰਬਾ ਸਮਾਂ ਬਤੌਰ ਮੈਥ ਮਾਸਟਰ ਅਤੇ ਮੈਥ ਲੈਕਚਰਾਰ ਸੇਵਾ ਨਿਭਾਈ ਹੈ।ਇਨ੍ਹਾਂ ਵੱਲੋਂ ਹਰ ਸਾਲ ਸੁਖਮਨੀ ਸਾਹਿਬ ਪਾਠ ਦੀ ਸੇਵਾ ਵਿੱਚ ਯੋਗਦਾਨ ਪਾਇਆ ਜਾਂਦਾ ਹੈ ਅਤੇ ਸਕੂਲ ਦੀ ਉਸਾਰੀ ਲਈ ਮਾਇਕ ਸਹਾਇਤਾ ਦਿੱਤੀ ਜਾਂਦੀ ਹੈ।ਇਸ ਮੌਕੇ ਪ੍ਰਿੰਸੀਪਲ ਅਤੇ ਸਕੂਲ ਸਟਾਫ਼ ਵੱਲੋਂ ਲੈਕਚਰਾਰ ਸੁਖਦੇਵ ਸਿੰਘ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਅਤੇ ਇਸ ਯੋਗਦਾਨ ਲਈ ਧੰਨਵਾਦ ਕੀਤਾ।



# ਮਾਂ ਮਾਤੇਸ਼ਵਰੀ ਮੰਦਰ ਢੋਲਵਾਹਾ ਜਨੌੜੀ ਵਿਖੇ ਮਹਾਂਸ਼ਿਵਰਾਤਰੀ ਅੱਜ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**-ਮਾਂ ਮਾਤੇਸ਼ਵਰੀ ਚਿੰਤਪੁਰਨੀ ਮੰਦਰ ਢੋਲਵਾਹਾ ਜਨੌੜੀ ਦੇ ਸੰਸਥਾਪਕ ਠਾਕੁਰ ਰਵੀ ਗਾਂਧੀ ਅਤੇ ਮੰਦਰ ਕਮੇਟੀ ਦੇ ਪ੍ਰਧਾਨ ਅਰਵਿੰਦ ਠਾਕੁਰ ਦੀ ਅਗਵਾਈ ਵਿੱਚ 15 ਫਰਵਰੀ ਨੂੰ ਮੰਦਰ ਵਿਖੇ ਧੂਮਧਾਮ ਨਾਲ ਮਨਾਈ ਜਾ ਰਹੀ ਮਹਾਸ਼ਿਵਰਾਤਰੀ ਉਤਸਵ ਦੀਆਂ ਮੁਕੰਮਲ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਮੰਦਰ ਦੇ ਹੈਡ ਆਫ਼ਿਸ ਦਾਰਾਪੁਰ ਬਾਈਪਾਸ ਟਾਂਡਾ ਉੜਮੁੜ ਵਿਖੇ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਉੱਘੇ ਸਮਾਜ ਸੇਵੀ ਗੁਰਦੀਪ ਸਿੰਘ ਕਾਕੂ ਤੋਂ ਇਲਾਵਾ ਹੋਰ ਸੰਸਥਾਵਾਂ ਦੇ ਆਗੂਆਂ ਨੇ ਭਾਗ ਲਿਆ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਠਾਕੁਰ ਰਵੀ ਗਾਂਧੀ ਨੇ ਕਿਹਾ ਕਿ ਮਹਾਸ਼ਿਵਰਾਤਰੀ ਉਤਸਵ ਦੇ ਮੌਕੇ 15 ਫਰਵਰੀ ਦੀ ਰਾਤ ਨੂੰ ਮੁੱਖ ਅਚਾਰਿਆ ਰਵਿੰਦਰ ਸ਼ਰਮਾ ਦੀ ਅਗਵਾਈ ਵਿੱਚ ਚਾਰ ਪਹਿਰ ਦੀ ਪੂਰੀ ਵਿਧੀ ਪੂਰਵਕ ਸ਼ਿਵ ਪੂਜਾ ਅਰਚਨਾ ਕੀਤੀ ਜਾਵੇਗੀ।16 ਫਰਵਰੀ ਨੂੰ ਮੰਦਰ ਦੇ ਗੱਦੀਨਸ਼ੀਨ ਸੋਮਾਨੰਦ ਪੁਰੀ ਦੀ ਅਗਵਾਈ ਵਿੱਚ ਸਵੇਰੇ ਹਵਨ ਯੱਗ ਕੀਤਾ ਜਾਵੇਗਾ ਅਤੇ ਇਸ ਉਪਰੰਤ ਭੰਡਾਰਾ ਸ਼ੁਰੂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਮਹਾਸ਼ਿਵਰਾਤਰੀ ਉਤਸਵ ਦੇ ਮੌਕੇ ਤੇ ਇਲਾਕੇ ਦੀਆਂ ਵੱਖ-ਵੱਖ ਭਜਨ ਮੰਡਲੀਆਂ ਆਪਣੇ ਭਜਨਾਂ ਰਾਹੀਂ ਭਗਵਾਨ ਸ੍ਰੀ ਸ਼ਿਵ ਸ਼ੰਕਰ ਭੋਲੇ ਨਾਥ ਜੀ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਮੰਤਰ ਮੁਗਧ ਕਰਨਗੀਆਂ।

# ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਵੱਲੋਂ ਨਸ਼ਾ ਛੁਡਾਊ ਜਾਗਰੂਕਤਾ ਸੈਮੀਨਾਰ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੇ ਰੈੱਡ ਰਿਬਨ ਕਲੱਬ ਨੇ ਲੋਹਾਰਾਂ ਦੇ ਗੋਦ ਲਏ ਪਿੰਡ ਵਿੱਚ 'ਨਸ਼ਾ ਰੋਕਥਾਮ, ਨਿਯੰਤਰਣ ਅਤੇ ਇਲਾਜ ਦੇ ਤਰੀਕੇ' 'ਤੇ ਇੱਕ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ।ਇਸ ਜਾਗਰੂਕਤਾ ਸੈਮੀਨਾਰ ਦਾ ਉਦੇਸ਼ ਪਿੰਡ ਵਾਸੀਆਂ ਨੂੰ ਨਸ਼ਿਆਂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕ ਕਰਨਾ ਅਤੇ ਇਲਾਜ ਲਈ ਸਿਹਤ ਕਲੀਨਿਕਾਂ ਵਿੱਚ ਜਾਣ ਦੇ ਉਨ੍ਹਾਂ ਦੇ ਡਰ ਨੂੰ ਦੂਰ ਕਰਨਾ ਸੀ।ਪਿੰਡ ਵਾਸੀਆਂ ਨੂੰ ਨਸ਼ਿਆਂ ਦੀ ਦੁਰਵਰਤੋਂ ਅਤੇ ਨਸ਼ਾਖੋਰੀ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ। ਨੇਹਾ ਨੇ ਲੈਕਚਰ ਦੀ ਸ਼ੁਰੂਆਤ ਇਹ ਦੱਸ ਕੇ ਕੀਤੀ ਕਿ ਕਿਵੇਂ ਨਸ਼ਾਖੋਰੀ ਅਕਸਰ ਸਾਥੀਆਂ ਦੇ ਦਬਾਅ ਜਾਂ ਉਤਸੁਕਤਾ ਕਾਰਨ ਸ਼ੁਰੂ ਹੁੰਦੀ ਹੈ ਅਤੇ ਬਾਅਦ ਵਿੱਚ ਇੱਕ ਖ਼ਤਰਨਾਕ ਆਦਤ ਬਣ ਜਾਂਦੀ ਹੈ।ਪ੍ਰਿੰਸੀਪਲ ਡਾ. ਅਰਜਿੰਦਰ ਸਿੰਘ ਨੇ ਨਸ਼ਿਆਂ ਦਾ ਪ੍ਰਯੋਗ ਕਰਨ ਵਿਰੁੱਧ ਸਖ਼ਤ ਚੇਤਾਵਨੀ ਦਿੱਤੀ, ਭਾਵੇਂ ਇੱਕ ਵਾਰ ਵੀ ਨਾ ਕੀਤਾ ਜਾਵੇ, ਕਿਉਂਕਿ ਇਸਦੇ ਖ਼ਤਰਨਾਕ ਨਤੀਜੇ ਹੋ ਸਕਦੇ ਹਨ ਅਤੇ ਜੀਵਨ ਭਰ ਪਛਤਾਵਾ ਹੋ ਸਕਦਾ ਹੈ। ਆਰ ਆਰ ਸੀ ਇੰਚਾਰਜ ਤਰੁਣ ਜਯੋਤੀ ਕੌਰ ਨੇ ਕਾਨੂੰਨੀ ਨਤੀਜਿਆਂ ਬਾਰੇ ਦੱਸਿਆ, ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਨਸ਼ੀਲੇ ਪਦਾਰਥ ਰੱਖਣ ਅਤੇ ਵਰਤੋਂ ਲਈ ਸਖ਼ਤ ਕਾਨੂੰਨਾਂ ਅਤੇ ਸਜ਼ਾਵਾਂ ਬਾਰੇ ਜਾਣਕਾਰੀ ਦਿੱਤੀ।




# 100 ਕਰੋੜ ਰੁਪਏ ਦੀ ਗਰਾਂਟ ਜਾਰੀ ਹੋਣ ਦੇ ਬਾਵਜੂਦ ਮੁਕੰਮਲ ਨਹੀਂ ਹੋਇਆ ਸੀਵਰੇਜ ਦਾ ਕੰਮ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਪਿਛਲੀ ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਉਸ ਸਮੇਂ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਮੋਰਿੰਡਾ ਸ਼ਹਿਰ ਦੇ ਸੀਵਰੇਜ ਲਈ ਕਰੀਬ 100 ਕਰੋੜ ਦੀ ਗਰਾਂਟ ਜਾਰੀ ਕੀਤੀ ਗਈ ਸੀ ਤਾਂ ਜੋ ਸ਼ਹਿਰ ਨੂੰ ਵਧੀਆ ਬਣਾਇਆ ਜਾ ਸਕੇ। ਉਪਰੰਤ ਵਿਧਾਨ ਸਭਾ ਚੋਣਾਂ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਪਰੰਤੂ ਚਾਰ ਸਾਲ ਬੀਤਣ ਦੇ ਬਾਅਦ ਵੀ ਸੀਵਰੇਜ ਦਾ ਕੰਮ ਮੁਕੰਮਲ ਨਹੀਂ ਹੋ ਸਕਿਆ ਤੇ ਸ਼ਹਿਰ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਵਾਰਡ ਨੰਬਰ 12 ਰਾਮ ਬਾਗ ਰੋਡ, ਆਨੰਦ ਨਗਰ ਦੇ ਨਿਵਾਸੀ ਮਹਿਲਾ ਆਗੂ ਭੁਪਿੰਦਰ ਕੌਰ, ਪਰਦੀਪ ਸਿੰਘ, ਅਮਰੀਕ ਸਿੰਘ, ਫਕੀਰ ਚੰਦ, ਲਾਡੀ ਅਤੇ ਅਨੰਦ ਆਦਿ ਵਾਰਡ ਵਾਸੀਆਂ ਨੇ ਦੱਸਿਆ ਕਿ ਪਿਛਲੇ ਕਰੀਬ ਚਾਰ ਸਾਲ ਤੋਂ ਸਾਡੇ ਵਾਰਡ ਵਿੱਚ ਸੀਵਰੇਜ ਦੀ ਸਮੱਸਿਆ ਨੂੰ ਠੀਕ ਕਰਨ ਲਈ ਕੋਈ ਵੀ ਅਧਿਕਾਰੀ ਨਹੀਂ ਆਇਆ ਜਦਕਿ ਪਿਛਲੀ ਸਰਕਾਰ ਵੱਲੋਂ ਸ਼ਹਿਰ ਵਿੱਚ ਸੀਵਰੇਜ ਪਾਉਣ ਲਈ ਗਰਾਂਟ ਜਾਰੀ ਕੀਤੀ ਗਈ ਸੀ। ਇਸ ਸਬੰਧੀ ਵਾਰਡ ਵਾਸੀ ਹਲਕਾ ਵਿਧਾਇਕ ਡਾਕਟਰ ਚਰਨਜੀਤ ਸਿੰਘ, ਐਸ ਡੀ ਐਮ ਮੋਰਿੰਡਾ ਅਤੇ ਸੀਵਰੇਜ ਬੋਰਡ ਦੇ ਐਸ ਡੀ ਓ ਨੂੰ ਮਿਲ ਕੇ ਆਪਣੀ ਸਮੱਸਿਆ ਸੰਬੰਧੀ ਲਿਖਤੀ ਮੰਗ ਪੱਤਰ ਦੇ ਚੁੱਕੇ ਹਨ ਪਰੰਤੂ ਕੋਈ ਸੁਣਵਾਈ ਨਹੀਂ ਹੋਈ। ਉਹਨਾਂ ਵਾਰਡ ਦੇ ਕੌਂਸਲਰ ਤੇ ਇਤਰਾਜ ਜਿਤਾਇਆ ਕਿ ਇਹ ਸਾਡੀ ਸਮੱਸਿਆ ਨੂੰ ਸੁਣਨ ਲਈ ਉਹ ਸਾਡੇ ਕੋਲ ਨਹੀਂ ਆਏ। ਇਸ ਮੌਕੇ ਅਮਰੀਕ ਸਿੰਘ, ਗੁਰਦੇਵ ਕੌਰ, ਰਣਜੀਤ ਕੌਰ, ਸੋਹਣ ਲਾਲ, ਰਕੇਸ਼ ਭੋਲਾ, ਸੋਹਣ ਲਾਲ, ਅੰਕਿਤ ਗੁਰਵਿੰਦਰ ਕੌਰ ਆਦਿ ਮਹੱਲਾਂ ਨਿਵਾਸੀ ਹਾਜ਼ਰ ਸਨ।ਇਸ ਸਬੰਧੀ ਜਦੋਂ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਦੇਵ ਸਿੰਘ ਬਿੱਟੂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਸ਼ਹਿਰ ਵਿੱਚ ਸੀਵਰੇਜ ਦਾ ਕੰਮ ਜਾਰੀ ਹੈ ਜਿੱਥੇ ਵੀ ਕੰਮ ਰਹਿੰਦਾ ਹੈ ਸਬੰਧਿਤ ਵਿਭਾਗ ਦੇ ਅਧਿਕਾਰੀਆਂ ਨੂੰ ਕਹਿ ਕੇ ਮੁਕੰਮਲ ਕਰਵਾਇਆ ਜਾਵੇਗਾ।



# ਗੰਨੇ ਨਾਲ ਲੱਦਿਆ ਟਰੈਕਟਰ-ਟਰਾਲੀ ਪਲਟਿਆ

**ਬਲਾਚੌਰ (ਜਸਵਿੰਦਰ ਬੈਂਸ)**-ਬਲਾਚੌਰ-ਰੋਪੜ ਮੁੱਖ ਮਾਰਗ 'ਤੇ ਪੈਂਦੇ ਪਿੰਡ ਪਨਿਆਲੀ ਕੋਲ ਗੰਨੇ ਨਾਲ ਲੱਦੀ ਇੱਕ ਸੋਨਾਲੀਕਾ ਟਰੈਕਟਰ-ਟਰਾਲੀ ਬੇਕਾਬੂ ਹੋ ਕੇ ਸੜਕ ਦੇ ਵਿਚਕਾਰ ਪਲਟ ਗਈ, ਜਿਸ ਕਾਰਨ ਕਾਫੀ ਸਮਾਂ ਆਵਾਜਾਈ ਠੱਪ ਰਹੀ। ਇੱਕ ਸੋਨਾਲੀਕਾ ਟਰੈਕਟਰ-ਟਰਾਲੀ ਜਿਸ ਨੂੰ ਚਾਹਤ ਪੁੱਤਰ ਹਰਮੇਸ਼ ਲਾਲ ਵਾਸੀ ਐਮਾ ਚਾਹਲ ਚਲਾ ਰਿਹਾ ਸੀ, ਬਲਾਚੌਰ ਤੋਂ ਰੋਪੜ ਸਾਈਡ ਵੱਲ ਗੰਨਾ ਲੈ ਕੇ ਜਾ ਰਿਹਾ ਸੀ। ਜਦੋਂ ਇਹ ਟਰੈਕਟਰ ਪਨਿਆਲੀ ਪਿੰਡ ਦੇ ਨਜ਼ਦੀਕ ਪਹੁੰਚਿਆ ਤਾਂ ਅਚਾਨਕ ਸੰਤੁਲਨ ਵਿਗੜਨ ਕਾਰਨ ਟਰੈਕਟਰ-ਟਰਾਲੀ ਸੜਕ ਦੇ ਵਿਚਕਾਰ ਹੀ ਪਲਟ ਗਏ। ਸੜਕ ਪੂਰੀ ਤਰ੍ਹਾਂ ਬਲਾਕ ਹੋ ਗਈ ਅਤੇ ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ। ਮੌਕੇ 'ਤੇ ਮੌਜੂਦ ਲੋਕਾਂ ਨੇ ਤੁਰੰਤ ਮਦਦ ਸ਼ੁਰੂ ਕੀਤੀ। ?ਹਾਈਡਰਾ ਮਸ਼ੀਨ ਦੀ ਮਦਦ ਨਾਲ ਪਲਟੇ ਹੋਏ ਟਰੈਕਟਰ ਅਤੇ ਗੰਨੇ ਨੂੰ ਸੜਕ ਤੋਂ ਪਾਸੇ ਕਰਵਾਇਆ ਗਿਆ।ਕਾਫੀ ਮੁਸ਼ੱਕਤ ਤੋਂ ਬਾਅਦ ਰੋਡ ਨੂੰ ਕਲੀਅਰ ਕਰਵਾ ਕੇ ਟ੍ਰੈਫਿਕ ਦੁਬਾਰਾ ਚਾਲੂ ਕਰਵਾਈ ਗਈ। ਖੁਸ਼ਕਿਸਮਤੀ ਰਹੀ ਕਿ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ।



# ਸਿੱਖਿਆ ਤੇ ਹੁਨਰ ਹੀ ਕਾਮਯਾਬੀ ਦਾ ਅਸਲ ਹਥਿਆਰ : ਰਾਮ ਮੂਰਤੀ ਸਰੋਆ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਸਰਬ ਨੌਜਵਾਨ ਸਭਾ ਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਵੱਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਸਕੀਮ ਨੰਬਰ-3, ਹੁਸ਼ਿਆਰਪੁਰ ਰੋਡ, ਫਗਵਾੜਾ ਵਿਖੇ ਚਲਾਏ ਜਾ ਰਹੇ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਵਿੱਚ ਇੱਕ ਪ੍ਰੇਰਨਾਦਾਇਕ ਅਤੇ ਭਾਵੁਕ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਉੱਘੇ ਸਮਾਜ ਸੇਵੀ ਰਾਮ ਮੂਰਤੀ ਸਰੋਆ, ਚੇਅਰਮੈਨ ਡਾ. ਅੰਬੇਡਕਰ ਐਜੂਕੇਸ਼ਨਲ ਸੁਸਾਇਟੀ (ਯੂ ਐੱਸ ਏ) ਅਤੇ ਪ੍ਰਸਿੱਧ ਸੱਭਿਆਚਾਰਕ ਪ੍ਰਮੋਟਰ (ਯੂ ਐੱਸ ਏ) ਜੱਸੀ ਬੰਗਾ ਨੇ ਸੈਂਟਰ ਦਾ ਦੌਰਾ ਕਰਕੇ ਚੱਲ ਰਹੀਆਂ ਗਤੀਵਿਧੀਆਂ ਦਾ ਜਾਇਜ਼ਾ ਲਿਆ। ਸਭਾ ਦੇ ਮੈਂਬਰਾਂ ਵੱਲੋਂ ਮਹਿਮਾਨਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਦੌਰਾਨ ਸਿੱਖਿਆਰਥਣਾਂ ਵੱਲੋਂ ਤਿਆਰ ਕੀਤੇ ਗਏ ਉਤਪਾਦਾਂ ਦੀ ਪ੍ਰਦਰਸ਼ਨੀ ਵੇਖ ਕੇ ਮਹਿਮਾਨ ਕਾਫੀ ਪ੍ਰਭਾਵਿਤ ਹੋਏ। ਜੱਸੀ ਬੰਗਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਹੋਏ ਵੀ ਆਪਣੇ ਵਤਨ ਅਤੇ ਆਪਣੀ ਮਿੱਟੀ ਨਾਲ ਜੁੜੇ ਰਹਿਣਾ ਹਰ ਪੰਜਾਬੀ ਦਾ ਨੈਤਿਕ ਫਰਜ਼ ਹੈ। ਚੇਅਰਮੈਨ ਰਾਮ ਮੂਰਤੀ ਸਰੋਆ ਨੇ ਕਿਹਾ ਕਿ ਸਿੱਖਿਆ ਅਤੇ ਹੁਨਰ ਹੀ ਉਹ ਅਸਲ ਹਥਿਆਰ ਹਨ ਜੋ ਨੌਜਵਾਨ ਪੀੜ੍ਹੀ ਨੂੰ ਆਤਮਨਿਰਭਰ ਅਤੇ ਮਜ਼ਬੂਤ ਬਣਾਉਂਦੇ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਉਹ ਅਜਿਹੇ ਲੋਕ-ਭਲਾਈ ਪ੍ਰੋਜੈਕਟਾਂ ਨਾਲ ਜੁੜੇ ਰਹਿਣਗੇ ਅਤੇ ਹਰ ਸੰਭਵ ਸਹਿਯੋਗ ਦਿੰਦੇ ਰਹਿਣਗੇ। ਇਸ ਮੌਕੇ ਉਨ੍ਹਾਂ ਵੱਲੋਂ ਇੱਕ ਲੱਖ ਰੁਪਏ ਦੀ ਆਰਥਿਕ ਸਹਾਇਤਾ ਸਰਬ ਨੌਜਵਾਨ ਵੱਲੋਂ ਨਵੀਂ ਉਸਾਰੀ ਗਈ ਸਰਬ ਸੇਵਾ ਸਦਨ ਦੀ ਇਮਾਰਤ ਲਈ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੂੰ ਭੇਟ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਸਭਾ ਵੱਲੋਂ ਪਤਵੰਤਿਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਮਦਨ ਲਾਲ ਕੋਰੋਟਾਨੀਆ (ਬਲਾਕ ਪ੍ਰਧਾਨ ਆਪ), ਸੇਵਾਮੁਕਤ ਲੈਕਚਰਾਰ ਹਰਜਿੰਦਰ ਗੋਗਨਾ, ਵਿੱਕੀ ਸਿੰਘ (ਯੂਥ ਆਗੂ ਆਪ), ਜਗਜੀਤ ਸੇਠ, ਆਰ.ਪੀ. ਸ਼ਰਮਾ, ਗੁਲਸ਼ਨ ਕਪੂਰ, ਮੈਡਮ ਆਸ਼ੂ ਬੱਗਾ, ਮੈਡਮ ਗੁਰਜੀਤ ਕੌਰ, ਮੈਡਮ ਲਕਸ਼ਮੀ, ਮੈਡਮ ਸੁਖਪ੍ਰੀਤ ਕੌਰ, ਅਨੂਪ ਦੁੱਗਲ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ, ਸੈਂਟਰ ਸਟਾਫ ਅਤੇ ਸਿੱਖਿਆਰਥਣਾਂ ਹਾਜ਼ਰ ਸਨ।



# ਪੀ ਏ ਯੂ ਵਿਖੇ ਪਹਿਲੀ ਐਲੂਮਨੀ ਮੀਟ ਤੇ ਸਾਲਾਨਾ ਸਮਾਗਮ

**ਬਲਾਚੌਰ (ਜਸਵਿੰਦਰ ਬੈਂਸ)** ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ) ਦੇ ਬੱਲੋਵਾਲ ਸੌਂਖੜੀ ਸਥਿਤ ਖੇਤੀਬਾੜੀ ਕਾਲਜ ਵਿਖੇ ਪਹਿਲੀ ਐਲੂਮਨੀ ਮੀਟ ਪੁਰਾਣੇ ਵਿਦਿਆਰਥੀਆਂ ਦਾ ਮਿਲਣ ਅਤੇ ਸਲਾਨਾ ਸਮਾਗਮ ਬੜੀ ਧੂਮ-ਧਾਮ ਨਾਲ ਕਰਵਾਇਆ ਗਿਆ। ਸਮਾਗਮ ਦੇ ਮੁੱਖ ਮਹਿਮਾਨ ਡਾ. ਸਤਿਬੀਰ ਸਿੰਘ ਗੋਸਲ ਵਾਈਸ ਚਾਂਸਲਰ, ਪੀ ਏ ਯੂ ਲੁਧਿਆਣਾ ਸਨ। ਉਨ੍ਹਾਂ ਦੱਸਿਆ ਕਿ ਕੰਢੀ ਇਲਾਕੇ ਦੇ ਵਿਦਿਆਰਥੀਆਂ ਦੀ ਪਹੁੰਚ ਯੂਨੀਵਰਸਿਟੀ ਤੱਕ ਘੱਟ ਹੋਣ ਕਾਰਨ, 2021 ਵਿੱਚ ਇਸ ਕਾਲਜ ਦੀ ਸ਼ੁਰੂਆਤ ਕੀਤੀ ਗਈ ਸੀ। ਉਨ੍ਹਾਂ ਖੁਸ਼ੀ ਪ੍ਰਗਟਾਈ ਕਿ ਪਹਿਲੇ ਬੈਚ ਨੇ ਡਿਗਰੀ ਪੂਰੀ ਕਰ ਲਈ ਹੈ ਤੇ ਕਈ ਵਿਦਿਆਰਥੀਆਂ ਨੇ ਐੱਮ ਐੱਸ ਸੀ ਲਈ ਉੱਚ ਸੰਸਥਾਵਾਂ ਵਿੱਚ ਦਾਖ਼ਲਾ ਵੀ ਲੈ ਲਿਆ ਹੈ। ਡਾ. ਗੋਸਲ ਨੇ ਕਿਹਾ ਕਿ ਸਾਧਨਾਂ ਦੀ ਘਾਟ ਦੇ ਬਾਵਜੂਦ ਵਿਦਿਆਰਥੀਆਂ ਨੇ ਖੇਡਾਂ ਅਤੇ ਯੂਥ ਫੈਸਟੀਵਲ ਵਿੱਚ ਮੱਲਾਂ ਮਾਰੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਸਿਰਫ਼ ਨੌਕਰੀਆਂ ਪਿੱਛੇ ਨਾ ਭੱਜਣ, ਸਗੋਂ ਖੇਤੀ ਨਾਲ ਸਬੰਧਤ ਕਿੱਤੇ ਅਪਣਾ ਕੇ ਰੁਜ਼ਗਾਰ ਦਾਤਾ ਬਣਨ ਤੇ ਕਿਸਾਨਾਂ ਦੀਆਂ ਚੁਣੌਤੀਆਂ ਹੱਲ ਕਰਨ ਲਈ ਪ੍ਰੇਰਿਤ ਕੀਤਾ। ?ਡਾ. ਐਸ.ਡੀ. ਖੇਪੜ: ਉਨ੍ਹਾਂ ਕਿਹਾ ਕਿ ਐਲੂਮਨੀ ਮੀਟ ਸਿਰਫ਼ ਮਿਲਣ-ਗਿਲਣ ਦਾ ਸਾਧਨ ਨਹੀਂ, ਸਗੋਂ ਸੰਸਥਾ ਦੀ ਤਰੱਕੀ ਦਾ ਆਧਾਰ ਹੁੰਦੀ ਹੈ। ?ਡਾ. ਮਨਮੋਹਨਜੀਤ ਸਿੰਘ ਡੀਨ ਉਨ੍ਹਾਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਕਾਲਜ ਦੀਆਂ ਪ੍ਰਾਪਤੀਆਂ ਬਾਰੇ ਰਿਪੋਰਟ ਸਾਂਝੀ ਕੀਤੀ। ਵਿਦਿਆਰਥੀਆਂ ਨੇ ਸ਼ਬਦ ਗਾਇਨ ਨਾਲ ਸ਼ੁਰੂਆਤ ਕੀਤੀ ਅਤੇ ਬਾਅਦ ਵਿੱਚ ਹਾਸ-ਰਸ, ਭੰਡ, ਕਵਿਤਾ ਅਤੇ ਭੰਗੜੇ ਵਰਗੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ। ਵੱਖ-ਵੱਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।ਪ੍ਰਮੁੱਖ ਸ਼ਖ਼ਸੀਅਤ ਸਮਾਗਮ ਵਿੱਚ ਡਾ. ਐੱਚ ਐੱਸ ਧਾਲੀਵਾਲ, ਡਾ. ਐੱਚ ਐੱਸ ਸੂਰ, ਡਾ. ਪੀ ਐੱਸ ਔਲਖ, ਡਾ. ਐੱਸ ਐੱਸ ਗਰੇਵਾਲ ਤੇ ਮਨਦੀਪ ਸਿੰਘ ਐਸ.ਈ. ਗਮਾਡਾ ਸਮੇਤ ਕਈ ਦਿੱਗਜ ਸ਼ਾਮਲ ਹੋਏ। ਅੰਤ ਵਿੱਚ ਡਾ. ਵਿਜੈ ਕੁਮਾਰ ਨੇ ਸਾਰੇ ਮਹਿਮਾਨਾਂ, ਵਿਦਿਆਰਥੀਆਂ ਅਤੇ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



# ਐਸ ਡੀ ਐਮ ਨੇ ਪੀ ਸੀ ਐਸ ਮੇਨਜ਼ ਪ੍ਰੀਖਿਆ ਲਈ ਵਿਦਿਆਰਥੀਆਂ ਨੂੰ ਦਿੱਤਾ ਮਾਰਗਦਰਸ਼ਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਐਸ ਡੀ ਐਮ ਗੁਰਸਿਮਰਨਜੀਤ ਕੌਰ, ਹੁਸ਼ਿਆਰਪੁਰ ਨੇ ਡਿਜੀਟਲ ਲਾਇਬ੍ਰੇਰੀ, ਹੁਸ਼ਿਆਰਪੁਰ ਵਿਖੇ ਪੰਜਾਬ ਪੀ ਸੀ ਐਸ ਮੇਨਜ਼ ਪ੍ਰੀਖਿਆ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਮਾਰਗਦਰਸ਼ਨ ਸੈਸ਼ਨ ਦਾ ਆਯੋਜਨ ਕੀਤਾ। ਇਸ ਮੌਕੇ ਉਨ੍ਹਾਂ ਆਪਣੇ ਪ੍ਰਸ਼ਾਸਕੀ ਤਜਰਬੇ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਪ੍ਰੀਖਿਆ ਰਣਨੀਤੀ ਬਾਰੇ ਜਾਣਕਾਰੀ ਦਿੱਤੀ। ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਦੀ ਯੋਗ ਅਗਵਾਈ ਹੇਠ ਡਿਜੀਟਲ ਲਾਇਬ੍ਰੇਰੀ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਨੌਜਵਾਨਾਂ ਲਈ ਇੱਕ ਪ੍ਰੇਰਨਾਦਾਇਕ ਕੇਂਦਰ ਬਣ ਗਈ ਹੈ। ਪਿਛਲੇ ਸਾਲ 7 ਦਸੰਬਰ ਨੂੰ ਹੋਈ ਪੰਜਾਬ ਪੀ ਸੀ ਐਸ ਮੁੱਢਲੀ ਪ੍ਰੀਖਿਆ ਵਿੱਚ ਇਸ ਲਾਇਬ੍ਰੇਰੀ ਤੋਂ ਤਿਆਰੀ ਕਰ ਰਹੇ 14 ਵਿਦਿਆਰਥੀਆਂ ਨੇ ਸਫਲਤਾ ਪ੍ਰਾਪਤ ਕੀਤੀ ਸੀ। ਪੰਜਾਬ ਪੀ ਸੀ ਐਸ ਮੇਨਜ਼ ਪ੍ਰੀਖਿਆ 1 ਅਪ੍ਰੈਲ ਤੋਂ 10 ਅਪ੍ਰੈਲ ਤੱਕ ਹੋ ਰਹੀ ਹੈ। ਆਪਣੇ ਸੰਬੋਧਨ ਵਿੱਚ ਐਸ ਡੀ ਐਮ ਗੁਰਸਿਮਰਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਮੇਨਜ਼ ਪ੍ਰੀਖਿਆ ਦੀ ਤਿਆਰੀ ਦੌਰਾਨ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਵਿਹਾਰਕ ਤਰੀਕੇ ਦੱਸੇ। ਉਨ੍ਹਾਂ ਨੇ ਸਮਾਂ ਪ੍ਰਬੰਧਨ, ਉੱਤਰ ਲਿਖਣ ਦੀ ਸ਼ੈਲੀ, ਵਿਸ਼ਿਆਂ ਨੂੰ ਤਰਜੀਹ ਦੇਣ ਅਤੇ ਘੱਟ ਸਮੇਂ ਵਿੱਚ ਵਧੇਰੇ ਅੰਕ ਪ੍ਰਾਪਤ ਕਰਨ ਲਈ ਪ੍ਰਭਾਵਸ਼ਾਲੀ ਤਕਨੀਕਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ।



# ਨਵਾਂ ਜ਼ਮਾਨਾ ਐਤਵਾਰਤਾ

ਖ਼ਤਾਂ ਦੇ ਢੇਰ ਨਈਂ ਹੁੰਦੇ
ਤੇ ਨਾ ਅੰਬਾਰ ਹੁੰਦੇ ਨੇ।
ਜਿਹੜੇ ਖ਼ਤ ਸਾਂਭੇ ਜਾਂਦੇ ਨੇ
ਉਹ ਬਸ ਦੋ-ਚਾਰ ਹੁੰਦੇ ਨੇ।
- ਬਲਕਾਰ ਔਲਖ



ਮੀਨਾ ਨਵੀਨ ਦੀਆਂ ਮਿੰਨੀ ਕਹਾਣੀਆਂ

(ਆਖਰੀ ਤੋਂ ਪਹਿਲੇ ਸਫੇ 'ਤੇ)

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 15 ਫਰਵਰੀ 2026 | www.nawanzamana.in | ਕੀਮਤ 5.00 ਰੁਪਏ


# ਖ਼ੁਸ਼ਹੈਸੀਅਤ ਟੈਕਸ ਵਿਰੁੱਧ ਕਿਸਾਨ ਸੰਘਰਸ਼ ਤੇ ਸਰਕਾਰ ਦੇ ਅਪਰਾਧ

**ਰਾਮਦਾਸ**

**ਅਨੁ. : ਐੱਮ ਐੱਸ ਭਾਟੀਆ**

ਮੈਂ ਪੰਜਾਬ ਦੇ ਪਿੰਡਾਂ ਵਿੱਚ ਉਹ ਕੁਝ ਦੇਖਿਆ, ਜੋ ਕੈਰੋਂ ਵਰਗੀਆਂ ਇੱਕ ਦਰਜਨ ਸਰਕਾਰਾਂ ਨੂੰ ਲਾਹਨਤ ਪਾਉਣ ਲਈ ਕਾਫੀ ਸੀ। 2 ਫਰਵਰੀ ਨੂੰ ਖੁਸ਼ਹੈਸੀਅਤੀ ਟੈਕਸ ਵਿਰੁੱਧ ਵੱਡੇ ਪੱਧਰ 'ਤੇ ਕਿਸਾਨ ਸੰਘਰਸ਼ ਸ਼ੁਰੂ ਹੋਣ ਤੋਂ ਬਾਅਦ ਪਿਛਲੇ 6 ਹਫ਼ਤਿਆਂ ਵਿੱਚ ਉੱਥੇ ਜੋ ਕੁਝ ਹੋਇਆ ਹੈ, ਉਸ ਦਾ ਕੋਈ ਵੀ ਸੱਭਿਅਕ ਸਰਕਾਰ ਕਦੇ ਵੀ ਬਚਾਅ ਨਹੀਂ ਕਰ ਸਕਦੀ।

ਕਮਿਊਨਿਸਟ ਸੰਸਦ ਮੈਂਬਰਾਂ-ਏ ਕੇ ਗੋਪਾਲਨ, ਕੇ ਟੀ ਆਰ ਥੰਗਾਮਨੀ ਅਤੇ ਸਰਜੂ ਪਾਂਡੇ ਅਤੇ ਪੰਜਾਬ ਦੇ ਵਿਧਾਇਕ ਅੱਛਰ ਸਿੰਘ ਚੀਨਾ ਦੇ ਨਾਲ ਮੈਂ ਜਲੰਧਰ ਜ਼ਿਲ੍ਹੇ ਦੇ ਧਾਲੀਵਾਲ ਪਿੰਡ ਵਿੱਚ ਪੁਲਸ ਗੋਲੀਬਾਰੀ ਦੀ ਪਹਿਲੀ ਰਿਪੋਰਟ ਸੁਣ ਕੇ ਦਿੱਲੀ ਤੋਂ ਆਇਆ ਸਾਂ।

ਜਦੋਂ ਅਸੀਂ ਜਲੰਧਰ ਪਹੁੰਚੇ, ਤਾਂ ਸਾਨੂੰ ਖਬਰ ਮਿਲੀ ਕਿ ਪੁਲਸ ਨੇ ਲੁਧਿਆਣਾ ਜ਼ਿਲ੍ਹੇ ਦੇ ਇੱਕ ਹੋਰ ਪਿੰਡ ਵਿੱਚ ਗੋਲੀਬਾਰੀ ਕੀਤੀ ਹੈ, ਜਿਸ ਵਿੱਚ ਦੋ ਔਰਤਾਂ ਮਾਰੀਆਂ ਗਈਆਂ ਅਤੇ ਬਹੁਤ ਸਾਰੇ ਜ਼ਖਮੀ ਹੋ ਗਏ ਹਨ। ਇਸ ਲਈ ਲੁਧਿਆਣਾ ਤੋਂ 15 ਮੀਲ ਦੂਰ ਪਿੰਡ ਐਤੀਆਣਾ ਵਿੱਚ ਅਸੀਂ ਪਹਿਲਾਂ ਗਏ।

ਪਿਛਲੇ ਦਿਨੀਂ ਵਾਪਰੀ ਘਟਨਾ ਕਰਕੇ ਪਿੰਡ ਅਜੇ ਵੀ ਸਦਮੇ ਵਿੱਚ ਸੀ। ਪਿੰਡ ਵਾਸੀ ਪਹਿਲਾਂ ਹੀ ਚੌਕ ਵਿੱਚ ਇਕੱਠੇ ਹੋਏ ਸਨ ਅਤੇ ਜ਼ਾਲਮਾਨਾ ਹਮਲੇ ਬਾਰੇ ਗੱਲਾਂ ਕਰ ਰਹੇ ਸਨ। ਉਹਨਾਂ ਦੇ ਚਿਹਰਿਆਂ ਤੋਂ ਲੱਗਦਾ ਸੀ ਕਿ ਉਹਨਾਂ ਸਾਨੂੰ ਦੇਖ ਕੇ ਰਾਹਤ ਮਹਿਸੂਸ ਕੀਤੀ, ਕਿਉਂਕਿ ਪੁਲਸ ਗੋਲੀਬਾਰੀ ਤੋਂ ਬਾਅਦ ਬਾਹਰੋਂ ਪਿੰਡ ਪਹੁੰਚਣ ਵਾਲੇ ਅਸੀਂ ਪਹਿਲੇ ਵਿਅਕਤੀ ਸਾਂ। ਉਨ੍ਹਾਂ ਨੇ ਸਾਨੂੰ ਆਪਣੇ ਕੋਲ ਬਿਠਾਇਆ ਅਤੇ ਉਨ੍ਹਾਂ ਵਿੱਚੋਂ ਇੱਕ ਬਜ਼ੁਰਗ ਨੇ ਪਿਛਲੇ ਦਿਨ ਦੀ ਘਟਨਾ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ। ਪਿੰਡ ਦੇ 9 ਕਿਸਾਨਾਂ ਨੇ ਸੱਤਿਆਗ੍ਰਹਿ ਕੀਤਾ ਸੀ ਅਤੇ ਇਸ ਕਰਕੇ ਉਨ੍ਹਾਂ ਨੂੰ 200-200 ਰੁਪਏ ਜੁਰਮਾਨਾ ਕੀਤਾ ਗਿਆ ਸੀ। ਪੁਲਸ 5 ਫਰਵਰੀ ਨੂੰ ਦੁਪਹਿਰ ਦੇ ਕਰੀਬ ਪਿੰਡ ਆਈ ਤਾਂ ਜੋ ਜੁਰਮਾਨਾ ਵਸੂਲਣ ਲਈ ਜਾਇਦਾਦ ਕੁਰਕ ਕੀਤੀ ਜਾ ਸਕੇ। ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਇੱਕ ਹਫ਼ਤੇ ਦਾ ਸਮਾਂ ਦੇਣ ਲਈ ਕਿਹਾ, ਪਰ ਪੁਲਸ ਪਾਰਟੀ ਨੇ ਉਸੇ ਵੇਲੇ ਵਸੂਲੀ ਕਰਨ 'ਤੇ ਜ਼ੋਰ ਦਿੱਤਾ। ਡੀ ਐੱਸ ਪੀ ਅਤੇ ਇੱਕ ਮੈਜਿਸਟਰੇਟ ਨੇ ਲੋਕਾਂ ਨੂੰ ਖਿੰਡ ਜਾਣ ਲਈ ਕਿਹਾ। ਇਸ ਤੋਂ ਪਹਿਲਾਂ ਕਿ ਲੋਕ ਹੁਕਮ ਨੂੰ ਚੰਗੀ ਤਰ੍ਹਾਂ ਸਮਝ ਸਕਦੇ, ਗੈਸ ਦੇ ਗੋਲੇ ਫਟਣ ਲੱਗ ਪਏ। ਲੋਕ ਇਧਰ-ਉਧਰ ਭੱਜਣ ਲੱਗੇ, ਪਰ ਨਾਲ ਹੀ ਪੁਲਸ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ।

ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਕੁਝ ਲੋਕ ਜ਼ਖਮੀ ਹੋ ਗਏ ਹਨ, ਤਾਂ ਉਹ ਚੌਕ ਵਿੱਚ ਵਾਪਸ ਆ ਗਏ । ਉਹਨਾਂ ਨੇ 60 ਸਾਲਾ ਚੰਦ ਕੌਰ ਨੂੰ ਖ਼ੂਨ ਨਾਲ ਲੱਥਪੱਥ ਰੇਤ 'ਤੇ ਪਈ ਦੇਖਿਆ, ਜੋ ਮੌਕੇ 'ਤੇ ਹੀ ਮਾਰੀ ਗਈ ਸੀ। ਲੱਗਭੱਗ 20 ਪਿੰਡ ਵਾਸੀ ਚੌਂਕ ਵਿੱਚ ਪਏ ਸਨ, ਜੋ ਜ਼ਖਮੀ ਸਨ ਅਤੇ ਖ਼ੂਨ ਨਾਲ ਲੱਥਪੱਥ ਸਨ ਅਤੇ ਉਹਨਾਂ ਵਿੱਚੋਂ ਤਿੰਨ ਜਾਂ ਚਾਰ ਬੇਹੋਸ਼ ਸਨ। ਪੁਲਸ ਅਜੇ ਵੀ ਦੇਖ ਰਹੀ ਸੀ, ਪਰ ਉਹਨਾਂ ਨੇ ਡਾਕਟਰੀ ਸਹਾਇਤਾ ਦੇਣ ਲਈ ਕੋਈ ਵੀ ਕੋਸ਼ਿਸ਼ ਨਹੀਂ ਕੀਤੀ। ਪਿੰਡ ਵਾਸੀਆਂ ਵਿੱਚੋਂ ਇੱਕ ਆਦਮੀ ਤਿੰਨ ਮੀਲ ਦੂਰ ਪਿੰਡ ਸੁਧਾਰ ਦੇ ਹਸਪਤਾਲ ਵਿੱਚ ਗਿਆ, ਜਿੱਥੋਂ ਇੱਕ ਡਾਕਟਰ ਨੂੰ ਲਿਆ ਕੇ ਜ਼ਖਮੀਆਂ ਨੂੰ ਮੁੱਢਲੀ ਸਹਾਇਤਾ ਦਿੱਤੀ ਗਈ। ਜਦੋਂ ਇਹ ਸਭ ਹੋ ਗਿਆ, ਤਾਂ ਪੁਲਸ ਵਾਲਿਆਂ ਨੇ ਇੱਕ ਬੱਸ ਮੰਗਵਾਈ, ਜਿਸ ਵਿੱਚ ਸਾਰੇ ਜ਼ਖਮੀਆਂ ਨੂੰ, ਸਮੇਤ ਚੰਦ ਕੌਰ ਦੀ ਲਾਸ਼ ਦੇ ਲੱਦ ਕੇ ਲੈ ਗਏ। ਇਸ ਦੌਰਾਨ ਇੱਕ ਹੋਰ ਔਰਤ 40 ਸਾਲ ਦੀ ਬਚਨੀ ਦੀ ਸਿਵਲ ਹਸਪਤਾਲ ਲੁਧਿਆਣਾ ਵਿੱਚ ਮੌਤ ਹੋ ਗਈ।

ਰਾਤ ਪੈਣ 'ਤੇ ਸੁਰੱਖਿਆ ਬਲਾਂ ਦੇ ਨਾਲ ਪੁਲਸ ਪਿੰਡ ਵਾਪਸ ਪਹੁੰਚ ਗਈ। ਕੁਝ ਪਿੰਡ ਵਾਸੀਆਂ ਨੇ ਕਿਹਾ ਕਿ 100 ਪੁਲਸ ਵਾਲੇ ਸਨ ਤੇ ਕੁਝ ਨੇ ਕਿਹਾ ਕਿ 300 ਸਨ। ਉਨ੍ਹਾਂ ਨੇ ਫਾਇਰ ਕਰਕੇ ਆਪਣੇ ਆਉਣ ਦਾ ਐਲਾਨ ਕੀਤਾ ਅਤੇ ਡਰੇ ਹੋਏ ਪਿੰਡ ਵਾਸੀ ਮਰਦ, ਔਰਤਾਂ ਅਤੇ ਬੱਚੇ ਘਰਾਂ ਤੋਂ ਬਾਹਰ ਭੱਜ ਗਏ ਅਤੇ ਖੇਤਾਂ ਵਿੱਚ ਫਸਲਾਂ ਦੇ ਵਿਚਕਾਰ ਲੁਕ ਕੇ ਪਨਾਹ ਲੈ ਲਈ। ਫਿਰ ਉਹ ਸ਼ੁਰੂ ਹੋਇਆ, ਜਿਸ ਨੂੰ ਪੁਲਸ ਨੇ ਜਾਇਦਾਦ ਦੀ ਕੁਰਕੀ ਕਿਹਾ, ਪਰ ਅਸਲ ਵਿੱਚ ਇਸ ਨੂੰ ਲੁੱਟ ਕਿਹਾ ਜਾ ਸਕਦਾ ਹੈ। ਰਾਤ ਨੂੰ ਜਦੋਂ ਸਾਰੇ ਪਿੰਡ ਵਾਸੀ ਡਰ ਗਏ ਸਨ, ਘਰਾਂ ਦੇ ਮਾਲਕ ਆਪਣੇ ਘਰਾਂ ਵਿੱਚ ਮੌਜੂਦ ਨਹੀਂ ਸਨ ਤਾਂ ਪੁਲਸ ਵਾਲੇ ਤਾਲੇ ਤੋੜ ਕੇ ਘਰਾਂ ਵਿੱਚ ਦਾਖਲ ਹੋਏ ਅਤੇ ਮੱਝਾਂ, ਬਿਸਤਰੇ, ਫਰਨੀਚਰ ਜੋ ਕੁਝ ਵੀ ਉਹਨਾਂ ਦੇ ਹੱਥ ਲੱਗਿਆ, ਲੈ ਗਏ। ਕੋਈ ਨਹੀਂ ਜਾਣਦਾ ਕਿ ਕਿਸ ਘਰ ਤੋਂ ਕੀ ਲੁੱਟਿਆ ਗਿਆ।

ਦੇਸ਼ ਦਾ ਕਾਨੂੰਨ ਕਹਿੰਦਾ ਹੈ ਕਿ ਜਦੋਂ ਕਿਸੇ ਵਿਅਕਤੀ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ ਜਾਂ ਜੁਰਮਾਨਾ ਲਗਾਇਆ ਜਾਂਦਾ ਹੈ, ਤਾਂ ਸਿਰਫ਼ ਉਸ ਦੀ ਹੀ ਜਾਇਦਾਦ ਕੁਰਕ ਕੀਤੀ ਜਾ ਸਕਦੀ ਹੈ, ਪਰ ਇੱਥੇ ਐਤੀਆਣਾ ਵਿੱਚ ਉਨ੍ਹਾਂ ਲੋਕਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਗਈਆਂ ਸਨ, ਜੋ ਸੱਤਿਆਗ੍ਰਹਿ ਵਿੱਚ ਸ਼ਾਮਲ ਨਹੀਂ ਸਨ। ਉਹ ਤਾਂ ਸੱਤਿਆਗ੍ਰਹੀਆਂ ਦੇ ਪਿਤਾ ਅਤੇ ਭਰਾ ਆਦਿ ਸਨ। ਸਾਨੂੰ ਅਜਿਹੇ ਨਾਂਵਾਂ ਦੀ ਸੂਚੀ ਵੀ ਦਿੱਤੀ ਗਈ ।

ਇਹ ਸਿਰਫ਼ ਐਤੀਆਣਾ ਦੀ ਕਹਾਣੀ ਨਹੀਂ ਸੀ, ਕੈਰੋਂ ਸਰਕਾਰ ਲਈ ਸੀ ਆਰ ਪੀ ਸੀ ਦੀਆਂ ਸੰਬੰਧਤ ਧਾਰਾਵਾਂ ਦੀ ਕੋਈ ਅਹਿਮੀਅਤ ਨਹੀਂ ਸੀ। ਪਿੰਡ ਵਿੱਚ ਸਾਨੂੰ ਧਨੀ ਨਾਂਅ ਦੀ ਇੱਕ ਹਰੀਜਨ ਔਰਤ ਦੇ ਘਰ ਲਿਜਾਇਆ ਗਿਆ। ਘਰ ਪਹੁੰਚਣ ਤੋਂ ਪਹਿਲਾਂ ਸਾਨੂੰ ਅਹਿਸਾਸ ਵੀ ਨਹੀਂ ਸੀ ਕਿ ਅਸੀਂ ਕੀ ਦੇਖਣ ਜਾ ਰਹੇ ਹਾਂ। ਉਹ ਔਰਤ ਜਿਸ ਨੂੰ ਅਸੀਂ ਉਥੇ ਦੇਖਿਆ, ਅੱਥਰੂ ਗੈਸ ਦੇ ਹਮਲੇ ਦੇ ਸਦਮੇ ਦੇ ਨਤੀਜੇ ਵਜੋਂ ਆਪਣੇ ਹੋਸ਼ ਗਵਾ ਚੁੱਕੀ ਸੀ ਅਤੇ ਡੌਰ-ਭੌਰ ਹੋਈ ਬੈਠੀ ਸੀ। ਉਸ ਨੇ ਕਾਮਰੇਡ ਗੋਪਾਲਨ ਨੂੰ ਇਹ ਸੋਚ ਕੇ ਫੜ ਲਿਆ ਕਿ ਉਹ ਉਸ ਦਾ ਪੁੱਤਰ ਹੈ, ਜਿਸ ਨੇ ਸੱਤਿਆਗ੍ਰਹਿ ਕੀਤਾ ਸੀ ਅਤੇ ਜੇਲ੍ਹ ਵਿੱਚ ਸੀ। ਉਹ ਉਸ ਨੂੰ ਛੱਡਣਾ ਨਹੀਂ ਸੀ ਚਾਹੁੰਦੀ। ਜਦੋਂ ਅਸੀਂ ਚੱਲੇ ਤਾਂ ਧਾਹਾਂ ਮਾਰ ਕੇ ਰੋਣ ਲੱਗ ਪਈ ਅਤੇ ਕਹਿਣ ਲੱਗੀ, 'ਉਹ ਉਸ ਨੂੰ ਲੈ ਕੇ ਜਾ ਰਹੇ ਹਨ।'

ਇਸ ਦ੍ਰਿਸ਼ ਨੂੰ ਦੇਖ ਕੇ ਕੋਈ ਵੀ ਵਿਅਕਤੀ ਸਰਕਾਰ ਨੂੰ ਨਫਰਤ ਕਰੇ ਬਿਨਾਂ ਨਹੀਂ ਰਹਿ ਸਕਦਾ, ਜੋ ਅਜਿਹੇ ਅੱਤਿਆਚਾਰ ਕਰ ਸਕਦੀ ਹੈ। ਉਸੇ ਦਿਨ ਅਸੀਂ ਧਾਲੀਵਾਲ ਪਿੰਡ ਗਏ, ਜਿੱਥੇ ਪਹਿਲੀ ਗੋਲੀਬਾਰੀ 3 ਫਰਵਰੀ ਨੂੰ ਹੋਈ ਸੀ। ਪੁਲਸ ਸ਼ਾਮ ਪੰਜ ਵਜੇ ਦੇ ਕਰੀਬ ਉਸ ਪਿੰਡ ਵਿੱਚ ਆਈ ਸੀ, ਜਿਸ ਵਿੱਚ ਇੱਕ ਪਿੰਡ ਵਾਸੀ ਬਚਨ ਸਿੰਘ ਦੀ ਜਾਇਦਾਦ ਕੁਰਕ ਕਰਨ ਦਾ ਹੁਕਮ ਸੀ। ਬਚਨ ਸਿੰਘ ਦਾ ਪੁੱਤਰ ਸੱਤਿਆਗ੍ਰਹਿ ਵਾਲੇ ਜਥੇ ਵਿੱਚ ਸ਼ਾਮਲ ਸੀ। ਜਦੋਂ ਪੁਲਸ ਪਹੁੰਚੀ, ਉਸ ਵੇਲੇ ਪਿੰਡ ਦੀਆਂ ਔਰਤਾਂ ਵਿਆਹ ਦੀ ਬਰਾਤ ਨੂੰ ਵਿਦਾ ਕਰ ਰਹੀਆਂ ਸਨ ।ਪੁਲਸ ਨੇ ਔਰਤਾਂ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਨੂੰ ਬਚਨ ਸਿੰਘ ਦਾ ਘਰ ਖੋਲ੍ਹਣ ਲਈ ਕਿਹਾ। ਜਦੋਂ ਇੱਕ ਔਰਤ ਨੇ ਉਨ੍ਹਾਂ ਨੂੰ ਕਿਹਾ ਕਿ ਘਰ ਦੇ ਮਾਲਕ ਨੂੰ ਘਰ ਖੋਲ੍ਹਣ ਲਈ ਕਹੋ ਤਾਂ ਇੱਕ ਕਾਂਸਟੇਬਲ ਨੇ ਉਸ ਨੂੰ ਮਾਰਿਆ ਅਤੇ ਜਦੋਂ ਦੂਜਾ ਪ੍ਰਦਰਸ਼ਨਕਾਰੀ ਸਹਾਇਤਾ ਲਈ ਆਇਆ ਤਾਂ ਪੁਲਸ ਵਾਲਾ ਪਾਗਲ ਹੋਇਆ ਉਸ ਨੂੰ ਵੀ ਕੁੱਟਣ ਲੱਗਾ। ਉਨ੍ਹਾਂ ਨੇ ਔਰਤਾਂ ਨੂੰ ਕੁੱਟਿਆ ਅਤੇ ਉਨ੍ਹਾਂ ਦੇ ਵਾਲਾਂ ਤੋਂ ਫੜ ਕੇ ਜ਼ਮੀਨ 'ਤੇ ਘਸੀਟਿਆ। ਔਰਤਾਂ ਨਾਲ ਹੋਏ ਦੁਰਵਿਵਹਾਰ ਦਾ ਵਿਰੋਧ ਕਰਨ ਲਈ ਪਿੰਡ ਦੇ ਮਰਦ ਭੱਜੇ ਆਏ।

ਉਸੇ ਵੇਲੇ ਇੱਕ ਸੱਤਿਆਗ੍ਰਹਿ ਵਾਲਾ ਜੱਥਾ, ਜੋ ਜ਼ਿਲ੍ਹਾ ਹੈੱਡਕੁਆਰਟਰ ਵੱਲ ਜਾ ਰਿਹਾ ਸੀ, ਪਿੰਡ ਵਿੱਚ ਦਾਖਲ ਹੋਇਆ। ਬਿਨਾਂ ਕਿਸੇ ਚੇਤਾਵਨੀ ਦੇ ਪੁਲਸ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ-13-14 ਰੌਂਦ ਫਾਇਰ ਕਰ ਦਿੱਤੇ ਅਤੇ ਲੋਕਾਂ ਨੂੰ ਜ਼ਖਮੀ ਕਰ ਦਿੱਤਾ, ਜਿਨ੍ਹਾਂ ਵਿੱਚ 8 ਜਾਂ 9 ਔਰਤਾਂ ਵੀ ਸ਼ਾਮਲ ਸਨ। ਪੁਲਸ ਨੇ ਲੱਗਭੱਗ ਇੱਕ ਦਰਜਨ ਪਿੰਡ ਵਾਸੀਆਂ ਨੂੰ ਹਿਰਾਸਤ ਵਿੱਚ ਲੈ ਲਿਆ।

ਮੈਜਿਸਟ੍ਰੇਟ ਜਾਂਚ ਦੇ ਹੁਕਮ ਦਿੱਤੇ ਜਾਣ ਤੋਂ ਬਾਅਦ ਉਹ ਗਵਾਹਾਂ ਨੂੰ ਧਮਕਾਉਣ ਲਈ ਦੁਬਾਰਾ ਪਿੰਡ ਆਏ। ਕੁਝ ਗਵਾਹਾਂ ਨੂੰ ਕਿਹਾ ਗਿਆ ਸੀ ਕਿ ਜੇਕਰ ਉਹ ਪਿੰਡ ਨਹੀਂ ਛੱਡਦੇ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਗਵਾਹਾਂ ਨੂੰ ਇਸ ਤਰ੍ਹਾਂ ਡਰਾਉਣ-ਧਮਕਾਉਣ ਤੋਂ ਬਾਅਦ ਜਾਂਚ ਦਾ ਕੀ ਫਾਇਦਾ ਹੋਵੇਗਾ ?

ਮੋਗਾ ਵਿੱਚ ਸਾਨੂੰ ਇਹ ਦੱਸਿਆ ਗਿਆ ਕਿ ਕਿਵੇਂ ਪੁਲਸ ਨੇ ਸੱਤਿਆਗ੍ਰਹੀਆਂ ਲਈ ਬਣਾਏ ਗਏ ਰਸੋਈ ਘਰ 'ਤੇ ਛਾਪਾ ਮਾਰਿਆ ਅਤੇ ਅੰਦਰ ਵੜ ਕੇ ਸਾਰੇ ਭਾਂਡੇ ਲੈ ਗਏ। ਸਾਰਿਆਂ ਨੂੰ ਸਭ ਤੋਂ ਵੱਧ ਗੁੱਸਾ ਇਸ ਗੱਲ ਦਾ ਸੀ ਕਿ ਪੁਲਸ ਨੇ ਪਕਾਏ ਗਏ ਖਾਣੇ ਨੂੰ ਪੈਰਾਂ ਥੱਲੇ ਰੋਲਿਆ। 17-18 ਦੇ ਕਰੀਬ ਲੋਕ ਜਿਨ੍ਹਾਂ ਨੂੰ ਹਮਲੇ ਬਾਰੇ ਪਤਾ ਨਹੀਂ ਸੀ, ਖਾਣਾ ਲੈਣ ਲਈ ਰਸੋਈ ਘਰ ਗਏ ਤਾਂ ਉਨ੍ਹਾਂ ਨੂੰ ਫੜ ਲਿਆ ਗਿਆ, ਬੰਨ੍ਹ ਦਿੱਤਾ ਅਤੇ ਕੁੱਟਿਆ ਗਿਆ।

ਜਦੋਂ ਤੋਂ ਸੰਘਰਸ਼ ਸ਼ੁਰੂ ਹੋਇਆ ਹੈ, ਇੱਕ ਵਿਸ਼ੇਸ਼ਤਾ ਇਹ ਰਹੀ ਕਿ ਸ਼ਹਿਰੀ ਆਬਾਦੀ ਸੱਤਿਆਗ੍ਰਹਿਆਂ ਪ੍ਰਤੀ ਹਮਦਰਦ ਰਹੀ ।

ਉਹ ਉਹਨਾਂ ਨੂੰ ਗ੍ਰਿਫ਼ਤਾਰੀ ਲਈ ਤਿਆਰ ਹੁੰਦੇ ਦੇਖਣ ਲਈ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੁੰਦੇ ਸਨ। ਪੁਲਸ ਹੁਣ ਉਨ੍ਹਾਂ ਲੋਕਾਂ ਨੂੰ ਕੁੱਟ ਰਹੀ ਹੈ। ਅਸੀਂ ਮੋਗਾ ਦੇ ਕਿਸਾਨ ਸਭਾ ਦਫ਼ਤਰ ਵਿੱਚ ਇੱਕ ਵਿਅਕਤੀ ਨੂੰ ਮਿਲੇ, ਜਿਸ ਨੇ ਕਿਹਾ ਕਿ ਜਦੋਂ ਪੁਲਸ ਨੇ ਉਸ ਨੂੰ ਕਾਬੂ ਕੀਤਾ ਤਾਂ ਉਹ ਸੱਤਿਆਗ੍ਰਹੀਆਂ ਤੋਂ ਸੌ ਗਜ਼ ਦੂਰ ਖੜ੍ਹਾ ਸੀ। ਬਾਅਦ ਵਿੱਚ ਅਸੀਂ ਅਜਿਹੀਆਂ ਕਈ ਕਹਾਣੀਆਂ ਸੁਣੀਆਂ।

ਇੱਥੇ ਫਿਰ ਸਾਨੂੰ ਦੱਸਿਆ ਗਿਆ ਕਿ ਕਿਵੇਂ ਸੱਤਿਆਗ੍ਰਹੀਆਂ ਨੂੰ ਅਦਾਲਤ ਦੇ ਇੱਕ ਕਮਰੇ ਵਿੱਚ ਸਜ਼ਾ ਸੁਣਾਈ ਜਾ ਰਹੀ ਸੀ, ਜਦੋਂ ਕਿ ਦੂਜੇ ਕਮਰੇ ਵਿੱਚ ਪੁਲਸ ਦੁਆਰਾ ਉਨ੍ਹਾਂ ਨੂੰ ਕੁੱਟਿਆ ਗਿਆ ਸੀ।

ਬਰਨਾਲਾ ਵਿੱਚ ਅਸੀਂ ਸਮੂਹਿਕ ਦਹਿਸ਼ਤ ਦੀ ਹੱਦ ਦੇਖੀ। ਪੁਲਸ ਹਰ ਜਗ੍ਹਾ ਮੌਜੂਦ ਸੀ ਅਤੇ ਜਦੋਂ ਵੀ ਅਸੀਂ ਕਿਸੇ ਤੋਂ ਕਿਸਾਨ ਸਭਾ ਦੇ ਦਫ਼ਤਰ ਬਾਰੇ ਪੁੱਛਦੇ ਤਾਂ ਪੁਲਸ ਵਾਲੇ ਉਸ



ਵਿਅਕਤੀ ਕੋਲ ਜਾ ਕੇ ਸਾਡੇ ਬਾਰੇ ਪੁੱਛਦੇ ਸੀ।

ਆਖ਼ਰਕਾਰ ਜਦੋਂ ਅਸੀਂ ਕਿਸਾਨ ਸਭਾ ਦੇ ਦਫ਼ਤਰ ਨੂੰ ਲੱਭਿਆ ਤਾਂ ਅਸੀਂ ਦੇਖਿਆ ਕਿ ਦਫ਼ਤਰ ਨੂੰ ਤਾਲਾ ਲੱਗਿਆ ਹੋਇਆ ਹੈ।ਗੁਆਂਢੀਆਂ ਤੋਂ ਸਾਨੂੰ ਪਤਾ ਲੱਗਾ ਕਿ ਜੋ ਵੀ ਦਫ਼ਤਰ ਵਿੱਚ ਬੈਠਣ ਆਇਆ ਸੀ, ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਸੀ।

ਅਸੀਂ ਆਪਣੇ-ਆਪ ਸਥਿਤੀ ਦਾ ਪਤਾ ਲਗਾਉਣ ਲਈ ਸ਼ਹਿਰ ਦੇ ਕੇਂਦਰ ਵਿੱਚ ਵਾਪਸ ਆਏ। ਇੱਕ ਡਾਕਟਰ ਨੇ ਸਾਨੂੰ ਰੋਕਿਆ ਅਤੇ ਸਾਨੂੰ ਉਨ੍ਹਾਂ ਥਾਵਾਂ 'ਤੇ ਲੈ ਗਿਆ, ਜਿੱਥੇ ਲਾਠੀਚਾਰਜ ਹੋਇਆ ਸੀ। ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਤੁਰੰਤ ਕੁਝ ਪੁਲਸ ਵਾਲੇ ਆਏ, ਸਪੱਸ਼ਟ ਤੌਰ 'ਤੇ ਲੋਕਾਂ ਨੂੰ ਸੂਚਿਤ ਕਰਨ ਅਤੇ ਇਹ ਦੇਖਣ ਲਈ ਕਿ ਉਹ ਸਾਡੇ ਨਾਲ ਗੱਲ ਤਾਂ ਨਹੀਂ ਕਰਦੇ। ਜਦੋਂ ਅਸੀਂ ਪੁਲਸ ਵਾਲਿਆਂ ਨੂੰ ਦੂਰ ਜਾਣ ਲਈ ਕਿਹਾ ਤਾਂ ਉਨ੍ਹਾਂ ਦਾ ਜਵਾਬ ਸੀ, 'ਅਸੀਂ ਡਿਊਟੀ 'ਤੇ ਹਾਂ।'

60 ਸੱਤਿਆਗ੍ਰਹਿਆਂ ਦਾ ਇੱਕ ਜਥਾ 3 ਦਿਨ ਉੱਥੇ ਬੈਠਾ ਰਿਹਾ। ਪੁਲਸ ਨੇ ਉਨ੍ਹਾਂ ਵਿੱਚੋਂ 12 ਨੂੰ ਗ੍ਰਿਫ਼ਤਾਰ ਕਰ ਲਿਆ। ਸਾਨੂੰ ਦੱਸਿਆ ਗਿਆ ਕਿ ਪੁਲਸ ਨੇ ਆਪਣੇ ਕੁਝ ਆਦਮੀਆਂ ਨੂੰ ਨੇੜਲੀਆਂ ਇਮਾਰਤਾਂ ਦੀ ਛੱਤ 'ਤੇ ਕੁਝ ਪੱਥਰ ਸੁੱਟਣ ਲਈ ਭੇਜਿਆ। ਫਿਰ ਬਿਨਾਂ ਕਿਸੇ ਚੇਤਾਵਨੀ ਦੇ ਲਾਠੀਚਾਰਜ ਸ਼ੁਰੂ ਕਰ ਦਿੱਤਾ।

ਸ਼ਹਿਰ ਵਿੱਚ ਇੱਕ ਹੋਰ ਜਗ੍ਹਾ ਜਿੱਥੇ ਲਾਠੀਚਾਰਜ ਹੋਇਆ ਸੀ, ਉਹ ਅਦਾਲਤ ਤੋਂ ਲੱਗਭੱਗ ਇੱਕ ਫਰਲਾਂਗ ਦੂਰ ਇੱਕ ਤੰਗ ਮੰਡੀ ਸੀ। ਇੱਥੇ ਪੁਲਸ ਨੇ ਸੱਤਿਆਗ੍ਰਹਿਆਂ 'ਤੇ ਦਿਨ ਵੇਲੇ ਅਤੇ ਰਾਤ ਨੂੰ ਵੀ ਹਮਲਾ ਕੀਤਾ ਸੀ। ਜਦੋਂ ਉਹ ਕੁਝ ਆਰਾਮ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਉਹਨਾਂ 'ਤੇ ਦੁਬਾਰਾ ਲਾਠੀਚਾਰਜ ਕੀਤਾ ਗਿਆ।

ਬਰਨਾਲਾ ਤੋਂ ਅਸੀਂ ਸੱਤਿਆਗ੍ਰਹੀਆਂ ਤੋਂ ਲਾਠੀਚਾਰਜ ਦੀ ਕਹਾਣੀ ਸੁਣਨ ਲਈ ਪਿੰਡ ਠੀਕਰੀਵਾਲ ਗਏ। ਇਹ ਸੇਵਾ ਸਿੰਘ ਠੀਕਰੀਵਾਲ ਦਾ ਪਿੰਡ ਹੈ, ਜੋ ਪਟਿਆਲਾ ਵਿੱਚ ਪ੍ਰਜਾ ਮੰਡਲ ਲਹਿਰ ਦੇ ਨਾਇਕ ਸਨ ਅਤੇ ਜੋ 30 ਦੇ ਦਹਾਕੇ ਦੇ ਅਖੀਰ ਵਿੱਚ ਜੇਲ੍ਹ ਵਿੱਚ ਭੁੱਖ ਹੜਤਾਲ ਦੌਰਾਨ ਮਰ ਗਏ ਸਨ।

ਸੱਤਿਆਗ੍ਰਹੀਆਂ ਨੇ ਗੁਰਦੁਆਰੇ ਵਿੱਚ ਜਿੱਤ ਪ੍ਰਾਪਤ ਹੋਣ ਤੱਕ ਲੜਨ ਦੀ ਸਹੁੰ ਖਾਣ ਤੋਂ ਬਾਅਦ ਪਿੰਡ ਤੋਂ ਸ਼ੁਰੂਆਤ ਕੀਤੀ। ਉਨ੍ਹਾਂ ਨੇ ਨਾਅਰੇ ਲਗਾਏ ਅਤੇ ਰਸਤੇ ਵਿੱਚ ਪਿੰਡਾਂ ਵਿੱਚੋਂ ਲੰਘੇ। ਉਹ ਸੱਤਿਆਗ੍ਰਹਿ ਕਰਨ ਲਈ ਅਦਾਲਤ ਪਹੁੰਚਣ ਤੋਂ ਪਹਿਲਾਂ ਬਰਨਾਲਾ ਦੀਆਂ ਤਿੰਨ ਮੰਡੀਆਂ ਵਿੱਚ ਘੁੰਮਦੇ ਰਹੇ। ਪੁਲਸ ਅਧਿਕਾਰੀਆਂ ਨੇ ਉਨ੍ਹਾਂ ਨੂੰ ਵਾਪਸ ਜਾਣ ਲਈ ਕਿਹਾ, ਪਰ ਪਿੰਡ ਵਾਸੀਆਂ ਨੇ ਕਿਹਾ ਕਿ ਉਹ ਵਾਪਸ ਜਾਣ ਲਈ ਨਹੀਂ ਆਏ, ਸਗੋਂ ਅਦਾਲਤੀ ਗ੍ਰਿਫ਼ਤਾਰੀ ਲਈ ਆਏ ਹਨ ਅਤੇ ਉਹ ਉੱਥੇ ਹੀ ਬੈਠ ਗਏ। ਰਾਤ ਨੂੰ ਉਹ ਗੁਰਦੁਆਰੇ ਗਏ, ਅਗਲੇ ਦਿਨ ਉਹ ਚਲੇ ਗਏ ਅਤੇ ਤਹਿਸੀਲ ਅਦਾਲਤ ਦੇ ਨੇੜੇ ਬੈਠ ਗਏ। ਪੁਲਸ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਉਨ੍ਹਾਂ ਨੂੰ ਕਿਤੇ ਵੀ ਜਾਣ ਨਹੀਂ ਦਿੱਤਾ।

ਬਾਅਦ ਵਿੱਚ ਪੁਲਸ ਨੇ 12 ਨੂੰ ਗ੍ਰਿਫ਼ਤਾਰ ਕਰ ਲਿਆ, ਬਾਕੀ 2 ਦਿਨ ਅਤੇ 2 ਰਾਤਾਂ ਬੈਠੇ ਰਹੇ। ਬਰਨਾਲਾ ਦੇ ਲੋਕ ਉਨ੍ਹਾਂ ਲਈ ਚਾਹ ਲੈ ਕੇ ਆਏ, ਪਰ ਪੁਲਸ ਨੇ ਚਾਹ ਖੋਹ ਕੇ ਸੁੱਟ ਦਿੱਤੀ।

ਫਿਰ ਪੁਲਸ ਨੇ ਲਾਠੀਚਾਰਜ ਕੀਤਾ। ਜਦੋਂ ਸੱਤਿਆਗ੍ਰਹੀਆਂ ਨੇ ਕਿਸਾਨ ਸਭਾ ਅਤੇ ਗੁਰਦੁਆਰੇ ਦੇ ਝੰਡਿਆਂ ਨੂੰ ਫੜਿਆ ਹੋਇਆ ਸੀ ਤਾਂ ਉਨ੍ਹਾਂ ਦੇ ਗੋਡਿਆਂ 'ਤੇ ਡੰਡੇ ਮਾਰੇ ਅਤੇ ਝੰਡੇ ਪਾੜ ਦਿੱਤੇ ਗਏ। ਉਨ੍ਹਾਂ ਨੂੰ ਘਸੀਟ ਕੇ ਗੁਰਦੁਆਰੇ ਵਿੱਚ ਛੱਡ ਦਿੱਤਾ ਗਿਆ। ਪੁਲਸ ਸਿਰਫ਼ ਗੰਭੀਰ ਜ਼ਖਮੀਆਂ ਨੂੰ ਹੀ ਚੁੱਕ ਕੇ ਲੈ ਗਈ। ਪਿੰਡ ਵਾਸੀਆਂ ਨੂੰ ਅਜੇ ਵੀ ਨਹੀਂ ਸੀ ਪਤਾ ਕਿ ਜੱਥੇ ਦੇ ਆਗੂ ਪ੍ਰੀਤਮ ਸਿੰਘ ਸਮੇਤ ਉਨ੍ਹਾਂ ਵਿੱਚੋਂ ਪੰਜ ਨਾਲ ਕੀ ਹੋਇਆ ਹੈ ਕਿਉਂਕਿ ਉਹ ਪਿੰਡ ਵਾਪਸ ਨਹੀਂ ਆਏ ਹਨ। ਜੋ ਵੀ ਪੁੱਛਣ ਲਈ ਪੁਲਸ ਸਟੇਸ਼ਨ ਜਾਂਦਾ, ਉਸ ਨੂੰ ਕੁੱਟ ਕੇ ਬਾਹਰ ਸੁੱਟ ਦਿੱਤਾ ਜਾਂਦਾ। ਸਾਨੂੰ ਦੱਸਿਆ ਗਿਆ ਕਿ ਉਨ੍ਹਾਂ 30 ਸੱਤਿਆਗ੍ਰਹੀਆਂ ਨੂੰ ਇੰਨੀ ਬੁਰੀ ਤਰ੍ਹਾਂ ਕੁੱਟਿਆ ਗਿਆ ਸੀ ਕਿ ਉਹ ਜ਼ਿੰਦਗੀ ਭਰ ਲਈ ਅਪੰਗ ਹੋ ਗਏ ਹਨ।

ਭੱਠਲ ਪਿੰਡ ਵਿੱਚ ਇੱਕ ਅੱਧਖੜ ਉਮਰ ਦੀ ਔਰਤ ਕਰਤਾਰ ਕੌਰ ਨੇ ਸਾਨੂੰ ਦੱਸਿਆ ਕਿ ਜਦੋਂ ਪੁਲਸ ਪਿੰਡਾਂ 'ਤੇ ਛਾਪਾ ਮਾਰਦੀ ਹੈ ਤਾਂ ਉਹ ਕਿਵੇਂ ਵਿਵਹਾਰ ਕਰਦੀ ਹੈ।

ਅੱਧੀ ਰਾਤ ਨੂੰ ਇੱਕ ਪੁਲਸ ਪਾਰਟੀ ਉਸ ਦੇ ਘਰ ਆਈ, ਦਰਵਾਜ਼ਾ ਖੜਕਾਇਆ ਅਤੇ ਉਸ ਨੂੰ ਖੋਲ੍ਹਣ ਲਈ ਕਿਹਾ। ਉਸ ਨੇ ਦਰਵਾਜ਼ਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ, ਪਰ ਪੁਲਸ ਜ਼ਬਰਦਸਤੀ ਘਰ ਵਿੱਚ ਦਾਖਲ ਹੋ ਗਈ। ਉਨ੍ਹਾਂ ਨੇ ਔਰਤਾਂ ਨੂੰ ਆਪਣੇ ਬੱਚਿਆਂ ਨੂੰ ਬਾਹਰ ਕੱਢਣ ਲਈ ਕਿਹਾ ਅਤੇ ਉਸ ਦੇ ਪਤੀ ਮੱਖਣ ਸਿੰਘ ਨੂੰ ਉਸ ਦੇ ਅਤੇ ਬੱਚਿਆਂ ਦੇ ਸਾਹਮਣੇ ਹੀ ਮਾਰਨਾ ਸ਼ੁਰੂ ਕਰ ਦਿੱਤਾ। ਫਿਰ ਮੱਖਣ ਸਿੰਘ ਨੂੰ ਕੁਝ ਭਾਂਡੇ, ਬਿਸਤਰੇ ਆਦਿ ਸਮੇਤ ਲੈ ਗਏ। ਜਦੋਂ ਉਹ ਵਾਪਸ ਆਇਆ ਤਾਂ ਉਸ ਦੀ ਬਾਂਹ ਟੁੱਟੀ ਹੋਈ ਸੀ। ਜਦੋਂ ਅਸੀਂ ਪੁੱਛਿਆ ਕਿ ਪੁਲਸ ਨੇ ਅਜਿਹਾ ਕਿਉਂ ਕੀਤਾ, ਤਾਂ ਉਸ ਨੇ ਕਿਹਾ ਕਿ ਇੱਕੋ ਇੱਕ ਕਾਰਨ ਇਹ ਸੀ ਕਿ ਉਹ ਸਥਾਨਕ ਕਮਿਊਨਿਸਟ ਨੇਤਾ ਹਰਦਿੱਤ ਸਿੰਘ ਦੇ ਗੁਆਂਢੀ ਸਨ, ਜਿਸ ਨੂੰ ਪੁਲਸ ਗ੍ਰਿਫ਼ਤਾਰ ਨਹੀਂ ਕਰ ਸਕੀ।

ਅਸੀਂ ਕਾਮਰੇਡ ਹਰਦਿੱਤ ਸਿੰਘ ਦਾ ਘਰ ਦੇਖਣ ਗਏ। ਘਰ ਬਿਲਕੁਲ ਖਾਲੀ ਸੀ, ਨਾ ਸਿਰਫ਼ ਇਨਸਾਨਾਂ ਤੋਂ, ਸਗੋਂ ਹੋਰ ਵੀ ਬਹੁਤ ਕੁਝ ਤੋਂ। ਪੁਲਸ ਨੇ ਸਭ ਕੁਝ ਚੁੱਕ ਲਿਆ ਸੀ, ਘਰ ਵਿੱਚ ਸਿਰਫ਼ ਟੁੱਟੀ ਹੋਈ ਕਰੌਕਰੀ ਦੇ ਕੁਝ ਟੁਕੜੇ ਅਤੇ ਫਰਸ਼ 'ਤੇ ਖਿੰਡੇ ਹੋਏ ਅਖ਼ਬਾਰ ਸਨ।

ਭੱਠਲ ਤੋਂ ਅਸੀਂ ਪਿੰਡ ਪੇਹਨੀ ਮਹਿਰਾਜ ਗਏ, ਜਿੱਥੇ ਪੁਲਸ ਦੀ ਧੱਕੇਸ਼ਾਹੀ ਦੇ ਨਤੀਜੇ ਵਜੋਂ 60 ਸਾਲ ਦੇ ਇੱਕ ਬਜ਼ੁਰਗ ਗੇਂਦਾ ਮੱਲ ਦੀ ਮੌਤ ਹੋ ਗਈ ਸੀ। ਉਸ ਦਾ ਵੱਡਾ ਪੁੱਤਰ ਵੇਦ ਪ੍ਰਕਾਸ਼ ਪਿੰਡ ਤੋਂ ਸੱਤਿਆਗ੍ਰਹਿ ਜਥੇ ਦੀ ਅਗਵਾਈ ਕਰ ਰਿਹਾ ਸੀ ਅਤੇ ਜੇਲ੍ਹ ਵਿੱਚ ਸੀ।ਉਸ ਦੇ ਛੋਟੇ ਪੁੱਤਰ ਰਘੁਵੀਰ ਚੰਦ ਤੋਂ ਅਸੀਂ ਉਸ ਦੇ ਪਿਤਾ ਦੀ ਮੌਤ ਦੀ ਕਹਾਣੀ ਸੁਣੀ।

ਰਘੁਵੀਰ ਨੇ ਦੱਸਿਆ ਕਿ ਉਹ ਆਪਣੀ ਦੁਕਾਨ ਵਿੱਚ ਸੌਂ ਰਿਹਾ ਸੀ, ਜਦੋਂ ਸਵੇਰੇ ਲੱਗਭੱਗ 5:30 ਵਜੇ ਦੋ ਪੁਲਸ ਕਾਂਸਟੇਬਲਾਂ ਨੇ ਉਸ ਨੂੰ ਜਗਾਇਆ ਅਤੇ ਪੁੱਛਿਆ ਕਿ ਉਸ ਦਾ ਵੱਡਾ ਭਰਾ ਕਿੱਥੇ ਹੈ। ਫਿਰ ਉਸ ਨੂੰ ਉਸ ਦੇ ਘਰ ਲਿਜਾਇਆ ਗਿਆ। ਉੱਥੇ ਉਸ ਨੇ ਇੱਕ ਸਬ ਇੰਸਪੈਕਟਰ ਅਤੇ ਕੁਝ ਕਾਂਸਟੇਬਲਾਂ ਨੂੰ ਉਸ ਦੇ ਪਿਤਾ ਨੂੰ ਲੱਤਾਂ ਮਾਰਦੇ ਅਤੇ ਕੁੱਟਦੇ ਦੇਖਿਆ, ਜਦੋਂ ਕਿ ਉਸ ਦੀ ਮਾਂ ਕਮਰੇ ਦੇ ਇੱਕ ਕੋਨੇ ਵਿੱਚ ਖੜ੍ਹੀ ਰੋ ਰਹੀ ਸੀ।

ਬੁੱਢਾ ਗੇਂਦਾ ਮੱਲ ਪਹਿਲਾਂ ਹੀ ਬਿਮਾਰ ਸੀ। ਜਦੋਂ ਉਸ ਨੂੰ ਬਹੁਤ ਬੇਰਹਿਮੀ ਨਾਲ ਕੁੱਟਿਆ ਗਿਆ, ਉਹ 24 ਘੰਟਿਆਂ ਦੇ ਅੰਦਰ-ਅੰਦਰ ਸੱਟਾਂ ਅਤੇ ਸਦਮੇ ਨਾਲ ਮਰ ਗਿਆ। ਸਾਨੂੰ ਦੱਸਿਆ ਗਿਆ ਕਿ 5 ਮਾਰਚ ਨੂੰ ਇੱਕ ਪੁਲਸ ਅਧਿਕਾਰੀ ਜੋ ਡੀ ਐੱਸ ਪੀ ਸੀ, ਕੁਝ ਕਾਂਸਟੇਬਲਾਂ ਨਾਲ ਪਿੰਡ ਵਿੱਚ ਦੁਬਾਰਾ ਆਇਆ। ਉਨ੍ਹਾਂ ਨੇ ਕੁਝ ਲੋਕਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਨੇ ਬਿਆਨ ਨਹੀਂ ਦਿੱਤੇ ਕਿ ਬਜ਼ੁਰਗ ਆਦਮੀ ਕੁਦਰਤੀ ਮੌਤ ਮਰਿਆ ਹੈ, ਤਾਂ ਉਨ੍ਹਾਂ ਦੇ ਬੰਦੂਕ ਦੇ ਲਾਇਸੈਂਸ ਰੱਦ ਕਰ ਦਿੱਤੇ ਜਾਣਗੇ। ਉਨ੍ਹਾਂ ਨੇ ਉਸ ਵਿਧਵਾ ਦੇ ਅੰਗੂਠੇ ਦਾ ਨਿਸ਼ਾਨ ਵੀ ਲਿਆ ਜੋ ਪੜ੍ਹ-ਲਿਖ ਨਹੀਂ ਸੀ ਸਕਦੀ। ਪਿੰਡ ਵਾਸੀਆਂ ਨੂੰ ਯਕੀਨ ਹੈ ਕਿ ਪੁਲਸ ਇਹ ਸਾਬਤ ਕਰਨ ਲਈ ਸਬੂਤ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਗੇਂਦਾ ਮਲ ਕੁਦਰਤੀ ਤੌਰ 'ਤੇ ਮਰਿਆ ਸੀ ਅਤੇ ਉਸ ਨੂੰ ਪੁਲਸ ਵੱਲੋਂ ਨਹੀਂ ਮਾਰਿਆ ਗਿਆ ਸੀ।

ਸੰਗਰੂਰ ਜ਼ਿਲ੍ਹਾ ਹੈੱਡਕੁਆਰਟਰ ਵਿੱਚ, ਅਸੀਂ ਡਿਪਟੀ ਕਮਿਸ਼ਨਰ ਦੀਆਂ ਕਰਤੂਤਾਂ ਬਾਰੇ ਸੁਣਿਆ। ਇਸ ਆਦਮੀ ਨੇ ਕਿਸਾਨ ਅੰਦੋਲਨ ਨੂੰ ਦਬਾਉਣ ਨੂੰ ਆਪਣਾ ਪਵਿੱਤਰ ਫਰਜ਼ ਸਮਝਿਆ ਸੀ। ਪੰਚਾਂ ਦੀ ਇੱਕ ਮੀਟਿੰਗ ਵਿੱਚ ਜੋ ਉਸ ਨੇ ਬੁਲਾਈ ਸੀ, ਜਦੋਂ ਉਨ੍ਹਾਂ ਨੇ ਸੱਤਿਆਗ੍ਰਹੀਆਂ ਨੂੰ ਕੁੱਟੇ ਜਾਣ ਦਾ ਵਿਰੋਧ ਕੀਤਾ, ਤਾਂ ਉਸ ਨੇ ਉਨ੍ਹਾਂ ਨੂੰ ਬਰਖਾਸਤ ਕਰਨ ਦੀ ਧਮਕੀ ਦਿੱਤੀ ਅਤੇ ਕਿਹਾ ਕਿ ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧੀ ਸਨ। ਲੌਂਗੋਵਾਲ ਪਿੰਡ ਵਿੱਚ ਇਸ ਡੀ ਸੀ ਨੇ ਕਿਸਾਨਾਂ ਨੂੰ ਕਿਹਾ ਕਿ ਜੇਕਰ ਉਹ ਮੋਰਚੇ ਵਿੱਚ ਸ਼ਾਮਲ ਹੁੰਦੇ ਹਨ ਤਾਂ ਉਹ ਤਕਾਵੀ ਅਤੇ ਸਰਕਾਰ ਵੱਲ ਉਨ੍ਹਾਂ ਦੇ ਹੋਰ ਕਰਜ਼ੇ ਵਸੂਲ ਕਰੇਗਾ। ਜਦੋਂ ਅਸੀਂ ਕੁਝ ਨਾਗਰਿਕਾਂ ਨੂੰ ਸੁਝਾਅ ਦਿੱਤਾ ਕਿ ਪੁਲਸ ਵਿਰੁੱਧ ਕੇਸ ਦਰਜ ਕੀਤੇ ਜਾਣ, ਜਿਸ ਵਿੱਚ ਪਹਿਨੀ ਮਹਿਰਾਜ ਘਟਨਾ ਵਿੱਚ 1 ਕਤਲ ਦਾ ਦੋਸ਼ ਵੀ ਸ਼ਾਮਲ ਹੈ, ਤਾਂ ਉਨ੍ਹਾਂ ਨੇ ਸਾਨੂੰ ਦੱਸਿਆ ਕਿ ਇਹ ਵੀ ਮੁਸ਼ਕਲ ਬਣਾਇਆ ਜਾ ਰਿਹਾ ਹੈ, ਕਿਉਂਕਿ ਵਕੀਲਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ ਅਤੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਬਰਨਾਲਾ ਦੇ ਵਕੀਲ ਮੁਕੰਦੀ ਲਾਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਫਿਰੋਜ਼ਪੁਰ ਵਿੱਚ ਇੱਕ ਵਕੀਲ ਨੂੰ ਸਲਾਖਾਂ ਪਿੱਛੇ ਬੰਦ ਕਰ ਦਿੱਤਾ ਗਿਆ ਹੈ। ਸੰਗਰੂਰ ਦੇ ਇੱਕ ਹੋਰ ਵਕੀਲ ਹਰਦਿਆਲ ਸਿੰਘ ਨੂੰ ਪੁਲਸ ਨੇ ਇੱਕ ਕੇਸ ਵਿੱਚ ਫਸਾਇਆ ਹੈ।

ਪੱਤਰਕਾਰ ਰਾਮਦਾਸ ਲਿਖਦਾ ਹੈ ਕਿ ਅਸੀਂ ਪੰਜਾਬ ਵਿੱਚ ਸਿਰਫ਼ ਤਿੰਨ ਦਿਨਾਂ ਲਈ ਸੀ ਅਤੇ ਅਸੀਂ ਸਿਰਫ਼ ਕੁਝ ਪਿੰਡਾਂ ਵਿੱਚ ਹੀ ਗਏ ਸੀ, ਪਰ ਜੋ ਕਹਾਣੀਆਂ ਅਸੀਂ ਸੁਣੀਆਂ ਸਨ, ਉਹ ਪੰਜਾਬ ਦੇ 9 ਜ਼ਿਲ੍ਹਿਆਂ ਦੇ ਲੱਗਭੱਗ ਹਰ ਪਿੰਡ ਵਿੱਚ ਦੁਹਰਾਈਆਂ ਜਾਣਗੀਆਂ, ਜਿੱਥੇ ਖੁਸ਼ਹੈਸੀਅਤੀ ਟੈਕਸ ਵਿਰੁੱਧ ਸੰਘਰਸ਼ ਚੱਲ ਰਿਹਾ ਹੈ।ਸੱਤਿਆਗ੍ਰਹੀਆਂ ਅਤੇ ਦਰਸ਼ਕਾਂ ਨੂੰ ਬੇਰਹਿਮੀ ਨਾਲ ਕੁੱਟਿਆ ਜਾ ਰਿਹਾ ਹੈ, ਵਕੀਲਾਂ ਅਤੇ ਉਨ੍ਹਾਂ ਦੇ ਕਲਰਕਾਂ ਨੂੰ ਵੀ ਪੱਖਪਾਤੀ ਢੰਗਾਂ ਨਾਲ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ। ਭਾਵੇਂ ਕਿਸਾਨ ਸਭਾ ਅਤੇ ਕਮਿਊਨਿਸਟ ਪਾਰਟੀ ਦੋਵੇਂ ਜਾਇਜ਼ ਹਨ, ਲਾਲ ਝੰਡਾ ਲਹਿਰਾਉਣ ਵਾਲੇ ਜਾਂ ਕਿਸਾਨ ਸਭਾ ਦਫ਼ਤਰ ਜਾਣ ਵਾਲੇ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਜਾਂਦਾ ਹੈ। ਹਥਿਆਰਬੰਦ ਪੁਲਸ ਪਿੰਡਾਂ ਵਿੱਚ ਛਾਪੇ ਮਾਰਦੀ ਹੈ, ਪਿੰਡ ਵਾਸੀਆਂ ਨੂੰ ਡਰਾਉਂਦੀ ਹੈ। ਉਹ ਔਰਤਾਂ ਨੂੰ ਖਾਸ ਨਿਸ਼ਾਨਾ ਬਣਾਉਂਦੀ ਹੈ। ਇਹ ਅੱਜ ਮੌਜੂਦਾ ਪੰਜਾਬ ਦੇ ਪਿੰਡਾਂ ਦੀ ਤਸਵੀਰ ਹੈ।ਪਰ ਛੋਟੀ ਜਿਹੀ ਫੇਰੀ ਦੌਰਾਨ ਅਸੀਂ ਤਸਵੀਰ ਦਾ ਦੂਜਾ ਪਾਸਾ ਵੀ ਦੇਖਿਆ, ਇਹ ਸੀ ਦ੍ਰਿੜ੍ਹ ਲੋਕਾਂ ਦਾ ਉਤਸ਼ਾਹ।

ਅਸੀਂ ਜਿੱਥੇ ਵੀ ਜਾਂਦੇ ਸੀ, ਭਾਵੇਂ ਸਵੇਰ ਹੋਵੇ, ਦੁਪਹਿਰ ਹੋਵੇ, ਸ਼ਾਮ ਹੋਵੇ ਜਾਂ ਰਾਤ ਹੋਵੇ, ਕੁਝ ਸਕਿੰਟਾਂ ਵਿੱਚ ਹੀ ਪੂਰਾ ਪਿੰਡ ਇਕੱਠਾ ਹੋ ਜਾਂਦਾ ਸੀ ਅਤੇ ਦਰਸ਼ਕਾਂ ਦਾ ਵੱਡਾ ਹਿੱਸਾ, ਹਮੇਸ਼ਾ ਪਿੰਡ ਦੀਆਂ ਔਰਤਾਂ ਹੁੰਦੀਆਂ ਸਨ, ਜੋ ਘਰ ਦੇ ਸਾਰੇ ਕੰਮ ਛੱਡ ਕੇ ਆਪਣੇ ਬੱਚਿਆਂ ਨੂੰ ਲੈ ਕੇ ਮੀਟਿੰਗ ਵਿੱਚ ਆਉਂਦੀਆਂ ਸਨ।

ਜ਼ਿਆਦਾਤਰ ਪਿੰਡਾਂ ਵਿੱਚ ਸਾਡੇ ਆਉਣ ਦੀ ਪਹਿਲਾਂ ਤੋਂ ਕੋਈ ਸੂਚਨਾ ਨਹੀਂ ਸੀ ਹੁੰਦੀ। ਕਾਰ 'ਤੇ ਲਾਲ ਝੰਡਾ ਦੇਖਣ ਵਾਲਾ ਪਹਿਲਾ ਵਿਅਕਤੀ, ਇਹ ਪਤਾ ਲਗਾਉਣ ਲਈ ਆਉਂਦਾ ਸੀ ਕਿ ਅਸੀਂ ਕੌਣ ਹਾਂ। ਕੁਝ ਮਾਮਲਿਆਂ ਵਿੱਚ ਸਾਨੂੰ ਅਜਿਹੇ ਲੋਕ ਮਿਲਦੇ ਸਨ, ਜੋ ਕਾਮਰੇਡ ਗੋਪਾਲਨ ਨੂੰ ਪਹਿਲਾਂ ਹੀ ਜਾਣਦੇ ਸਨ। ਜ਼ਿਆਦਾਤਰ ਕਾਰਕੁਨ ਪਹਿਲਾਂ ਹੀ ਜੇਲ੍ਹ ਵਿੱਚ ਹਨ ਅਤੇ ਜੋ ਅੱਜ ਅੰਦੋਲਨ ਦੀ ਅਗਵਾਈ ਕਰ ਰਹੇ ਹਨ, ਉਹ ਆਮ ਕਿਸਾਨ ਹਨ, ਜੋ ਕਦੇ ਕਿਸਾਨ ਸਭਾ ਵਿੱਚ ਨਹੀਂ ਗਏ। ਜਦੋਂ ਅਸੀਂ ਆਪਣੀ ਜਾਣ-ਪਛਾਣ ਕਰਾਉਂਦੇ ਸੀ ਤਾਂ ਦੋ ਜਾਂ ਤਿੰਨ ਲੋਕਾਂ ਨੂੰ ਪਿੰਡ ਦੇ ਵੱਖ-ਵੱਖ ਹਿੱਸਿਆਂ ਵਿੱਚ ਭੇਜਿਆ ਜਾਂਦਾ ਸੀ ਅਤੇ ਫਿਰ ਲੋਕ ਘਰਾਂ ਵਿੱਚੋਂ ਪਿੰਡ ਦੇ ਚੌਕ ਵੱਲ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਗ਼ਦਰ ਲਹਿਰ ਦਾ ਕੂਕਾ ਸ਼ਹੀਦ ਭਾਈ ਹਜ਼ਾਰਾ ਸਿੰਘ ਰਾਈਆਂ

**ਸੁਵਰਨ ਸਿੰਘ ਵਿਰਕ**

ਪੰਜਾਬ ਦੇ ਮੰਦਵਾੜੇ ਤੋਂ ਸਤਾਏ ਕਿਸਾਨਾਂ ਨੇ ਓਪਰੀਆਂ ਧਰਤੀਆਂ ਵੱਲ ਮੂੰਹ ਕੀਤਾ। ਪਹਿਲਾਂ ਉਨ੍ਹਾਂ ਦੱਖਣ ਪੂਰਬ ਏਸ਼ੀਆ, ਹਿੰਦ ਚੀਨੀ ਆਦਿ ਦੇ ਦੇਸ਼ਾਂ ਵਿੱਚ ਕਿਰਤ ਕਮਾਈ ਕਰਨ ਦੀ ਟੋਹ ਲਈ। ਫਿਰ ਉਨ੍ਹਾਂ ਨੂੰ ਅਮਰੀਕਾ ਕੈਨੇਡਾ ਆਦਿ ਵਿੱਚ ਵਧੇਰੇ ਉਜਰਤਾਂ ਦੀ ਸੂਹ ਲੱਗੀ। ਹੁਣ ਉਨ੍ਹਾਂ ਦਾ ਰੁੱਖ ਇਨ੍ਹਾਂ ਦੇਸਾਂ ਵੱਲ ਹੋ ਗਿਆ। 1910 ਈ. ਤੱਕ ਦਸ ਹਜ਼ਾਰ ਤੋਂ ਉਪਰ ਭਾਰਤੀ ਜਿਨ੍ਹਾਂ 'ਚੋਂ ਤਕਰੀਬਨ ਨੱਬੇ ਫੀਸਦੀ ਤੋਂ ਵੱਧ ਪੰਜਾਬੀ ਸਨ ਅਮਰੀਕਾ ਅਤੇ ਕੈਨੇਡਾ ਵਿੱਚ ਪੁੱਜ ਗਏ। ਇਨ੍ਹਾਂ ਵਿੱਚੋਂ ਬਹੁ ਗਿਣਤੀ ਸਿੱਖ ਕਿਸਾਨਾਂ ਅਤੇ ਵਿਰਲੇ ਟਾਂਵੇਂ ਦਸਤਕਾਰ ਜਾਂ ਕੁਝ ਪੜ੍ਹਨ ਲਈ ਬੁੱਧੀਜੀਵੀ ਗਏ ਸਨ। ਸਿੱਖ ਕਿਸਾਨਾਂ ਵਿੱਚ ਵੀ ਪੂਰਵ ਸੈਨਿਕਾਂ ਦੀ ਗਿਣਤੀ ਨੁਮਾਇਆ ਸੀ। ਇਨ੍ਹਾਂ ਨੂੰ ਇੱਥੇ ਰਹਿੰਦਿਆਂ ਗੋਰੇ ਮਜ਼ਦੂਰਾਂ ਵੱਲੋਂ ਆਪਣੇ ਪ੍ਰਤੀ ਹੁੰਦੀ ਈਰਖਾ ਅਤੇ ਸਾੜਾ ਪ੍ਰਤੱਖ ਨਜ਼ਰ ਆਇਆ। ਉਹ ਇਨ੍ਹਾਂ ਨੂੰ "ਕੁੱਲੀ ਕੁੱਲੀ" ਕਹਿ ਕੇ ਅਪਮਾਨਿਤ ਕਰਦੇ ਸਨ। ਕੱਲੇ ਦੁਕੱਲੇ ਨੂੰ ਟੱਕਰਨ ਤੇ ਕੁੱਟ ਮਾਰ ਵੀ ਕਰ ਦਿੰਦੇ। ਹੋਟਲਾਂ ਅਤੇ ਰੈਸਟੋਰੈਂਟਾਂ ਦੇ ਬੂਹੇ ਤੇ ਲਿਖ ਕੇ ਲਾਇਆ ਸੀ-"ਕੁੱਤੇ ਅਤੇ ਭਾਰਤੀ ਅੰਦਰ ਨਹੀਂ ਆ ਸਕਦੇ।"

ਕੈਨੈਡਾ ਦੀ ਸਰਕਾਰ ਵੱਲੋਂ ਆਮ ਹਿੰਦੀਆਂ ਦੇ ਪਰਿਵਾਰ ਸਮੇਤ ਦਾਖਲੇ ਨੂੰ ਰੋਕਣ ਲਈ ਊਲ ਜਲੂਲ ਅਤੇ ਬੇਤੁਕੀਆਂ ਸ਼ਰਤਾਂ ਲਾ ਦਿੱਤੀਆਂ ਦਾਖਲਾ ਫੀਸ ਵਧਾ ਦਿੱਤੀ ਗਈ। ਕੈਨੇਡਾ ਵਿੱਚੋਂ ਭਾਰਤੀਆਂ ਨੂੰ ਮੱਛਰ ਮਲੇਰੀਏ ਦੀ ਭਰਮਾਰ ਵਾਲੇ ਹੌਂਡੂਰਸ ਟਾਪੂ ਵਿੱਚ ਭੇਜਣ ਦੀ ਯੋਜਨਾ ਬਣਾਈ ਗਈ। ਇਸ ਨੂੰ ਰੋਕਣ ਲਈ ਭਾਰਤੀਆਂ ਨੇ ਇੱਕ ਪ੍ਰਤੀਨਿਧ ਮੰਡਲ ਲੋਕ ਰਾਇ ਵਿੱਚ ਤਿਆਰ ਕਰਨ ਲਈ ਪੰਜਾਬ (ਭਾਰਤ) ਅਤੇ ਇੰਗਲੈਂਡ ਵਿੱਚ ਵੀ ਭੇਜਿਆ ਇਨ੍ਹਾਂ ਨੂੰ ਆਸ ਸੀ ਕਿ ਕੈਨੇਡਾ ਵੀ ਭਾਰਤ ਜਿਉਂ ਹੀ ਬਰਤਾਨੀਆ ਦੀ ਬਸਤੀ ਹੈ ਹੋਣ ਕਰ ਕੇ ਇੰਗਲੈਂਡ ਦੀ ਸਰਕਾਰ ਸਾਡੀ ਗੱਲ ਸੁਣ ਕੇ ਕੈਨੇਡਾ ਸਰਕਾਰ ਨੂੰ ਸਾਡੇ ਨਾਲ ਨਿਆਂ ਕਰਨ ਲਈ ਕਹੇਗੀ ਪਰ ਅਜਿਹਾ ਨਾ ਤਾਂ ਉਨ੍ਹਾਂ ਟੱਬਰ ਮੰਗਾਉਣ ਲਈ ਘੋਲ ਕਰਨਾ ਪਿਆ।

ਅਮਰੀਕਾ ਵਿੱਚ ਪ੍ਰਸ਼ਾਂਤ ਸਾਗਰ ਦੇ ਪੱਛਮੀ ਕਿਨਾਰੇ ਤੇ ਵੱਸਣ ਵਾਲੇ ਹਿੰਦੀ, ਪ੍ਰਵਾਸੀਆਂ ਲਾਲਾ ਹਰਦਿਆਲ ਦੀ ਅਗਵਾਈ ਵਿੱਚ ਜਥੇਬੰਦ ਹੋਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਆਪਣੇ ਦੇਸ਼ ਹੀ ਗੁਲਾਮੀ ਨੂੰ ਹੀ ਆਪਣੇ ਨਾਲ ਹੁੰਦੇ ਸਾਰੇ ਵਿਤਕਰਿਆਂ ਅਤੇ ਮਾਨਸਿਕ ਸਰੀਰਕ, ਸਮਾਜਿਕ ਸਿਆਸੀ ਉਤਪੀੜਨ ਦਾ ਇੱਕ ਮਾਤਰ ਕਾਰਨ ਸਮਝਿਆ। ਉਨ੍ਹਾਂ ਨੇ ਇਹ ਵੀ ਸਮਝ ਲਿਆ ਕਿ ਮੁੱਠੀ ਭਰ ਗੋਰੇ ਜੋ ਸਾਡੇ ਤੇ ਰਾਜ ਕਰ ਰਹੇ ਹਨ, ਉਸ ਦਾ ਆਧਾਰ ਉਨ੍ਹਾਂ ਦੇ ਕਬਜ਼ੇ ਵਿੱਚ ਭਾਰਤ ਦੀ ਸੈਨਾ ਹੈ। ਇਸ ਲਈ ਆਮ ਲੋਕਾਂ ਨੂੰ ਸੰਗਠਿਤ ਕਰਕੇ ਸੈਨਾ ਦੇ ਦੇਸ਼ ਭਗਤ ਤਬਕਿਆਂ ਨੂੰ ਅੰਗਰੇਜ਼ੀ ਸਰਕਾਰ ਦੇ ਖ਼ਿਲਾਫ਼ ਲੜਨੀ ਦੇ ਮੈਦਾਨ ਵਿੱਚ ਲਿਆ ਕੇ, ਹਥਿਆਰਬੰਦ ਇਨਕਲਾਬ ਦੁਆਰਾ ਗੋਰਾ ਸ਼ਾਹੀ ਦੀਆਂ ਸਫ਼ਾਂ ਵਲ੍ਹੇਟੀਆਂ ਜਾ ਸਕਦੀਆਂ ਹਨ। ਇਸ ਕੰਮ ਲਈ ਉਨ੍ਹਾਂ 1857 ਦੇ ਪਹਿਲੇ ਜਨ ਉਭਾਰ ਜਿਸ ਨੂੰ ਅੰਗਰੇਜ਼ ਹਿਕਾਰਤ ਨਾਲ 'ਗ਼ਦਰ' ਆਖਦੇ ਸਨ ਨੰਬਰ 1913 ਵਿੱਚ ਸਾਨ ਫਰਾਂਸਿਸਕੋ ਤੋਂ 'ਗ਼ਦਰ' ਅਖਬਾਰ ਛਪਣਾ ਸ਼ੁਰੂ ਕੀਤਾ। ਇਹ ਪੰਜਾਬੀ, ਉਰਦੂ, ਗੁਜਰਾਤੀ ਅਤੇ ਕੁਝ ਹੋਰ ਭਾਸ਼ਾਵਾਂ ਵਿੱਚ ਛਾਪਿਆ ਜਾਂਦਾ ਸੀ। ਇਸ ਦੀਆਂ ਲਿਖਤਾਂ ਵਿੱਚ ਅੰਕੜਿਆਂ ਦੀ ਅਗਵਾਈ ਦੇ ਅਨੁਵਾਨ ਹੇਠ ਭਾਰਤ ਵਿੱਚ ਬਰਤਾਨਵੀ ਸਰਕਾਰ ਦੁਆਰਾ ਹੁੰਦੀ ਲੁੱਟ ਖਸੁੱਟ ਦੇ ਕੱਚੇ ਚਿੱਠੇ ਫੋਲੇ ਜਾਂਦੇ। ਪੰਜਾਬੀ ਵਿੱਚ ਛਪਣ ਵਾਲੀਆਂ ਇਸ ਦੇ ਕਵੀਆਂ ਦੁਆਰਾ ਲਿਖਤ ਦੇਸ਼ ਭਗਤੀ ਦੀਆਂ ਕਵਿਤਾਵਾਂ ਤਾਂ ਠੰਢਾ ਹੋ ਚੁੱਕਾ ਖ਼ੂਨ ਵੀ ਖੌਲਣ ਲਾ ਦਿੰਦੀਆਂ ਸਨ। ਪਾਰਟੀ ਦਾ ਪਹਿਲਾ ਨਾਮ "ਪ੍ਰਸ਼ਾਂਤ ਸਾਗਰ ਤਟ ਦੇ ਭਾਰਤੀਆਂ ਦੀ ਸਭਾ" ਸੀ। ਪਰ ਗ਼ਦਰ ਅਖ਼ਬਾਰ ਜੋ ਲੱਖਾਂ ਵਿੱਚ ਛਪ ਕੇ ਦੇਸ਼ ਅਤੇ ਹੋਰ ਦੇਸ਼ਾਂ ਵਿੱਚ ਜਿੱਥੇ ਜਿੱਥੇ ਵੀ ਭਾਰਤੀ ਸਨ ਪੁਚਾਇਆ ਜਾਂਦਾ ਸੀ ਦੀ ਪ੍ਰਸਿੱਧੀ ਅਤੇ ਮਕਬੂਲੀਅਤ ਦੀ ਵਜ੍ਹਾ ਕਰਕੇ ਇਸ ਸਭਾ ਨੂੰ ਹੁਣ "ਗ਼ਦਰ ਪਾਰਟੀ" ਕਹਿ ਕੇ ਹੀ ਬੁਲਾਇਆ ਜਾਣ ਲੱਗਾ।

ਦੁਨੀਆਂ ਦੇ ਹਾਲਾਤ ਤੇਜ਼ੀ ਨਾਲ ਬਦਲ ਰਹੇ ਸਨ। ਪਹਿਲੀ ਸੰਸਾਰ ਜੰਗ ਦੇ ਬੱਦਲ ਯੋਰਪ ਤੇ ਛਾਏ ਹੋਏ ਸਨ। ਉਧਰ ਕਾਮਾਗਾਟਾ ਮਾਰੂ ਜਹਾਜ਼ ਜਿਸ ਵਿੱਚ ਨਵੀਆਂ ਸ਼ਰਤਾਂ ਤਹਿਤ ਆਏ 376 ਮੁਸਾਫ਼ਰਾਂ ਨੂੰ ਵੀ ਕੈਨੇਡਾ ਸਰਕਾਰ ਨੇ ਦੋ ਮਹੀਨੇ ਸਮੁੰਦਰ ਵਿੱਚ ਰੋਕੀ ਰੱਖ ਕੇ ਜੁਲਾਈ 1914 ਵਿੱਚ ਵਾਪਸ ਹਿੰਦ ਨੂੰ ਮੋੜ ਦਿੱਤਾ ਬਿਨਾ ਆਪਣੀ ਧਰਤੀ ਤੇ ਪੈਰ ਪਾਇਆ ਹੀ। ਇਸ ਘਟਨਾ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ। ਸਾਡੇ ਗ਼ਦਰੀਆਂ ਦਾ ਹੁਣ ਇਹੋ ਨਾਅਰਾ ਸੀ-

"ਚਲੋ ਚੱਲੀਏ ਦੇਸ਼ ਨੂੰ ਜੰਗ ਕਰਨੇ। ਇਹੋ ਆਖਰੀ ਬਦਨ ਫੁਰਮਾਨ ਹੋ। ਕੋਈ 8000 ਹਿੰਦੀ ਆਪਣੀ ਵਰ੍ਹਿਆਂ ਦੀ ਕਮਾਈ ਨੂੰ ਠੋਹਕਰ ਮਾਰ ਕੇ, ਬਹੁਤ ਸਾਰਾ ਅਸਲਾ ਗੋਲਾ ਬਾਰੂਦ ਅਤੇ ਪ੍ਰਚਾਰ ਸਮੱਗਰੀ ਲੈ ਕੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਸਿਰ ਤੇ ਕਫਨ ਬੰਨ੍ਹ ਕੇ ਚੱਲ ਪਏ। ਕਲਕੱਤੇ ਦੇ ਪਾਸ ਬਜਬਜ ਘਾਟ ਤੇ ਜਹਾਜ਼ ਕਾਮਾਗਾਟਾ ਮਾਰੂ ਦੇ ਦੋ ਕੁ ਦਰਜਨ ਯਾਤਰੀ ਪੁਲਸ ਗੋਲੀਬਾਰੀ ਵਿੱਚ ਮਾਰੇ ਗਏ। ਦੂਸਰੇ ਕਲਕੱਤੇ ਤੋਂ ਰੇਲ ਚੜ੍ਹਾ ਕੇ ਪੁਲਸ ਨਿਗਰਾਨੀ ਹੇਠ ਲੁਧਿਆਣੇ ਪੁਚਾਏ ਗਏ। ਇੱਥੇ ਛਾਣਬੀਣ ਕਰਕੇ ਜ਼ਿਆਦਾ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਕੁਝ ਨਾਂ ਨੂੰ ਪੁਲਸ ਨਿਗਰਾਨੀ ਹੇਠ ਘਰਾਂ ਵਿੱਚ ਰੱਖਿਆ। ਜ਼ਿਆਦਾਤਰ ਗ਼ਦਰੀ ਆਸੇ ਪਾਸੇ ਖਿੰਡ ਗਏ। ਉਨ੍ਹਾਂ ਨੇ ਮਾਝੇ ਅਤੇ ਮਾਲਵੇ ਵਿੱਚ ਆਪਣੇ ਕਈ ਕੇਂਦਰ ਜਿਹਾ ਕਿ ਲਾਹੌਰ ਅੰਮ੍ਰਿਤਸਰ ਫਿਰੋਜ਼ਪੁਰ, ਲੁਧਿਆਣਾ ਵਿੱਚ ਝਾੜ ਸਾਹਿਬ ਲੋਹਟ ਬੱਧੀ ਆਦਿ ਕਈ ਕੇਂਦਰ ਸਥਾਪਤ ਕਰ ਲਏ। ਬੰਬ ਬਣਾਏ ਜਾਣ ਲੱਗੇ। ਅਸਲਾ ਜੋੜਿਆ ਗਿਆ। ਇਨ੍ਹਾਂ ਕੰਮਾਂ ਲਈ ਡਾਕੇ ਮਾਰ ਕੇ ਮਾਇਆ ਵੀ ਕੁਝ ਜੁਟਾਈ ਗਈ। ਫੌਜੀ ਛਾਉਣੀਆਂ ਨਾਲ ਬੰਨੂ ਕੋਹਾਟ (ਸੂਬਾ ਸਰਹੱਦ) ਤੋਂ ਲੈ ਕੇ ਫੈਜ਼ਾਬਾਦ (ਯੂ ਪੀ) ਤੱਕ ਰਾਬਤਾ ਕਾਇਮ ਕਰ ਲਿਆ।

ਗ਼ਦਰ ਕਰਨ ਦੀਆਂ ਪਹਿਲਾਂ 21 ਫ਼ਰਵਰੀ ਅਤੇ ਫਿਰ 19 ਫ਼ਰਵਰੀ 1915 ਤਾਰੀਖਾਂ ਮਿਥੀਆਂ ਗਈਆਂ। ਪਰ ਪਹਿਲਾਂ ਵੀ ਅਤੇ ਦੁਬਾਰਾ ਵੀ ਬਦਲੀ ਤਾਰੀਖ ਦੀ ਸੂਹ, ਸਰਕਾਰੀ ਸੂਹੀਆਂ/ਮੁਖ਼ਬਰਾਂ ਦੁਆਰਾ ਹਕੂਮਤ ਤੱਕ ਪੁੱਜ ਗਈ। ਉਨ੍ਹਾਂ ਤੁਰੰਤ ਲੋੜੀਂਦੀਆਂ ਪੇਸ਼ਬੰਦੀਆਂ ਕਰਕੇ, ਛਾਉਣੀਆਂ ਵਿੱਚੋਂ ਸ਼ੱਕੀ ਪਲਟਣਾਂ, ਰੈਜੀਮੈਂਟਾਂ ਤੋਂ ਤੁਰੰਤ ਹਥਿਆਰ ਲੈ ਲਏ ਅਤੇ ਫਿਰ ਗ਼ਦਰੀ ਟਿਕਾਣਿਆਂ ਤੇ ਛਾਪੇਮਾਰੀ ਅਤੇ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋਇਆ। ਲਾਹੌਰ ਸਾਜਿਸ਼ ਕੇਸ ਕਈ ਕਿਸ਼ਤਾਂ ਵਿੱਚ ਚਲਾਏ ਗਏ। ਅੰਬਾਲਾ, ਮੇਰਠ, ਸਿੰਘਾਪੁਰ ਅਤੇ ਕਈ ਹੋਰ ਛਾਉਣੀਆਂ ਵਿੱਚ ਕੋਰਟ ਮਾਰਸ਼ਲ ਕਰਕੇ ਸੈਨਿਕਾਂ ਨੂੰ ਫਾਹੇ ਟੰਗਿਆ ਗਿਆ, ਗੋਲੀਆਂ ਨਾਲ ਉਡਾਇਆ ਗਿਆ ਜਾਂ ਕਾਲੇ ਪਾਣੀਆਂ ਦੀਆਂ ਸਖ਼ਤ ਸਜ਼ਾਵਾਂ ਭੁਗਤਾਈਆਂ ਗਈਆਂ, ਜਿੱਥੋਂ ਦੀ ਸਖ਼ਤੀ ਕਈਆਂ ਦੀ ਜਾਨ ਲੈ ਗਈ। ਸੋਹਣ ਸਿੰਘ ਜੋਸ਼ ਹੋਰਾਂ ਦੀ ਲਿਖਤ ਮੁਤਾਬਕ ਗ਼ਦਰ ਲਹਿਰ ਵਿੱਚ ਫਾਂਸੀਆਂ ਅਤੇ ਪੁਲਸ ਫੌਜ ਦੀਆਂ ਗੋਲੀਆਂ ਨਾਲ ਸ਼ਹੀਦ ਹੋਣ ਵਾਲੇ ਅਤੇ ਕਾਲੇ ਪਾਣੀ ਦੀਆਂ ਜਲਾਵਤਨੀਆਂ ਅਤੇ ਹੋਰ ਜੇਲ੍ਹਾਂ ਵਿੱਚ ਉਮਰ ਕੈਦਾਂ ਕੱਟਣ ਵਾਲੇ ਸੂਰਮਿਆਂ ਦੀ ਗਿਣਤੀ ਪੰਜ ਸੌ ਤੋਂ ਘੱਟ ਨਹੀਂ ਹੋ ਸਕਦੀ, ਜਦੋਂ ਕਿ ਸਰਕਾਰੀ ਲਿਖਤਾਂ ਵਿੱਚ ਇਸ ਨੂੰ ਕਿਤੇ ਘਟਾ ਕੇ ਪੇਸ਼ ਕੀਤਾ ਜਾਂਦਾ ਹੈ।

ਇਹ ਇਕ ਪ੍ਰਵਾਨਿਤ ਤੱਥ ਹੈ ਕਿ ਅੰਮ੍ਰਿਤਸਰ, ਫਿਰੋਜ਼ਪੁਰ ਜਾਂ ਲੁਧਿਆਣਾ ਜ਼ਿਲ੍ਹਿਆਂ ਦੇ ਜਿਨ੍ਹਾਂ ਪਿੰਡਾਂ, ਕਸਬਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਅਗਆਈ ਹੇਠ ਚੱਲਣ ਵਾਲੀ ਬਸਤੀਵਾਦ ਵਿਰੋਧੀ ਕੂਕਾ ਲਹਿਰ ਦੇ ਪ੍ਰਮੁੱਖ ਕੇਂਦਰ ਉਸਰੇ ਜਿਹਾ ਕਿ ਮਾਝੇ ਵਿੱਚ ਸਰਹਾਲੀ ਦਾ ਆਲਾ ਦੁਆਲਾ, ਮਾਲਵੇ ਵਿੱਚ ਬਾਘਾ ਪੁਰਾਣ, ਨਿਹਾਲ ਸਿੰਘ ਵਾਲਾ ਥਾਣਿਆਂ ਦੇ ਪਿੰਡ, ਲੁਧਿਆਣੇ ਵਿੱਚ ਕਿਲਾ ਰਾਇਪੁਰ ਦਾ ਲਾਗਾ ਚਾਗਾ, ਇਹੋ ਥਾਵਾਂ ਬਾਅਦ ਵਿੱਚ ਗਦਰੀਆਂ ਦਾ ਗੜ੍ਹ ਬਣ ਕੇ ਉੱਭਰੀਆਂ। ਬਹੁਤ ਸਾਰੇ ਕਦੇ ਕੂਕਿਆਂ ਦੀ ਵੱਸੋਂ ਵਾਲੇ ਰਹੇ ਪਿੰਡ ਹੀ ਮੁੜ ਗ਼ਦਰੀਆਂ ਦੇ ਪਿੰਡ ਬਣੇ ਸਨ। ਗ਼ਦਰ ਲਹਿਰ ਦਾ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਸਾਂਝੀਵਾਲਤਾ ਦੇ ਮੁਦਈ ਇਕ ਕੂਕਾ ਸਾਧੂ ਬਾਬਾ ਕੇਸਰ ਸਿੰਘ ਮੁਹਾਵਾ ਦੀ ਸੰਗਤ ਕਾਰਨ ਹੀ 1896 ਤੋਂ 1908 ਤੱਕ ਨਾਮਧਾਰੀ ਵਿਸ਼ਵਾਸ਼ਾਂ ਮੁਤਾਬਕ ਵਿਚਰਿਆ। ਇਨ੍ਹਾਂ ਤੋਂ ਹੀ ਉਸ ਨੂੰ ਦੇਸ਼ ਭਗਤੀ ਅਤੇ ਲੋਕ ਭਗਤੀ ਦੀ ਲਗਨ ਲੱਗੀ। ਇਹ ਮਾਣ ਵੀ ਗ਼ਦਰ ਅਖਬਾਰ ਦੀਆਂ ਲਿਖਤਾਂ ਨੂੰ ਜਾਂਦਾ ਹੈ ਕਿ ਉਨ੍ਹਾਂ ਨੇ ਕੂਕਿਆਂ ਦੀਆਂ ਦੇਸ਼ ਆਜ਼ਾਦੀ ਹਿੱਤ ਕੀਤੀਆਂ ਕੁਰਬਾਨੀਆਂ ਨੂੰ ਪਹਿਲੀ ਵੇਰ ਵੱਡੇ ਪੱਧਰ ਤੇ ਸਵੀਕਾਰਿਆ ਅਤੇ ਪ੍ਰਚਾਰਿਆ। "ਗ਼ਦਰ ਦੀ ਗੂੰਜ" ਵਿੱਚੋਂ ਅਜਿਹੇ ਕਾਵਿ ਟੋਟਕੇ ਅਕਸਰ ਮਿਲ ਜਾਂਦੇ ਸਨ-

"ਕੀਤਾ ਕੂਕਿਆਂ, ਕੱਠ ਪੰਜਾਬ ਅੰਦਰ/ਰਾਮ ਸਿੰਘ ਭਾਈ ਮੋਹਰੀ ਆਣ ਹੋ ਗਏ ਬੱਚੇ ਔਰਤਾਂ ਕਈ ਹਜ਼ਾਰ ਕੂਕੇ/ਖਾਤਰ ਦੇਸ਼ ਦੀ ਲਹੂ ਲੁਹਾਨ ਹੋ ਗਏ ਰਾਮ ਸਿੰਘ ਭਾਈ ਜਲਾਵਤਨ ਕੀਤੇ। ਨਾਲ ਹੋਰ ਵੀ ਕਈ ਕੁਰਬਾਨ ਹੋ ਗਏ ਗ਼ਦਰ ਪਾਰਟੀ ਦੇ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਦੇ ਮਾਰਚ 30, 1916 ਨੂੰ ਸਣਾਏ ਫੈਸਲੇ ਵਿੱਚ ਭਾਈ ਰਣਧੀਰ ਸਿੰਘ ਨਾਰੰਗ ਵਾਲ ਦੇ ਨਾਲ ਹੀ ਲਾਹੌਰ ਸਾਜਿਸ਼ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਪਾਉਣ ਵਾਲਾ ਭਾਈ ਸੁਰਜਨ ਸਿੰਘ ਪਿੰਡ ਗੁਜਰਵਾਲ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ, ਮਹਾਂ ਸਿੰਘ ਨਾਮਧਾਰੀ ਦਾ ਪੁੱਤਰ ਸੀ। ਉਸ ਦਾ ਦਾਦਾ ਸ੍ਰ. ਚੈਨ ਸਿੰਘ, ਲਹਿਰ ਦੇ ਮੁੱਢਲੇ ਦਿਨਾਂ ਤੋਂ ਹੀ ਗੁਰੂ ਰਾਮ ਸਿੰਘ ਦੇ ਮਿਸ਼ਨ ਵਿੱਚ ਸ਼ਾਮਲ ਹੋ ਗਿਆ ਸੀ। ਸੰਤ ਸੰਤੋਖ ਸਿੰਘ ਬਾਹੋਵਾਲ ਦੇ ਮੁਤਾਬਕ, ਚੈਨ ਸਿੰਘ 1861 ਈ. ਦੇ ਅਪ੍ਰੈਲ ਮਹੀਨੇ, ਗੁਰੂ ਜੀ ਦੁਆਰਾ ਹਰਿਦੁਆਰ ਅਰਥ ਕੁੰਭੀ ਦੇ ਸਮੇਂ, ਗੰਗਾ ਯਾਤਰਾ ਦੇ ਸੰਗ ਵਿੱਚ ਉਨ੍ਹਾਂ ਦੇ ਨਾਲ ਸ਼ਾਮਲ ਸੀ। ਉਸ ਦੇ ਦਾਦੇ ਦੀ ਭੈਣ ਬੀਬੀ ਕਰਮ ਕੌਰ ਨੇ ਜਦੋਂ ਭੈਡਾਂ ਬੱਕਰੀਆਂ ਦੀ ਉਨ ਦੀ ਕੱਤਕੇ, ਕਾਲੇ ਰੰਗ ਦੀ ਇੱਕ ਵੱਡੀ ਸਾਰੀ ਕੰਬਲੀ ਗੁਰੂ ਜੀ ਨੂੰ ਭੇਟ ਕੀਤੀ ਸੀ ਤਾਂ ਆਪ ਨੇ ਫਰਮਾਇਆ ਸੀ "ਬੀਬੋ ਕਰਮੋਂ ! ਲੈ ਆਈ ਹੈਂ ਸਾਡੇ ਦੇਸ-ਨਕਾਲੇ ਦਾ ਸਮਿਆਨ।" ਤੇ ਫਿਰ ਜਦੋਂ 17 ਜਨਵਰੀ 1872 ਦੀ ਉਸ ਠੰਢੀ ਤੇ ਸਿੱਲ੍ਹੀ ਰਾਤ ਨੂੰ ਸਤਿਗੁਰੂ ਜੀ ਸਰਕਾਰੀ ਸੱਦੇ ਤੇ ਗੱਡੇ ਤੇ ਸੁਆਰ ਹੋ ਲੁਧਿਆਣੇ ਨੂੰ ਚੱਲੇ ਸਨ ਤਾਂ ਆਪ ਨੇ ਉਸੇ ਕੰਬਲੀ ਦੀ ਬੁੱਕਲ ਮਾਰੀ ਸੀ। ਇਸ ਭਾਈ ਸੁਰਜਨ ਸਿੰਘ ਤੇ ਵੀ ਰਾਜ ਧ੍ਰੋਹ ਦਾ ਦੋਸ਼ ਲਾ ਕੇ ਉਸ ਨੂੰ ਉਮਰ ਕੈਦ ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ ਸੀ।

ਕੂਕਿਆਂ ਦੀ ਦੇਸ਼ ਭਗਤੀ ਅਤੇ ਅੰਗਰੇਜ਼ ਸਰਕਾਰ ਦੇ ਵਿਰੋਧ ਨੂੰ ਪਰਚੰਡ ਕਰਨ ਵਾਲੀ ਇਸੇ ਲੜੀ ਵਿੱਚ ਅਗਲਾ ਨਾਮ ਭਾਈ ਹਜ਼ਾਰਾ ਸਿੰਘ, ਪਿੰਡ ਰਾਈਆਂ, ਥਾਣਾ ਸਾਹਨੇਵਾਲ, ਜ਼ਿਲ੍ਹਾ ਲੁਧਿਆਣਾ ਦਾ ਹੈ। ਪਿੰਡ ਰਾਈਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਅਸਥਾਨ ਹੋਣ ਅਤੇ ਬਾਅਦ ਵਿੱਚ ਸਤਿਗੁਰੂ ਜੀ ਦਾ ਇਸੇ ਪਿੰਡ ਵਿੱਚੋਂ ਆਬਾਦ ਹੋਏ ਨਾਲ ਲਗਦੇ ਪਿੰਡ ਭੈਣੀ ਸਾਹਿਬ ਜਾ ਵੱਸਣ ਕਾਰਨ, ਦੋਹਾਂ ਪਿੰਡਾਂ ਦਾ ਸਾਂਝਾ ਨਾਮ "ਭੈਣੀ-ਰਾਈਆਂ" ਵੀ ਲੋਕ ਪੁਕਾਰਦੇ ਰਹੇ ਹਨ। ਕੂਕਾ ਮੁਖੀ ਦਾ ਪਿੰਡ ਹੋਣ ਕਾਰਨ ਭੈਣੀ ਸਾਹਿਬ ਨੂੰ "ਭੈਣੀ ਕੂਕਾ" ਵੀ ਕਿਹਾ ਜਾਂਦਾ ਸੀ। ਭਾਈ ਹਜ਼ਾਰਾ ਸਿੰਘ ਦਾ ਜਨਮ 1877 ਈ. ਵਿੱਚ ਪਿਤਾ ਖਜ਼ਾਨ ਸਿੰਘ ਜ਼ਿੰਮੀਦਾਰ ਦੇ ਘਰ ਹੋਇਆ। ਪਿੰਡ ਦਾ ਨਾਮ ਰਾਈਆਂ ਇਸ ਦੇ ਜੱਟ ਵਸਨੀਕਾਂ ਦਾ ਗੋਤ ਰਾਇ ਹੋਣ ਤੋਂ ਪਿਆ ਸੀ। ਭੈਣੀ ਸਾਹਿਬ ਦੇ ਬਹੁਤ ਨੇੜੇ ਹੋਣ ਕਾਰਨ ਇਸ ਪਿੰਡ ਦੇ ਕੁਝ ਪਰਵਾਰ ਵੀ ਸਤਿਗੁਰੂ ਜੀ ਦੇ ਲੜ ਲੱਗ ਕੇ ਕੂਕੇ ਬਣ ਚੁੱਕੇ ਸਨ। ਉਨ੍ਹਾਂ ਪਰਵਾਰਾਂ ਵਿੱਚੋਂ ਭਾਈ ਹਜ਼ਾਰਾ ਸਿੰਘ ਦੇ ਪਿਤਾ ਖ਼ਜ਼ਾਨ ਸਿੰਘ ਦਾ ਪਰਵਾਰ ਵੀ ਸੀ। ਪੰਜਾਬ ਸਰਕਾਰ ਵੱਲੋਂ 1881 ਵਿੱਚ ਜਾਰੀ ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਵਿੱਚ ਪਿੰਡ ਰਾਈਆਂ ਦੇ ਮਲਤਾਨ ਅੰਗਰੇਜ਼ੀ ਵਿਰੁੱਧ ਝਗੜਾਲੂ ਸੁਭਾਅ ਰੱਖਦਾ ਹੈ। ਮੰਗਲ ਸਿੰਘ ਪੁੱਤਰ ਮੋਹਰ ਸਿੰਘ ਜੋ ਪਾਠੀ ਸਿੰਘ ਹੈ ਅਤੇ ਉਮਰ 32 ਕੁ ਸਾਲ ਵੀ ਇਸੇ ਤਰ੍ਹਾਂ ਦਾ ਸਰਕਾਰ ਦਾ ਕੱਟੜ ਵਿਰੋਧੀ ਕੂਕਾ ਹੈ। ਮੰਗਲ ਸਿੰਘ ਪਾਸੋਂ ਵਾਰ ਕਰਟਨ ਪੁਲਸ ਕਪਤਾਨ ਲੁਧਿਆਣਾ ਨੇ 19 ਅਗਸਤ 1879 ਨੂੰ ਕੂਕਿਆਂ ਨਾਲ ਸੰਬੰਧਤ 3 ਹੁਕਮਰਾਨੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਇੱਕ ਧਰਮ ਦੇ ਦਬਦਬੇ ਵੱਲ ਵਧਦਾ ਜਾ ਰਿਹੈ ਭਾਰਤ ਨਾਂਅ ਦਾ ਧਰਮ ਨਿਰਪੱਖ ਦੇਸ਼

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਭਾਰਤ ਕਿਸ ਦਿਸ਼ਾ ਵੱਲ ਵਧ ਰਿਹਾ ਹੈ, ਇਸ ਦੀ ਸਮਝ ਸਾਨੂੰ ਕਈ ਦਹਾਕੇ ਪੱਤਰਕਾਰੀ ਕਰ ਚੁੱਕਿਆਂ ਨੂੰ ਲੱਗਣ ਦੀ ਗੱਲ ਕਹੀ ਤਾਂ ਜਾਂਦੀ ਹੈ, ਪਰ ਅਸਲ ਵਿੱਚ ਸਾਡੇ ਵਿੱਚੋਂ ਕਿਸੇ ਨੂੰ ਵੀ ਇਸ ਦੀ ਪੂਰੀ ਸਮਝ ਨਹੀਂ। ਭਲਕ ਤੱਕ ਕਿੱਥੇ ਕੀ ਵਾਪਰ ਜਾਵੇਗਾ ਅਤੇ ਕਿਹੜੀ ਪਾਰਟੀ ਜਾਂ ਕਿਹੜਾ ਲੀਡਰ ਕਿਹੜਾ ਅਗਲਾ ਸ਼ੋਸ਼ਾ ਛੱਡ ਦੇਵੇਗਾ, ਇਸ ਦੀ ਸੂਝ ਦਾ ਦਾਅਵਾ ਸਿਰਫ ਉਹ ਲੋਕ ਕਰਦੇ ਹਨ, ਜਿਨ੍ਹਾਂ ਨੂੰ ਅਸਲ ਵਿੱਚ ਕਿਸੇ ਪਾਰਟੀ ਦੇ ਕਿਸੇ ਲੀਡਰ ਤੋਂ ਅੰਦਰਖਾਤੇ ਦੀ ਕੋਈ ਸੂਹ ਮਿਲਦੀ ਰਹਿੰਦੀ ਹੋਵੇ, ਬਾਕੀ ਪੱਤਰਕਾਰ ਨਹੀਂ ਕਰ ਸਕਦੇ। ਏਦਾਂ ਦੇ ਜਿਹੜੇ ਪੱਤਰਕਾਰ ਨੂੰ ਇਸ ਦੀ ਅਗੇਤੀ ਸੂਹ ਮਿਲਦੀ ਹੋਵੇ, ਉਸ ਨੂੰ ਖੋਜੀ ਪੱਤਰਕਾਰ ਕਿਹਾ ਜਾ ਸਕਦਾ ਹੈ, ਹਾਲਾਤ ਦੀ ਨਬਜ਼ ਸਮਝਣ ਵਾਲਾ ਹੋਣ ਦਾ ਉਹ ਦਾਅਵਾ ਵੀ ਕਰੇ ਤਾਂ ਪੂਰਾ ਠੀਕ ਨਹੀਂ ਹੁੰਦਾ। ਫਿਰ ਵੀ ਇੱਕ ਹੱਦ ਤੋਂ ਅੱਗੇ ਵਧ ਕੇ ਕਹੀ ਜਾ ਸਕਦੀ ਹੈ ਤੇ ਉਹ ਇਹ ਕਿ ਭਾਰਤ ਨਾ ਸਿਰਫ ਪਹਿਲਾਂ ਵਾਲਾ ਨਹੀਂ ਰਹਿ ਗਿਆ, ਸਗੋਂ ਇਹ ਇੱਕ ਖਾਸ ਦਿਸ਼ਾ ਵੱਲ ਵਧ ਰਿਹਾ ਹੈ, ਜਿੱਥੇ ਧਰਮ-ਨਿਰਪੱਖਤਾ ਜਾਂ ਸਰਬ-ਸਾਂਝਾ ਸਮਾਜ ਵਾਲੀ ਗੱਲ ਸੋਚਣ ਦੀ ਕੋਈ ਗੁੰਜਾਇਸ਼ ਨਹੀਂ ਹੋਣੀ। ਕਿਸੇ ਤਰ੍ਹਾਂ ਦਾ ਐਲਾਨ ਹੋਵੇ ਨਾ ਹੋਵੇ, ਦੇਸ਼ ਵਿੱਚ ਇੱਕ ਖਾਸ ਧਰਮ ਦਾ ਦਬਦਬਾ ਹੁੰਦਾ ਸਾਫ ਦਿੱਸਦਾ ਹੈ।

ਪਿਛਲੇ ਚੋਖੇ ਸਮੇਂ ਤੋਂ ਅਤੇ ਸਾਫ ਕਹੀਏ ਤਾਂ ਭਾਜਪਾ ਦੀਆਂ ਸਰਕਾਰਾਂ ਆਉਣ ਤੋਂ ਪਹਿਲਾਂ ਕਾਂਗਰਸੀ ਰਾਜ ਦੇ ਸਮੇਂ ਤੋਂ ਇਹ ਮਹਿਸੂਸ ਕੀਤਾ ਜਾਣ ਦੀ ਗੁੰਜਾਇਸ਼ ਪੈਦਾ ਹੋ ਗਈ ਸੀ ਕਿ ਦੇਸ਼ ਪ੍ਰਵਾਨਤ ਲੀਹਾਂ ਛੱਡ ਕੇ ਭਵਿੱਖ ਵਿੱਚ ਇੱਕ ਧਰਮ ਦੇ ਦਬਦਬੇ ਵਾਲਾ ਬਣਨ ਵੱਲ ਵਧ ਸਕਦਾ ਹੈ। ਅਜੋਕੇ ਕਾਂਗਰਸੀ ਆਗੂ ਭਾਰਤੀ ਜਨਤਾ ਪਾਰਟੀ ਵਾਲਿਆਂ ਉੱਤੇ ਇਸ ਦਾ ਦੋਸ਼ ਲਾਉਂਦੇ ਹਨ ਤੇ ਇਸ ਵਿੱਚ ਗਲਤ ਨਹੀਂ ਕਰਦੇ, ਪਰ ਉਹ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੀ ਪਾਰਟੀ ਨੇ ਵੀ ਕਿਸੇ ਵਕਤ ਸੁੱਤੀਆਂ ਕਲਾ ਜਗਾਉਣ ਵਾਂਗ ਇੱਕ ਵਿਸ਼ੇਸ਼ ਧਰਮ ਦੇ ਬਹੁ-ਗਿਣਤੀ ਵੋਟਰਾਂ ਦੀਆਂ ਵੋਟਾਂ ਦੇ ਲਾਲਚ ਵਿੱਚ ਉਹ ਗੁਨਾਹ ਕੀਤੇ ਸਨ, ਜਿਹੜੇ ਅੱਜ ਉਨ੍ਹਾਂ ਦੇ ਪੈਰਾਂ ਅੱਗੇ ਸੂਲਾਂ ਵਾਂਗ ਵਿਛਦੇ ਜਾਂਦੇ ਹਨ। ਪੰਡਤ ਜਵਾਹਰ ਲਾਲ ਨਹਿਰੂ ਵਰਗੇ ਆਗੂ ਦੇ ਹੱਥ ਜਦੋਂ ਕਦੀ ਦੇਸ਼ ਦੀ ਕਮਾਨ ਸੀ, ਉਹ ਕਦੇ ਇਹ ਨਹੀਂ ਸੀ ਕਹਿੰਦਾ ਕਿ ਉਹ ਧਾਰਮਿਕ ਹੈ ਜਾਂ ਨਹੀਂ, ਧਰਮ ਨੂੰ ਨਿੱਜੀ ਮਸਲਾ ਮੰਨਦਾ ਤੇ ਕਿਸੇ ਵੀ ਧਰਮ ਅਸਥਾਨ ਅੰਦਰ ਜਾਣ ਤੋਂ ਇਸ ਲਈ ਗੁਰੇਜ਼ ਕਰਦਾ ਸੀ ਕਿ ਇਸ ਤਰ੍ਹਾਂ ਧਰਮ ਨੂੰ ਰਾਜਨੀਤੀ ਲਈ ਵਰਤਣ ਵਰਗੀ ਮੁਕਾਬਲੇਬਾਜ਼ੀ ਸ਼ੁਰੂ ਹੋ ਸਕਦੀ ਹੈ। ਫਿਰ ਉਸੇ ਨਹਿਰੂ ਦੀ ਧੀ ਇੰਦਰਾ ਗਾਂਧੀ ਦਾ ਵਕਤ ਆਇਆ ਤਾਂ ਉਹ ਆਪਣੇ ਹਰ ਦੌਰੇ ਦੌਰਾਨ ਓਥੋਂ ਦੇ ਪ੍ਰਮੁੱਖ ਧਰਮ ਅਸਥਾਨਾਂ ਵਿੱਚ ਪਹੁੰਚਦੀ ਤੇ ਸ਼ਰਧਾ ਭੇਟ ਕਰ ਕੇ ਆਪਣੇ ਆਪ ਨੂੰ ਸਰਬ-ਸਾਂਝੀ ਲੀਡਰ ਵਜੋਂ ਪੇਸ਼ ਕਰਦੀ ਸੀ। ਏਦਾਂ ਕਰਦਿਆਂ ਵੀ ਆਪਣੇ ਧਰਮ ਵਾਲੇ ਕੁਝ ਖਾਸ ਸੰਤਾਂ, ਮਿਸਾਲ ਵਜੋਂ ਧੀਰੇਂਦਰ ਬ੍ਰਹਮਚਾਰੀ ਆਦਿ, ਨੂੰ ਉਹ ਉਚੇਚਾ ਸਤਿਕਾਰ ਦੇਣ ਕਾਰਨ ਬਾਕੀ ਦੇ ਧਰਮਾਂ ਵਾਲਿਆਂ ਜਾਂ ਹਿੰਦੂ ਧਰਮ ਵਿਚਲੇ ਸਿਆਸੀ ਆਗੂਆਂ ਵਿਚਾਲੇ ਇਹੋ ਜਿਹੇ ਮੁਕਾਬਲੇ ਦਾ ਮੁੱਢ ਬੰਨ੍ਹਣ ਵਾਲਾ ਕੰਮ ਕਰਦੀ ਰਹੀ ਸੀ। ਫਿਰ ਉਸ ਦੇ ਪੁੱਤਰ ਰਾਜੀਵ ਗਾਂਧੀ ਨੇ ਆਣ ਕੇ ਇੱਕ ਪਾਸੇ ਮੁਸਲਿਮ ਵੋਟਾਂ ਖਾਤਰ ਸੁਪਰੀਮ ਕੋਰਟ ਦੇ ਇੱਕ ਫੈਸਲੇ ਨੂੰ ਪਾਰਲੀਮੈਂਟ ਵਿਚਲੀ ਬਹੁ-ਗਿਣਤੀ ਨਾਲ ਬਦਲ ਦਿੱਤਾ ਤੇ ਦੂਸਰੇ ਪਾਸੇ ਚੋਣ ਮੁਹਿੰਮ ਲਈ ਚੜ੍ਹਨ ਮੌਕੇ ਪੂਜਾ ਕਰਨ ਵਾਸਤੇ ਰਾਮ ਮੰਦਰ ਦਾ ਤਾਲਾ ਖੁੱਲ੍ਹਵਾ ਦਿੱਤਾ, ਜਿਸ ਨਾਲ ਦੋਵਾਂ ਪੱਖਾਂ ਨੂੰ ਖੁਸ਼ ਤਾਂ ਨਹੀਂ ਕਰ ਸਕਿਆ, ਪਰ ਦੂਸਰੀਆਂ ਪਾਰਟੀਆਂ ਦੇ ਆਗੂਆਂ ਨੂੰ ਵੀ ਏਦਾਂ ਕਰਨ ਲਈ ਉਕਸਾਉਣ ਦਾ ਗੁਨਾਹ ਕਰਦਾ ਰਿਹਾ। ਭਾਜਪਾ ਆਗੂਆਂ ਨੇ ਓਸੇ ਦੀ ਸ਼ੁਰੂ ਕੀਤੀ ਇਹ ਖੇਡ ਅੱਗੇ ਵਧਾਈ ਤੇ ਉਸ ਦੀ ਪਾਰਟੀ ਤੇ ਪਰਵਾਰ ਨੂੰ ਖੂੰਜੇ ਲਾ ਛੱਡਿਆ ਹੈ।

ਇੱਕ ਪਰਵਾਰ ਅਤੇ ਇੱਕ ਧਰਮ ਦੇ ਨਾਂਅ ਉੱਤੇ ਚੱਲਦੀ ਰਾਜਨੀਤੀ ਵਿੱਚ ਲੀਡਰ ਨੂੰ ਖੁੱਲ੍ਹ ਹੁੰਦੀ ਹੈ ਕਿ ਉਹ ਜੋ ਵੀ ਕਦਮ ਚੁੱਕਣਾ ਚਾਹੇ, ਵਿਰੋਧ ਕਰਨ ਦੀ ਜੁਰਅਤ ਕੋਈ ਨਹੀਂ ਕਰਦਾ। ਭਾਰਤੀ ਜਨਤਾ ਪਾਰਟੀ ਆਪਣੀ ਸਥਾਪਨਾ ਦੇ ਦਿਨ ਤੋਂ ਹਿੰਦੂਤਵ ਦਾ ਪੱਖ ਖੁੱਲ੍ਹੇ ਤੌਰ ਉੱਤੇ ਲੈਂਦੀ ਆਈ ਹੈ। ਉਸ ਦੀ ਰਾਜਨੀਤੀ ਨੂੰ ਧਰਮ ਨਿਰਪੱਖਤਾ ਨਾਲ ਠੱਲ੍ਹਣ ਦੀ ਬਜਾਏ ਰਾਜੀਵ ਗਾਂਧੀ ਅਤੇ ਹੋਰਨਾਂ ਨੇ ਜਿਹੜੇ ਪੈਂਤੜਿਆਂ ਦੀ ਵਰਤੋਂ ਕੀਤੀ, ਉਸ ਦਾ ਇਨ੍ਹਾਂ ਧਿਰਾਂ ਨੂੰ ਕੁਝ ਫਾਇਦਾ ਹੋਣ ਦੀ ਥਾਂ ਭਾਜਪਾ ਲਈ ਲਾਹੇਵੰਦੇ ਬਣ ਗਏ। ਅੱਜ ਜਦੋਂ ਭਾਜਪਾ ਸੱਤਾ ਸੰਭਾਲ ਚੁੱਕੀ ਹੈ ਤਾਂ ਆਪਣੇ ਉਸ ਐਲਾਨ ਨੂੰ ਅਮਲ ਵਿੱਚ ਲਾਗੂ ਕਰਨ ਦੇ ਰਾਹ ਪੈ ਗਈ ਹੈ ਤਾਂ ਕੋਈ ਦੂਸਰਾ ਉਸ ਨੂੰ ਮਿਹਣਾ ਨਹੀਂ ਦੇ ਸਕਦਾ, ਕਿਉਂਕਿ ਉਹ ਪਹਿਲੇ ਦਿਨੋਂ ਹਿੰਦੂਤਵ ਦੀ ਗੱਲ ਕਰਦੀ ਆਈ ਹੈ ਤੇ ਇਹ ਵੀ ਕਿ ਪਹਿਲ ਉਸ ਨੇ ਨਹੀਂ ਕੀਤੀ, ਸਗੋਂ ਉਸ ਹੱਥ ਇਸ ਦੇਸ਼ ਦੀ ਵਾਗ ਆਉਣ ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ। ਬਾਬਰੀ ਮਸਜਿਦ ਬਨਾਮ ਰਾਮ ਜਨਮ ਭੂਮੀ ਦਾ ਚਿਰਾਂ ਤੋਂ ਲਟਕਦਾ ਕੇਸ ਭਾਜਪਾ ਦੀ ਸਰਕਾਰ ਆਉਣ ਉੱਤੇ ਸੁਪਰੀਮ ਕੋਰਟ ਦੇ ਫੈਸਲੇ ਨਾਲ ਇੱਕ-ਤਰਫਾ ਐਲਾਨ ਹੋ ਗਿਆ, ਪਰ ਸੁਪਰੀਮ ਕੋਰਟ ਨੇ ਇਹ ਫੈਸਲਾ ਕਿਉਂ ਦਿੱਤਾ ਤੇ ਇਸ ਕੇਸ ਦਾ ਫੈਸਲਾ ਦੇਣ ਵਾਲੇ ਕੀ ਕਹਿੰਦੇ ਹਨ, ਕਿਸੇ ਤੋਂ ਛੁਪਿਆ ਨਹੀਂ। ਸਾਫ ਹੈ ਕਿ ਭਾਜਪਾ ਲੀਡਰਸ਼ਿਪ ਨੇ ਇਹੋ ਜਿਹੇ ਹਾਲਾਤ ਪੈਦਾ ਕਰ ਦਿੱਤੇ ਸਨ ਕਿ ਫੈਸਲਾ ਵੀ ਉਨ੍ਹਾਂ ਦੀ ਮਰਜ਼ੀ ਦਾ ਹੋਵੇ ਤੇ ਇਸ ਦਾ ਵਿਰੋਧ ਕਰਨ ਦੀ ਹਿੰਮਤ ਵੀ ਕੋਈ ਨਾ ਕਰ ਸਕੇ। ਉਂਜ ਇਹ ਫੈਸਲਾ ਆਉਣ ਤੋਂ ਪਹਿਲਾਂ ਓਸੇ ਥਾਂ ਮੰਦਰ ਬਣਾਉਣ ਦੇ ਨਾਅਰੇ ਤੇ ਮੰਦਰ ਲਈ ਸਮੱਗਰੀ ਇਕੱਠੀ ਕਰਨ ਦੇ ਨਾਲ ਸਮੁੱਚੀ ਯੋਜਨਾਬੰਦੀ ਦਾ ਕੰਮ ਕਾਂਗਰਸੀ ਰਾਜ ਵੇਲੇ ਤੋਂ ਹੁੰਦਾ ਆ ਰਿਹਾ ਸੀ, ਜਿਹੜਾ ਮੌਜੂਦਾ ਸਰਕਾਰ ਦੇ ਆਉਂਦੇ ਸਾਰ ਤੇਜ਼ੀ ਨਾਲ ਕੀਤਾ ਗਿਆ ਅਤੇ ਸਿਰੇ ਚੜ੍ਹ ਗਿਆ ਹੈ।

ਇਸ ਦੇ ਬਾਅਦ ਅਸੀਂ ਇਹ ਵੇਖਿਆ ਕਿ ਬਣਾਇਆ ਤਾਂ ਓਥੇ ਧਰਮ ਅਸਥਾਨ ਹੈ, ਪਰ ਪ੍ਰਾਣ ਪ੍ਰਤਿਸ਼ਠਾ ਦੇ ਸਮੇਂ ਧਾਰਮਿਕ ਆਗੂਆਂ ਦੀ ਬਜਾਏ ਜਜਮਾਨ ਬਣ ਕੇ ਦੇਸ਼ ਦਾ ਪ੍ਰਧਾਨ ਮੰਤਰੀ ਜ਼ਿੰਮੇਵਾਰੀਆਂ ਨਿਭਾ ਰਿਹਾ ਸੀ। ਕੀ ਇਸ ਦੇਸ਼ ਦਾ ਪ੍ਰਧਾਨ ਮੰਤਰੀ ਕਿਸੇ ਹੋਰ ਧਰਮ ਦੇ ਇਹੋ ਜਿਹੇ ਪ੍ਰੋਗਰਾਮ ਲਈ ਮੁੱਖ ਮਹਿਮਾਨ ਬਣਨਾ ਮੰਨੇਗਾ, ਇਸ ਦਾ ਸਵਾਲ ਹੀ ਪੈਦਾ ਨਹੀਂ ਹੋ ਸਕਦਾ। ਇਹ ਤਾਂ ਇੱਕ ਸੰਕੇਤ ਸੀ ਕਿ ਅਗਲੇ ਦਿਨਾਂ ਵਿੱਚ ਕੀ ਕੁਝ ਹੋਰ ਕੀਤਾ ਜਾਣ ਵਾਲਾ ਹੈ ਤੇ ਅਗਲੇ ਕਦਮ ਵੀ ਚੁੱਕੇ ਜਾਣ ਲੱਗ ਪਏ ਹਨ, ਜਿਹੜੇ ਇੱਕੋ ਦਿਸ਼ਾ ਵੱਲ ਜਾਂਦੇ ਹਨ। ਰਾਜ ਦੀ ਅਗਵਾਈ ਕਰਦੀ ਪਾਰਟੀ ਜਿਹੜੇ ਧਰਮ ਨੂੰ ਅਗੇਤ ਦੇਂਦੀ ਹੈ, ਉਸ ਦੀ ਪਹੁੰਚ ਅਨੁਸਾਰ ਸਭ ਤੋਂ ਵੱਡੀ ਘੱਟ-ਗਿਣਤੀ ਵਾਲੇ ਧਰਮ ਦੇ ਨਾਂਅ ਨਾਲ ਜੁੜੀਆਂ ਸੜਕਾਂ ਅਤੇ ਨਗਰਾਂ ਦੇ ਨਾਂਅ ਬਦਲਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਅਤੇ ਸਰਕਾਰੀ ਇਮਾਰਤਾਂ ਨੂੰ ਵੀ ਓਸੇ ਧਰਮ ਦੇ ਅਨੁਸਾਰ ਨਾਂਅ ਦਿੱਤੇ ਜਾਣ ਲੱਗੇ ਹਨ। ਪ੍ਰਧਾਨ ਮੰਤਰੀ ਦੇ ਆਪਣੇ ਦਫਤਰ ਦਾ ਨਾਂਅ ਵੀ ਅੱਗੇ ਤੋਂ ਪ੍ਰਧਾਨ ਮੰਤਰੀ ਦਫਤਰ ਨਹੀਂ, 'ਸੇਵਾ ਤੀਰਥ' ਵਜੋਂ ਨਵੇਂ ਨਾਮਕਰਨ ਦੀ ਖਬਰ ਆ ਗਈ ਹੈ ਅਤੇ ਸਾਰੇ ਜਾਣਦੇ ਹਨ ਕਿ ਤੀਰਥ ਸ਼ਬਦ ਫਲਾਣੇ ਧਰਮ ਨਾਲ ਜੁੜੇ ਅਸਥਾਨਾਂ ਲਈ ਵਰਤਿਆ ਜਾਂਦਾ ਹੈ। ਇਸ ਕਦਮ ਨਾਲ ਦੇਸ਼ ਦੇ ਪ੍ਰਧਾਨ ਮੰਤਰੀ ਦਾ ਦਫਤਰ ਵੀ ਇੱਕ ਧਰਮ ਨਾਲ ਜੁੜੇ ਅਸਥਾਨ ਵਰਗਾ ਬਣ ਗਿਆ ਹੈ। ਓਥੇ ਜਾਣ ਵੇਲੇ ਬਾਕੀ ਧਰਮਾਂ ਦੇ ਲੋਕ ਕੀ ਸੋਚਣਗੇ! ਇਹ ਏਦਾਂ ਦਾ ਸਿਰਫ ਇੱਕ ਕਦਮ ਨਹੀਂ, ਏਦਾਂ ਦੇ ਕਦਮਾਂ ਦੀ ਲੰਮੀ ਲੜੀ ਵਿੱਚੋਂ ਇੱਕ ਹੋਰ ਕਿਹਾ ਜਾ ਸਕਦਾ ਹੈ।

ਪਿਛਲੇ ਦਿਨੀਂ ਭਾਰਤ ਸਰਕਾਰ ਨੇ ਹਰ ਥਾਂ, ਜਿੱਥੇ ਰਾਸ਼ਟਰੀ ਗੀਤ 'ਜਨ ਗਣ ਮਨ' ਗਾਇਆ ਜਾਣਾ ਜ਼ਰੂਰੀ ਹੁੰਦਾ ਹੈ, ਓਥੇ ਇਸ ਤੋਂ ਪਹਿਲਾਂ ਵੰਦੇ-ਮਾਤਰਮ ਗਾਏ ਜਾਣ ਦਾ ਹੁਕਮ ਦੇ ਦਿੱਤਾ ਹੈ ਅਤੇ ਇਹ ਵੀ ਕਿ ਇਸ ਗਾਇਨ ਦਾ ਹਰ ਪੈਰ੍ਹਾ ਆਖਰੀ ਪੈਰ੍ਹੇ ਤੱਕ ਗਾਇਆ ਜਾਣਾ ਜ਼ਰੂਰੀ ਹੈ। ਇਸ ਹੁਕਮ ਵਿੱਚ ਆਖਰੀ ਪੈਰ੍ਹੇ ਤੱਕ ਗਾਏ ਜਾਣ ਦਾ ਖਾਸ ਕਾਰਨ ਇਹ ਹੈ ਕਿ ਇਸ ਦੇ ਅੰਤਲੇ ਪੈਰ੍ਹੇ ਤੱਕ ਜਾਂਦਾ ਇਹ ਗੀਤ ਸਰਬ-ਸਾਂਝਾ ਦੇਸ਼ ਭਗਤੀ ਵਾਲਾ ਨਾ ਹੋ ਕੇ ਇੱਕ ਖਾਸ ਧਰਮ ਦੀ ਭਗਤੀ ਨਾਲ ਜਾ ਜੁੜਦਾ ਹੈ। ਪਹਿਲਾਂ ਸਾਰਾ ਗਾਇਨ ਮਾਂ ਕਹਿ ਕੇ ਭਾਰਤ ਮਾਤਾ ਦੇ ਗੁਣ ਗਾਉਂਦਾ ਜਾਪ ਰਿਹਾ ਹੈ, ਅੰਤਲੇ ਪੈਰ੍ਹੇ ਵਿੱਚ ਦਸ ਅਸਤਰ-ਸ਼ਸਤਰ ਧਾਰਨ ਕਰਨ ਵਾਲੀ, ਕਮਲ (ਫੁੱਲ) ਦੇ ਆਸਣ ਉੱਤੇ ਬਿਰਾਜਮਾਨ ਮਾਂ ਲਕਸ਼ਮੀ ਅਤੇ ਲੇਖਕ ਉਸ ਨੂੰ ਮਾਂ ਸਰਸਵਤੀ ਕਹਿ ਕੇ ਪ੍ਰਣਾਮ ਕਰਦਾ ਹੈ ਤਾਂ ਇੱਕ ਧਰਮ ਵੱਲ ਉਲਾਰ ਹੁੰਦਾ ਹੈ। ਦੂਸਰੇ ਧਰਮਾਂ ਵਾਲੇ ਲੋਕ ਇਸ ਗੀਤ ਨੂੰ ਗਾਉਣ ਤੋਂ ਇਤਰਾਜ਼ ਕਰ ਸਕਦੇ ਹਨ ਅਤੇ ਕਰਦੇ ਵੀ ਹਨ ਤਾਂ ਉਨ੍ਹਾਂ ਵਿਰੁੱਧ ਸਖਤੀ ਦੇ ਹੁਕਮ ਤੱਕ ਹੋਣ ਦੀ ਗੱਲ ਕੇਂਦਰ ਦੇ ਆਗੂ ਕਰਦੇ ਹਨ, ਜਿਸ ਦਾ ਭਾਵ ਹੈ ਕਿ ਕਿਸੇ ਨੂੰ ਪ੍ਰਵਾਨ ਹੋਵੇ ਜਾਂ ਨਾ ਹੋਵੇ, ਇਹ ਗਾਇਨ ਤਾਂ ਗਾਉਣਾ ਹੀ ਪਵੇਗਾ ਅਤੇ ਇੱਕ ਤਰ੍ਹਾਂ ਇੱਕ ਧਰਮ ਦੀ ਅਣਐਲਾਨੀ ਸਰਦਾਰੀ ਕਬੂਲਣ ਦਾ ਰਾਹ ਖੁੱਲ੍ਹ ਜਾਵੇਗਾ।

ਅੱਜਕੱਲ੍ਹ ਕਾਂਗਰਸ ਦੇ ਆਗੂ ਧਰਮ-ਨਿਰਪੱਖਤਾ ਦੇ ਅਲੰਬਰਦਾਰ ਬਣਨ ਲਈ ਬਿਆਨਬਾਜ਼ੀ ਕਰਦੇ ਤੇ ਸਰਕਾਰ ਵਿਰੁੱਧ ਰੋਸ ਕਰਦੇ ਫਿਰਦੇ ਹਨ, ਪਰ ਇਸੇ ਇੱਕ ਖਾਸ ਧਰਮ ਵੱਲ ਉਲਾਰ ਹੋਣ ਦੀ ਖੇਡ ਸ਼ੁਰੂ ਕਾਂਗਰਸ ਦੇ ਰਾਜ ਦੌਰਾਨ ਹੋਈ ਸੀ। ਛੇ ਦਹਾਕੇ ਪਹਿਲਾਂ ਜਦੋਂ ਚੰਗੇ ਖਿਡਾਰੀਆਂ ਨੂੰ ਅਰਜਨ ਐਵਾਰਡ ਦੇਣਾ ਸ਼ੁਰੂ ਕੀਤਾ ਗਿਆ ਸੀ ਤਾਂ ਉਸ ਇਨਾਮ ਲਈ 'ਅਰਜਨ' ਸ਼ਬਦ ਕਿੱਥੋਂ ਆਇਆ ਸੀ, ਉਹ ਹਿੰਦੂ ਪ੍ਰੰਪਰਾ ਦੇ ਪ੍ਰਮੁੱਖ ਗ੍ਰੰਥ ਮਹਾਂਭਾਰਤ ਤੋਂ ਲਿਆ ਸੀ ਅਤੇ ਇਸ ਦੇ ਨਾਲ ਖਿਡਾਰੀਆਂ ਨੂੰ ਕੋਚਿੰਗ ਦੇਣ ਵਾਲੇ ਉਸਤਾਦਾਂ ਲਈ ਜਿਹੜਾ ਦਰੋਣਾਚਾਰੀਆ ਐਵਾਰਡ ਐਲਾਨਿਆ, ਉਹ ਸ਼ਬਦ ਵੀ ਮਹਾਂਭਾਰਤ ਤੋਂ ਲਿਆ ਗਿਆ। ਜੰਗਾਂ ਵਿੱਚ ਬਹਾਦਰੀ ਵਿਖਾਉਣ ਵਾਲਿਆਂ ਨੂੰ ਪਰਮਵੀਰ ਚੱਕਰ ਮਿਲਦਾ ਹੈ, ਪਰ ਅਮਨ ਦੀ ਰਾਖੀ ਲਈ ਦੇਸ਼ ਵਿੱਚ ਕਿਸੇ ਵੀ ਸੰਘਰਸ਼ ਮੌਕੇ ਬਹਾਦਰੀ ਵਿਖਾਉਣ ਵਾਲਿਆਂ ਲਈ ਪਰਮਵੀਰ ਚੱਕਰ ਦੇ ਬਰਾਬਰ ਦਾ ਇਨਾਮ ਰੱਖਿਆ ਤਾਂ ਉਸ ਦਾ ਨਾਂਅ ਅਸ਼ੋਕ ਚੱਕਰ ਵੀ ਇਸੇ ਬਿਰਤੀ ਹੇਠ ਚੁਣ ਕੇ ਰੱਖਣ ਦੀ ਗੱਲ ਕਾਂਗਰਸ ਦੀਆਂ ਸਰਕਾਰਾਂ ਵੇਲੇ ਹੋਈ ਸੀ। ਫਿਰ ਨਰਸਿਮਹਾ ਰਾਓ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਪੁਰਾਣੇ ਕਈ ਅਪਰਾਧਕ ਰਿਕਾਰਡ ਨੂੰ ਧਾਰਮਿਕ ਚੋਲੇ ਵਿੱਚ ਲੁਕਾਈ ਫਿਰਦੇ ਚੰਦਰਾ ਸਵਾਮੀ ਵਰਗੇ ਬੰਦੇ ਨੂੰ ਜਿਵੇਂ ਉਭਾਰਿਆ ਗਿਆ ਤੇ ਜਦੋਂ ਉਸ ਨੂੰ ਕਾਨੂੰਨ ਦਾ ਸ਼ਿਕੰਜਾ ਪੈਣ ਲੱਗਾ ਤਾਂ ਗਣੇਸ਼ ਦੇ ਦੁੱਧ ਪੀਣ ਦੀ ਅਫਵਾਹ ਫੈਲਾਈ ਗਈ ਸੀ, ਉਹ ਗੁਨਾਹ ਵੀ ਏਸੇ ਪਾਰਟੀ ਦੇ ਰਾਜ ਵਿੱਚ ਹੋਇਆ ਸੀ। ਓਦੋਂ ਕਾਂਗਰਸ ਆਗੂ ਏਦਾਂ ਕਰਨ ਨੂੰ ਬੁਰਾ ਨਹੀਂ ਸੀ ਸਮਝਦੇ। ਉਨ੍ਹਾਂ ਲਈ ਇਹ ਵੋਟਾਂ ਦੀ ਰਾਜਨੀਤੀ ਦਾ ਇੱਕ ਆਮ ਪੈਂਤੜਾ ਸੀ, ਪਰ ਇਸ ਪੈਂਤੜੇ ਦੇ ਬਹਾਨੇ ਖਿਲਾਰੀ ਗਈ ਅਮਰ-ਵੇਲ ਬਾਅਦ ਵਿੱਚ ਉਨ੍ਹਾਂ ਦਾ ਥਾਂ ਮੱਲਣ ਲਈ ਤਾਂਘਦੀ ਭਾਰਤੀ ਜਨਤਾ ਪਾਰਟੀ ਨੇ ਸੰਭਾਲ ਲਈ ਤੇ ਇਹ ਅੱਜ ਸੜਕਾਂ ਉੱਤੇ ਤੁਰੇ ਫਿਰਦੇ ਹਨ।

ਭਾਰਤ ਦਾ ਭਵਿੱਖ ਜਾਂ ਭਵਿੱਖ ਦਾ ਭਾਰਤ ਕਿੱਦਾਂ ਦਾ ਹੋਵੇਗਾ, ਜਦੋਂ ਅਸੀਂ ਇਸ ਬਾਰੇ ਕਦੀ ਚਰਚਾ ਦਾ ਕੋਈ ਲੇਖ ਲਿਖਿਆ ਕਰਦੇ ਸਾਂ ਤਾਂ ਕਈ ਲੋਕਾਂ ਨੂੰ ਇਹ ਸਾਡੇ ਮਨ ਵਿੱਚ ਸਮਾਇਆ ਬੇਲੋੜਾ ਵਹਿਮ ਜਾਂ ਡਰ ਜਾਪਦਾ ਸੀ ਤੇ ਬਹੁਤ ਸਾਰੇ ਸੱਜਣ ਕਿਹਾ ਕਰਦੇ ਸਨ ਕਿ ਤੁਹਾਡੀਆਂ ਇਨ੍ਹਾਂ ਗੱਲਾਂ ਵਿੱਚ ਕੋਈ ਤੱਤ ਨਜ਼ਰ ਨਹੀਂ ਆਉਂਦਾ। ਓਦੋਂ ਬੇਸ਼ੱਕ ਵਹਿਮ ਸਮਝਿਆ ਜਾਂਦਾ ਸੀ, ਅੱਜ ਉਹੀ ਲੋਕ ਇਹ ਕਹਿੰਦੇ ਸੁਣਦੇ ਹਨ ਕਿ ਭਾਰਤ ਆਪਣੀ ਲੀਹ ਤੋਂ ਲੱਥਦਾ ਜਾਂਦਾ ਹੈ। ਜਿਹੜੀ ਲੀਹ ਉੱਤੇ ਇਸ ਵੇਲੇ ਇਹ ਚੱਲਦਾ ਦਿੱਸਦਾ ਹੈ, ਭਾਰਤ ਦੇ ਆਂਢ-ਗਵਾਂਢ ਦੇ ਦੇਸ਼ਾਂ ਵਿੱਚੋਂ ਇੱਕ ਚੀਨ ਨੂੰ ਛੱਡ ਕੇ ਬਾਕੀ ਲਗਭਗ ਸਾਰੇ ਦੇਸ਼ ਪਹਿਲਾਂ ਹੀ ਉਸ ਰਾਹੇ ਪੈ ਚੁੱਕੇ ਹਨ। ਰਸਤਾ ਉਨ੍ਹਾਂ ਇਹ ਧਾਰਨ ਕਰ ਲਿਆ ਹੈ, ਪਰ ਇਸ ਰਸਤੇ ਉੱਤੇ ਚੱਲ ਕੇ ਉਨ੍ਹਾਂ ਦੇ ਦੇਸ਼ ਜਾਂ ਦੇਸ਼-ਵਾਸੀਆਂ ਦਾ ਭਲਾ ਨਹੀਂ ਹੋਇਆ, ਉਲਟਾ ਆਮ ਲੋਕਾਂ ਦੇ ਦੁੱਖ ਪਹਿਲਾਂ ਨਾਲੋਂ ਵੀ ਵਧਦੇ ਗਏ ਹਨ ਅਤੇ ਜਦੋਂ ਲੋਕ ਕਿਸੇ ਵਕਤ ਰੋਸ ਕਰਨ ਲਈ ਮੈਦਾਨ ਵਿੱਚ ਆਉਂਦੇ ਹਨ ਤਾਂ ਸਰਕਾਰਾਂ ਉਨ੍ਹਾਂ ਦੇ ਲਈ ਧਰਮ ਖੇਤਰ ਦੀਆਂ ਸ਼ਖਸੀਅਤਾਂ ਰਾਹੀਂ ਧਰਮ ਦੇ ਮੁੱਦੇ ਪਰੋਸਣ ਲੱਗਦੀਆਂ ਹਨ। ਲੋਕਾਂ ਨੂੰ ਦੱਸਿਆ ਜਾਂਦਾ ਹੈ ਕਿ ਜੀਵਨ ਦੇ ਸੁੱਖ ਨਹੀਂ ਮਿਲਦੇ ਤਾਂ ਕੋਈ ਫਰਕ ਨਹੀਂ, ਧਰਮ ਦਾ ਪਰਚਮ ਬੁਲੰਦ ਪਹਿਲਾਂ ਹੋਣਾ ਚਾਹੀਦਾ ਹੈ ਅਤੇ ਇਸ ਮਕਸਦ ਲਈ ਆਪਣੀਆਂ ਜੀਵਨ ਲੋੜਾਂ ਦੀ ਘਾਟ ਝੱਲਣ ਸਮੇਤ ਹਰ ਕੁਰਬਾਨੀ ਲਈ ਤਿਆਰ ਹੋਣਾ ਸਭ ਹੋਰ ਕੰਮਾਂ ਤੇ ਫਰਜ਼ਾਂ ਤੋਂ ਉੱਪਰ ਹੈ। ਲੋਕ ਚਾਹੁੰਦੇ ਹੋਏ ਵੀ ਧਰਮ ਦੇ ਨਾਂਅ ਉੱਤੇ ਏਦਾਂ ਕਹੀ ਗੱਲ ਦਾ ਵਿਰੋਧ ਨਹੀਂ ਕਰ ਸਕਦੇ।

ਏਦਾਂ ਦੇ ਹਾਲਾਤ ਵਿੱਚ ਭਵਿੱਖ ਦਾ ਭਾਰਤ ਕਿੱਦਾਂ ਦਾ ਹੋ ਸਕਦਾ ਹੈ, ਇਹ ਅੱਜ ਸੋਚਣ ਦਾ ਨੁਕਤਾ ਨਹੀਂ ਰਿਹਾ, ਅਗਲੀਆਂ ਆਮ ਚੋਣਾਂ ਤੱਕ ਸਾਰਾ ਕੁਝ ਏਨਾ ਸਾਫ ਹੋ ਜਾਵੇਗਾ ਕਿ ਕਿਸੇ ਨੂੰ ਸੋਚਣ ਦੀ ਲੋੜ ਹੀਂ ਨਹੀਂ ਪੈਣੀ।

# ਪੰਜਾਬ ਅਤੇ ਪਿੰਡ : ਭੂਤ, ਵਰਤਮਾਨ ਅਤੇ ਤੁਰਤ ਪੈਰੀਂ ਲੋੜ

**ਪਿੰਡ ਵਸਿਆ-64**

**ਵਿਜੇ ਬੰਬੇਲੀ**

ਪੁਰਾਤਨ ਸਮੇਂ ਤੋਂ ਹੀ ਪੰਜਾਬ ਵਿਚ ਵੱਖ-ਵੱਖ ਸਮੂਹਾਂ, ਕਬੀਲਿਆਂ ਦਾ ਰਾਜ ਰਿਹਾ। ਕਰੀਬ ਢਾਈ ਹਜ਼ਾਰ ਈਸਾ ਪੂਰਵ ਆਰੀਆ ਲੋਕ ਇਸ ਖਿੱਤੇ 'ਤੇ ਧਾੜਵੀਆਂ ਵਜੋਂ ਆਏ, ਉਪਰੰਤ ਇੱਥੇ ਹੀ ਵਸ-ਰਚ ਗਏ। ਪੰਜਾਬ ਦੇ ਕਈ ਕੁਨਬੇ/ਜਾਤਾਂ ਇਸ ਦੇ ਦੋ ਮਹਾਂ-ਘਰਾਣਿਆਂ, ਸੂਰਜ ਬੰਸੀ ਅਤੇ ਚੰਦਰ ਬੰਸੀ ਨਾਲ ਅੰਤਰ-ਸੰਬੰਧਤ ਹੋਣ ਦਾ ਦਾਅਵਾ ਕਰਦੇ ਹਨ। ਮਗਰੋਂ 1000 ਈਸਵੀ ਤੱਕ ਪੰਜਾਬ ਉੱਤੇ ਯੂਨਾਨੀਆਂ, ਮਿਸਰੀਆਂ, ਪਾਰਥੀਆਂ, ਕੁਸ਼ਾਨਾਂ ਅਤੇ ਹੂਣ ਆਦਿ ਕਬੀਲਿਆਂ ਦਾ ਰਾਜ/ਤਖਤ ਰਿਹਾ। ਸਮੇਂ ਮੁਤਾਬਕ ਕਈ ਨਗਰ-ਖੇੜੇ ਵਸੇ ਅਤੇ ਸੱਭਿਆਚਾਰ ਉੱਸਰੇ-ਵਿਗਸੇ, ਕਈ ਤਬਾਹ ਹੋਏ ਅਤੇ ਕਈਆਂ ਦਾ ਪੁਨਰ-ਉਥਾਨ ਹੋਇਆ। ਇਸ ਧਰਤੀ ਦੀ ਤਾਰੀਖ ਕੁਰਬਾਨੀਆਂ ਅਤੇ ਸ਼ਹੀਦੀਆਂ ਨਾਲ ਲਬਰੇਜ਼ ਅਤੇ ਲੋਕ-ਪੱਖੀ ਸਿਰਲੱਥਤਾ ਨਾਲ ਮਾਲਾ-ਮਾਲ ਹੈ। ਸੰਤ ਅਤੇ ਸੂਰਮਾ, ਪੰਜਾਬ ਨਾਮੀਂ ਜ਼ਰਖੇਜ਼-ਸਿੱਕੇ ਦੇ ਦੋ ਪਾਸੇ ਹਨ। ਇੱਥੋਂ ਦੀ ਨੈਤਿਕਤਾ ਅਤੇ ਬੌਧਿਕਤਾ ਬੜੀ ਸਵੱਲੀ ਹੈ। ਕੁਦਰਤ ਦੀ ਮਹਿਮਾ ਗਾਉਂਦੇ ਰਿਗਵੇਦ ਅਤੇ ਮਹਾਂਭਾਰਤ ਵਰਗੇ ਨੈਤਿਕ ਸੂਰਮਤਾਈ ਦੇ ਗਰੰਥ ਇਸੇ ਧਰਤੀ ਉੱਤੇ ਰਚੇ ਗਏ। ਇਸ ਧਰਤੀ ਨੂੰ ਮਾਣ ਹੈ ਕਿ "ਵਿਸ਼ਵ ਜੇਤੂ" ਸਿਕੰਦਰ ਨੂੰ ਜਿਹਲਮ ਅਤੇ ਚਨਾਬ ਦਰਮਿਆਨ ਮੋੜਾ ਦੇਣ ਵਾਲਾ ਸੂਰਮਾ ਪੋਰਸ ਇਸੇ ਧਰਤ ਦਾ ਹੀ ਪੁੱਤ ਸੀ। ਅਫਸੋਸ! ਕਈ ਕਾਰਨਾਂ, ਸਵੈਂ-ਕੇਂਦਰਤ ਅਤੇ ਬਰਾਹਮਣਵਾਦੀ ਵਿਚਾਰਧਾਰਾਵਾਂ ਆਦਿ ਕਰਕੇ ਇਹ ਸਮਾਜਿਕ ਆਪੋ-ਧਾਪੀ ਦਾ ਸ਼ਿਕਾਰ ਹੋ ਗਿਆ, ਜਿਸ ਦਾ ਇਸ ਨੂੰ ਕਰੂਰ ਖਮਿਆਜ਼ਾ ਭੁਗਤਣਾ ਪਿਆ। ਮੱਧ-ਕਾਲ 'ਚ ਮਹਿਮੂਦ ਗਜ਼ਨਵੀ ਨੇ ਪੰਜਾਬ ਉੱਤੇ ਕਈ ਹਮਲੇ ਕੀਤੇ ਅਤੇ ਪੰਜਾਬ ਨੂੰ ਬੁਰੀ ਤਰ੍ਹਾਂ ਮਧੋਲਿਆ। ਹਾਂ, ਉਸ ਦੇ ਸਿਪਾਹ-ਸਿਲਾਰਾਂ ਸਮੇਤ ਕਈ ਮੁਸਲਿਮ ਅਧਿਆਤਮਵਾਦੀ ਇੱਥੇ ਹੀ ਵਸ-ਰਸ ਗਏ, ਸਣੇ ਉਹ ਜਿਹਨਾਂ ਇਧਰਲੀਆਂ ਤੀਵੀਂਆਂ ਨਾਲ ਕਿਸੇ ਵੀ ਢੰਗ ਵਿਆਹ ਰਚਾ ਲਏ।

ਗਜ਼ਨਵੀ ਤੋਂ ਬਾਅਦ ਪੰਜਾਬ ਲਗਾਤਾਰ ਮੁਸਲਮਾਨ ਹੁਕਮਰਾਨਾਂ ਹੇਠ ਰਿਹਾ। ਭਾਵੇਂ ਕਿਸੇ ਨਾ ਕਿਸੇ ਰੂਪ ਵਿਚ ਇਸਲਾਮ ਭਾਰਤ ਵਿਚ 8ਵੀਂ ਸਦੀ 'ਚ ਆ ਢੁੱਕਾ ਸੀ, ਪਰ ਕਿਸੇ ਵੀ ਹੀਲੇ ਇਹ ਗਿਆਰ੍ਹਵੀਂ ਸਦੀ ਵਿਚ ਹੀ ਜਥੇਬੰਦਕ ਰੂਪ ਵਿਚ ਪਸਰਨ ਲੱਗਾ ਸੀ। ਸਿੱਟਾ; ਪੰਜਾਬ ਦੇ ਕਈ ਮਾਧੜ੍ਹ ਲੋਕ ਆਪਣੀਆਂ ਦੁਸ਼ਵਾਰੀਆਂ ਕਾਰਨ ਜਗੀਰਦਾਰ ਘਰਾਣੇ ਲਾਲਚ ਹਿੱਤ, ਖਾਸ ਕਰ ਕੁੱਝ ਜੱਟ ਕੁਨਬੇ, ਮੁਸਲਿਮ ਧਰਮ ਵੱਲ ਅਹੁਲ ਗਏ ਅਤੇ ਉਹ ਮੁਸਲਿਮ ਪੀਰਾਂ-ਫ਼ਕੀਰਾਂ, ਵਿਸ਼ੇਸ਼ ਕਰਕੇ ਸਖੀ ਸਰਵਰ ਨੂੰ ਵੀ ਮੰਨਣ ਲੱਗ ਪਏ। ਇੰਜ ਇਕ ਮਿਲਗੋਭਾ ਜਿਹਾ ਸੱਭਿਆਚਾਰ, ਨਸਲ ਅਤੇ ਜੀਵਨ-ਜਾਚ ਪਨਪਣ ਲੱਗੀ। ਮੁੱਕਦੀ ਗੱਲ; ਵਿਭਿੰਨ ਕੌਮਾਂ/ਨਸਲਾਂ/ਜਾਤੀਆਂ/ਫਿਰਕਿਆਂ ਦੇ ਇੱਥੇ ਆਉਣ ਅਤੇ ਇਸ ਧਰਤੀ ਵਿਚ ਆਪਣੇ-ਆਪ ਨੂੰ ਵਸਾਉਣ-ਰਸਾਉਣ ਨਾਲ ਇੱਥੇ ਕਿਸੇ ਵੀ ਵਰਗ ਵਿਸ਼ੇਸ਼ ਦੀ ਸਰਦਾਰੀ ਨਾ ਰਹੀ, ਚਾਹੇ ਕੋਈ ਕਿੰਨਾ ਵੀ ਦਾਅਵਾ ਕਰੇ, ਇਕ ਨਵੇਂ ਕਿਸਮ ਦੀ ਰਲਵੀਂ, ਪਰ ਸਾਵੀਂ ਪੰਜਾਬੀ ਕੌਮ ਵਿਕਸਿਤ ਹੋ ਗਈ। ਇਹ ਅੱਡ ਗੱਲ ਹੈ ਕਿ ਪਰਾਈ ਧਰਤੀ ਤੋਂ ਆਈਆਂ ਪਰਾਈਆਂ ਧਿਰਾਂ, ਖਾਸ ਕਰ ਹਾਕਮਾਂ ਤੋਂ ਬਿਨਾਂ ਆਮ ਲੋਕਾਂ ਖਾਸ ਕਰ ਮੂਲ ਲੋਕਾਈ ਵਿਚ ਆਪਣੀ ਰਹਿਤਲ 'ਚ ਪਈ ਸਹਿਹੋਂਦ ਬਰਕਰਾਰ ਰਹੀ ਅਤੇ ਹੌਲੀ-ਹੌਲੀ ਸਭ ਧਿਰਾਂ ਦੇ ਆਮ ਖਾਸ ਕਰ ਕਿਰਤੀ-ਸ਼ਿਲਪੀ ਲੋਕਾਂ 'ਚ ਆਪਸੀ ਸਹਿਹੋਂਦ ਵਧਦੀ ਰਹੀ। ਦਰ-ਹਕੀਕਤ; ਇਸ ਦੇ ਮੂਲ ਵਿਚ ਇੱਥੋਂ ਦੇ ਆਹਲਾ ਭੂਗੋਲਿਕ ਚੌਗਿਰਦੇ ਦਾ ਹੁੰਗਾਰਾ ਸੀ, ਪਰ ਪਿੰਡਾਂ ਵਿਚ ਜਿਹੜੇ ਮੁਸਲਮਾਨ ਬਣ ਜਾਂਦੇ, ਉਹਨਾਂ ਵਿੱਚੋਂ ਕਈ ਖਾਸ ਕਰਕੇ ਸਰਦੇ-ਪੁੱਜਦੇ ਵਿਸ਼ੇਸ਼ ਕਰਕੇ ਹਾਕਮਾਂ ਦੇ ਨੇੜੂ ਲੋਕ, ਇੱਥੋਂ ਦੀਆਂ ਮੂਲ ਧਿਰਾਂ ਪ੍ਰਤੀ ਉਪਰਾਮ ਅਤੇ ਹਮਲਾਵਰ ਰਹੇ। ਜ਼ਮੀਨੀ ਅਸਾਸਿਆਂ ਦੇ ਮਾਲਕ ਹੋਣ ਜਾਂ ਹੁਕਮਰਾਨਾਂ ਵੱਲੋਂ ਜਗੀਰਾਂ ਮਿਲਣ ਦੀ ਸੂਰਤ ਵਿਚ ਉਹ ਆਪਣੇ-ਆਪ ਨੂੰ ਹੋਰਾਂ ਤੋਂ ਸੁਪਰ ਹੋਣ ਦਾ ਭਰਮ ਪਾਲਣ ਲੱਗ ਪਏ ਅਤੇ ਪ੍ਰਾਪਤ ਸਹੂਲਤਾਂ ਕਾਰਨ ਕਈ ਪਿੰਡਾਂ ਦੇ ਪਿੰਡ, ਪੂਰੇ-ਸੂਰੇ, ਮੁਸਲਿਮ ਯੁਕਤ ਹੋ ਗਏ।

ਛੇ ਮੁਗਲ ਬਾਦਸ਼ਾਹਾਂ ਅਤੇ ਗੁਰੂ ਸਾਹਿਬਾਨਾਂ ਤੇ ਕੁੱਝ ਭਗਤਾਂ ਦਾ ਜੀਵਨ-ਕਾਲ ਇੱਕੋ ਸਮੇਂ ਹੀ ਹੋਇਆ। ਸਿੱਖ ਗੁਰੂਆਂ ਨੇ ਸਿੱਖੀ ਜੀਵਨ-ਜਾਚ ਦਾ ਪ੍ਰਚਾਰ-ਪ੍ਰਸਾਰ, ਖਾਸ ਕਰਕੇ ਪਿੰਡਾਂ ਵਿਚ ਕੀਤਾ। ਇਹ ਗੱਲ ਹਾਕਮ ਧਿਰਾਂ ਨੂੰ ਗਵਾਰਾ ਨਾ ਲੱਗੀ, ਫਲਸਰੂਪ ਸਿੱਖਾਂ ਨੂੰ ਬੜੀਆਂ ਦੁਸ਼ਵਾਰੀਆਂ ਹੰਢਾਉਣੀਆਂ ਪਈਆਂ। ਬਾਬਾ ਬੰਦਾ ਸਿੰਘ ਜੀ ਬਹਾਦੁਰ ਸਮੇਂ ਮੁੜ ਸਿੱਖ ਸਥਾਪਤੀ ਹੋਈ ਅਤੇ ਕਿਰਤੀਆਂ-ਸ਼ਿਲਪੀਆਂ ਵਿਸ਼ੇਸ਼ ਕਰਕੇ ਕ੍ਰਿਸਾਨੀ ਦੀ ਬਾਂਹ ਫੜੀ ਗਈ। ਉਸ ਦੇ ਪੈਰ ਪੰਚਾਇਤੀ ਅਤੇ ਕਿਰਤੀਆਂ ਰਾਜ ਵੱਲ ਹੀ ਵਧ ਰਹੇ ਸਨ, ਉਸ ਸਫਲ ਵੀ ਹੋ ਜਾਣਾ ਸੀ, ਜੇ "ਆਪਣੇ" ਧੋਖਾ ਨਾ ਦਿੰਦੇ। ਉਸ ਵਕਤ ਕਈ ਮੁਸਲਮਾਨ ਗੁਰਸ਼ਿਆਂ ਦੇ ਪਿੰਡ ਉਜਾੜੇ ਗਏ ਤੇ ਕਈ ਪਿੰਡਾਂ ਦਾ ਪੁਨਰ-ਉਥਾਨ ਹੋਇਆ ਜਾਂ ਨਵੇਂ ਪਿੰਡ ਵਸੇ, ਪਰ ਸਹੀ ਮਾਇਨਿਆਂ ਵਿਚ ਪਿੰਡਾਂ ਦੇ ਪੈਰ ਮਹਾਰਾਜਾ ਰਣਜੀਤ ਸਿੰਘ ਦੇ ਸਥਾਪਤ ਰਾਜ, ਖਾਸ ਕਰਕੇ ਅੰਗਰੇਜ਼ਾਂ ਵਕਤ ਜ਼ਮੀਨੀ ਬੰਦੋਬਸਤ ਉਪਰੰਤ ਸਮੇਂ ਹੀ ਲੱਗੇ। ਪਿੰਡਾਂ ਦੀ ਤਰੱਕੀ ਦਾ ਪਿੜ ਮੁੜ ਬੱਝ ਗਿਆ, ਜਿਸ ਦਾ ਮੂਲ ਧੁਰਾ ਖੇਤੀ ਸਮੇਤ ਪਸ਼ੂ ਧੰਨ ਅਤੇ ਖੇਤੀ ਅਧਾਰਤ ਲਘੂ (ਘਰੇਲੂ) ਸਨਅਤ ਸੀ।

ਪੰਜਾਬ ਭਾਰਤ ਦੀ ਆਖ਼ਰੀ ਬਾਦਸ਼ਾਹੀ ਸੀ, ਜਿਹੜਾ 1849 ਨੂੰ ਬਰਤਾਨਵੀ ਰਾਜ ਵਿਚ ਸ਼ਾਤਰ ਢੰਗਾਂ ਨਾਲ, 'ਆਪਣਿਆਂ' ਦੀ ਗ਼ਦਾਰੀ ਤਹਿਤ ਸ਼ਾਮਲ ਕੀਤਾ ਗਿਆ। ਬਰਤਾਨਵੀ ਸਾਮਰਾਜ ਦੇ ਇਸ ਕਦਮ ਨੂੰ ਪੰਜਾਬੀਆਂ ਨੇ ਇਕ ਵੰਗਾਰ ਵਜੋਂ ਲਿਆ ਅਤੇ ਉਹ ਅਣਸਾਵੇਂ ਹਾਲਾਤ ਵਿਚ ਵੀ ਲਗਾਤਾਰ ਕਈ ਰੂਪਾਂ 'ਚ ਅਤੇ ਵੱਖ-ਵੱਖ ਤਨਜ਼ੀਮਾ ਤਹਿਤ, ਆਜ਼ਾਦੀ ਅਤੇ ਕ੍ਰਿਸਾਨੀ ਲਈ ਜੂਝੇ। ਪੰਜਾਬ ਦੀ ਪਰੰਪਰਾਗਤ ਆਰਥਿਕਤਾ, ਜਿਸ ਦਾ ਮੁੱਢਲਾ ਆਧਾਰ 'ਪਿੰਡ ਦੀ ਸਵੈ-ਨਿਰਭਰਤਾ' ਅਤੇ ਖੇਤੀ-ਸੱਭਿਆਚਾਰ ਸੀ, ਦੀ ਬਾਂਹ ਬਰਤਾਨਵੀ ਸਾਮਰਾਜੀ ਨੀਤੀਆਂ ਨੇ ਬੁਰੀ ਤਰ੍ਹਾਂ ਮਰੋੜੀ, ਜਿਸ ਕਾਰਨ ਅਸਲ ਪੰਜਾਬ ਦੀ 'ਪੇਂਡੂ ਆਰਥਿਕਤਾ, ਸਵੈ-ਨਿਰਭਰਤਾ ਅਤੇ ਪੇਂਡੂ ਰਹਿਤਲ' ਬੁਰੀ ਤਰ੍ਹਾਂ ਝੰਬੀ ਗਈ। ਇਹੀ ਵੱਡਾ ਕਾਰਨ ਸੀ ਕਿ ਸੁਤੰਤਰਤਾ ਸੰਗਰਾਮ 'ਚ ਜ਼ਿਆਦਾ ਸੂਹਾ ਹਿੱਸਾ ਪਾਉਣ ਵਾਲੇ ਦੇਸ਼ਭਗਤਾਂ ਜਾਂ ਜਥੇਬੰਦੀਆਂ ਦਾ ਪਿਛੋਕੜ ਅਤੇ ਭਾਰੂ ਧਰਾਤਲ ਪਿੰਡ ਬਣੇ। ਪੰਜਾਬ; ਦਰਅਸਲ ਪਿੰਡਾਂ ਦੀ ਆਰਥਿਕਤਾ ਦਾ ਮੂਲ ਮਿੱਟੀ ਅਤੇ ਪਾਣੀ ਹੈ ਤੇ ਰੂਹ ਖੇਤੀ ਹੈ।

ਦਰ-ਹਕੀਕਤ; ਹਰੇ ਇਨਕਲਾਬ ਨੇ ਸਾਡੀ ਜੜ੍ਹੀਂ ਅੱਕ ਦੇ ਦਿੱਤਾ ਹੈ। ਫਿਜ਼ਾ ਗੰਧਲਾਅ ਗਈ ਹੈ, ਮਿੱਟੀ ਜ਼ਹਿਰੀਲੀ ਅਤੇ ਪਾਣੀ ਪਤਾਲੀਂ ਜਾ ਵੜਿਆ ਹੈ। ਜੇ ਮਿੱਟੀ, ਪਾਣੀ ਅਤੇ ਵਾਤਾਵਰਣ ਨਾ ਰਹੇ ਤਾਂ ਖੇਤੀ ਵੀ ਨਹੀਂ ਰਹੇਗੀ। ਸਿੱਟੇ ਵਜੋਂ ਪਿੰਡਾਂ ਦੀ ਆਤਮਾ ਮਰ-ਮੁੱਕ ਜਾਵੇਗੀ। ਪੰਜਾਬ ਕੋਲ ਮਿੱਟੀ-ਪਾਣੀ ਤੋਂ ਬਿਨਾਂ ਜਿਸ ਨੂੰ ਬਹੁ-ਪਰਤੀ ਖ਼ਤਰੇ ਦਰਪੇਸ਼ ਹਨ, ਕੋਈ ਖਣਿਜ (ਵਿਸ਼ੇਸ਼ ਕੁਦਰਤੀ ਸਾਧਨ) ਅਤੇ ਬੰਦਰਗਾਹ ਨਹੀਂ। ਸੋ ਲੋੜ ਹੈ ਕਿ ਖੇਤੀ-ਅਧਾਰਤ ਉਦਯੋਗ ਅਤੇ ਗੁਆਂਢੀ ਮੁਲਕਾਂ ਨਾਲ ਪੰਜਾਬ ਵਪਾਰ ਕਰੇ, ਪਰ ਹਾਕਮਾਂ ਦੀ ਬਦਨੀਤੀ ਨੇ ਅਜਿਹਾ ਨਹੀਂ ਹੋਣ ਦਿੱਤਾ, ਇੰਜ ਪੰਜਾਬ, ਖਾਸ ਕਰ ਪਿੰਡ (ਖੇਤ) ਪੱਛੜ ਗਏ। ਮੌਜੂਦਾ ਸਰਕਾਰਾਂ ਮਸ਼ੀਨੀ ਢੰਗ ਨਾਲ ਵਿਵਹਾਰ ਕਰਦੀਆਂ ਹਨ। ਇਹਨਾਂ 'ਚੋਂ ਇੱਕ ਸੋਚ ਲੋਕਾਂ ਨੂੰ ਖੇਤੀ (ਦਰ-ਹਕੀਕਤ ਪਿੰਡਾਂ) ਤੋਂ ਦੂਰ ਕਰਨਾ ਹੈ, ਪਰ ਕੋਰੋਨਾ ਮਹਾਂਮਾਰੀ ਵੇਲੇ ਇਹ ਪਿੰਡ ਹੀ ਸਨ, ਜਿਹਨਾਂ ਲੋਕਾਂ ਨੂੰ ਆਸਰਾ ਦਿੱਤਾ। ਉਦੋਂ ਪੇਂਡੂ ਮਜ਼ਦੂਰ ਹੀ ਆਪਣੇ ਅਸਥਾਈ ਸ਼ਹਿਰੀ ਵਸੇਬਿਆਂ ਤੋਂ ਆਪਣੇ ਪਿਤਰੀ ਪਿੰਡਾਂ ਨੂੰ ਨਹੀਂ ਮੁੜੇ, ਸਗੋਂ ਸ਼ਹਿਰੀ (ਸਲੱਮ) ਬਸਤੀਆਂ ਵਿਚਲੀ ਪੱਕੀ, ਗੁਰਬਤ ਮਾਰੀ, ਵਸੇਬ ਨੇ ਵੀ ਪੇਂਡੂ ਨੂੰ ਚਾਲੇ ਪਾ ਦਿੱਤੇ ਸਨ।

ਪਿੰਡਾਂ ਵਿਚ ਰਹਿ ਰਹੇ ਲੋਕ ਭੁੱਲੀਆਂ-ਵਿਸਰੀਆਂ ਸਰਗਰਮੀਆਂ ਨੂੰ ਮੁੜ ਸਰਗਰਮ ਕਰਕੇ ਬੀਤੇ ਦੀ ਅਰਥ ਭਰਪੂਰ ਜ਼ਿੰਦਗੀ ਵੱਲ ਪਰਤ ਸਕਦੇ ਹਨ। ਅਖੀਰ ਦਿਹਾਤੀ ਢਾਂਚੇ 'ਚ ਲਘੂ ਅਤੇ ਹੱਥ ਤੇ ਖੇਤੀ ਉਦਯੋਗਾਂ ਨੂੰ ਮੋੜਾ ਦੇਣਾ ਹੀ ਪਵੇਗਾ। ਇਹ ਚਲਨ ਕੁਦਰਤ ਪੱਖੀ ਅਤੇ ਬੇਕਿਰਕ ਪ੍ਰਵਾਸ ਵਿਰੋਧੀ ਵੀ ਹੈ। ਹੁਣ ਪਿੰਡਾਂ ਵਿਚ ਆਪਸੀ ਸੰਪਰਕ ਬਿਹਤਰ ਹੋਣ ਕਾਰਨ ਅਜਿਹਾ ਕਰਨਾ ਕਿਤੇ ਸੌਖਾ ਅਤੇ ਲਾਹੇਵੰਦਾ ਹੈ। ਇਹ ਕਾਰਜ ਸਿਆਸੀ ਨੇਤਾਵਾਂ, ਨੌਕਰਸ਼ਾਹਾਂ ਅਤੇ 'ਅਰਥਸ਼ਾਸ਼ਤਰੀਆਂ' ਨੇ ਨਹੀਂ ਕਰਨਾ, ਲੋਕਾਂ ਨੇ 'ਸ਼ਹਿਰਾਂ' ਦੀ ਧੁੱਸ ਵਿੱਚੋਂ ਨਿਕਲ ਕੇ ਖੁਦ ਕਰਨਾ ਹੈ। ਅਜਿਹਾ ਕਰਕੇ ਇਸ ਦੇ ਵਾਰਸ ਪੇਂਡੂ ਸਵੱਛਤਾ ਅਤੇ ਹਕੀਕੀ ਸਕੂਨ ਦਾ ਵੀ ਅਨੰਦ ਮਾਣ ਸਕਣਗੇ। ਇੰਜ ਆਪਸੀ ਸਦਭਾਵਨਾ ਅਤੇ ਇਸ ਨਾਲ ਇੱਕ-ਦੂਜੇ 'ਤੇ ਨਿਰਭਰਤਾ ਵਧੇਗੀ। ਆਪਸੀ ਲੋੜ ਅਤੇ ਮਿਲਵਰਤਣ ਨਾਲ ਪਿੰਡਾਂ ਦੀ ਰੂਹ ਵੀ ਤ੍ਰਿਪਤ ਹੋ ਜਾਵੇਗੀ। ਭਲਾ! ਅਸੀਂ ਜਿਉਣਾ ਹੀ ਕਿਉਂ ਚਾਹੁੰਦੇ ਹਾਂ। ਪੈਸੇ ਲਈ ਜਾਂ ਰੂਹ ਲਈ?

**ਸੰਪਰਕ** : 94634-39075

# ਗਿਰਗਿਟ ਵੀ ਹੋਏ ਹੈਰਾਨ, ਜਦੋਂ ਤੂੰ ਰੰਗ ਬਦਲੇਂ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-53**

**ਸੁਰਜੀਤ ਸੁਮਨ**

ਸੱਚ ਦੱਸਾਂ ਤਾਂ ਮੈਨੂੰ ਰੰਗਾਂ ਦੀ ਭੋਰਾ ਭਰ ਵੀ ਸਮਝ ਨਹੀਂ। ਫਿਰ ਵੀ ਜਦੋਂ ਕੋਈ ਬੰਦਾ ਖੜ੍ਹਾ-ਖੜ੍ਹੋਤਾ ਈ ਰੰਗ ਬਦਲ ਜਾਵੇ ਤਾਂ ਮੇਰੀ ਜ਼ੁਬਾਨ ਠਾਕੀ ਜਾਂਦੀ ਹੈ। ਕੀ ਕਰੀਏ? ਕੀ ਕਹੀਏ? ਕਿਸ ਨੂੰ ਕਹੀਏ? ਕਿਸ ਨੂੰ ਦੱਸੀਏ? ਕੀਹਦੀ ਮਾਂ ਨੂੰ ਮਾਸੀ ਆਖੀਏ? ਮੈਂ ਇਨ੍ਹਾਂ ਢੇਰ ਸਵਾਲਾਂ ਦੇ ਚੱਕਰਵਿਊ ਵਿੱਚ ਉਲਝ ਜਾਂਦਾ ਹਾਂ। ਇੱਥੇ ਤਾਂ ਲੋਕੀ ਪੈਰ-ਪੈਰ 'ਤੇ ਰੰਗ ਬਦਲ ਜਾਂਦੇ ਹਨ। ਕੋਠਾ ਉਸਰਿਆ, ਤਰਖਾਣ ਵਿਸਰਿਆ। ਕੰਮ ਨਿਕਲਣ ਬਾਅਦ ਬੰਦਾ ਝੱਟ ਅੱਖਾਂ ਫੇਰ ਜਾਂਦਾ ਹੈ। ਅੱਜ ਦੇ ਜ਼ਮਾਨੇ ਵਿੱਚ ਹਰ ਕੰਮ ਆਨਲਾਈਨ ਹੁੰਦਾ ਜਾ ਰਿਹਾ ਹੈ। ਬੰਦਾ ਵੀ ਆਨਲਾਈਨ ਈ ਰਹਿੰਦੈ। ਘਰ ਦੀ ਕੋਈ ਚੀਜ਼-ਵਸਤ ਖਰਾਬ ਹੋ ਜਾਵੇ, ਸ਼ਹਿਰੀ ਵਸੋਂ ਵਿੱਚ ਤੁਸੀਂ ਗੂਗਲ ਬਾਬਾ ਦਾ ਸਹਾਰਾ ਭਾਲਦੇ ਹੋ। ਇੱਥੋਂ ਪ੍ਰਾਪਤ ਮੋਬਾਈਲ ਨੰਬਰ 'ਤੇ ਗੱਲ ਕਰਕੇ ਸਬੰਧਤ ਨੂੰ ਕੰਮ ਦਾ ਜ਼ਿੰਮਾ ਸੌਂਪ ਦਿੰਦੇ ਹੋ। ਕੰਮ ਦੀ ਅਦਾਇਗੀ ਬਾਅਦ ਜੇਕਰ ਓਹੀ ਚੀਜ਼-ਵਸਤ ਕੁਝ ਦਿਨਾਂ 'ਚ ਈ ਮੁੜ ਨੁਕਸਦਾਰ ਹੋ ਜਾਵੇ ਤਾਂ ਇੱਕ ਦੋ ਵਾਰ ਫੋਨ ਅਟੈਂਡ ਕਰ ਉਹ ਭਲਾਮਾਣਸ ਤੁਹਾਡਾ ਫੋਨ ਚੁੱਕਣਾ ਹੀ ਬੰਦ ਕਰ ਦਿੰਦਾ ਹੈ। ਆਮ ਤੌਰ 'ਤੇ 'ਲਾਈਨਾਂ ਵਿਅਸਤ' ਹੋ ਜਾਂਦੀਆਂ ਹਨ ਜਾਂ ਉਸ ਦੀ ਪਹੁੰਚ 'ਕਵਰੇਜ਼ ਖੇਤਰ' ਤੋਂ ਬਾਹਰ ਹੋ ਜਾਂਦੀ ਹੈ। ਇਹ ਵੀ ਸੱਚ ਹੈ ਕਿ ਜਿਨ੍ਹਾਂ ਨੂੰ ਤੁਹਾਡੇ ਤੱਕ ਕੋਈ ਗਰਜ ਨਹੀਂ ਹੁੰਦੀ, ਉਹ ਤੁਹਾਡਾ ਨੰਬਰ ਹੀ ਬਲਾਕ ਕਰ ਜਾਂਦੇ ਹਨ। ਅਜਿਹੇ ਮਾਹੌਲ ਵਿੱਚ ਇਨ੍ਹਾਂ ਲੋਕਾਂ ਵੱਲੋਂ ਬਦਲੇ ਰੰਗ ਕਾਰਨ ਗਿਰਗਿਟ ਵੀ ਹੈਰਾਨ ਰਹਿ ਜਾਂਦੀ ਹੈ। ਉਸ ਨੂੰ ਵੀ ਆਪਣੇ ਆਪੇ 'ਤੇ ਡਾਢੀ ਸ਼ਰਮ ਆਉਣ ਲੱਗ ਜਾਂਦੀ ਹੈ ਕਿ ਯਾਰੋ ਇਹ ਬੰਦਾ ਤਾਂ ਮੇਰੇ ਤੋਂ ਵੀ ਵੱਧ ਤੇਜ਼ੀ ਨਾਲ਼ ਐਕਸ਼ਨ ਲੈ ਰਿਹਾ ਹੈ। ਸੱਜਣ ਠੱਗ ਵੀ ਸ਼ਾਇਦ ਇੰਝ ਹੀ ਪਲਾਂ ਵਿੱਚ ਰੰਗ ਬਦਲ ਲੈਂਦਾ ਹੋਊ। ਜਿਸ ਵੇਲ਼ੇ ਉਸ ਕੋਲ਼ ਕੋਈ ਮੁਸਾਫਿਰ ਆਉਂਦਾ, ਉਹ ਚਿਹਰੇ 'ਤੇ ਸੱਜਣਤਾ ਦੇ ਰੰਗ ਬਿਖੇਰ ਲੈਂਦਾ ਹੋਊ। ਜਿਸ ਵੇਲ਼ੇ ਹਨ੍ਹੇਰਾ, ਚਾਨਣ ਨੂੰ ਨਿਗਲ਼ ਲੈਂਦਾ ਹੋਊ, ਐਨ ਉਸ ਵੇਲ਼ੇ ਹੀ ਉਹ ਆਪਣੇ ਰੰਗ ਦਿਖਾਉਂਦਾ ਹੋਊ, ਅੱਜ ਦੇ ਸੱਜਣ ਠੱਗਾਂ ਵਾਂਗ।

ਰੰਗਾਂ ਬਿਨ ਮਨੁੱਖੀ ਮਨ ਬੇਰੰਗ ਹੁੰਦੈ। ਰਮਜ਼ ਬਿਨ ਜੀਵਨ। ਸਾਹਮਣੇ ਵਾਲ਼ੇ ਦੇ ਚਿਹਰੇ ਦਾ ਰੰਗ ਤੇ ਅੱਖ ਦੀ ਰਮਜ਼, ਪਹਿਲੀ ਨਜ਼ਰੇ ਦੋਵੇਂ ਬਹੁਤ ਕੁਝ ਕਹਿ ਜਾਂਦੇ ਹਨ। ਸਿਆਹ ਰਾਤ ਡਰ ਪੈਦਾ ਕਰਦੀ ਹੈ। ਚਿੱਟਾ ਚਾਨਣ ਭੈਅ ਮੁਕਤ ਕਰਦਾ ਹੈ। ਹਰਿਆਵਲ ਨਾਲ਼ ਮਨ ਦੇ ਚਾਅ ਉਸਲਵੱਟੇ ਲੈਣ ਲਗਦੇ ਹਨ। ਗਰਮੀਆਂ ਦੀ ਰੁੱਤੇ ਬੋਗਨਵਿਲੀਆ ਦੀ ਵੇਲ ਦੇ ਰੰਗ-ਬਰੰਗੇ ਫੁੱਲਾਂ ਤੇ ਹਰੇ ਕਚੂਰ ਪੱਤਿਆਂ ਦੀ ਤੱਕਣੀ ਨਾਲ਼, ਤਪਦੀ ਦੁਪਹਿਰ ਠਰੀ ਠਰੀ ਭਾਸਣ ਲਗਦੀ ਹੈ। ਅਮਲਤਾਸ ਦੇ ਪੀਲ਼ੇ ਪੀਲ਼ੇ ਫੁੱਲਾਂ ਦੀਆਂ ਲੜੀਆਂ। ਗੁਲਮੋਹਰ ਦੀ ਆਪਣੀ ਰਮਜ਼। ਅਪਰਾਜਿਤ ਦੇ ਨੀਲੇ-ਜਾਮਣੀ ਰੰਗ ਦੇ ਫੁੱਲਾਂ ਦੀ ਆਪਣੀ ਮਹਿਕ, ਲੱਜ਼ਤ। ਇਹ ਕੁਦਰਤ ਦੀਆਂ ਰਮਜ਼ਾਂ ਹਨ। ਹੋਰ ਵੀ ਬਹੁਤ ਕੁਝ। ਬਨਸਪਤੀ ਵੱਖ ਵੱਖ ਰੰਗਾਂ ਨਾਲ਼ ਮਨ ਨੂੰ ਮੋਹਦੀ ਹੈ, ਠੱਗਦੀ ਹੈ। ਉਸੇ ਤਰ੍ਹਾਂ ਜਿਵੇਂ ਇਸ ਸੰਸਾਰ ਵਿੱਚ ਵਸਦੇ ਕਾਇਰ ਲੋਕ ਆਪਣੇ ਰੰਗ ਦਿਖਾ ਕੇ ਠੱਗ ਲੈਂਦੇ ਹਨ, ਭੋਲ਼ੇ ਭਾਲ਼ੇ ਲੋਕਾਂ ਨੂੰ। ਫਰੀਦ, ਨਾਨਕ, ਕਬੀਰ, ਰਵਿਦਾਸ, ਬੁੱਲ੍ਹੇ ਸ਼ਾਹ ਦੀਆਂ ਲਿਖਤਾਂ ਵਿੱਚ ਰੰਗਾਂ ਤੇ ਰਮਜ਼ਾਂ ਰਾਹੀਂ ਇਸ ਸੰਸਾਰ ਨੂੰ ਸਮਝਣ, ਸਮਝਾਉਣ ਦੇ ਕਾਵਿਕ ਯਤਨ ਸਿਖਰ 'ਤੇ ਹਨ।

ਕਹਾਣੀਕਾਰ ਹੋਣ ਦੇ ਨਾਲ਼ ਨਾਲ਼ ਸੁਖਜੀਤ ਦੇ ਕਵੀ ਮਨ ਨੇ ਰੰਗਾਂ ਦੇ ਮਨੋਵਿਗਿਆਨ ਨੂੰ ਬਹੁਤ ਨੇੜਿਉਂ ਤੱਕਿਆ ਤੇ ਮਹਿਸੂਸਿਆ। ਫਿਰ ਇਹ ਰੰਗ ਓਹਦੀ ਕਹਾਣੀ ਵਿੱਚੋਂ ਦੀ ਲੰਘਦੇ ਹੋਏ 'ਮੈਂ ਜੈਸਾ ਹੂੰ ਵੈਸਾ ਕਿਉਂ ਹੂੰ' ਦੇ ਧੁਰ ਅੰਦਰ-ਬਾਹਰ ਫੈਲਦੇ ਚਲੇ ਗਏ। ਇਸੇ ਤਰ੍ਹਾਂ ਸਾਡੇ ਢਾਹਾਂ ਐਵਾਰਡ ਜੇਤੂ ਭਗਵੰਤ ਰਸੂਲਪੁਰੀ ਦੀ ਕਹਾਣੀ 'ਰੰਗਾਂ ਦੀ ਸਾਂਝ ਸਮਾਜ ਵਿਗਿਆਨ' ਆਪਣੇ, ਪੂਜਾ ਤੇ ਨਰਿੰਦਰ ਨਾਗ ਜਿਹੇ ਨਾਵਾਂ ਵਾਲ਼ੇ ਪਾਤਰਾਂ ਰਾਹੀਂ ਹੀ ਵੱਖ ਵੱਖ ਸਮਾਜਾਂ ਦੇ ਚਿਹਰੇ-ਮੋਹਰੇ ਬੇਕਿਰਕੀ ਨਾਲ਼ ਚਿਤਰ ਜਾਂਦੀ ਹੈ। ਐਚ.ਐਸ. ਡਿੰਪਲ ਦੀ ਕਵਿਤਾ 'ਰੰਗ-ਨਾਦ' ਜਦੋਂ ਇਹ ਕਹਿੰਦੀ ਏ ਕਿ, 'ਤੂੰ ਰੰਗ ਬਦਲਦਾ ਏ/ ਮੈਂ ਰੰਗ ਦਿਖਾਉਂਦਾ ਹਾਂ' ਤਾਂ ਕਵੀ ਮਨ ਰੰਗਾਂ ਦੀ ਦੁਨੀਆਂ ਵਿੱਚ ਡੂੰਘਾ ਉਤਰ ਜਾਂਦਾ ਹੈ। ਸਾਡੇ ਉੱਘੇ ਖੇਤੀ ਵਿਗਿਆਨੀ ਸਰਦਾਰਾ ਸਿੰਘ ਜੌਹਲ, ਆਪਣੀ ਸਵੈ-ਜੀਵਨੀ 'ਰੰਗਾਂ ਦੀ ਗਾਗਰ' ਵਿੱਚ ਜ਼ਿੰਦਗੀ ਦੇ ਅਨੇਕ ਰੰਗਾਂ ਨੂੰ ਚਿਤਰਦੇ ਹਨ। ਹਰੀ ਕ੍ਰਾਂਤੀ ਨਾਲ਼ ਪੰਜਾਬ ਦੀ ਧਰਤੀ ਵਿੱਚੋਂ ਵਿਕਾਸ ਦਾ ਹਰਾ ਰੰਗ ਕਿੰਝ ਸੋਖ ਲਿਆ ਗਿਆ, ਕਿਸੇ ਨੂੰ ਭੋਰਾ ਭਰ ਵੀ ਇਲਮ ਨਾ ਹੋਇਆ। ਉਦੋਂ ਪੰਜਾਬ ਦੀ ਕਿਸਾਨੀ ਨੂੰ ਕਿਹੜੇ ਰੰਗਾਂ ਵਿੱਚ ਰੰਗਿਆ ਗਿਆ, ਜਿਨ੍ਹਾਂ ਨਾਲ਼ ਉਸ ਦੇ ਹਰੇ-ਭਰੇ ਖੇਤਾਂ ਹੇਠੋਂ ਮਿੱਠੇ ਪਾਣੀ ਦੇ ਫੁੱਟਦੇ ਚਸ਼ਮਿਆਂ ਵਿੱਚੋਂ ਜ਼ਹਿਰ ਦੇ ਬੁੰਬ ਫੁੱਟਣ ਲੱਗ ਪਏ। ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਦਾ ਨਿੱਘ ਮਾਣਦੀਆਂ ਰਹੀਆਂ ਕੱਦਾਵਰ ਸ਼ਖਸੀਅਤਾਂ ਨੇ ਆਪਣੇ ਇਸ ਵਿਦਵਾਨ ਵੱਲੋਂ ਪੰਜਾਬ ਦੀ ਖੇਤੀ ਅਤੇ ਅਰਥਚਾਰੇ ਨੂੰ ਬਚਾਉਣ ਲਈ ਦਿੱਤੀਆਂ ਸਲਾਹਾਂ ਵੱਲ ਸਰਸਰੀ ਨਜ਼ਰੇ ਵੀ ਨਾ ਤੱਕਿਆ।

ਡਾ. ਜਤਿੰਦਰ ਸਿੰਘ ਆਪਣੀ ਪੁਸਤਕ ਰੰਗ, ਰਮਜ਼ ਤੇ ਪੰਜਾਬੀ ਕਾਵਿ ਵਿੱਚ ਲਿਖਦੇ ਹਨ, 'ਕਸੁੰਭ ਰੰਗ 'ਚੋਂ ਰੱਤੇ, ਮਜੀਠ, ਸੂਹੇ, ਲਾਲ ਰੰਗ ਵਾਲ਼ਾ ਜਲੌਅ ਪ੍ਰਗਟ ਹੁੰਦਾ ਹੈ, ਪਰ ਇਹ ਸਮਾਜਿਕ ਮਰਿਯਾਦਾ ਅਤੇ ਸੰਸਥਾਵਾਂ ਦੇ ਅੰਤਰਗਤ ਨਿਖੇਧਾਤਮਕ ਰੰਗ ਵਜੋਂ ਉੱਭਰਦਾ ਹੈ ਜਿਹਦੇ ਨਾਲ਼ ਆਡੰਬਰ, ਸੰਕੀਰਨਤਾ ਅਤੇ ਦਾਇਰਿਆਂ ਵਾਲ਼ੀ ਸੋਚ ਉੱਭਰਦੀ ਹੈ। ਮਜੀਠ ਰੰਗ ਪਰਮ ਸੱਚ ਦੀ ਵਿਰਾਟਤਾ, ਨੇੜਤਾ ਅਤੇ ਅਪਣੱਤ ਨੂੰ ਪ੍ਰਗਟ ਕਰਦਾ ਹੈ।' ਬਾਬਾ ਨਾਨਕ ਦੀ ਦ੍ਰਿਸ਼ਟੀ ਵਿੱਚ ਇਸ ਰੰਗ ਦੀ ਮਹੱਤਤਾ ਹੋਰ ਵਧੇਰੇ ਖਿੜਦੀ ਹੈ। ਫਰੀਦ ਬਾਣੀ ਕਾਲ਼ੇ ਤੇ ਚਿੱਟੇ ਵਿਚਲੀ ਘੁੰਡੀ ਨੂੰ ਖੋਲ੍ਹਦੀ ਹੈ। ਇਸੇ ਤਰ੍ਹਾਂ ਸ਼ਰ੍ਹਾ ਦੀ ਰਹਿਤਲ ਵਿੱਚ ਨੀਲੇ ਵਸਤਰ ਅਤੇ ਹਿੰਦੂ ਧਰਮ ਦੇ ਕਰਮਕਾਂਡ ਵਿੱਚ ਚਿੱਟੇ ਅਤੇ ਭਗਵੇਂ ਦਾ ਵੱਖਰਾ ਮਹੱਤਵ ਹੈ। ਭਗਤ ਕਬੀਰ ਆਪਣੀ ਬਾਣੀ ਵਿੱਚ ਪਸਰੇ ਜਾਤ-ਪਾਤ ਤੇ ਵਰਣ ਪ੍ਰਥਾ ਪਿੱਛੇ ਲੁਕੇ ਕਾਰਨ ਪਵਿੱਤਰ ਤੇ ਅਪਵਿੱਤਰ ਦੇ ਬਿੰਬਾਂ ਰਾਹੀਂ ਬਿਆਨ ਕਰਦੇ ਹਨ। ਹਲਦੀ ਪੀਲੇ ਰੰਗ ਅਤੇ ਚੂਨਾ ਸਫ਼ੈਦ ਰੰਗ ਦਾ ਹੁੰਦਾ ਹੈ, ਜਦੋਂ ਇਹ ਦੋਵੇਂ ਆਪਸ ਵਿੱਚ ਮਿਲ਼ਦੇ ਹਨ ਤਾਂ ਪੀਲਾ ਤੇ ਚਿੱਟਾ ਰੰਗ ਆਪਣਾ ਰੂਪ ਗੁਆ ਕੇ ਲਾਲ ਰੰਗ ਵਿੱਚ ਤਬਦੀਲ ਹੋ ਜਾਂਦੇ ਹਨ। ਇਸ ਤਰ੍ਹਾਂ ਉੱਚੀ ਜਾਤ ਦੀ ਉਤਮਤਾ ਅਤੇ ਨੀਵੇਂਪਣ ਦੀ ਹੀਣਤਾ ਦੂਰ ਹੋ ਜਾਂਦੀ ਹੈ। ਬੁੱਲ੍ਹੇ ਸ਼ਾਹ ਰੰਗਾਂ ਦੀ ਤਸ਼ਬੀਹ ਦਿੰਦਿਆਂ ਕਹਿੰਦੇ ਹਨ ਕਿ ਸੂਫ਼ੀ ਬਾਣੇ 'ਚ ਤਸੱਵੁਫ਼ ਦੀ ਰਮਜ਼ ਹੈ।

ਮਾਸਟਰ ਪਿਆਰਾ ਸਿੰਘ ਸੈਣੀ ਕਿੰਨਿਆਂ ਦਿਨਾਂ ਤੋਂ ਨਹੀਂ ਸੀ ਮਿਲ਼ਿਆ। ਮਨ ਵਿੱਚ ਅੱਜ ਉਸ ਨੂੰ ਮਿਲ਼ਣ ਦੀ ਡਾਢੀ ਤਾਂਘ ਉਪਜੀ। ਲਓ ਜੀ ! ਅਹੁ ਬੈਠੇ ਨੇ ਪਾਰਕ ਦੇ ਬੈਂਚ ਉੱਤੇ। ਆਓ ਹੁਣ ਉਨ੍ਹਾਂ ਦੇ ਮਨ ਕੀ ਬਾਤ ਸੁਣੀਏ। 'ਮੇਰੇ ਆਰ ਥਮੇ ਪਤਾ ਵੀ ਮੇਰੀਆਂ ਅੱਖਾਂ ਕਾ 'ਲਾਜ ਸੋਹਾਣਾ ਹਸਪਤਾਲ ਮਾ 'ਤੇ ਚੱਲਦਾ। ਇੰਜੈਕਸ਼ਨ ਲਗ ਰਹੇ। ਹਸਪਤਾਲ ਕਾ ਬਿੱਲ ਮਾਅਰੀ ਪੁਰਾਣੀ ਬੀਮੇ ਕੀ ਰਕਮ ਮਾ 'ਤੇ ਅਦਾ ਹੋ ਜਾਂਦੈ। ਇਸ ਹਸਪਤਾਲ ਵਾਲ਼ੇ ਨਵੀਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਬਾਰੇ ਹਾਲੇ ਕੁਸ਼ ਨੀਂ ਬੋਲਦੇ। ਊਂ ਮਾਅਰੇ ਛੋਕਰੇ ਨੇ ਅੱਤ ਚੱਕੀ ਰੱਖੀ। ਉਹ ਮਾਨੂੰ ਵੀ ਕਟਾਰੀਆ ਸਾਅਬ ਕੀ ਰੈਲੀ ਮਾ ਲੇ ਗਿਆ। ਸਾਡੇ ਹਰਿਆਣੇ ਕੇ ਮੁੱਖ ਮੰਤਰੀ ਨੈਬ ਸੈਣੀ ਸਾਅਬ ਕਾ ਸੰਦੇਸਾ ਤਾ ਸਾਨੂੰ ਵੀ। ਯਾਤਰਾ ਮਾ ਬਿਆਸ ਆਲ਼ੇ ਬਾਬਾ ਜੀ, ਛੋਟਾ ਬਾਦਲ ਹੋਰ ਬਥੇਰੇ ਆਏ ਵੇ ਤੇ ਨਸ਼ਿਆਂ ਖਿਲਾਫ ਯਾਤਰਾ ਮਾ।'

ਮੇਰੇ ਫੋਨ ਦੀ ਘੰਟੀ ਵੱਜੀ। ਬਾਈ ਦਲੇਰ ਸਿੰਘ ਨਾਲ਼ ਕਿੰਨੇ ਦਿਨਾਂ ਤੋਂ ਗੱਲ ਨਹੀਂ ਸੀ ਹੋ ਸਕੀ। ਚਲੋ ਹੁਣ ਕਰਦੇ ਆਂ। 'ਛੋਟੇ ਭਾਈ ਵਿਆਹਾਂ ਨੇ ਮੱਤ ਮਾਰੀ ਪਈ ਆ। ਦੂਜਾ ਮੌਸਮੀ ਤਬਦੀਲੀ ਨਾਲ਼ ਖੰਘ-ਖਾਂਸੀ ਹੀ ਟਿਕਣ ਨਈਂ ਦਿੰਦੀ। ਹੋਰ ਫੇਅ ! ਟਰੰਪ ਸਾਅਬ ਨੇ ਲੈ ਈ ਲਿਆ ਇੰਡੀਆ ਨੂੰ ਗੋਡਿਆਂ ਥੱਲੇ। ਕਹਿੰਦੇ ਹੁਣ ਅਮਰੀਕਣ ਗਾਵਾਂ ਦਾ ਦੁੱਧ ਤੇ ਹੋਰ ਵਸਤਾਂ ਇੰਡੀਆ 'ਚ ਵਿਕਣਗੀਆਂ। ਕਹਿੰਦੇ ਇਸ ਵਰ੍ਹੇ ਪੰਜਾਬ ਵਿੱਚ ਗੰਨੇ ਦਾ ਮਿਠਾਸ ਪਹਿਲਾਂ ਨਾਲ਼ੋਂ ਕਾਫੀ ਘਟ ਗਿਆ। ਇਹ ਮਿਠਾਸ ਚਰਾਸੀ ਤੋਂ ਬਾਅਦ ਵੀ ਬੁਰੀ ਤਰ੍ਹਾਂ ਜ਼ਬਰੀ ਘਟਾਇਆ ਗਿਆ ਸੀ। ਨਰਮੇ ਦੀ ਖਰੀਦ 'ਚੋਂ ਕੇਂਦਰ ਆਏ ਦਿਨ ਹੱਥ ਘੁੱਟੀ ਜਾਂਦੈ। ਜਿਹੜੇ ਚਾਰ ਟੀਡੇ ਪਹਿਲਾਂ ਖਿੜਦੇ ਸੀਗੇ, ਹੁਣ ਉਹ ਵੀ ਸੜ-ਸੁੱਕ ਜਾਣਗੇ। ਕਹਿੰਦੇ ਇਸ ਸਾਲ ਘੱਟੋ ਘੱਟ ਅੱਠ-ਦਸ ਹਜ਼ਾਰ ਕਰੋੜ ਤੱਕ ਦੇ ਝੋਨੇ ਦੀ ਬੋਗਸ ਖਰੀਦ ਦਾ ਧੂੰਆਂ ਉੱਠ ਰਿਹੈ। ਇਹ ਗੋਰਖਧੰਦਾ ਤੇਜ਼-ਤਰਾਰ ਆੜ੍ਹਤੀਆਂ ਤੇ ਸਿਆਸੀ ਖਿਡਾਰੀਆਂ ਦੀ ਮਿਲ਼ੀ-ਭੁਗਤ ਤੋਂ ਬਿਨਾਂ ਕਿਵੇਂ ਹੋ ਜੂ ਭਲਾਂ? ਓਧਰ ਕਾਂਗਰਸੀਆਂ ਦੀ ਜ਼ੁਬਾਨ ਤਿਲਕਣ ਲੱਗਿਆਂ ਦੇਰ ਨਈਂ ਲਗਦੀ। ਇਨ੍ਹਾਂ ਦਾ ਦਲਿਤਾਂ ਬਿਨਾਂ ਹੋਰ ਕਿਸੇ 'ਤੇ ਜ਼ੋਰ ਈ ਨਈਂ ਚੱਲਦਾ। ਜਿਹੜੇ ਇਨ੍ਹਾਂ ਦੇ ਚਾਲੇ ਨੇ ਨਾ, ਕਿਤੇ ਇਨ੍ਹਾਂ ਦਾ ਈ ਬੈਂਡ ਨਾ ਵਜਾ ਦੇਣ ਲੋਕੀ। ਲੋਕ ਹਾਲੇ ਚੁੱਪ-ਚਾਪ ਸਿਆਸੀ ਗਿਰਗਿਟਾਂ ਨੂੰ ਰੰਗ ਬਦਲਦਿਆਂ ਦੇਖ ਰਹੇ ਹਨ, ਵਾਚ ਰਹੇ ਹਨ। ਫਿਰ ਇਨ੍ਹਾਂ ਨੂੰ ਲੋਕਾਂ ਦੇ ਮੂੰਹੋਂ ਇਹੋ ਜਿਹੀਆਂ ਸਤਰਾਂ ਈ ਸੁਣਨੀਆਂ ਪੈਣਗੀਆਂ, ਅਖੇ 'ਅਸਾਂ ਸੁਣਿਆਂ ਤੁਸੀਂ ਸਭ ਕੁਝ ਲਿਆ ਲੁਟਾ ਹੱਥੀਂ/ ਘਰ ਦੀ ਰੌਣਕ ਧੀਅ-ਪੁੱਤ ਨੂੰ ਵੀ ਉਲਝਾ ਹੱਥੀਂ/ ਸਭ ਰਿਸ਼ਤੇ ਵੇਚ ਦੁਕਾਨ, ਜਦੋਂ ਤੂੰ ਰੰਗ ਬਦਲੇਂ/ ਸਾਡੀ ਠਾਕੀ ਗਈ ਜ਼ੁਬਾਨ, ਜਦੋਂ ਤੂੰ ਰੰਗ ਬਦਲੇਂ।'

**ਸੰਪਰਕ** : 98144-30874

# .ਗ਼ਦਰੀ ਬਾਬਾ ਰੂੜ ਸਿੰਘ ਚੂਹੜ ਚੱਕ

ਗ਼ਦਰੀ ਬਾਬਾ ਰੂੜ ਸਿੰਘ ਚੂਹੜ ਚੱਕ ਚੋਟੀ ਦੇ ਪੜ੍ਹੇ-ਲਿਖੇ ਗ਼ਦਰੀਆਂ 'ਚੋਂ ਸਨ। ਇਨ੍ਹਾਂ ਦਾ ਪਿੰਡ ਚੂਹੜਚੱਕ ਜ਼ਿਲ੍ਹਾ ਮੋਗਾ ਵਿੱਚ ਹੈ। ਰੂੜ ਸਿੰਘ ਦਾ ਜਨਮ 1879 ਈ: ਵਿੱਚ ਆਪਣੀ ਮਾਤਾ ਕਾਹਨ ਕੌਰ ਤੇ ਪਿਤਾ ਸ: ਅਤਰ ਸਿੰਘ ਦੇ ਘਰ ਹੋਇਆ। ਆਪ ਚਾਰ ਭਰਾ ਸਨ। ਰੂੜ ਸਿੰਘ ਦੀ ਪਤਨੀ ਦਾ ਨਾਂਅ ਗਿਆਨ ਕੌਰ ਸੀ। ਬਾਬਾ ਰੂੜ ਸਿੰਘ ਦੀਆਂ ਤਿੰਨ ਧੀਆਂ ਅਤੇ ਇੱਕ ਪੁੱਤਰ ਜਿਸ ਦਾ ਜਨਮ 1905 ਵਿੱਚ ਹੋਇਆ ਸੀ।

ਗ਼ਦਰੀ ਰੂੜ ਸਿੰਘ ਨੇ ਮੁਢਲੀ ਪੜ੍ਹਾਈ ਪਿੰਡ ਤੋਂ ਲਈ। ਦਸਵੀਂ ਜਗਰਾਵਾਂ ਤੋਂ ਪਾਸ ਕੀਤੀ। ਇਹ ਉਹ ਸਮਾਂ ਸੀ, ਜਦੋਂ 10ਵੀਂ ਦੀ ਪੜ੍ਹਾਈ ਵੀ ਕੋਈ ਵਿਰਲਾ ਹੀ ਕਰਦਾ ਸੀ, ਪਰ ਰੂੜ ਸਿੰਘ ਦੇ ਘਰਦਿਆਂ ਨੇ ਉਸ ਦੀ ਖਾਹਿਸ਼ ਨੂੰ ਵੇਖਦਿਆਂ ਲਾਹੌਰ ਤੋਂ ਐੱਫ ਏ ਦੀ ਵਿੱਦਿਆ ਵੀ ਦਿਵਾਈ ਸੀ। ਰੂੜ ਸਿੰਘ ਐੱਫ ਏ ਤੂੰ ਅਗਲੇਰੀ ਪੜ੍ਹਾਈ ਅੱਧਵਾਟੇ ਛੱਡ ਕੇ 1898 ਈ: ਵਿੱਚ ਆਸਟ੍ਰੇਲੀਆ ਚਲੇ ਗਏ। ਉਥੇ ਮਿਹਨਤ ਕਰਕੇ ਕਾਫੀ ਪੈਸਾ ਕਮਾਇਆ। ਰੂੜ ਸਿੰਘ ਨੇ ਵਾਪਸ ਆ ਕੇ ਬਹੁਤ ਵੱਡੀ ਹਵੇਲੀ ਤੇ ਜਰਮਨ ਕਾਰ ਖਰੀਦ ਲਈ। ਉਸ ਵੇਲੇ ਹਵੇਲੀ ਤੇ ਕਾਰ ਖਰੀਦਣੀ ਹਾਰੀ ਸਾਰੀ ਮਨੁੱਖ ਦੇ ਵੱਸ ਦੀ ਗੱਲ ਨਹੀਂ ਸੀ।

ਬਾਬਾ ਰੂੜ ਸਿੰਘ ਦੂਜੇ ਗੇੜ ਵਿੱਚ ਅਮਰੀਕਾ ਚਲੇ ਗਏ। ਬਾਬਾ ਜੀ ਨੇ ਗੁਲਾਮ ਦੇਸ਼ ਵਾਸੀਆਂ ਦਾ ਜੋ ਹਾਲ ਆਸਟਰੇਲੀਆ ਵਿੱਚ ਵੇਖਿਆ ਸੀ, ਅਮਰੀਕਾ ਵਿੱਚ ਉਸ ਤੋਂ ਕਿਤੇ ਵਧੇਰੇ ਮਾੜਾ ਸੀ। ਰੂੜ ਸਿੰਘ ਨੇ ਵੇਖਿਆ ਕਿ ਗੁਲਾਮ ਲੋਕ ਤਾਂ ਪਸ਼ੂਆਂ ਸਮਾਨ ਹਨ। ਗੁਲਾਮ ਜ਼ਿੰਦਗੀ ਨੇ ਉਨ੍ਹਾਂ ਦੇ ਮਨ ਵਿੱਚ ਦੇਸ਼ ਨੂੰ ਆਜ਼ਾਦ ਕਰਾਉਣ ਦੇ ਵਿਚਾਰ ਪੈਦਾ ਕੀਤੇ। ਬਾਬਾ ਰੂੜ ਸਿੰਘ ਕੈਲੇਫੋਰਨੀਆ ਦੇ ਖੇਤਾਂ ਵਿੱਚ ਕੰਮ ਕਰਦੇ ਸਨ। ਉਨ੍ਹਾਂ ਨਾਲ ਕੰਮ ਕਰਦੇ ਕਿਰਤੀ ਉਨ੍ਹਾਂ ਨੂੰ ਆਪਣਾ ਆਗੂ ਮੰਨਦੇ ਸਨ। ਛੁੱਟੀ ਵਾਲੇ ਦਿਨ ਸਾਰੇ ਕਿਰਤੀ ਇਕੱਠੇ ਹੁੰਦੇ ਤੇ ਆਪਣੀਆਂ ਮੁਸੀਬਤਾਂ ਦੀ ਜੜ੍ਹ ਨੂੰ ਆਪਣੀ ਗੁਲਾਮੀ ਸਮਝਦੇ । ਇਹ ਵਿਚਾਰ ਕਰਦੇ ਕਿ ਸਾਨੂੰ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣੇ ਆਪ ਨੂੰ ਤਿਆਰ ਕਰਨਾ ਪਵੇਗਾ।



ਕੈਲੀਫੋਰਨੀਆ ਦੇ ਖੇਤਾਂ ਵਿੱਚ ਕੰਮ ਕਰਨ ਵਾਲਿਆਂ 'ਚ ਰੂੜ ਸਿੰਘ ਤੋਂ ਇਲਾਵਾ ਭਾਈ ਜਵਾਲਾ ਸਿੰਘ ਠੱਠੀਆਂ, ਸੰਤ ਵਿਸਾਖਾ ਸਿੰਘ ਦਦੇਹਰ, ਭਾਈ ਸੰਤੋਖ ਸਿੰਘ ਧਰਦਿਓ, ਪੰਡਤ ਜਗਤ ਰਾਮ, ਕਰਤਾਰ ਸਿੰਘ ਦੁੱਕੀ ਲਤਾਲਾ ਆਦਿ ਕਿਰਤੀਆਂ ਦੇ ਖਿਆਲ ਵੀ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨ ਵਾਲੇ ਸਨ। ਬਾਬਾ ਰੂੜ ਸਿੰਘ ਨੇ ਦੂਜੇ ਕਿਰਤੀ ਭਰਾਵਾਂ ਨਾਲ ਸਲਾਹ ਕਰਕੇ ਦਸੰਬਰ 1913 ਦੀਆਂ ਛੁੱਟੀਆਂ ਵਿੱਚ ਸੈਕਰਾਮੈਂਟੋ ਵਿਖੇ ਸਿਆਸੀ ਕਾਨਫਰੰਸ ਰੱਖ ਲਈ। ਇਸ ਤੋਂ ਪਹਿਲਾਂ ਗਦਰ ਪਾਰਟੀ 21 ਅਪ੍ਰੈਲ 1913 ਨੂੰ ਅਸਟੋਰੀਆ ਵਿੱਚ ਹੋਂਦ ਵਿੱਚ ਆ ਚੁੱਕੀ ਸੀ। ਸੈਕਰਾਮੈਂਟੋ ਕਾਨਫਰੰਸ ਵਿੱਚ ਬਾਕੀਆਂ ਤੋਂ ਇਲਾਵਾ ਜਨਰਲ ਸਕੱਤਰ ਲਾਲਾ ਹਰਦਿਆਲ ਤੇ ਜਥੇਬੰਦਕ ਸਕੱਤਰ ਮੁਣਸ਼ੀ ਰਾਮ ਪਹੁੰਚੇ ਸਨ।ਇਸ ਕਾਨਫਰੰਸ ਵਿੱਚ ਅਮਰੀਕਾ ਪੱਧਰ ਦੀ ਪਾਰਟੀ ਬਣਾਉਣ ਲਈ ਕੈਲੇਫੋਰਨੀਆ ਵਾਲੇ ਬਾਬਾ ਜਵਾਲਾ ਸਿੰਘ ਠੱਠੀਆਂ ਮੀਤ ਪ੍ਰਧਾਨ ਅਤੇ ਇੰਤਜਾਮੀਆ ਕਮੇਟੀ ਵਿੱਚ ਬਾਬਾ ਰੂੜ ਸਿੰਘ ਚੂਹੜਚੱਕ, ਭਾਈ ਸੰਤੋਖ ਸਿੰਘ ਧਰਦਿਓ, ਪਿਰਥੀ ਸਿੰਘ, ਪੰਡਿਤ ਜਗਤ ਰਾਮ ਹਰਿਆਣਾ, ਹਰਨਾਮ ਸਿੰਘ ਕੋਟਲਾ ਨੌਧ ਸਿੰਘ, ਕਰਮ ਸਿੰਘ ਚੀਮਾ, ਨਿਧਾਨ ਸਿੰਘ ਚੁੱਘਾ, ਸੰਤ ਵਿਸਾਖਾ ਸਿੰਘ ਦਦੇਹਰ ਨੂੰ ਲਿਆ ਗਿਆ।

ਬਾਬਾ ਰੂੜ ਸਿੰਘ ਗਦਰ ਪਾਰਟੀ ਦੇ ਸੱਦੇ 'ਤੇ ਦਫ਼ਤਰ ਹੈੱਡਕੁਆਰਟਰ ਯੁਗਾਂਤਰ ਆਸ਼ਰਮ ਸਾਨ ਫਰਾਂਸਿਸਕੋ ਪਹੁੰਚ ਗਏ। ਬਾਕੀ ਥਾਵਾਂ ਤੋਂ ਵੀ ਜ਼ਿੰਮੇਵਾਰ ਗਦਰੀ ਆਏ ਹੋਏ ਸਨ। ਮੀਟਿੰਗ ਵਿੱਚ ਲਗਾਤਾਰ ਕਈ ਦਿਨ ਵਿਚਾਰ ਕਰਨ ਤੋਂ ਬਾਅਦ ਫੈਸਲਾ ਹੋਇਆ 'ਕਰੋ ਜਾਂ ਮਰੋ'। ਐਲਾਨੇ ਜੰਗ ਦਾ ਐਲਾਨ 5 ਅਗਸਤ 1914 ਦੇ 'ਗ਼ਦਰ' ਅਖਬਾਰ ਵਿੱਚ ਛਾਪ ਦਿੱਤਾ ਗਿਆ। ਇਸ ਫੈਸਲੇ ਨੂੰ ਲਾਗੂ ਕਰਨ ਲਈ 9 ਅਗਸਤ ਨੂੰ ਫਰੈਜ਼ਨੋ ਅਤੇ 10 ਅਗਸਤ ਨੂੰ ਸੈਕਰਾਮੈਂਟੋ ਵਿਖੇ ਕਾਨਫਰੰਸਾਂ ਕੀਤੀਆਂ ਗਈਆਂ। ਸੈਕਰਾਮੈਂਟੋ ਕਾਨਫਰੰਸ ਵਿੱਚ ਮਰਨ-ਮਿਟਣ ਵਾਸਤੇ 5000 ਹਿੰਦੀ ਸ਼ਾਮਲ ਹੋਏ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਪੰਜਾਬੀ ਸਨ।

ਬਾਬਾ ਰੂੜ ਸਿੰਘ ਅਮਰੀਕਾ ਤੋਂ ਹਿੰਦ ਨੂੰ ਚੱਲਣ ਵਾਲੇ ਪਹਿਲੇ ਜਥੇ ਵਿੱਚ ਆਏ ਸਨ। ਜਦੋਂ ਜਹਾਜ਼ ਪੀਨਾਂਗ ਤੋਂ ਅੱਗੇ ਨਾ ਚਲਾਇਆ ਜਾਵੇ ਤੇ ਗਦਰੀਆਂ ਨੇ ਪੀਨਾਂਗ ਵਿੱਚ ਹੀ ਗਦਰ ਕਰਨ ਲਈ ਚਾਰ ਟੋਲੀਆਂ ਬਣਾ ਲਈਆਂ। ਗ਼ਦਰੀਆਂ ਨੇ ਵਿਚਾਰ ਕੀਤਾ ਕਿ ਰੈਜ਼ੀਡੈਂਟ ਨੂੰ ਮਿਲਦੇ ਹਾਂ ਤੇ ਜੇ ਫਿਰ ਵੀ ਜਹਾਜ਼ ਨਾ ਤੋਰਿਆ ਤੇ ਅਗਲੇ ਦਿਨ ਗਦਰ ਸ਼ੁਰੂ ਕਰ ਦਿੱਤਾ ਜਾਵੇਗਾ। ਬਾਬਾ ਰੂੜ ਸਿੰਘ ਦੀ ਅਗਵਾਈ ਹੇਠ ਪੀਨਾਂਗ ਦੇ ਰੈਜ਼ੀਡੈਂਟ ਨੂੰ ਮਿਲਿਆ ਗਿਆ ਤੇ ਜਹਾਜ਼ ਸਰਕਾਰ ਨੇ ਤੋਰ ਦਿੱਤਾ। ਜਹਾਜ਼ ਸਿੰਘਾਪੁਰ ਰੁਕਿਆ ਤੇ ਬਾਬਾ ਰੂੜ ਸਿੰਘ ਨੇ ਆਪਣੇ ਗਦਰੀ ਸਾਥੀਆਂ ਨਾਲ ਸਿੰਘਾਪੁਰ ਵਿਖੇ ਹਿੰਦੀ ਸਿਪਾਹੀਆਂ ਨੂੰ ਗਦਰ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਬਾਅਦ ਵਿੱਚ ਮੁਸਲਮਾਨ ਪਲਟਣ ਨੇ ਬਹੁਤ ਤਕੜਾ ਗਦਰ ਵਿਦਰੋਹ ਕੀਤਾ, ਜੋ ਇਤਿਹਾਸ ਵਿੱਚ ਦਰਜ ਹੈ। ਹਾਂਗਕਾਂਗ ਪਹੁੰਚ ਕੇ ਗ਼ਦਰੀਆਂ ਨੇ ਦੁਬਾਰਾ ਕਮੇਟੀ ਬਣਾਈ, ਜਿਸ ਵਿੱਚ ਬਾਬਾ ਰੂੜ ਸਿੰਘ, ਪੰਡਿਤ ਜਗਤ ਰਾਮ, ਬਾਬਾ ਸ਼ੇਰ ਸਿੰਘ ਵੇਈਂਪੂੲੀਂ, ਨਿਧਾਨ ਸਿੰਘ ਚੁੱਘਾ, ਪਿਰਥੀ ਸਿੰਘ, ਸੱਜਣ ਸਿੰਘ ਅਤੇ ਨਵਾਬ ਖਾਨ ਸਨ।

ਬਾਬਾ ਰੂੜ ਸਿੰਘ ਦਾ ਜਹਾਜ਼ 29 ਅਕਤੂਬਰ 1914 ਨੂੰ ਕਲਕੱਤੇ ਲੱਗਾ। ਇੱਥੋਂ ਪੁਲਸ ਬਾਬਾ ਰੂੜ ਸਿੰਘ ਚੂਹੜਚੱਕ ਸਮੇਤ ਗਦਰੀਆਂ ਨੂੰ ਫੜ ਕੇ ਪੰਜਾਬ ਲੈ ਗਈ। ਬਾਬਾ ਰੂੜ ਸਿੰਘ ਨੂੰ ਸਾਧਾਰਨ ਵਿਅਕਤੀ ਸਮਝ ਕੇ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ, ਜਦੋਂ ਕਿ ਬਾਬਾ ਰੂੜ ਸਿੰਘ 18 ਚੋਟੀ ਦੇ ਗਦਰੀਆਂ ਵਾਲੀ ਲਿਸਟ ਵਿੱਚ ਸਨ।ਗ੍ਰਿਫਤਾਰੀਆਂ ਤੋਂ ਬਚ ਨਿਕਲੇ ਗਦਰੀਆਂ ਨੇ ਇੱਕ ਕੇਂਦਰ ਢੁੱਡੀਕੇ ਬਣਾਇਆ, ਜਿਹੜਾ ਬਾਬਾ ਰੂੜ ਸਿੰਘ, ਈਸ਼ਰ ਸਿੰਘ ਢੁੱਡੀਕੇ, ਨਿਧਾਨ ਸਿੰਘ ਚੁੱਘਾ ਤੇ ਗਾਂਧਾ ਸਿੰਘ ਉਰਫ਼ ਕਚਰਭੰਨ ਦੀ ਅਗਵਾਈ ਹੇਠ ਚੱਲਦਾ ਸੀ। ਅੰਮ੍ਰਿਤਸਰ ਵੱਲੇ ਪੁਲ ਤੋਂ ਗਾਰਦ ਕੋਲੋਂ ਹਥਿਆਰ ਖੋਹਣ ਦੀ ਯੋਜਨਾ ਢੁੱਡੀਕੇ ਵਿਖੇ ਬਣੀ ਸੀ।

ਬਾਬਾ ਰੂੜ ਸਿੰਘ ਨੂੰ ਅੰਗਰੇਜ਼ੀ ਹਕੂਮਤ ਨੇ 29 ਅਪ੍ਰੈਲ 1915 ਨੂੰ ਗ੍ਰਿਫਤਾਰ ਕਰ ਲਿਆ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਪਹਿਲਾਂ ਮੌਤ ਦੀ ਸਜ਼ਾ ਹੋਈ, ਪਰ ਉਪਰਲੇ ਅਧਿਕਾਰੀ ਨੇ ਉਮਰ ਕੈਦ ਜਾਇਦਾਦ ਜ਼ਬਤ ਵਿੱਚ ਬਦਲ ਦਿੱਤੀ। ਉਮਰ ਕੈਦ ਲਈ ਕਾਲੇ ਪਾਣੀ ਭੇਜਿਆ ਅਤੇ 1923 ਵਿੱਚ ਯਰਵਦਾ ਜੇਲ੍ਹ ਵਿੱਚ ਲਿਆ ਕੇ 1929 ਤੱਕ ਕੈਦ ਰੱਖਿਆ।

ਰਿਹਾਈ ਤੋਂ ਬਾਅਦ ਬਾਬਾ ਰੂੜ ਸਿੰਘ ਨੇ ਕਿਸਾਨ ਸਭਾ, ਕਿਰਤੀ ਪਾਰਟੀ ਤੇ ਕਮਿਊਨਿਸਟ ਪਾਰਟੀ ਵਿੱਚ ਕੰਮ ਕੀਤਾ। ਆਪ 1936-37 ਦੀਆਂ ਪਹਿਲੀਆਂ ਵਿਧਾਨ ਸਭਾ ਚੋਣਾਂ ਵਿੱਚ ਬਿਨਾਂ ਮੁਕਾਬਲਾ ਚੁਣੇ ਗਏ। ਉਨ੍ਹਾਂ ਨੇ ਲੋਕ ਮਸਲਿਆਂ ਲਈ ਵਿਧਾਨ ਸਭਾ ਦੇ ਅੰਦਰ ਤੇ ਬਾਹਰ ਜ਼ੋਰਦਾਰ ਆਵਾਜ਼ ਉਠਾਈ। ਜਦੋਂ 1939 ਵਿੱਚ ਕਮਿਊਨਿਸਟ ਪਾਰਟੀ 'ਤੇ ਬੈਨ ਲੱਗਾ ਤੇ ਆਪ ਨੂੰ 'ਦਿਊਲੀ ਜੇਲ੍ਹ ਕੈਂਪ' ਵਿੱਚ ਕੈਦ ਰੱਖਿਆ ਸੀ। ਬਾਬਾ ਰੂੜ ਸਿੰਘ ਨੂੰ 15 ਸਾਲ ਦੇ ਕਰੀਬ ਹਕੂਮਤ ਨੇ ਜੇਲ੍ਹ ਵਿੱਚ ਕੈਦ ਰੱਖਿਆ। ਇਸ ਮਹਾਨ ਦੇਸ਼ ਭਗਤ ਦੀ ਮੌਤ 15 ਫਰਵਰੀ 1950 ਨੂੰ ਹੋਈ ਸੀ।


**- ਪਿਰਥੀਪਾਲ ਸਿੰਘ ਮਾੜੀਮੇਘਾ**

**ਸੰਪਰਕ** : 98760-78731

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

# ਔਰਤ ਦੀ ਵਿਨਾਸ਼ਕ ਸ਼ਕਤੀ ਦਾ ਬਿਰਤਾਂਤ




ਫੋ ਕ ਸ



**ਚਰਚਾ ਇਕ ਪੁਸਤਕ ਦੀ**

**ਡਾ. ਅਨੁਰਾਗ ਸ਼ਰਮਾ**

### ਇਤਿ ਕਥਾ

(ਨਾਵਲ)
ਕਿਰਪਾਲ ਕਜ਼ਾਕ
ਸਫ਼ੇ-279, ਮੁੱਲ-425 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਕਿਰਪਾਲ ਕਜ਼ਾਕ ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਤੇ ਖੋਜਕਾਰ ਹੈ। ਲੋਕ ਸੱਭਿਆਚਾਰ ਵਿੱਚ ਉਸ ਨੂੰ ਮੁਹਾਰਤ ਹਾਸਲ ਹੈ। ਕਬੀਲਾਈ ਪਰੰਪਰਾਵਾਂ ਤੇ ਸੱਭਿਆਚਾਰ ਉਪਰ ਉਸ ਨੇ ਕਈ ਕਿਤਾਬਾਂ ਦੀ ਸਿਰਜਣਾ ਕੀਤੀ ਹੈ। ਉਸ ਨੇ ਰੇਖਾ ਚਿੱਤਰ ਵੀ ਲਿਖੇ ਹਨ ਅਤੇ ਨਾਟਕਾਂ ਉੱਪਰ ਵੀ ਹੱਥ ਅਜ਼ਮਾਈ ਕੀਤੀ ਹੈ। ਪਹਿਲਾ ਨਾਵਲ ਉਸ ਨੇ 1982 ਵਿੱਚ 'ਕਾਲਾ ਪੱਤਣ' ਲਿਖਿਆ।ਉਸ ਤੋਂ ਬਾਅਦ ਨਾਵਲ ਦੇ ਖੇਤਰ ਵਿੱਚ ਉਸ ਦੀ ਕਲਮ 2025 ਵਿੱਚ ਆਪਣੀ ਚੁੱਪੀ 'ਇਤਿ ਕਥਾ' ਰਾਹੀਂ ਤੋੜਦੀ ਹੈ। ਇਹ ਉਸ ਦਾ ਦੂਸਰਾ ਨਾਵਲ ਹੈ। ਨਾਵਲ ਦਾ ਨਾਂਅ 'ਇਤਿ ਕਥਾ' ਕਿਉਂ ਹੈ, ਇਹ ਆਪਣੇ ਆਪ ਵਿੱਚ ਇੱਕ ਉਲਝਣ ਹੈ। ਮੇਰੀ ਜਾਚੇ ਇਹ ਇਤਿ ਕਥਾ ਨਹੀਂ ਸਗੋਂ ਨਵੇਂ ਬਿਰਤਾਂਤ ਦੀ ਸ਼ੁਰੂਆਤ ਹੈ। ਇਹ ਬਿਰਤਾਂਤ ਹਾਸ਼ੀਆਕ੍ਰਿਤ ਲੋਕਾਂ ਦੀ ਗੱਲ ਕਰਦਾ ਹੈ, ਜਿਸ ਨੂੰ ਗਾਇਤਰੀ ਸਪੀਵਾਕ ਜੈਂਡਰ ਸਬਾਲਟਰਨ ਕਹਿੰਦੀ ਹੈ। ਭਾਵ ਲਿੰਗ ਦ੍ਰਿਸ਼ਟੀ ਤੋਂ ਨਿਮਨ ਕੋਟੀ ਜਾਂ ਹਾਸ਼ੀਆਕ੍ਰਿਤ ਲੋਕਾਂ ਵਿੱਚ ਨਾਵਲਕਾਰ ਨੇ ਔਰਤੀ ਲਿੰਗਕ ਸਬਾਲਟਰਨ (ਔਰਤ) ਖਾਸ ਕਰ ਮੂਲ ਦੀ ਤੀਵੀਂ ਨੂੰ ਕਈ ਪਸਾਰਾਂ ਰਾਹੀਂ ਮੂਰਤੀਮਾਨ ਕੀਤਾ ਹੈ।ਉਸ ਦੇ ਇਸ ਨਾਵਲ ਵਿੱਚ ਮੂਲ ਦੀ ਤੀਵੀਂ ਨਵੇਂ ਰੂਪ ਵਿੱਚ ਵਿਸਫੋਟਕ ਯਥਾਰਥ ਰਾਹੀਂ ਸਿਰਜੀ ਗਈ ਹੈ।ਇਸ ਨਵੇਂ ਰੂਪ ਨੂੰ ਅਸੀਂ ਡਾਇਓਨੀਸੀਅਨ ਦੇ ਸੰਕਲਪ ਰਾਹੀਂ ਸਮਝਣ ਦੀ ਕੋਸ਼ਿਸ਼ ਕਰਾਂਗੇ।

ਨੀਤਸ਼ੇ ਡਾਇਨਿਓਸੀਅਨ ਸ਼ਕਤੀ ਦੀ ਗੱਲ ਕਰਦਾ ਹੋਇਆ ਉਸ ਨੂੰ ਜੀਵਨ ਅਤੇ ਕਲਾ ਦੇ ਨਿਰਣਾਇਕ ਸ਼ਕਤੀ ਵਜੋਂ ਸਵੀਕਾਰਦਾ ਹੈ, ਜਿਸ ਤੋਂ ਉਸ ਦਾ ਭਾਵ ਪਰਿਵਰਤਨ, ਸਿਰਜਣਾ ਲਈ ਵਿਕਾਸ ਕਰਨ ਵਾਲੀ ਭਿਅੰਕਰ ਸ਼ਕਤੀ ਹੈ, ਜਿਹੜੀ ਕਾਮ ਸ਼ਕਤੀ ਦੇ ਸਮਾਨ ਹੈ। ਇਸ ਦੇ ਨਾਲ ਹੀ ਏਕਤਾ, ਵਿਅਕਤੀਤਵ, ਨਿਤਾਪ੍ਰਤੀ ਸਮਾਜ, ਯਥਾਰਥ ਤੋਂ ਪਾਰ ਚਲਾਏਮਾਨ ਤੋਂ ਪਾਰ ਜਾਣ ਦੀ ਉਤੇਜਨਾ ਹੈ।(ਸਫ਼ਾ-25) ਨੀਤਸ਼ੇ ਦੀ ਨਾਇਕ ਸ਼ਕਤੀ ਦੇ ਨਾਲ ਡੂੰਘ ਰਿਹਾ ਇਹ ਵਿਨਾਸ਼ਕਾਰੀ ਸ਼ਕਤੀ ਮਨੁੱਖ ਨੂੰ, ਜਿਹੜਾ ਜੀਵਨ ਨੂੰ ਵਾਰ-ਵਾਰ ਆਪਣੀ ਘੜ-ਭਨ ਰਾਹੀਂ ਤੋੜ-ਫੋੜ ਕੇ ਨਵੇਂ ਸਿਰੇ ਸੰਗਠਿਤ ਤੋਂ ਕਰਦਾ ਹੈ। ਇਹ ਅਜਿਹੀ ਊਰਜਾ ਸ਼ਕਤੀ ਹੈ, ਜਿਹੜੀ ਆਪਣਾ ਰੂਪ ਬਦਲਦੀ ਹੈ ਪਰ ਆਕਾਰ ਨਹੀਂ ਬਦਲਦੀ। ਇਸ ਦਾ ਨਾ ਆਦਿ ਹੈ ਨਾ ਅੰਤ।ਤੰਤ ਇਸ ਦੇ ਕਠੋਰ ਰੂਪਾਂ ਵਿੱਚੋਂ ਨਵੇਂ ਰੂਪ ਉਤਪੰਨ ਹੁੰਦੇ ਹਨ, ਜਿਹੜੇ ਗਰਮ ਅਤੇ ਸਥੈ ਵਿਰੋਧੀ ਹੁੰਦੇ ਹਨ। ਵਿਰੋਧਾਂ ਦੀ ਖੇਡ ਵਿੱਚੋਂ ਲੰਘ ਕੇ ਮੁੜ ਆਪਣੇ ਸਰੋਤ ਨਾਲ ਜੁੜ ਕੇ ਸੁਮੇਲ ਦੀ ਖੁਸ਼ੀ ਪੈਦਾ ਕਰਦੇ ਹਨ।ਅਜਿਹੀ ਸ਼ਕਤੀ ਭਾਰਤ ਦੀ ਮਨੁੱਖ ਨੀਤਸ਼ੇ ਦੀ ਨਜ਼ਰ ਵਿੱਚ ਬੰਦ ਹੁੰਦਾ ਹੈ, ਜਿਸ ਤੋਂ ਉਸ ਦਾ ਭਾਵ ਹੈ ਕਠੋਰ, ਦੁਖਦਾਈ ਅਤੇ ਤਾਮੀਲ ਕਰਾਉਣ ਵਾਲਾ।(ਸਫ਼ਾ-26) ਭਾਰਤੀ ਖਾਸ ਕਰਕੇ ਪੰਜਾਬੀ ਲੋਕ ਧਾਰਾ ਵਿੱਚ ਇਹ ਸ਼ਕਤੀ ਕੁਝ ਹੱਦ ਤੱਕ ਕਾਲੀ ਦੇ ਨਾਂਅ ਨਾਲ ਜਾਣੀ ਜਾਂਦੀ ਹੈ।ਕਾਲੀ ਦਾ ਇਹ ਰੂਪ ਪ੍ਰਚੀਨ ਦੇਵੀ ਦੇ ਸਵਰੂਪਾਂ ਤੋਂ ਭਿੰਨ ਹੈ। ਇਸ ਦਾ ਸੰਬੰਧ ਤੰਤਰ ਨਾਲ ਹੈ। ਇਹ ਤਾਂਤਰਿਕ ਮੱਤ ਵਿੱਚ ਪ੍ਰਚਲਿਤ ਯੋਗਣੀਆਂ ਵਿੱਚੋਂ ਇੱਕ ਵਿਨਾਸ਼ਕ ਸ਼ਕਤੀ ਹੈ। ਪੰਜਾਬੀ ਲੋਕ ਧਾਰਾ ਵਿੱਚ ਸਾਨੂੰ ਅਜਿਹੀ ਸ਼ਕਤੀ ਦਾ ਜਿਹੜੀ ਵਿਨਾਸ਼ ਦਾ ਪ੍ਰਤੀਕ ਹੈ, ਦਾ ਹਵਾਲਾ ਮਿਲ ਜਾਂਦਾ ਹੈ। ਕਾਲੀ ਮਨੁੱਖ ਵਿਰੋਧੀ ਸ਼ਕਤੀਆਂ ਲਈ ਵਿਨਾਸ਼ਕ ਰੂਪ ਹੈ। ਇਹ ਯੁੱਧ ਦੀ ਦੇਵੀ ਹੈ ਅਤੇ ਰੋਹ ਵਿੱਚ ਇਸ ਦਾ ਸਵਰੂਪ ਬੜਾ ਭਿਅੰਕਰ ਹੋ ਜਾਂਦਾ ਹੈ। ਕਿਰਪਾਲ ਕਜ਼ਾਕ ਦੇ ਨਾਵਲ 'ਇਤਿ ਕਥਾ' ਵਿੱਚ ਮੂਲ ਦੀ ਤੀਵੀਂ ਭਾਵ 'ਜੈਂਡਰ ਸਬਾਲਟਰਨ' ਉਪਰ ਕੇਂਦਰਤ ਇਸ ਦੇ ਅਨੇਕਾਂ ਪਸਾਰਾਂ ਦਾ ਪ੍ਰਗਟਾਵਾ ਔਰਤ ਪਾਤਰਾਂ ਰਾਹੀਂ ਹੋਇਆ ਹੈ। ਇਹ ਮੂਲ ਦੀ ਤੀਵੀਂ ਚਾਹੇ ਪੁੰਨ ਦੇ ਵਿਆਹ ਦੇ ਰੂਪ ਵਿੱਚ ਕਿਸੇ ਦੇ ਘਰ ਜਾਂਦੀ ਹੈ, ਚਾਹੇ ਕੋਈ ਉਸ ਨੂੰ ਮੁੱਲ ਖਰੀਦ ਕੇ ਲਿਆਉਂਦਾ ਹੈ ਜਾਂ ਉਹ ਮਜਬੂਰੀਵੱਸ ਆਪਣਾ ਮੁੱਲ ਵੱਟਦੀ ਹੈ ਜਾਂ ਮਜਬੂਰੀਵੱਸ ਕਿਸੇ ਦੇ ਦੁਆਰ ਵੱਜਦੀ ਹੈ।

ਇਸ ਨਾਵਲ ਵਿੱਚ ਗੁਰੋ ਇਕ ਅਜਿਹੀ ਔਰਤ ਪਾਤਰ ਹੈ, ਜਿਹੜੀ ਮੁੱਖ ਪਾਤਰ ਦੇ ਰੂਪ ਵਿੱਚ ਮੌਜੂਦ ਹੈ ਤੇ ਜਿਸ ਦੇ ਦੁਆਲੇ ਨਾਵਲ ਦੀ ਕਹਾਣੀ ਘੁੰਮਦੀ ਹੈ। ਗੁਰੋ ਦਾ ਵਿਆਹ ਭਾਵੇਂ ਕਹਿਣ ਨੂੰ ਪੁੰਨ ਦਾ ਸਾਕ ਹੈ, ਪਰ ਧਿਆਨ ਨਾਲ ਦੇਖਿਆ ਜਾਵੇ ਤਾਂ ਗੁਰੋ ਦੀ ਇਸ ਵਿਆਹ ਬਾਰੇ ਆਪਣੀ ਕੋਈ ਇੱਛਾ ਨਹੀਂ ਹੈ। ਉਹ ਸਿਰਫ ਆਪਣੇ ਪਿਓ ਦੀ ਇੱਛਾ ਦੀ ਪੂਰਤੀ ਵਾਸਤੇ ਹੀ ਹਵੇਲੀ ਵਿੱਚ ਬੂਰੇ ਸਿੰਘ ਨਾਲ ਵਿਆਹੀ ਜਾਂਦੀ ਹੈ। ਗੁਰੋ ਵਿਨਾਸ਼ਕ ਸ਼ਕਤੀ ਦੀ ਲਿਖਾਇਕ ਹੈ। ਉਸ ਦੇ ਸੰਪਰਕ ਵਿੱਚ ਆਇਆ ਜਿਹੜਾ ਵਿਅਕਤੀ ਉਸ ਦੀ ਅਧੀਨਤਾ ਨੂੰ ਜਾਂ ਉਸ ਦੀ ਮਰਜ਼ੀ ਨੂੰ ਨਹੀਂ ਸਵੀਕਾਰਦਾ, ਉਸ ਦਾ ਵਿਨਾਸ਼ ਨਿਸ਼ਚਿਤ ਹੈ। 'ਇਤਿ ਕਥਾ' ਨਾਵਲ ਦੀਆਂ ਅਨੇਕਾਂ ਹੀ ਔਰਤ ਪਾਤਰਾਂ ਵਿੱਚ ਡਾਇਨੀਸੀਅਨ ਸ਼ਕਤੀ ਦਾ ਤੇਜ਼ ਪ੍ਰਵਾਹ ਹੈ।ਉਹ ਸਾਰੀਆਂ ਮਰਿਆਦਾਵਾਂ ਦੇ ਉਲਟ ਕੰਮ ਕਰਦੀਆਂ ਹਨ।ਗੁਰੋ ਬਾਰੇ ਲੇਖਕ ਕਹਿੰਦਾ ਹੈ, "ਗੁਰੋ ਗੁਸਤਾਖ ਅਤੇ ਗੁੱਸੈਲ ਸੀ। ਨਿੱਕੀ ਹੁੰਦੀ ਨੂੰ ਮਾਂ ਨੇ ਥੱਪੜ ਮਾਰਿਆ ਗੁਰੂ ਮੋੜਵਾ ਜੜ ਦਿੱਤਾ।(ਸਫ਼ਾ-46) ਇਸੇ ਤਰ੍ਹਾਂ ਹੀ ਉਸ ਦਾ ਪਿੰਡ ਵਿੱਚ ਨੰਗੇ ਮੂੰਹ ਆਉਣਾ, ਪਤੀ ਤੋਂ ਪਹਿਲਾਂ ਜੀਪ ਤੋਂ ਉਤਰਨਾ, ਦੇਖਣ ਆਈਆਂ ਜ਼ਨਾਨੀਆਂ ਨਾਲ ਖੁਸ਼ਾਮਦਾਜਗੀ, ਪੰਡਿਤ ਦੇ ਕਹਿਣ ਨੂੰ ਉਲਟਾਉਣ ਲਈ ਮੁੰਡੇ ਦੇ ਵਿਆਹ ਕਰਨੇ, ਸ਼ਰਾਬ ਪੀਣਾ, ਲਾਡੋ ਨਾਲ ਹਮ ਬਿਸਤਰੀ, ਗੁਰੋ ਦੇ ਚਾਹੁੰਦੀ ਲਾਡੋ ਨੂੰ ਮਰਦਾਵੇਂ ਕੱਪੜੇ, ਚਿਹਰੇ 'ਤੇ ਦਾੜ੍ਹੀ ਮੁੱਛਾਂ, ਪਗੜੀ ਅਤੇ ਗਲ ਵਿੱਚ ਪਰਨਾ ਪਾ ਪ੍ਰੇਮੀ ਚਿਤਵ ਲੈਂਦੀ, ਉਹਨੂੰ ਪਿਆਰ ਦੀ, ਦੁਲਾਰ ਦੀ, ਮਧੋਲਦੀ, (ਸਫ਼ਾ-173) ਅਤੇ ਘਰ ਵਾਲੇ ਤੋਂ ਮੁਨਕਰ ਇਹ ਸਾਰਾ ਕੁਝ ਗੁਰੋ ਦੇ ਚਰਿੱਤਰ ਵਿੱਚ ਮੌਜੂਦ ਹੈ।ਡਾਇਰਕਟਰ ਰਵੇਲ ਸਿੰਘ ਨਾਵਲ ਦੀ ਭੂਮਿਕਾ ਵਿੱਚ ਕਹਿੰਦਾ ਹੈ ਕਿ ਇਹ ਨਾਰੀ ਮਨੂੰ ਸਿਮਰਤੀ ਵਿੱਚ ਆਂਕੇ ਗਏ ਗੁਣਾ ਤੋਂ ਬਿਲਕੁਲ ਵੱਖਰੀ ਹੈ।ਗੁਰੋ ਸਿਮਰਤੀ ਦੇ ਸਿਧਾਂਤ ਦੀ ਨੀਂਹ 'ਤੇ ਸਵਾਲੀਆ ਚਿੰਨ੍ਹ ਖੜਾ ਕਰਦੀ ਹੈ ਤੇ ਉਸ ਦੇ ਮੂਲ ਆਧਾਰ ਨੂੰ ਹੀ ਵੰਗਾਰਦੀ ਹੈ (ਸਫ਼ਾ-11) ਉਹ ਇਕ ਅਬਲਾ ਨਾਰੀ ਦਾ ਬਿੰਬ ਤੋੜਦੀ ਹੋਈ ਸਭ ਤੋਂ ਪਹਿਲਾਂ ਆਪਣੇ ਪਤੀ ਨੂੰ ਗੁਲਾਮ ਬਣਾਉਂਦੀ ਹੈ। ਇਸ ਹੀ ਚਾਰੂ ਮਰਿਆਦਾ ਤੋਂ ਉਲਟ ਸੁੱਚੇ ਦੇ ਨਾਲ ਸਰੀਰਕ ਸੰਬੰਧ ਬਣਾਉਂਦੀ ਹੈ। ਕਲਿਆਣੀ ਵਿਆਹ ਤੋਂ ਬਾਅਦ ਵੀ ਨੰਜੇ ਦਾ ਪਿੱਛਾ ਨਹੀਂ ਛੱਡਦੀ।ਉਹ ਹਰ ਕਿਸਮ ਦੀ ਮਰਿਆਦਾ ਛੱਡਣ ਲਈ ਤਿਆਰ ਹੈ। ਕਲਿਆਣੀ ਦੇ ਰੱਜ ਜਿਉਣ ਵਾਲੇ ਤ੍ਰਿਆ ਚਰਿੱਤਰ ਇਸ ਕਦਰ ਅੰਗੜਾਈ ਲਈ ਉਹ ਠਕਰਾਇਣ ਬਣਨ ਲਈ ਕੁਝ ਵੀ ਕਰਨ ਲਈ ਤਿਆਰ ਹੋ ਗਈ।(ਸਫ਼ਾ-147) ਭਾਵ ਮਰਿਆਦਾ ਦੀ ਹਰ ਰੇਖਾ ਨੂੰ ਉਲੰਘਣ ਦੇ ਲਈ ਉਹ ਤਿਆਰ ਸੀ। ਉਹ ਇਕੋ ਸਮੇਂ ਦੋਨਾਂ ਹੀ ਮਰਦ ਸਰਬਣ ਤੇ ਨੰਜੇ ਨਾਲ ਸੰਬੰਧ ਰੱਖਦੀ ਹੈ। ਇਸੇ ਤਰ੍ਹਾਂ ਗੋਮਤੀ ਉੱਚ ਜਾਤ ਵਿਚ ਰਲਣ ਦੇ ਲਈ ਜੰਗੇ ਦੇ ਨਾਲ ਸੰਬੰਧ ਬਣਾਉਂਦੀ ਹੈ, ਹਾਲਾਂਕਿ ਰਿਸ਼ਤੇ ਵਿੱਚ ਜੰਗਾ ਉਸ ਦੀ ਭੈਣ ਦਾ ਪੁੱਤਰ ਲੱਗਦਾ ਹੈ। ਸ਼ੀਸ਼ੋ ਸੁੱਚੇ ਨੂੰ ਉਸ ਦੀ ਪਹਿਲੀ ਪ੍ਰੇਮਿਕਾ ਚਾਰੂ ਨਾਲ ਸੰਬੰਧ ਰੱਖਣ ਦੀ ਇਜਾਜ਼ਤ ਦਿੰਦੀ ਹੈ।ਇਸੇ ਤਰ੍ਹਾਂ ਸ਼ੀਤਲ ਭਾਵੇਂ ਜ਼ੋਰਾ ਨਾਲ ਵਿਆਹੀ ਜਾਂਦੀ ਹੈ, ਪਰ ਉਸ ਦਾ ਵੀ ਇੱਕ ਪ੍ਰੇਮੀ ਰਣਜੀਤ ਹੈ, ਜਿਸ ਦੇ ਬਾਰੇ ਲੇਖਕ ਕਹਿੰਦਾ ਹੈ, "ਸੋਚ ਉਤਰੀ ਤਾਂ ਮਨ ਚਪੇੜਿਆਂ ਦਾ ਪਿੰਡ ਉਭਰਿਆ, ਜਿੱਥੇ ਜਵਾਨ ਹੋਈ, ਰਣਜੀਤ ਨਾਲ ਇਕੱਠਿਆਂ ਪੜ੍ਹੀ, ਇਸ਼ਕ ਕੀਤਾ, ਇਕੋ ਪਿੰਡ, ਇਕੋ ਜਾਤ ਗੋਤ। ਸਫ਼ਾ (258) ਇਸ ਨਾਵਲ ਵਿੱਚ ਇੰਜ ਕੋਈ ਵੀ ਪਰੰਪਰਕ ਭਾਰਤੀ ਔਰਤ ਨਹੀਂ ਸਿਰਜੀ ਗਈ, ਸਗੋਂ ਹਰ ਔਰਤ ਦੇ ਦਿਲ ਵਿੱਚ ਕੋਈ ਨਾ ਕੋਈ ਅਜਿਹਾ ਹੈ ਜਿਹੜਾ ਉਸ ਦੇ ਅਤੀਤ ਦੇ ਪਰਛਾਵਿਆਂ ਨਾਲ ਸੰਬੰਧਤ ਹੈ। ਮੈਂ ਇੱਥੇ ਇਸ ਨੂੰ ਔਰਤ ਦੀ ਚਰਿੱਤਰਹੀਨਤਾ ਨਹੀਂ ਮੰਨਦਾ, ਸਗੋਂ ਇਹ ਉਸ ਦੀ ਕਾਮੁਕਤਾ ਹੈ, ਜਿਸ ਲਈ ਮੈਂ ਜਿਸ ਨੂੰ ਆ-ਮਰਿਆਦਕ ਕਿਹਾ ਹੈ।ਪੈਤ੍ਰਿਕ ਵਿਵਸਥਾ ਦੇ ਵਿੱਚ ਔਰਤ ਦਾ ਆਪਣੀ ਕਾਮ ਚੇਤਨਾ ਦਾ ਪ੍ਰਗਟਾਵਾ ਮਰਿਆਦਾ ਹੀ ਨਹੀਂ ਅਖਵਾਉਂਦਾ ਹੈ। ਔਰਤਾਂ ਵਿੱਚ ਕਬੀਲਾਈ ਸੱਭਿਅਤਾ ਦੀ ਦੱਬੀ ਹੋਈ ਕਾਮ ਇੱਛਾਵਾਂ ਕਹਿ ਲਓ ਅਬਾਹ ਦੀ ਕਾਮ ਸ਼ਕਤੀ ਹੈ, ਪਰ ਜਿਹੜੀ ਮਰਦ ਪ੍ਰਧਾਨ ਸਮਾਜ ਵਿੱਚ ਗੁਆਚ ਗਈ ਹੈ, ਪਰ ਲੇਖਕ ਇਸ ਨੂੰ ਬੜੀ ਖੂਬਸੂਰਤੀ ਨਾਲ ਵਿਸਫੋਟਤ ਰੂਪ ਵਿੱਚ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਇਸ ਨਾਵਲ ਵਿੱਚ ਕੋਈ ਵੀ ਪਤੀਬਰਤਾ ਨਹੀਂ ਹੈ। ਭਾਰਤੀ ਸੱਭਿਆਚਾਰਕ ਪਰੰਪਰਾ ਦੇ ਬਿਲਕੁਲ ਉਲਟ ਇਹਨਾਂ ਦਾ ਰੂਪ ਹੈ।

ਬਦਲਾ ਇੱਕ ਅਜਿਹਾ ਆਰਕਟਾਈਪ ਹੈ, ਜਿਹੜਾ ਸਾਰੇ ਨਾਵਲ ਵਿੱਚ ਪਸਰਿਆ ਹੋਇਆ ਹੈ।ਇਹ ਬਦਲਾ ਔਰਤ ਦਾ ਹੈ। ਬਦਲਾ ਇਕ ਅਜਿਹਾ ਭਾਵਨਾਤਮਕ ਵੇਗ ਹੈ, ਜਿਸ ਰਾਹੀਂ ਇਨਸਾਨ ਆਪਣੇ ਨਾਲ ਕੀਤੀ ਹੋਈ ਬੇਇਨਸਾਫੀ ਨੂੰ ਇਨਸਾਫ ਵਿੱਚ ਬਦਲਦਾ ਹੈ। ਇਹ ਸਦਾਚਾਰਕ ਤਵਾਜ਼ਨ ਰੱਖਣ ਦਾ ਤਰੀਕਾ ਹੈ। ਬਦਲਾ ਜ਼ਿਆਦਾਤਰ ਹਿੰਸਕ ਹੁੰਦਾ ਹੈ।ਇਸ ਨਾਵਲ ਵਿੱਚ ਬਦਲੇ ਦੀਆਂ ਦੋ ਸਥਿਤੀਆਂ ਦੇਖਣ ਨੂੰ ਮਿਲਦੀਆਂ ਹਨ, ਹਿੰਸਕ ਅਤੇ ਅਹਿੰਸਕ ।ਗੁਰੋ ਦਾ ਬਦਲਾ ਵਿਰੋਧੀ ਨੂੰ ਖਤਮ ਕਰ ਦੇਣ ਜਾਂ ਜ਼ਲੀਲ ਕਰ ਦੇਣ ਵਿੱਚ ਨਿਹਿਤ ਹੈ। ਗੁਰੂ ਦਾ ਬਦਲਾ ਮਨੋਇਛਤ ਵਸਤੂ ਦੀ ਅਪ੍ਰਾਪਤੀ ਨਾਲ ਸੰਬੰਧਤ ਹੈ। ਮਨਇੱਛਤ ਪਤੀ, ਘਰ ਅਤੇ ਤਕਦੀਰ ਨੂੰ ਨਾ ਮਿਲਣ ਕਾਰਨ ਉਹ ਉਸ ਨੂੰ ਮਨ ਇੱਛਤ ਬਣਾਉਣ ਲਈ ਰਾਹ ਵਿੱਚ ਆਉਂਦੀ ਹਰ ਰੁਕਾਵਟ ਭਾਵੇਂ ਸੱਸ, ਸਹੁਰਾ ਭਾਵੇਂ ਸ਼ੀਸ਼ੋ, ਚਾਰੂ, ਲਾਡੋ ਤੇ ਜਾਂ ਉਸ ਦਾ ਪਤੀ ਭੂਰ ਸਿੰਘ ਉਹਨਾਂ ਨਾਲ ਉਹ ਬਦਲਾ ਲੈਣ ਲਈ ਉਤਾਰੂ ਹੋ ਜਾਂਦੀ ਹੈ। ਇਸ ਦੇ ਪਿੱਛੇ ਉਸ ਦੀ ਆਪਣੀ ਇਕ ਧਾਰਨਾ ਹੈ ਕਿ ਉਹ ਸਮਝਦੀ ਹੈ ਕਿ ਉਸ ਨੂੰ ਉਸ ਦਾ ਸਹੀ ਸਥਾਨ ਨਹੀਂ ਮਿਲਿਆ। ਉਸ ਦੇ ਇਸ ਬਦਲਾ ਲੈਣ ਦੇ ਸੁਭਾਅ ਬਾਰੇ ਉਸ ਦੇ ਭਰਾ ਦੀ ਮੰਗੇਤਰ ਦਾ ਪਿਓ ਕਹਿੰਦਾ, "ਤੂੰ ਉਸੇ ਦਾ ਭਰਾ ਹੈ ਨਾ ? ਜਿਹਨੇ ਪਹਿਲਾਂ ਸੱਸ ਰਗੜੀ, ਫਿਰ ਸਹੁਰਾ ਉਕਸਾਇਆ ਮਰਨ ਲਈ ਤੇ ਹੁਣ ਘਰ ਵਾਲੇ 'ਤੇ ਕਾਠੀ ਪਾਈ ਫਿਰਦੀ ਹੈ।" (ਸਫਾ-71) ਸ਼ੀਸ਼ੋ ਹੱਥੋਂ ਬੇਇਜ਼ਤ ਹੋਣ ਤੋਂ ਬਾਅਦ ਉਹ ਸ਼ੀਸ਼ੋ ਦਾ ਵਿਆਹ ਘਰ ਦੇ ਨੌਕਰ ਨਾਲ ਕਰਾ ਕੇ ਆਪਣੀ ਬੇਇਜ਼ਤੀ ਦਾ ਬਦਲਾ ਲੈਂਦੀ ਹੈ। ਇਸੇ ਤਰ੍ਹਾਂ ਨਾਵਲ ਵਿਚਲੀ ਪ੍ਰਸਿੰਨੀ ਆਪਣੇ ਸਹੁਰੇ ਨੂੰ ਕਤਲ ਕਰ ਦਿੰਦੀ ਹੈ, ਜਦੋਂ ਉਹ ਉਸ 'ਤੇ ਮੈਲੀ ਅੱਖ ਰੱਖਦਾ ਹੈ। ਕਲਿਆਣੀ ਜੋਰੇ ਦਾ ਕਤਲ ਕਰਦੀ ਹੈ, ਜਿਹੜਾ ਗੋਮਤੀ ਤੇ ਜੋਰੇ ਦੇ ਸੰਬੰਧਾਂ ਵਿੱਚੋਂ ਉਪਜਦਾ ਹੈ। ਚਾਰੂ ਵਿਜੇ ਕੋਲੋਂ ਬਦਲਾ ਲੈਂਦੀ ਹੈ। ਵਿਸ ਘੋਲ ਰਹੀ ਲਾਡੋ ਕਿਸੇ ਖਤਰਨਾਕ ਫੈਸਲੇ ਦੀ ਦੰਦੀ 'ਤੇ ਜਾ ਖੜੀ। ਉਹ ਮਾਰਚ ਦੀਆਂ ਤੀਲ੍ਹੀਆਂ ਦੇ ਉਪਰਲੇ ਮਸਾਲੇ ਨੂੰ ਸ਼ਰਾਬ ਵਿੱਚ ਘੋਲ-ਘੋਲ ਕੇ ਵਿਜੇ ਨੂੰ ਪਿਆਉਂਦੀ ਰਹੀ, ਜਿਸ ਕਾਰਨ ਉਸ ਦੀ ਮੌਤ ਹੁੰਦੀ ਹੈ।ਇਸ ਮੌਤ ਦਾ ਕਾਰਨ ਲਾਡੋ ਦੀ ਬੇਹੁਰਮਤੀ ਹੈ, ਜਿਹੜੀ ਵਿਜੇ ਕਰਦਾ ਹੈ।ਵਿਜੇ ਦੇ ਕਤਲ ਦੇ ਬਾਰੇ ਦੱਸਦੀ ਲਾਡੋ ਕਹਿੰਦੀ ਹੈ, "ਕੁੱਤੇ ਮੰਜੇ ਨਾਲ ਮੋੜ ਕੇ ਮੇਰੇ ਮੂੰਹ ਵਿੱਚ ਮੂਤਿਆ, ਸ਼ਰਾਬ ਨੇ ਅੰਦਰ ਰੁੜਾਤਾ, ਮੈਂ ਰੋਈ ਪਿੱਟੀ, ਇਕ ਨਾ ਸੁਣੀ ਕੁੱਤੇ ਨੇ ਲੈ ਦੇਖ।" (ਸਫ਼ਾ 202) ਵਿਜੇ ਇਸ ਕਿਉਂ ਕਰਦਾ ਹੈ ਇਸ ਦਾ ਕਾਰਨ ਲਾਡੋ ਦਾ ਉਸ ਦੇ ਡਿੱਗਦੇ ਨੂੰ ਦੇਖ ਕੇ ਹੱਸਣਾ ਹੈ।ਇਹ ਘਟਨਾ ਦੁਰਯੋਧਨ ਤੇ ਦਰੋਪਦੀ ਦੇ ਸੰਦਰਭ ਵਿੱਚ ਦੇਖੀ ਜਾ ਸਕਦੀ ਹੈ। ਕਲਿਆਣੀ ਆਪਣੇ ਸਵਾਰਥ ਲਈ ਸਰਬਣ ਦਾ ਕਤਲ ਕਰਦੀ ਹੈ। ਪ੍ਰਸਿੰਨੀ ਆਪਣੇ ਸਹੁਰੇ ਦਾ ਕਤਲ ਹੀ ਨਹੀਂ ਕਰਦੀ ਹੈ, ਸਗੋਂ ਆਪ ਵੀ ਆਤਮ-ਹੱਤਿਆ ਕਰਦੀ ਹੈ, ਕਿਉਂਕਿ ਉਸ ਦਾ ਸਹੁਰਾ ਉਸ ਉੱਤੇ ਮੈਲੀ ਅੱਖ ਰੱਖਦਾ ਹੈ। ਇਸ ਇਹ ਨਾਵਲ ਬਦਲੇ ਦੀ ਤਸਵੀਰ ਸਾਡੇ ਸਾਹਮਣੇ ਪੇਸ਼ ਕਰਦਾ ਹੈ।

ਇੱਕ ਆਮ ਕਹਾਵਤ ਹੈ, 'ਤ੍ਰਿਆਚਲਿਤ੍ਰ ਨ ਜਾਨੈ ਕੋਇ, ਖਸਮ ਮਾਰ ਕੇ ਸਤੀ ਹੋਇ।' ਪੰਜਾਬੀ ਲੋਕ ਮਨ ਵਿੱਚ ਤ੍ਰਿਆ ਚਰਿੱਤਰ ਦੇ ਇਕ ਰੂਪ ਤ੍ਰੀਆ ਹਠ ਦਾ ਸੰਕਲਪ ਅਸੀਂ ਆਪਣੀਆਂ ਦੰਤ ਕਥਾਵਾਂ, ਪਰੀ ਕਥਾਵਾਂ ਅਤੇ ਹੋਰ ਲੋਕ ਕਥਾਵਾਂ ਵਿੱਚ ਵੇਖ ਸਕਦੇ ਹਾਂ। ਮਹਾਭਾਰਤ ਦੀ ਕਥਾ ਤੋਂ ਚੱਲਿਆ ਆ ਰਿਹਾ ਇਹ ਆਰਕਟਾਈਪ ਪੰਜਾਬ ਦੀ ਸਾਹਿਤਕ ਧਾਰਾ ਵਿੱਚ ਆਮ ਵੇਖਣ ਨੂੰ ਮਿਲਦਾ ਹੈ। ਕਿੱਸਿਆਂ ਵਿੱਚ ਤਾਂ ਇਹ ਇਕ ਰੂੜੀ ਬਣ ਕੇ ਉੱਭਰਦਾ ਹੈ। ਇਸ ਨਾਵਲ ਵਿੱਚ ਤ੍ਰੀਆਹਠ ਨਾਵਲ ਦੀਆਂ ਔਰਤ ਪਾਤਰਾਂ ਵਿੱਚ ਮੌਜੂਦ ਹੈ।ਪਾਂਧਾ ਗੁਰੋ, ਗੋਮਤੀ, ਕਾਮਨੀ, ਸ਼ੀਸ਼ੋ ਭਾਵੇਂ ਸ਼ੀਤਲ ਭਾਵ ਹਰ ਇੱਕ ਔਰਤ ਇੱਕ ਆਪਣੇ ਹੱਠ ਦੇ ਉੱਤੇ ਖੜੀ ਹੈ। ਗੁਰੋ ਆਪਣੇ ਹੱਠ ਨਾਲ ਆਪਣੀ ਤੇ ਆਪਣੇ ਪੁੱਤਰ ਦੀ ਤਕਦੀਰ ਨੂੰ ਬਦਲਣਾ ਲੋਚਦੀ ਹੈ। ਕਿਸੇ ਨਜੂਮੀ ਦੀ ਭਵਿੱਖਬਾਣੀ ਨੂੰ ਉਹ ਆਪਣੇ ਯਤਨਾਂ ਰਾਹੀਂ ਉਲਟਾਉਣਾ ਚਾਹੁੰਦੀ ਹੈ।ਪਾਂਧਾ ਕਹਿੰਦਾ ਹੈ ਮਤਲਬ ਪਹਿਲਾ ਯੋਗ ਪਹਿਲੀ ਪਤਨੀ ਸਾਲ ਖੰਡ ਤੋਂ ਵੱਧ ਨਹੀਂ ਜੀਵੇਗੀ, ਦੂਜੀ ਲੰਮੀ ਆਯੂ ਵਾਲੀ ਆਵੇਗੀ।(ਸਫ਼ਾ-92) ਇਸ ਭਵਿੱਖਬਾਣੀ ਨੂੰ ਉਲਟਾਉਣ ਦੇ ਲਈ ਉਸ ਨੇ ਸੋਚਿਆ ਕਿ ਵਿਜੇ ਦਾ ਵਿਆਹ ਪਹਿਲਾਂ ਕਿਸੇ ਮੂਲ ਦੀ ਤੀਵੀਂ ਨਾਲ ਚੁੱਪ-ਚੁਪੀਤੇ ਵਿਆਹ ਕਰ ਦਿੱਤਾ ਜਾਵੇ। ਗੁਰੋ ਮੂਲ ਦੀ ਤੀਵੀਂ ਬਾਰੇ ਸੋਚਣ ਲੱਗੀ, ਇਕ ਮਹੀਨਾ 'ਤੇ ਗਈ ਰਹਨ ਤੇ ਉਹਦੀ ਧੀ ਸ਼ੀਸ਼ੋ ਦੇਖੀ ਆਸ ਦੀ ਕਿਰਨ ਲਿਸ਼ਕੀ। (ਸਫ਼ਾ-93) ਇੰਝ ਉਹ ਵਿਜੇ ਦਾ ਪਹਿਲਾ ਵਿਆਹ ਸ਼ੀਸ਼ੋ ਨਾਲ ਕਰਾਉਣ ਵਿੱਚ ਸਫਲ ਹੋ ਜਾਂਦੀ ਹੈ। ਇਸੇ ਤਰ੍ਹਾਂ ਕਲਿਆਣੀ ਬਾਰੇ ਲੇਖਕ ਆਖਦਾ ਹੈ, ਕਲਿਆਣੀ ਦੇ ਰੱਜ ਜਿਉਣ ਵਾਲੇ ਤ੍ਰਿਆ ਚਰਿੱਤਰ ਇਸ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਡਰੇ ਹੋਏ ਮਨੁੱਖ ਦੀ ਗਾਥਾ


**ਸਾਹਿਤ ਚਿੰਤਨ**

**ਡਾ. ਭੁਪਿੰਦਰ ਕੌਰ**

### ਫੋਮਾ ਗੋਰਦਿਏਵ : ਇਕ ਸਹਿਮਿਆ ਹੋਇਆ ਆਦਮੀ

ਮੈਕਸਿਮ ਗੋਰਕੀ
ਅਨੁ. : ਭੁਪਿੰਦਰ ਸਿੰਘ ਮਲਿਕ
ਪੰਨੇ-288, ਕੀਮਤ-300 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਮੈਕਸਿਮ ਗੋਰਕੀ (ਫੋਮਾ ਗੋਰਦਿਏਵ) ਇਕ ਸਹਿਮਿਆ ਹੋਇਆ ਆਦਮੀ, ਭੁਪਿੰਦਰ ਸਿੰਘ ਮਲਿਕ ਦਾ ਅਨੁਵਾਦ ਕੀਤਾ ਹੋਇਆ ਨਾਵਲ ਹੈ। ਨਾਵਲ ਨੂੰ ਅੰਗਰੇਜ਼ੀ ਤੋਂ ਹਿੰਦੀ ਵਿੱਚ ਅਨੁਵਾਦ ਜੰਗ ਬਹਾਦਰ ਗੋਇਲ ਅਤੇ ਡਾ. ਨੀਲਮ ਗੋਇਲ ਨੇ ਕੀਤਾ ਤੇ ਪੰਜਾਬੀ ਰੂਪ ਭੁਪਿੰਦਰ ਸਿੰਘ ਮਲਿਕ ਦਾ ਕੀਤਾ ਹੋਇਆ ਸਾਡੇ ਹੱਥਾਂ ਵਿੱਚ ਹੈ। ਨਾਵਲ ਦੇ ਆਰੰਭ ਵਿੱਚ 'ਨਾਲੇ ਪੁੰਨ, ਨਾਲੇ ਫਲੀਆਂ' ਸਿਰਲੇਖ ਹੇਠ ਅਨੁਵਾਦ ਕਾਰਜ ਦੇ ਸਿਰਮੌਰ ਪ੍ਰਵੇਸ਼ ਸ਼ਰਮਾ ਨੇ ਆਪਣੇ ਵਿਚਾਰ ਦਿੱਤੇ ਹਨ, ਉਪਰੰਤ ਅਨੁਵਾਦਕ ਭੁਪਿੰਦਰ ਸਿੰਘ ਮਲਿਕ ਨੇ ਆਪਣੇ ਵੱਲੋਂ ਪੁਸਤਕ ਨੂੰ ਅਨੁਵਾਦ ਕਰਨ ਲੱਗਿਆਂ ਆਈਆਂ ਸਮੱਸਿਆਵਾਂ ਬਾਰੇ ਗੱਲ ਕਰਦੇ ਹੋਏ ਉਹਨਾਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਸਦਕਾ ਉਹ ਇਸ ਨਾਵਲ ਨੂੰ ਨੇਪਰੇ ਚਾੜ੍ਹ ਸਕਿਆ ਹੈ। ਅਨੁਵਾਦ ਦਾ ਕੰਮ ਅੱਜ ਦੇ ਸਮੇਂ ਵਿੱਚ ਇੱਕ ਬਹੁਤ ਵੱਡੀ ਚੁਣੌਤੀ ਹੈ, ਕਿਉਂਕਿ ਮੂਲ ਭਾਸ਼ਾ ਤੋਂ ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ ਕਰਨ ਲੱਗਿਆਂ ਇਹ ਧਿਆਨ ਰੱਖਣਾ ਪੈਂਦਾ ਹੈ ਕਿ ਉਹ ਰਚਨਾ ਦੀ ਮੌਲਿਕਤਾ ਕਾਇਮ ਰਹੇ, ਉਸ ਵਿੱਚ ਵਰਤੇ ਜਾਂਦੇ ਸ਼ਬਦਾਂ ਨੂੰ ਵੀ ਇਸ ਢੰਗ ਨਾਲ ਤਰਜ਼ਮਾ ਕਰਨਾ ਪੈਂਦਾ ਹੈ ਕਿ ਉਹ ਜਿਸ ਭਾਸ਼ਾ ਵਿੱਚ ਅਨੁਵਾਦ ਕੀਤਾ ਜਾ ਰਿਹਾ ਹੈ, ਉਸ ਭਾਸ਼ਾ ਦੇ ਆਪਣੇ ਸ਼ਬਦ ਜਾਪਣ। ਜੋ ਸਥਾਨ ਪੰਜਾਬੀ ਸਾਹਿਤ ਵਿੱਚ ਭਾਈ ਵੀਰ ਸਿੰਘ ਦੇ ਨਾਵਲ 'ਸੁੰਦਰੀ' ਨੂੰ ਪ੍ਰਾਪਤ ਹੈ, ਉਹੀ ਸਥਾਨ ਰੂਸੀ ਸਾਹਿਤ ਵਿੱਚ ਮੈਕਸਿਮ ਗੋਰਕੀ ਦੇ ਨਾਵਲ 'ਫੋਮਾ ਗੋਰਦਿਏਵ' ਨੂੰ ਪ੍ਰਾਪਤ ਹੈ। ਭੁਪਿੰਦਰ ਸਿੰਘ ਮਲਿਕ ਨੇ ਨਾਵਲ ਨੂੰ 13 ਹਿੱਸਿਆਂ ਵਿੱਚ ਵੰਡਿਆ ਹੈ, ਜਿਸ ਵਿੱਚ ਉਸ ਨੇ ਨਾਵਲ ਦੇ ਨਾਇਕ ਫੋਮਾ ਗੋਰਦਿਏਵ ਦੀ ਕਹਾਣੀ ਨੂੰ ਬਿਆਨ ਕੀਤਾ ਹੈ। ਫੋਮਾ ਗੋਰਦੇਵ ਇੱਕ ਅਮੀਰ ਬਾਪ ਦਾ ਬੇਟਾ ਹੈ, ਪਰ ਉਹ ਆਪਣੀ ਜ਼ਿੰਦਗੀ ਤੋਂ ਅਸੰਤੁਸ਼ਟ ਦਿਖਾਈ ਦੇਣ ਵਾਲਾ ਪਾਤਰ ਹੈ ਤੇ ਆਪਣੀ ਗੁਆਚੀ ਹੋਈ ਹੋਂਦ ਦੀ ਤਲਾਸ਼ ਕਰ ਰਿਹਾ ਹੈ। ਨਾਵਲ ਅਨੁਵਾਦ ਕਰਨ ਲੱਗਿਆਂ ਪਾਤਰਾਂ ਦੇ ਨਾਵਾਂ ਨੂੰ ਆਪਣੇ ਅਨੁਸਾਰ ਛੋਟੇ ਕਰਨ ਬਾਰੇ ਭੁਪਿੰਦਰ ਸਿੰਘ ਮਲਿਕ ਕਹਿੰਦੇ ਹਨ ਕਿ ਰੂਸੀ ਪਾਤਰਾਂ ਦੇ ਵੱਡੇ-ਵੱਡੇ ਨਾਂਅ ਉਚਾਰਨ ਵਿੱਚ ਬਹੁਤ ਔਖੇ ਹੁੰਦੇ ਹਨ, ਇਸ ਲਈ ਅਨੁਵਾਦ ਕਰਨ ਲੱਗਿਆਂ ਉਹਨਾਂ ਨਾਵਾਂ ਦੇ ਪੇਚੀਦਗੀਆਂ ਤੋਂ ਰਾਹਤ ਦਿਵਾਉਣ ਲਈ ਉਹਨਾਂ ਨਾਵਾਂ ਨੂੰ ਆਪਣੇ ਅਨੁਸਾਰ ਛੋਟਾ ਕੀਤਾ ਹੈ। ਉਹ ਕਹਿੰਦੇ ਹਨ, ਜਿਵੇਂ ਲੈਨਿਨ ਦੇ ਨਾਂਅ ਤੋਂ ਸਾਰੇ ਵਾਕਫ਼ ਹਨ, ਪਰ ਜੇ ਉਸ ਦਾ ਪੂਰਾ ਨਾਂਅ ਵਲਾਦੀਮੀਰ ਇਲੀਚ ਲੈਨਿਨ ਲਿਆ ਜਾਵੇ ਤਾਂ ਕਿੰਨੀ ਦਿੱਕਤ ਹੋਵੇ। ਪਿਉ-ਦਾਦੇ ਦਾ ਨਾਂਅ ਆਪਣੇ ਨਾਂਅ ਨਾਲ ਜੋੜਨ ਦੀ ਸੱਭਿਆਚਾਰਕ ਮਜਬੂਰੀ ਰੂਸੀ ਬੰਦੇ ਦੀ ਤਾਂ ਹੋ ਸਕਦੀ ਹੈ, ਪੰਜਾਬੀ ਪਾਠਕ ਨੂੰ ਕਿਉਂ ਮੁਸ਼ਕਲ ਵਿੱਚ ਪਾਇਆ ਜਾਵੇ। ਸੋ ਇਸ ਨਾਵਲ ਦੇ ਨਾਇਕ ਫੋਮਾ ਗੋਰਦਿਏਵ ਨੂੰ ਮੁਕੰਮਲ ਰੂਪ ਵਿੱਚ ਵੀ ਜ਼ਰਾ ਛਾਂਗ ਕੇ ਫੋਮਾ ਗੋਰਦੇਵ ਕਰ ਦਿੱਤਾ ਹੈ ਤਾਂ ਕਿ ਪੰਜਾਬੀ ਦੇ ਗੁਰਦੇਵ ਨਾਲ ਮਿਲਦਾ-ਜੁਲਦਾ ਜਾਪੇ। ਇਸੇ ਤਰ੍ਹਾਂ ਨਾਇਕ ਦੇ ਧਰਮ ਪਿਤਾ ਯਾਕੋਵ ਤਾਰਸੋਵਿਚ ਮਾਇਕਨ ਨੂੰ ਜ਼ਿਆਦਾਤਰ ਮਾਇਕਨ ਹੀ ਲਿਖਿਆ ਗਿਆ ਹੈ। ਉਸ ਦੀ ਭੈਣ ਅਨਾਫੀਸ਼ਾ ਦੀ ਕਾਂਟ-ਛਾਂਟ ਜਿਹੀ ਕਰਕੇ ਨਫੀਸਾ ਭੂਆ ਬਣਾ ਦਿੱਤਾ ਤਾਂ ਕਿ ਓਪਰੀ ਨਾ ਲੱਗੇ। ਕੁੜੀਆਂ ਦੇ ਵੱਡੇ-ਵੱਡੇ ਨਾਂਅ ਵੀ ਕੁਤਰ ਕੇ ਲੂਬਾ ਤੇ ਸਾਸ਼ਾ ਵਰਗੇ ਛੋਟੇ ਕਰ ਦਿੱਤੇ ਗਏ ਹਨ।




ਇਗਨਟ ਬੜੇ ਰੱਜੇ-ਪੁੱਜੇ ਧਨੀ ਲੋਕਾਂ ਵਿੱਚ ਹੁੰਦਾ ਸੀ। ਚਾਲੀ ਦੀ ਉਮਰ ਵਿੱਚ ਹੀ ਉਸ ਨੇ ਆਪਣੀ ਮਿਹਨਤ ਨਾਲ ਤਿੰਨ ਸਟੀਮਰ ਤੇ ਦਸ ਕਿਸ਼ਤੀਆਂ ਬਣਾ ਲਈਆਂ। ਉਸ ਨੇ ਆਪਣੀ ਮਿਹਨਤ ਤੇ ਸਿਰੜ ਨਾਲ ਬਿਖੜੇ ਪੈਂਡੇ ਝਾਗ ਕੇ ਬਹੁਤ ਪੈਸਾ ਕਮਾਇਆ। ਵੱਧ ਤੋਂ ਵੱਧ ਰੂਬਲ ਕਮਾਉਣ ਦੀ ਲਗਨ ਵਿੱਚ ਉਹ ਨਿੱਠ ਕੇ ਕਦੀ ਵੀ ਨਾ ਬੈਠਿਆ।ਉਸ ਦੀ ਫਿਲੋਸਫੀ ਸੀ 'ਆਰਾਮ ਹਰਾਮ ਹੈ'। ਉਸ ਦੀ ਤ੍ਰਿਸ਼ਨਾ ਸ਼ਾਂਤ ਨਹੀਂ ਸੀ ਹੋਈ। ਉਸ ਨੂੰ ਪਿੰਡਾਂ ਤੋਂ ਅਨਾਜ ਖਰੀਦ ਕੇ ਕਿਸ਼ਤੀਆਂ ਲੱਦ ਲੈਂਦਾ ਤੇ ਉਸ ਨੂੰ ਮਹਿੰਗੇ ਭਾਅ ਵੇਚ ਕੇ ਮੁਨਾਫ਼ਾ ਕਮਾਉਣ ਦਾ ਉਸ ਨੂੰ ਝੱਲ ਸੀ। ਉਹ ਦਾਨੀ ਵੀ ਸੀ, ਪਰ ਹਮੇਸ਼ਾ ਲਾਚਾਰ ਬੰਦੇ ਨੂੰ ਹੀ ਖ਼ੈਰਾਤ ਦਿੰਦਾ ਤੇ ਜੇ ਹੱਟਾ-ਕੱਟਾ ਮੰਗਤਾ ਉਸ ਦੇ ਅੱਗੇ ਹੱਥ ਫੈਲਾਉਂਦਾ ਤਾਂ ਉਹ ਉਸ ਨੂੰ ਝਿੜਕ ਕੇ ਭਜਾ ਦਿੰਦਾ ਜਾਂ ਫਿਰ ਉਸ ਨੂੰ ਜਾ ਕੇ ਕੋਈ ਕੰਮ ਕਰਨ ਲਈ ਕਹਿੰਦਾ, ਫਿਰ ਉਸ ਨੂੰ ਪੈਸੇ ਦਿੰਦਾ। ਉਸ ਨੂੰ ਪੁੱਤਰ ਦੀ ਲਾਲਸਾ ਸੀ ਚਾਰ ਧੀਆਂ ਨੂੰ ਜਨਮ ਦੇ ਕੇ ਜਦੋਂ ਉਸ ਦੀ ਪਹਿਲੀ ਪਤਨੀ ਚੱਲ ਵਸੀ ਤਾਂ ਉਸ ਨੇ ਛੇ ਮਹੀਨੇ ਵੀ ਨਹੀਂ ਪੈਣ ਦਿੱਤੇ ਤੇ ਇੱਕ ਧਨਾਢ ਵਪਾਰੀ ਦੀ ਕੁੜੀ ਨਤਾਲੀਆ ਨਾਲ ਵਿਆਹ ਕਰਾ ਲਿਆ। ਨਤਾਲੀਆ ਬਿਲਕੁਲ ਸ਼ਾਂਤ ਰਹਿਣ ਵਾਲੀ ਤੀਵੀ ਸੀ, ਪਰ ਜਿਵੇਂ ਇਗਨਟ ਪਹਿਲੀ ਬੀਵੀ ਨੂੰ ਝਿੜਕ ਵੀ ਲੈਂਦਾ, ਮਾਰ ਵੀ ਲੈਂਦਾ ਸੀ। ਨਤਾਲੀਆ ਦਮ-ਖਮ ਵਾਲੀ ਬੀਵੀ ਸੀ, ਜੋ ਇਗਨਟ ਨੂੰ ਝਾੜ ਵੀ ਦਿੰਦੀ ਸੀ। ਨਤਾਲੀਆ ਨੇ ਪੁੱਤਰ ਨੂੰ ਜਨਮ ਦਿੱਤਾ, ਪਰ ਜਨਮ ਦਿੰਦਿਆਂ ਹੀ ਉਹ ਚੱਲ ਵਸੀ। ਉਸ ਨੇ ਆਪਣੇ ਮਿੱਤਰ ਮਾਇਕਨ ਨੂੰ ਆਪਣਾ ਪੁੱਤਰ ਦੇਖ-ਰੇਖ ਲਈ ਸੌਂਪ ਦਿੱਤਾ । ਮਾਇਕਨ ਨੇ ਹਮੇਸ਼ਾ ਧਰਮ-ਪਿਤਾ ਬਣ ਕੇ ਉਸ ਦੀ ਪਾਲਣਾ ਕੀਤੀ। ਮਾਇਕਨ ਦੇ ਦੋ ਬੱਚੇ ਸਨ ਬੇਟਾ ਟਾਰਸ ਤੇ ਬੇਟੀ ਲੂਬਾ। ਟਾਰਸ 19 ਸਾਲ ਦੀ ਉਮਰ ਵਿੱਚ ਮਾਸਕੋ ਪੜ੍ਹਨ ਗਿਆ ਤੇ ਤਿੰਨ ਕੁ ਸਾਲਾਂ ਬਾਅਦ ਆਪਣੀ ਮਨਮਰਜ਼ੀ ਨਾਲ ਵਿਆਹ ਕਰਵਾ ਲਿਆ। ਮਾਇਕਨ ਨੇ ਉਸ ਤੋਂ ਖ਼ਫ਼ਾ ਹੋ ਕੇ ਉਸ ਨੂੰ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ। ਟਾਰਸ ਮੁੜ ਕਦੀ ਵੀ ਘਰ ਨਹੀਂ ਆਇਆ। ਸੁਣਨ ਵਿੱਚ ਇਹ ਆਉਂਦਾ ਸੀ ਕਿ ਉਹ ਕਿਸੇ ਸੰਗੀਨ ਜੁਰਮ ਵਿੱਚ ਸਾਇਬੇਰੀਆ ਦੀ ਜੇਲ੍ਹ ਵਿੱਚ ਹੈ। ਫੋਮਾ ਗੁਰਦੇਵ ਮਾਇਕਨ ਦੀ ਦੇਖ-ਰੇਖ ਵਿੱਚ ਪਲਣ ਲੱਗਾ। ਫੋਮਾ ਦਾ ਸੁਭਾਅ ਵੀ ਆਪਣੀ ਮਰ ਚੁੱਕੀ ਮਾਂ ਵਰਗਾ ਸੀ। ਉਸ ਦਾ ਸਾਰਾ ਦਿਨ ਨਿਰਾਸ਼ਤਾ ਭਰਿਆ ਹੁੰਦਾ। ਸਵੇਰੇ ਉੱਠਣਾ, ਨਹਾ-ਧੋ ਕੇ ਆਪਣੀ ਮਾਤਾ ਨਾਲ ਈਸਾ ਮਸੀਹ ਦੀ ਮੂਰਤ ਅੱਗੇ ਬਹਿ ਕੇ ਭਜਨ ਗਾਉਣਾ, ਚਾਹ-ਪਾਣੀ ਪੀ ਕੇ ਘਰੋਂ ਨਿਕਲ ਜਾਣਾ। ਫੋਮਾ ਹਰ ਵੇਲੇ ਡਰਿਆ ਤੇ ਸਹਿਮਿਆ ਰਹਿੰਦਾ ਸੀ। ਮਾਇਕਨ ਨੂੰ ਇਹ ਡਰ ਸੀ ਕਿ ਕਿਤੇ ਫੋਮਾ ਆਪਣੀ ਮਰ ਚੁੱਕੀ ਮਾਂ 'ਤੇ ਨਾ ਚਲਿਆ ਜਾਵੇ। ਉਸ ਨੂੰ ਉਸ ਦੀਆਂ ਅੱਖਾਂ ਵਿੱਚ ਕੋਈ ਖੁਸ਼ੀ ਦੀ ਝਲਕ ਨਾ ਨਜ਼ਰ ਆਉਂਦੀ। ਮਾਇਕਨ ਉਸ ਨੂੰ ਸਮਝਾਉਂਦਾ, ਪਰ ਫੋਮਾ 'ਤੇ ਉਸ ਦਾ ਕੋਈ ਵੀ ਅਸਰ ਨਾ ਹੁੰਦਾ। ਫੋਮਾ ਸਿਰਫ਼ ਨਫੀਸਾ ਭੂਆ ਦੀਆਂ ਕਹਾਣੀਆਂ ਨੂੰ ਸੁਣਦਾ। ਉਸ ਦੀ ਭੂਆ ਉਸ ਦੀ ਪਹਿਲੀ ਅਧਿਆਪਕਾ ਤੇ ਪਹਿਲੀ ਦੋਸਤ ਵੀ ਸੀ। ਨਫੀਸਾ ਭੂਆ ਮਾਇਕਨ ਦੀ ਬੇਟੀ ਲੂਬਾ ਤੇ ਫੋਮਾ ਦੋਹਾਂ ਬੱਚਿਆਂ ਨਾਲ ਬਹੁਤ ਪਿਆਰ ਕਰਦੀ ਤੇ ਆਪਣੇ ਹਾਸੇ-ਠੱਠੇ ਨਾਲ ਦੋਹਾਂ ਬੱਚਿਆਂ ਦੀ ਜ਼ਿੰਦਗੀ ਵਿੱਚ ਖੁਸ਼ੀਆਂ ਨਾਲ ਭਰਨ ਦੇ ਯਤਨ ਵਿੱਚ ਰਹਿੰਦੀ। ਫੋਮਾ ਨੂੰ ਸਕੂਲ ਪੜ੍ਹਨੇ ਪਾਇਆ ਗਿਆ ਤੇ ਜਦੋਂ ਉਹ ਵਾਪਸ ਘਰ ਆਉਂਦਾ ਤਾਂ ਉਸ ਦਾ ਸ਼ਾਨਦਾਰ ਸਵਾਗਤ ਹੁੰਦਾ। ਖਾਣੇ ਦੇ ਮੇਜ 'ਤੇ ਉਸ ਦੀ ਉਡੀਕ ਹੁੰਦੀ ਤੇ ਉਸ ਲਈ ਮਨਪਸੰਦ ਖਾਣੇ ਤਿਆਰ ਕੀਤੇ ਜਾਂਦੇ। ਇਗਨਟ ਫੋਮਾ ਨੂੰ ਬਹੁਤ ਸਿਆਣੀਆਂ ਗੱਲਾਂ ਸਮਝਾਉਂਦਾ, ਉਸ ਨੂੰ ਪੁਸਤਕਾਂ ਪੜ੍ਹਨ ਲਈ ਕਹਿੰਦਾ। ਫੋਮਾ ਆਪਣੇ ਪਿਤਾ ਦੀ ਹਰ ਗੱਲ ਨੂੰ ਬੜੇ ਧਿਆਨ ਨਾਲ ਸੁਣਦਾ, ਪਰ ਜੋ ਸੋਚ ਇਗਨਟ ਦੀ ਜ਼ਿੰਦਗੀ ਬਾਰੇ ਸੀ, ਫੋਮਾ ਦੀ ਸੋਚ ਉਸ ਤਰ੍ਹਾਂ ਦੀ ਨਹੀਂ ਸੀ। ਪੂਰੇ ਨਾਵਲ ਵਿੱਚ ਇਗਨਟ ਤੇ ਮਾਇਕਨ ਫੋਮਾ ਨੂੰ ਦਾਰਸ਼ਨਿਕ ਗੱਲਾਂ ਸਮਝਾਉਂਦੇ, ਪਰ ਫੋਮਾ ਉਹਨਾਂ ਦੀਆਂ ਗੱਲਾਂ 'ਤੇ ਗੌਰ ਨਾ ਕਰਦਾ। ਉਹ ਅਮੀਰੀ-ਗਰੀਬੀ ਦੇ ਇਸ ਫ਼ਰਕ ਬਾਰੇ ਵੀ ਸੋਚਦਾ ਰਹਿੰਦਾ, ਉਸ ਨੂੰ ਆਪਣੇ ਪਿਤਾ ਦੀ ਅਮੀਰੀ ਦਾ ਮਾਣ ਨਹੀਂ ਸੀ। ਉਹ ਤਾਂ ਆਪਣੀ ਜ਼ਿੰਦਗੀ ਨੂੰ ਆਪਣੇ ਹਿਸਾਬ ਨਾਲ ਜਿਉਣਾ ਚਾਹੁੰਦਾ ਸੀ। ਬੇਸ਼ੱਕ ਫੋਮਾ ਅਮੀਰ ਘਰ ਵਿੱਚ ਪੈਦਾ ਹੋਇਆ, ਪਰ ਉਹ ਜ਼ਹਿਨੀ ਤੌਰ 'ਤੇ ਫਕੀਰ ਸੀ। ਸਰਮਾਏਦਾਰੀ ਦੀ ਦੁਨੀਆ ਵਿੱਚ ਆਪਣੇ ਆਪ ਨੂੰ ਰਲਾ ਹੀ ਨਹੀਂ ਪਾਉਂਦਾ। ਸਾਰਾ ਨਾਵਲ ਉਸ ਦੀ ਆਪਣੀ ਹੋਂਦ ਦੀ ਤਲਾਸ਼ ਦੁਆਲੇ ਹੀ ਘੁੰਮਦਾ ਹੈ। ਇਗਨਟ ਤੇ ਮਾਇਕਨ ਉਸ ਨੂੰ ਆਪਣੇ-ਆਪਣੇ ਤਰੀਕੇ ਨਾਲ ਜ਼ਿੰਦਗੀ ਦੇ ਅਰਥ ਸਮਝਾਉਂਦੇ ਰਹੇ,

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

### ਕੌਣ ਲਿਖੂ ਸਿਰਨਾਵਾਂ

ਡਾ. ਸੁਦਰਸ਼ਨ ਗਾਸੋ
ਪੰਨੇ-118, ਮੁੱਲ-250 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਡਾ. ਸੁਦਰਸ਼ਨ ਗਾਸੋ ਪੰਜਾਬੀ, ਹਿੰਦੀ ਸਾਹਿਤ ਵਿੱਚ ਕਵੀ, ਆਲੋਚਕ ਅਤੇ ਅਨੁਵਾਦਕ ਵਜੋਂ ਨਿਵੇਕਲੀ ਪਛਾਣ ਰੱਖਦਾ ਹੈ। ਸੁਦਰਸ਼ਨ ਗਾਸੋ ਨੇ ਪੰਜਾਬੀ ਸਾਹਿਤ ਵਿੱਚ ਕਾਵਿ-ਸੰਗ੍ਰਹਿ ਹੁਨਰ ਦੀ ਮਹਿਕ, ਗਾਉਂਦੇ ਜਜ਼ਬੇ, ਖੁਸ਼ਬੂਆਂ ਦੇ ਕੰਗਣ, ਚਾਵਾਂ ਦੇ ਇੰਦਰ ਧਨੁਸ਼, ਕਿੰਨਾ ਸੋਹਣਾ ਅੰਬਰ ਲੱਗਦੇ ਦੀ ਸਿਰਜਨਾ ਕੀਤੀ ਹੈ। ਡਾ. ਸੁਦਰਸ਼ਨ ਗਾਸੋ ਨੇ ਇੱਕ ਬਾਲ ਕਾਵਿ-ਗੀਤ ਸੰਗ੍ਰਹਿ 'ਜੀਅ ਕਰਦੈ ਬੱਦਲ ਬਣ ਜਾਵਾਂ' ਅਤੇ ਹਿੰਦੀ ਭਾਸ਼ਾ ਵਿੱਚ 'ਮੈਨੇ ਸੁਮੰਦ੍ਰ ਸੇ ਕਹਾ' ਨੂੰ ਸਾਹਿਤ ਜਗਤ ਦੇ ਸਨਮੁੱਖ ਕੀਤਾ ਹੈ। ਡਾ. ਸੁਦਰਸ਼ਨ ਗਾਸੋ ਨੇ ਕਾਵਿ ਰਚਨਾ ਤੋਂ ਇਲਾਵਾ ਆਲੋਚਨਾ, ਵਾਰਤਕ, ਜੀਵਨੀ ਸਾਹਿਤ, ਸੰਪਾਦਨ ਅਤੇ ਅਨੁਵਾਦ ਨਾਲ ਸਾਹਿਤ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ।




ਸੁਦਰਸ਼ਨ ਗਾਸੋ ਦੀ ਕਾਵਿ ਰਚਨਾ ਵਿੱਚ ਮਾਨਵੀ ਸੰਵੇਦਨਾ ਪ੍ਰਮੁੱਖ ਰੂਪ ਵਿੱਚ ਪੇਸ਼ ਹੋਈ ਹੈ। ਮਨੁੱਖਤਾ ਦੇ ਹੱਕਾਂ ਦਾ ਹੋ ਰਿਹਾ ਹਨਨ, ਸਮਾਜ ਵਿੱਚ ਫੈਲੇ ਅੰਧਕਾਰ, ਭ੍ਰਿਸ਼ਟਾਚਾਰ, ਬਦਲਾਖੋਰੀ ਵਾਲੀ ਪੈਦਾ ਹੋਈ ਪ੍ਰਸਥਿਤੀ, ਕਿਸਾਨੀ ਸੰਕਟ, ਨਸ਼ਾਖੋਰੀ ਨਾਲ ਤਬਾਹ ਹੋ ਰਹੀ ਨਸਲ ਅਤੇ ਸੱਤਾਧਾਰੀ ਨਿਜ਼ਾਮ ਵੱਲੋਂ ਹੈਜੇਮਨੀ ਵਾਲੀ ਭਾਵਨਾ ਰਾਹੀਂ/ਨੀਤੀ ਰਾਹੀਂ ਕਿਸੇ ਵੀ ਤਰ੍ਹਾਂ ਨਾਲ ਮਨੁੱਖਤਾ ਦੀ ਭਲਾਈ ਨਹੀਂ ਕਰਨੀ ਆਦਿ ਨੂੰ ਕਵੀ ਆਪਣੀਆਂ ਕਾਵਿ ਰਚਨਾਵਾਂ ਵਿੱਚ ਵਰਨਣ ਕਰਦਾ ਹੈ।

ਕਾਵਿ ਰਚਨਾਵਾਂ ਅਸਲੀ ਮਕਸਦ, ਤਹੱਈਆ, ਅੱਖਰ ਦੀਆਂ ਝੀਲਾਂ, ਚਿੜੀਆਂ ਨੇ ਤਹੱਈਆ ਕੀਤਾ, ਰੌਸ਼ਨੀ ਦਾ ਗੀਤ ਗਾਉਣਾ, ਕ੍ਰਿਸ਼ਮਾ, ਤੂੰ-1, ਤੂੰ-2 ਚਮਕ ਅਤੇ ਕਵੀ! ਕੋਈ ਨਵੀਂ ਤਾਨ ਸੁਣਾ ਦੇ ਵਿੱਚ ਪ੍ਰੇਮ ਪਿਆਰ ਵਾਲੀ ਭਾਵਨਾ ਨੂੰ ਸਮੁੱਚੀ ਲੋਕਾਈ ਵਿੱਚ ਉਤਪੰਨ ਕਰਨ ਲਈ ਕਵੀ ਤਤਪਰ ਦਿਖਾਈ ਦਿੰਦਾ ਹੈ। ਕਵੀ ਸਮੁੱਚੇ ਸੰਸਾਰ ਵਿੱਚ ਮਾਨਵਤਾ ਦੀ ਭਲਾਈ ਲਈ ਸੱਤਾ 'ਤੇ ਕਾਬਜ਼ ਧਿਰਾਂ ਨੂੰ ਭਲਾਈ ਵਾਲੀਆਂ ਨੀਤੀਆਂ ਦਾ ਨਿਰਮਾਣ ਕਰਨ ਲਈ ਸੰਬੋਧਨ ਹੁੰਦਾ ਹੈ। ਕਵੀ, ਹਥਿਆਰਬੰਦ ਤਾਕਤਾਂ ਰਾਹੀਂ ਕਬਜ਼ੇ ਦੀ ਭਾਵਨਾ ਵਾਲੀ ਨੀਤੀ ਤੋਂ ਦਰ ਕਿਨਾਰਾ ਕਰਨ, ਦੁਜੈਲੀ ਪ੍ਰਵਿਰਤੀ ਨੂੰ ਬੜ੍ਹਾਵਾ ਨਾ ਦੇਣ ਅਤੇ ਸਮਾਜਿਕ, ਆਰਥਿਕ ਤੌਰ 'ਤੇ ਹਰ ਮਨੁੱਖ ਬਰਾਬਰ ਹੋਣ ਨਾਲ ਖੁਸ਼ਹਾਲੀ, ਤਰੱਕੀ ਪਸੰਦ ਸਮਾਜ ਦੀ ਉਸਾਰੀ ਵਾਲੇ ਸਮਾਜ ਦੀ ਕਲਪਨਾ ਕਰਦਾ ਹੈ। ਕਵੀ ਆਪਣੀ ਕਾਵਿ ਰਚਨਾ ਕਵੀ ! ਕੋਈ ਨਵੀਂ ਤਾਨ ਸੁਣਾ ਵਿੱਚ ਅਜਿਹੇ ਸਮਾਜ ਦੀ ਹੀ ਕਲਪਨਾ ਕਰਦਾ ਹੈ।

ਸਮੁੱਚੇ ਸੰਸਾਰ ਵਿੱਚ ਮਨੁੱਖ ਨੂੰ ਆਪਣੀ ਹੋਂਦ ਨੂੰ ਬਚਾਉਣ ਲਈ ਅਤੇ ਸੱਤਾ 'ਤੇ ਕਾਬਜ਼ ਧਿਰਾਂ ਨੂੰ ਆਪਣੇ ਪ੍ਰਤੀ ਜਵਾਬਦੇਹ ਬਣਾਉਣ ਬਾਰੇ ਚੇਤਨਤਾ ਦੀ ਚਿਣਗ ਪਨਪੇਗੀ ਤਾਂ ਹੀ ਸਮਾਜ ਵਿੱਚ ਅਮਨ ਚੈਨ ਵਾਲੀ ਸਥਿਤੀ ਬਣ ਸਕੇਗੀ। ਸਮਕਾਲੀ ਘਟੀਆ ਵਿਵਸਥਾ ਵਿੱਚ ਜਿਸ ਤਰ੍ਹਾਂ ਵਾਪਰ ਰਿਹਾ ਹੈ, ਇਸ ਨਾਲ ਮਾਨਵਤਾ ਦਾ ਘਾਣ ਹੋਵੇਗਾ। ਮਨੁੱਖੀ ਹੋਂਦ ਖਤਰੇ ਵਿੱਚ ਹੈ। ਮਨੁੱਖੀ ਨਸਲ ਦਾ ਨਸ਼ਿਆਂ, ਮਾਰੂ ਹਥਿਆਰਾਂ ਨਾਲ ਮਨੁੱਖਤਾ ਉੱਪਰ ਹਮਲਾ ਹੋ ਰਿਹਾ ਹੈ। ਕਾਰਪੋਰੇਟ ਜਗਤ ਦੁਆਰਾ ਆਪਣੇ ਸਵੈ ਹਿੱਤਾਂ ਨੂੰ ਪ੍ਰਮੁੱਖਤਾ ਦਿੱਤੀ ਜਾ ਰਹੀ ਹੈ। ਕਵੀ ਸਮਕਾਲੀ ਸਮਾਜਿਕ ਵਿਵਸਥਾ ਵਿੱਚ ਦੁਸ਼ਵਾਰੀਆਂ ਹੰਢਾ ਰਹੇ ਮਨੁੱਖ ਦੀ ਮਾਰਮਿਕ ਤਸਵੀਰ ਆਪਣੀ ਕਵਿਤਾ 'ਕੌਣ ਲਿਖੂ ਸਿਰਨਾਵਾਂ' ਵਿੱਚ ਵਰਨਣ ਕਰਦਾ ਹੈ।

ਕਵੀ ਮਾਨਵ ਹਿਤੈਸ਼ੀ ਹੋਣ ਕਰਕੇ ਸਮਕਾਲੀ ਸਮਾਜਿਕ ਵਿਵਸਥਾ ਵਿਚ ਜੋ ਘਟੀਆ ਪੱਧਰ ਦਾ ਵਾਪਰ ਰਿਹਾ ਹੈ, ਉਸ ਪ੍ਰਤੀ ਨਾਬਰੀ ਸੁਰ ਪ੍ਰਗਟਾਉਂਦਾ ਹੈ। ਕਵੀ ਸਮੁੱਚੀ ਲੋਕਾਈ ਨੂੰ ਮਾਨਵੀ ਪਿਆਰ/ਮੁਹੱਬਤ ਵਾਲੀ ਜ਼ਿੰਦਗੀ ਬਿਤਾਉਣ ਵਾਲੀ ਭਾਵਨਾ ਨਾਲ ਲਬਰੇਜ ਹੋਣ ਲਈ ਪ੍ਰੇਰਿਤ ਕਰਦਾ ਹੈ।

ਕਵੀ ਸੁਦਰਸ਼ਨ ਗਾਸੋ ਆਪਣੀਆਂ ਕਾਵਿ-ਰਚਨਾਵਾਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਗ 1, 2, 3, 4, 5, 6 ਪਿਆਰਾ ਗੋਬਿੰਦ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਵਿੱਚ ਅੱਜ ਦੇ ਮਨੁੱਖ ਨੂੰ ਪ੍ਰਮੁੱਖ ਵਿਅਕਤੀਆਂ ਦੁਆਰਾ ਦਰਸਾਏ ਮਾਰਗ ਉੱਪਰ ਚੱਲਣ ਲਈ ਪ੍ਰਤੀਬੱਧ ਹੋਣ ਲਈ ਸੰਬੋਧਨ ਹੁੰਦਾ ਹੈ, ਕਿਉਂਕਿ ਮਨੁੱਖੀ ਮਨ ਅੰਦਰ ਈਰਖਾ ਵਾਲੀ ਭਾਵਨਾ ਨੇ ਘਰ ਕਰ ਲਿਆ ਹੈ ਅਤੇ ਮਨੁੱਖ ਭਲਾਈ ਵਾਲੀ ਭਾਵਨਾਂ ਤੋਂ ਮੁਨਕਰ ਹੋ ਰਿਹਾ ਹੈ।

ਕਵੀ ਸਮਕਾਲੀ ਸਮਾਜ ਵਿੱਚ ਹੋ ਰਹੇ ਅਮਾਨਵੀ ਵਰਤਾਰੇ ਪ੍ਰਤੀ ਚਿੰਤਤ ਹੈ ਅਤੇ ਗੁਰੂ ਸਾਹਿਬਾਨ ਨੂੰ ਸਮਕਾਲੀ ਸਮਾਜਿਕ ਵਿਵਸਥਾ ਵਿੱਚ ਵਾਪਰ ਰਹੇ ਘਟੀਆ ਵਰਤਾਰੇ ਸੰਬੰਧੀ ਕਵਿਤਾ ਆ ਜਾ ਬਾਬਾ ਨਾਨਕਾ-6 ਰਾਹੀਂ ਬਿਆਨ ਕਰਦਾ ਹੈ।

ਕਵੀ ਨੇ ਸਮਕਾਲੀ ਰਾਜਨੀਤਕ ਵਿਵਸਥਾ ਵਿੱਚ ਆ ਰਹੇ ਨਿਘਾਰ ਦਾ ਪਾਜ ਉਘਾੜਿਆ ਹੈ/ਕਾਵਿ ਰਚਨਾਵਾਂ ਸੁਪਨਸਾਜ਼, ਮਾਲੀ ਦੀ ਗਦਾਰੀ, ਖੋਜ, ਕੁਲਹਣੀ ਰਾਤ, ਨਫ਼ਰਤਾਂ ਦੇ ਦੌਰ, ਸੁਪਨੇ ਚੋਰੀ ਕਰਨ ਵਾਲਿਓ ਵਿੱਚ ਕੋਈ ਸੁਦਰਸ਼ਨ ਗਾਸੋ ਸੰਸਾਰ ਪੱਧਰ 'ਤੇ ਕਾਰਪੋਰੇਟ ਜਗਤ ਦੁਆਰਾ ਆਪਣੇ-ਆਪ ਨੂੰ ਸਥਾਪਤ ਕਰਨ ਵਿੱਚ ਰਾਜਨੀਤਕ ਸੱਤਾ 'ਤੇ ਕਬਜ਼ਾ ਕਰਕੇ ਸਮਾਜਿਕ ਵਿਵਸਥਾ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਕਰਨ ਬਾਰੇ ਸਮੁੱਚੀ ਲੋਕਾਈ ਨੂੰ ਅਗਾਹ ਕਰਨ ਦਾ ਯਤਨ ਆਪਣੀਆਂ ਕਾਵਿ ਰਚਨਾਵਾਂ ਵਿੱਚ ਕਰਦਾ ਹੈ।

ਕਵੀ ਸੁਦਰਸ਼ਨ ਗਾਸੋ ਨੇ ਆਪਣੀ ਕਾਵਿ ਰਚਨਾ ਵਿੱਚ ਮਨੁੱਖ ਨੂੰ ਇਸ ਕਾਰਪੋਰੇਟ ਜਗਤ ਦੀਆਂ ਚਾਲਾਂ ਪ੍ਰਤੀ ਸੁਚੇਤ ਕਰਕੇ ਵਿਰੋਧੀ ਸੁਰ ਪ੍ਰਗਟਾਉਣ ਵਾਲਾ ਅਤੇ ਮਾਨਵੀ ਸੰਵੇਦਨਾ ਭਰਪੂਰ ਵਿਅਕਤੀ ਵਜੋਂ ਪੇਸ਼ ਕੀਤਾ ਹੈ । ਕਾਵਿ ਰਚਨਾ ਕਲਪਨਾ ਕਰੋ ! ਰਾਹੀਂ ਕਵੀ ਸਮੁੱਚੀ ਲੋਕਾਈ ਨੂੰ ਮਾਨਵਵਾਦੀ ਸੋਚ ਦਾ ਧਾਰਨੀ ਬਣ ਕੇ ਮਨੁੱਖਤਾ ਪ੍ਰਤੀ ਸਾਕਾਰਾਤਮਕ ਨਜ਼ਰੀਆ ਅਪਣਾ ਕੇ ਮਨੁੱਖੀ ਵਿਕਾਸ ਨੂੰ ਤਰਜੀਹ ਦੇਣ ਅਤੇ ਮਨੁੱਖੀ ਵਿਨਾਸ਼ ਕਰਨ ਵਾਲੀ ਨਾਕਾਰਾਤਮਕ ਸੋਚ ਨੂੰ ਤਿਲਾਂਜਲੀ ਦੇਣ ਲਈ ਵਚਨਬੱਧਤਾ ਪ੍ਰਗਟਾਉਣ ਲਈ ਕਹਿੰਦਾ ਹੈ।

ਡਾ. ਸੁਦਰਸ਼ਨ ਗਾਸੋ ਦੇ ਕਾਵਿ ਸੰਗ੍ਰਹਿ 'ਕੌਣ ਲਿਖੂ ਸਿਰਨਾਵਾਂ' ਦੀਆਂ ਸਮੁੱਚੀਆਂ ਕਾਵਿ ਰਚਨਾਵਾਂ ਵਿਚ ਸਮੁੱਚੀ ਮਾਨਵਤਾ ਪ੍ਰਤੀ ਸੰਵੇਦਨਾ ਪ੍ਰਗਟ ਹੋਈ ਹੈ। ਡਾ. ਸੁਦਰਸ਼ਨ ਗਾਸੋ ਨੂੰ ਆਪਣੇ ਨਵੇਂ ਕਾਵਿ ਸੰਗ੍ਰਹਿ ਦੀ ਆਮਦ ਲਈ ਮੁਬਾਰਕਬਾਦ।

**— ਡਾ. ਬਲਵਿੰਦਰ ਸਿੰਘ**
ਮੋਬਾ: 80549-31839

# ਪੁਸਤਕ ਰੀਵਿਊ

### ਮੰਗਵੇਂ ਕੋਟ ਦਾ ਨਿੱਘ

ਅਵਤਾਰ ਐੱਸ. ਸੰਘਾ
ਪੰਨੇ : 188, ਮੁੱਲ : 300 ਰੁਪਏ
ਆਜ਼ਾਦ ਬੁੱਕ ਡੀਪੂ, ਅੰਮ੍ਰਿਤਸਰ

ਚੇਤਨਾ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਅਤੇ ਜਪਜੀ ਦੁਆਰਾ ਸੰਪਾਦਿਤ ਪੁਸਤਕ ਸੁਖਜੀਤ ਦੀਆਂ ਚੋਣਵੀਆਂ ਕਹਾਣੀਆਂ ਸੁਖਜੀਤ ਦੀ ਕਹਾਣੀਕਾਰ ਵਜੋਂ ਇੱਕ ਵਿਲੱਖਣ ਪਛਾਣ ਅਤੇ ਸਥਾਪਨਾ ਦੀ ਗਵਾਹੀ ਭਰਦੀ ਹੈ। ਇਸ ਸੰਗ੍ਰਹਿ ਵਿੱਚ ਸੁਖਜੀਤ ਦੀਆਂ ਦਸ ਕਹਾਣੀਆਂ ਸ਼ਾਮਲ ਕੀਤੀਆਂ ਗਈਆਂ ਹਨ। ਇਹ ਕਹਾਣੀਆਂ ਆਪਣੇ ਵਸਤੂ, ਪਾਤਰ ਚਿਤਰਣ ਢੰਗਾਂ ਅਤੇ ਬਿਰਤਾਂਤਕ ਵਿਲੱਖਣਤਾਵਾਂ ਕਾਰਨ ਉਸ ਦੀਆਂ ਉੱਤਮ ਕਹਾਣੀਆਂ ਸਿੱਧ ਹੁੰਦੀਆਂ ਹਨ। ਇੱਕ-ਇੱਕ ਕਹਾਣੀ ਵਿੱਚ ਵੱਖਰੇ ਮੋਟਿਫ਼, ਵੱਖਰਾ ਬਿਰਤਾਂਤ ਅਤੇ ਵਿਲੱਖਣ ਕਥਾ ਜੁਗਤਾਂ ਦੇ ਦਰਸ਼ਨ ਹੁੰਦੇ ਹਨ। ਭਾਵੇਂ ਉਹ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਹੋਵੇ ਜਾਂ ਫਿਰ 'ਚੰਦਰੀ'। ਇਸੇ ਢੰਗ ਨਾਲ 'ਪਾਤਸ਼ਾਹ', 'ਅੰਤਰਾ', 'ਸਤਾਈ ਮੀਲ' ਅਤੇ 'ਦਾਅ' ਸੁਖਜੀਤ ਦੀ ਕਥਾ ਦ੍ਰਿਸ਼ਟੀ ਰਾਹੀਂ ਸਮਕਾਲੀ ਯਥਾਰਥ ਨੂੰ ਸਮਝਣ ਦੀ ਕੋਸ਼ਿਸ਼ ਕਰਦੀਆਂ ਕਹਾਣੀਆਂ ਹਨ। 'ਮੈਂ ਅਯਨਘੋਸ਼ ਨਹੀਂ' ਅਤੇ 'ਸਿੰਗਲ ਮਾਲਟ ਸੁਰਖ਼ ਨਹੀਂ ਹੁੰਦੀ' ਦਾ ਸ਼ੁਮਾਰ ਉਸ ਦੀਆਂ ਬਿਹਤਰੀਨ ਕਹਾਣੀਆਂ 'ਚ ਹੁੰਦਾ ਹੈ, ਜੋ ਬਹੁਪਰਤੀ, ਬਹੁ-ਬਿਰਤਾਂਤੀ ਅਤੇ ਮਨੋਵਿਗਿਆਨਕ ਢੰਗ ਨਾਲ਼ ਯਥਾਰਥ ਨੂੰ ਵਿਸਥਾਰ ਦਿੰਦੀਆਂ ਕਹਾਣੀਆਂ ਹਨ।




ਇਸ ਕਹਾਣੀ-ਸੰਗ੍ਰਹਿ ਵਿੱਚ ਸ਼ਾਮਲ ਸਭ ਤੋਂ ਪਹਿਲੀ ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਸੁਖਜੀਤ ਦੀ ਸ਼ਾਹਕਾਰ ਰਚਨਾ ਹੈ, ਜਿਸ ਵਿੱਚ ਉਸ ਨੇ ਇਸ ਸਮਾਜ ਦੀ ਉਸ ਵਿਡੰਬਣਾ ਨੂੰ ਭੰਡਿਆ ਹੈ, ਜਿਸ ਅਨੁਸਾਰ ਕੁੜੀਆਂ ਨੂੰ ਹਮੇਸ਼ਾ ਬੋਝ ਸਮਝਿਆ ਜਾਂਦਾ ਹੈ। ਉਸ ਨੇ ਬਹੁਤ ਸਾਰਥਿਕ ਤਰੀਕੇ ਨਾਲ ਇਸ ਬਿਰਤਾਂਤ ਵਿੱਚ ਔਰਤ ਦੀ ਤਾਕਤ ਅਤੇ ਦ੍ਰਿਸ਼ਟੀਕੋਣ ਨੂੰ ਮਾਨਤਾ ਦਿੱਤੀ ਹੈ। ਕਹਾਣੀ 'ਚੰਦਰੀ' ਇਕ ਸ਼ਾਨਦਾਰ ਕਹਾਣੀ ਹੈ, ਜੋ ਕਹਾਣੀਕਾਰ ਦੀ ਨਫ਼ਸੀਆਤੀ ਗਿਆਨ ਅਤੇ ਉਪਭਾਸ਼ਾ ਗਿਆਨ ਦੀ ਹਾਮੀ ਭਰਦੀ ਹੈ। ਇਸੇ ਤਰ੍ਹਾਂ ਇਸ ਪੁਸਤਕ ਵਿੱਚ ਸ਼ਾਮਲ 'ਪਾਤਸ਼ਾਹ' ਕਹਾਣੀ ਡੇਰਾਵਾਦੀ ਵਿਡੰਬਨਾਵਾਂ ਨੂੰ ਆਪਣੇ ਬਿਰਤਾਂਤ ਦਾ ਕੇਂਦਰ ਬਣਾਉਂਦੀ ਹੈ। ਅਮਰ ਸਿੰਘ ਡੇਰੇ ਦੇ ਚੱਕਰਵਿਊ ਦਾ ਸ਼ਿਕਾਰ ਹੋ ਕੇ ਆਪਣੀ ਸਾਰੀ ਜ਼ਮੀਨ ਗਵਾ ਬੈਠਦਾ ਹੈ ਤੇ ਉਸ ਦਾ ਪੁੱਤਰ ਉਸ ਜ਼ਮੀਨ ਲਈ ਸੰਘਰਸ਼ ਕਰਦਾ ਇਹਨਾਂ ਸਾਰੀਆਂ ਨਾਬਰੀ ਸ਼ਕਤੀਆਂ ਦੇ ਸਨਮੁਖ ਖੜੋ ਆਪਣੇ ਹੱਕਾਂ ਦੀ ਗੱਲ ਕਰਦਾ ਹੈ। ਸੁਖਜੀਤ ਦੀਆਂ ਬਿਹਤਰੀਨ ਕਹਾਣੀਆਂ ਵਿਚੋਂ ਇਕ 'ਮੈਂ ਅਯਨਘੋਸ਼ ਨਹੀਂ' ਕਹਾਣੀ ਪਤੀ-ਪਤਨੀ ਦੇ ਰਿਸ਼ਤੇ ਦੀ ਅਸਾਧਾਰਨ ਪਰਿਭਾਸ਼ਾ ਅਤੇ ਸੰਬੰਧਾਂ ਨੂੰ ਨਕਾਰਦੀ ਅਤੇ ਡਾ. ਰਾਏ ਦੀ ਇਕ ਪਤੀ ਵਜੋਂ ਅਸਾਧਾਰਨ ਵਿਆਹ ਬਾਹਰੀ ਰਿਸ਼ਤਿਆਂ ਦੇ ਖਿਲਾਫ਼ ਉੱਠਦੀ ਬਾਗੀ ਸੁਰ ਦੀ ਕਹਾਣੀ ਹੈ। ਉਹ ਆਪਣੀ ਪਤਨੀ ਨੂੰ ਆਪਣੇ ਅਯਨਘੋਸ਼ ਨਾ ਹੋਣ ਦੀ ਗੱਲ ਕਹਿੰਦਿਆਂ ਇਹ ਸਿੱਧ ਕਰਦਾ ਹੈ ਕਿ ਅਯਨਘੋਸ਼ ਦੀ ਅਸਲੀਅਤ ਬਾਰੇ ਤਾਂ ਦੁਨੀਆ ਤਾਂ ਕੀ, ਉਸ ਦੀ ਪਤਨੀ ਰਾਧਾ ਵੀ ਨਹੀਂ ਜਾਣਦੀ ਸੀ। ਇਸ ਕਹਾਣੀ ਸੰਗ੍ਰਹਿ ਵਿੱਚ ਉਸ ਦੀ ਮਨੁੱਖੀ ਰਿਸ਼ਤਿਆਂ ਦੀ ਪੇਚੀਦਗੀਆਂ ਨੂੰ ਸਮਝਾਉਂਦੀ ਕਹਾਣੀ 'ਅੰਤਰਾ' ਵੀ ਸ਼ਾਮਲ ਕੀਤੀ ਗਈ ਹੈ, ਜੋ ਅਸਲ ਵਿੱਚ ਦਾਰਸ਼ਨਿਕ ਬਿਰਤਾਂਤਾਂ ਨੂੰ ਸ਼ਾਮਲ ਕਰ ਵਿਲੱਖਣ ਢੰਗ ਨਾਲ ਲਿਖੀ ਗਈ ਕਹਾਣੀ ਹੈ। ਇਸ ਕਹਾਣੀ ਦੇ ਫ਼ਿਲਾਸਫ਼ੀ ਯੁਕਤ ਸੰਵਾਦ ਪਾਠਕ ਨੂੰ ਕਿਸੇ ਹੋਰ ਹੀ ਲੋਕ ਵਿੱਚ ਲੈ ਜਾਂਦੇ ਹਨ ਅਤੇ ਸੁਪਨਿਆਂ ਦੀ ਮਦਦ ਨਾਲ ਕਹਾਣੀਕਾਰ ਅਮੂਰਤ ਨੂੰ ਵੀ ਸਮੂਰਤ ਬਣਾ ਪੇਸ਼ ਕਰਦਾ ਹੈ।


ਇਹਨਾਂ ਕਹਾਣੀਆਂ ਵਿੱਚ ਬਿਆਨੀਆ ਸ਼ੈਲੀ, ਪਿੱਛਲਝਾਤ ਸ਼ੈਲੀ ਅਤੇ ਵਾਰਤਾਲਾਪੀ ਸ਼ੈਲੀ ਵਰਤੀ ਗਈ ਹੈ ਤੇ ਪਾਤਰਾਂ ਦੇ ਮੂੰਹੋਂ ਇਲਾਕੇ ਅਨੁਸਾਰ ਪੰਜਾਬੀ ਉਪ ਬੋਲੀਆਂ ਦੀ ਵਰਤੋਂ ਕਹਾਣੀਕਾਰ ਦੇ ਉਪਭਾਸ਼ਾ ਗਿਆਨ ਦੀ ਹਾਮੀ ਭਰਦੀ ਹੈ। ਇਸ ਢੰਗ ਨਾਲ ਇਹ ਪੁਸਤਕ ਕਹਾਣੀ ਦੇ ਖੇਤਰ ਵਿੱਚ ਇੱਕ ਨਿਵੇਕਲੇ ਢੰਗ ਦੀਆਂ ਕਹਾਣੀਆਂ ਕਾਰਨ ਆਪਣੀ ਹੋਂਦ ਸਥਾਪਤ ਕਰਦੀ ਹੈ।

**- ਡਾ. ਸੰਦੀਪ ਰਾਣਾ**

### ਚੜ੍ਹਦੀ ਕਲਾ

(ਕਹਾਣੀ-ਸੰਗ੍ਰਹਿ)
ਗੁਰਬਚਨ ਸਿੰਘ ਵਿਰਦੀ
ਪੰਨੇ : 91, ਮੁੱਲ : 295 ਰੁਪਏ
ਲੋਕ ਗੀਤ ਪ੍ਰਕਾਸ਼ਨ, ਮੁਹਾਲੀ

ਪੰਜਾਬੀ ਕਹਾਣੀ ਸਾਹਿਤ ਵਿੱਚ ਗੁਰਬਚਨ ਸਿੰਘ ਵਿਰਦੀ ਇੱਕ ਸੰਵੇਦਨਸ਼ੀਲ ਤੇ ਸਮਾਜਕ ਚੇਤਨਾ ਨਾਲ ਭਰਪੂਰ ਕਲਮਕਾਰ ਵਜੋਂ ਜਾਣਿਆ ਜਾਂਦਾ ਹੈ। ਉਸ ਦਾ ਕਹਾਣੀ ਸੰਗ੍ਰਹਿ 'ਚੜ੍ਹਦੀ ਕਲਾ' ਸਮਾਜ ਦੇ ਵੱਖ-ਵੱਖ ਪੱਧਰਾਂ 'ਤੇ ਜੀਅ ਰਹੇ ਮਨੁੱਖ ਦੀ ਪੀੜ, ਸੰਘਰਸ਼, ਆਸਾਂ ਅਤੇ ਨੈਤਿਕ ਮੁੱਲਾਂ ਦੀ ਗਹਿਰੀ ਅਭਿਵਿਅਕਤੀ ਕਰਦਾ ਹੈ। ਇਹ ਸੰਗ੍ਰਹਿ ਸਿਰਫ਼ ਕਹਾਣੀਆਂ ਦਾ ਸਮੂਹ ਨਹੀਂ, ਸਗੋਂ ਸਮਕਾਲੀ ਸਮਾਜ ਦਾ ਜੀਵੰਤ ਦਸਤਾਵੇਜ਼ ਹੈ। ਸੰਗ੍ਰਹਿ ਵਿੱਚ ਸ਼ਾਮਿਲ ਕਹਾਣੀਆਂ ਮਨੁੱਖੀ ਜੀਵਨ ਦੇ ਕੌੜੇ ਤਜਰਬਿਆਂ ਨੂੰ ਬਿਆਨ ਕਰਦੀਆਂ ਹਨ। ਇੱਕ ਸ਼ਹਿਰ ਦੀ ਚੀਕ ਅਤੇ ਇੱਕ ਬਦਨਸੀਬ ਕਬਰ ਸ਼ਹਿਰੀ ਜ਼ਿੰਦਗੀ ਦੀ ਤ੍ਰਾਸਦੀ, ਬੇਇਨਸਾਫ਼ੀ ਅਤੇ ਮਨੁੱਖੀ ਵਿਹਾਰ ਨੂੰ ਉਘਾੜਦੀਆਂ ਹਨ। ਇਨ੍ਹਾਂ ਕਹਾਣੀਆਂ ਰਾਹੀਂ ਲੇਖਕ ਸਮਾਜਕ ਅਨਿਆਂ ਅਤੇ ਸੱਤਾ ਦੀ ਬੇਰਹਿਮੀ 'ਤੇ ਸਵਾਲ ਖੜ੍ਹੇ ਕਰਦਾ ਹੈ। ਜੁਗਨੀ ਅਤੇ ਢੋਲ ਸੰਮੀ ਵਿੱਚ ਲੋਕਧਾਰਾ, ਸੱਭਿਆਚਾਰਕ ਵਿਰਾਸਤ ਅਤੇ ਪੇਂਡੂ ਜੀਵਨ ਦੀਆਂ ਝਲਕਾਂ ਮਿਲਦੀਆਂ ਹਨ, ਜਿੱਥੇ ਰਵਾਇਤੀ ਮੁੱਲ ਅਤੇ ਆਧੁਨਿਕਤਾ ਦਾ ਟਕਰਾਅ ਸਪੱਸ਼ਟ ਤੌਰ 'ਤੇ ਸਾਹਮਣੇ ਆਉਂਦਾ ਹੈ।




ਦਰਵਾਜ਼ੇ ਦੀ ਘੰਟੀ, ਓਪਰੀ ਖੁਸ਼ੀ ਅਤੇ ਸਹਿਮ ਦੇ ਪਰਛਾਵੇ ਮਨੁੱਖੀ ਮਨ ਦੀ ਅੰਦਰੂਨੀ ਉਲਝਣ, ਡਰ, ਅਸੁਰੱਖਿਆ ਅਤੇ ਤਨਹਾਈ ਨੂੰ ਬਰੀਕੀ ਨਾਲ ਪੇਸ਼ ਕਰਦੀਆਂ ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਵਿੱਚ ਅਦ੍ਰਿਸ਼ ਭਾਵਨਾਵਾਂ ਨੂੰ ਬੜੀ ਸਲੀਕੇ ਨਾਲ ਸ਼ਬਦਾਂ ਵਿੱਚ ਢਾਲਿਆ ਗਿਆ ਹੈ। ਮੈਨੂੰ ਵੀ ਮਾਰ ਦਿਓ ਮਨੁੱਖੀ ਕਰੂਰਤਾ ਅਤੇ ਹਿੰਸਕ ਪ੍ਰਵਿਰਤੀਆਂ ਦਾ ਦਰਦਨਾਕ ਚਿੱਤਰ ਹੈ, ਜੋ ਪਾਠਕ ਨੂੰ ਅੰਦਰੋਂ ਹਿਲਾ ਕੇ ਰੱਖ ਦਿੰਦਾ ਹੈ। ਚੁੰਨੀ ਦੀ ਲਾਜ ਅਤੇ ਸਭ ਤੋਂ ਕੀਮਤੀ ਗਹਿਣਾ ਵਿੱਚ ਨਾਰੀ ਦੀ ਇੱਜ਼ਤ, ਗੌਰਵ ਅਤੇ ਉਸ ਦੀ ਆਤਮਿਕ ਤਾਕਤ ਨੂੰ ਕੇਂਦਰ ਬਣਾਇਆ ਗਿਆ ਹੈ। ਲੇਖਕ ਸਪੱਸ਼ਟ ਕਰਦਾ ਹੈ ਕਿ ਅਸਲੀ ਗਹਿਣਾ ਸੋਨੇ-ਚਾਂਦੀ ਦਾ ਨਹੀਂ, ਸਗੋਂ ਨੈਤਿਕ ਮੁੱਲ, ਸਵੈ-ਸਨਮਾਨ ਅਤੇ ਮਨੁੱਖੀ ਇਮਾਨਦਾਰੀ ਹੁੰਦੇ ਹਨ। ਸੰਗ੍ਰਹਿ ਦੀ ਸਿਰਲੇਖ ਕਹਾਣੀ ਚੜ੍ਹਦੀ ਕਲਾ, ਨਾਲ ਹੀ ਸੂਰਜ ਦੀਆਂ ਕਿਰਨਾਂ, ਨਵੀਂ ਪੈੜ ਅਤੇ ਜ਼ਮਾਨਾ ਬਦਲ ਰਿਹਾ, ਆਸ, ਨਵੇਂ ਸਵੇਰੇ ਅਤੇ ਬਦਲਦੇ ਸਮਾਜ ਦੀ ਤਸਵੀਰ ਪੇਸ਼ ਕਰਦੀਆਂ ਹਨ। ਇਨ੍ਹਾਂ ਕਹਾਣੀਆਂ ਰਾਹੀਂ ਲੇਖਕ ਨਿਰਾਸ਼ਾ ਦੇ ਹਨੇਰੇ ਵਿੱਚ ਆਸ ਦੀ ਰੌਸ਼ਨੀ ਵਿਖਾਉਂਦਾ ਹੈ। ਗੁਰਬਚਨ ਸਿੰਘ ਵਿਰਦੀ ਦੀ ਭਾਸ਼ਾ ਸਰਲ, ਸਹਿਜ ਤੇ ਪ੍ਰਭਾਵਸ਼ਾਲੀ ਹੈ। ਸੰਵਾਦ ਕੁਦਰਤੀ ਹਨ ਅਤੇ ਕਥਾ ਪ੍ਰਵਾਹ ਪਾਠਕ ਨੂੰ ਅੰਤ ਤੱਕ ਜੋੜੀ ਰੱਖਦਾ ਹੈ। ਪ੍ਰਤੀਕਾਤਮਕਤਾ ਅਤੇ ਸੰਕੇਤਕ ਅਭਿਵਿਆਕਤੀ ਕਹਾਣੀਆਂ ਦੀ ਸਾਹਿਤਕ ਮਿਆਰ ਨੂੰ ਹੋਰ ਉੱਚਾ ਕਰਦੀਆਂ ਹਨ। ਚੜ੍ਹਦੀ ਕਲਾ ਇੱਕ ਐਸਾ ਕਹਾਣੀ ਸੰਗ੍ਰਹਿ ਹੈ, ਜੋ ਸਮਾਜਕ ਹਕੀਕਤ, ਮਨੁੱਖੀ ਸੰਵੇਦਨਾ ਅਤੇ ਨੈਤਿਕ ਮੁੱਲਾਂ ਨੂੰ ਗਹਿਰਾਈ ਨਾਲ ਛੋਂਹਦਾ ਹੈ। ਇਹ ਸੰਗ੍ਰਹਿ ਪਾਠਕ ਨੂੰ ਸਿਰਫ਼ ਪੜ੍ਹਨ ਲਈ ਨਹੀਂ, ਸਗੋਂ ਸੋਚਣ, ਸਵਾਲ ਕਰਨ ਅਤੇ ਆਪਣੇ ਅੰਦਰ ਝਾਕਣ ਲਈ ਮਜਬੂਰ ਕਰਦਾ ਹੈ। ਪੰਜਾਬੀ ਕਹਾਣੀ ਸਾਹਿਤ ਵਿੱਚ ਇਹ ਕਿਤਾਬ ਇੱਕ ਮਹੱਤਵਪੂਰਨ ਸਥਾਨ ਬਣਾਉਂਦੀ ਹੈ।

**— ਹਰਵਿੰਦਰ ਸਿੰਘ**

# 'ਧੁੱਪ ਦੀ ਮਹਿਫ਼ਲ' 'ਚ ਚਾਰ ਨਾਮਵਰ ਸਾਹਿਤਕ ਸ਼ਖ਼ਸੀਅਤਾਂ ਦਾ ਸਨਮਾਨ

**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ ਵੱਲੋਂ ਆਪਣਾ ਸਾਲਾਨਾ ਸਮਾਗਮ 'ਧੁੱਪ ਦੀ ਮਹਿਫ਼ਲ' ਨਵਯੁਗ ਫ਼ਾਰਮ ਵਿਖੇ ਬੜੇ ਹੀ ਖ਼ੂਬਸੂਰਤ ਅੰਦਾਜ਼ ਵਿੱਚ ਕਰਵਾਇਆ ਗਿਆ। ਇਸ ਸਾਹਿਤਕ ਮਿਲਣੀ ਵਿੱਚ ਦੇਸ਼-ਵਿਦੇਸ਼ ਤੋਂ ਲੱਗਭਗ ਸਵਾ ਤਿੰਨ ਸੌ ਲੇਖਕਾਂ ਅਤੇ ਪੰਜਾਬੀ ਪ੍ਰੇਮੀਆਂ ਨੇ ਸ਼ਿਰਕਤ ਕੀਤੀ। ਸਭਾ ਵੱਲੋਂ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਲਈ ਪਾਏ ਵਡਮੁੱਲੇ ਯੋਗਦਾਨ ਬਦਲੇ ਚਾਰ ਪ੍ਰਮੁੱਖ ਸ਼ਖ਼ਸੀਅਤਾਂ ਡਾ. ਧਰਮ ਸਿੰਘ, ਡਾ. ਮਦਨ ਗੋਪਾਲ ਸਿੰਘ




(ਸਨਮਾਨ ਉਨ੍ਹਾਂ ਦੀ ਪਤਨੀ ਸ੍ਰੀਮਤੀ ਰਸ਼ਮੀ ਦੁਰੈਸਵਾਮੀ ਅਤੇ ਭੈਣ ਸ੍ਰੀਮਤੀ ਰਸ਼ਮੀ ਸਿੰਘ ਨੇ ਪ੍ਰਾਪਤ ਕੀਤਾ), ਡਾ. ਅਮੀਆ ਕੁੰਵਰ ਤੇ ਸ੍ਰੀ ਪਰਮਿੰਦਰ ਸੋਢੀ ਨੂੰ ਸਨਮਾਨਤ ਕੀਤਾ ਗਿਆ। ਸਨਮਾਨ ਵੱਜੋਂ ਹਰੇਕ ਨੂੰ 51,000 ਰੁਪਏ, ਸ਼ਾਲ, ਸਨਮਾਨ ਚਿੰਨ੍ਹ ਅਤੇ ਮਾਣ-ਪੱਤਰ ਭੇਟ ਕੀਤੇ ਗਏ।

ਸਨਮਾਨ ਦੀ ਰਸਮ ਮੁੱਖ ਮਹਿਮਾਨ ਬਰਜਿੰਦਰ (ਬਾਰਜ) ਸਿੰਘ ਢਾਹਾਂ (ਸੰਸਥਾਪਕ, ਢਾਹਾਂ ਪ੍ਰਾਈਜ਼), ਸਭਾ ਦੇ ਪ੍ਰਧਾਨ ਪ੍ਰੋ. ਗੁਲਜ਼ਾਰ ਸਿੰਘ ਸੰਧੂ, ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ ਅਤੇ ਡਾਇਰੈਕਟਰ ਕੇਸਰਾ ਰਾਮ ਨੇ ਨਿਭਾਈ। ਸਮਾਗਮ ਨੂੰ ਸੰਬੋਧਨ ਕਰਦਿਆਂ ਬਾਰਜ ਢਾਹਾਂ ਨੇ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ-ਪਸਾਰ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ 'ਢਾਹਾਂ ਪ੍ਰਾਈਜ਼' ਨੇ ਨਾ ਸਿਰਫ਼ ਪੰਜਾਬੀ ਗਲਪ ਲੇਖਨ ਨੂੰ ਵਿਸ਼ਵ ਪੱਧਰ 'ਤੇ ਹੁਲਾਰਾ ਦਿੱਤਾ ਹੈ, ਸਗੋਂ ਇਹ ਗੁਰਮੁਖੀ ਅਤੇ ਸ਼ਾਹਮੁਖੀ ਲਿਪੀਆਂ ਵਿਚਾਲੇ ਇੱਕ ਮਜ਼ਬੂਤ ਪੁਲ ਦਾ ਕੰਮ ਵੀ ਕਰ ਰਿਹਾ ਹੈ। ਇਸ ਮੌਕੇ 'ਸਮਕਾਲੀ ਸਾਹਿਤ' ਦਾ 'ਢਾਹਾਂ ਪ੍ਰਾਈਜ਼ ਕਹਾਣੀ ਵਿਸ਼ੇਸ਼ ਅੰਕ' ਜਾਰੀ ਕੀਤਾ ਗਿਆ। ਇਸ ਤੋਂ ਇਲਾਵਾ ਕਈ ਅਹਿਮ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ : ਅਜੀਤ ਕੌਰ ਦੀਆਂ 'ਓਸ ਪਾਰ' ਅਤੇ 'ਇੰਝ ਹੀ ਕਿਧਰੇ ਹੁੰਦੀ ਸੀ ਜ਼ਿੰਦਗੀ' (ਸੰ. ਵਨੀਤਾ), ਗੁਰਚਰਨ ਸੱਗੂ (ਲੱਜੋ), ਅਮਰ ਜਿਓਤੀ (ਹਾਲੈਂਡ ਦੀ ਕਹਿਕਸ਼ਾਂ), ਨਿਰਮਲ ਜਸਵਾਲ(ਬਰਗਿਣ ਸਨੇਮਾ), ਹਰਬੰਸ ਸਿੰਘ ਧੀਮਾਨ(ਅਮੀਰ ਅਲੀ ਹੈਦਰ ਦਾਦਾ ਦਾ ਜ਼ਿੰਦਗੀਨਾਮਾ), ਦਵਿੰਦਰ ਸਤਿਆਰਥੀ(ਸਤਿਆਰਥ), ਕੁਲਬੀਰ ਬਡੇਸਰੋਂ(ਬਰਾਬਰ ਦੀ ਜੰਗੀ), ਮੇਘਾ ਸਿੰਘ(ਜੇ ਬਸਰੇ ਦੀ ਲਾਮ ਟੁੱਟ ਜਾਏ) ਆਦਿ ਸ਼ਾਮਲ ਸਨ। ਇਸ ਤੋਂ ਇਲਾਵਾ ਮਨਪ੍ਰੀਤ ਪ੍ਰਕਾਸ਼ਨ, ਆਰਸੀ ਪ੍ਰਕਾਸ਼ਨ ਤੇ ਸਾਹਿਤਯਸ਼ਿਲਾ ਪ੍ਰਕਾਸ਼ਨ ਦੀਆਂ ਕੁਝ ਹੋਰ ਮਹੱਤਵਪੂਰਨ ਪੁਸਤਕਾਂ ਵੀ ਰਲੀਜ ਕੀਤੀਆਂ ਗਈਆਂ। ਇਸ ਤੋਂ ਪਹਿਲਾਂ ਪ੍ਰੋ. ਗੁਲਜ਼ਾਰ ਸਿੰਘ ਸੰਧੂ ਨੇ ਆਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਮਹਿਫ਼ਲ ਦੇ ਪਿਛੋਕੜ ਬਾਰੇ ਦੱਸਿਆ। ਮੰਚ ਸੰਚਾਲਨ ਕਰਦਿਆਂ ਪੰਜਾਬੀ ਭਵਨ ਦੇ ਡਾਇਰੈਕਟਰ ਕੇਸਰਾ ਰਾਮ ਨੇ ਸਭਾ ਵੱਲੋਂ ਚਲਾਈਆਂ ਜਾਂਦੀਆਂ ਦੋ ਸੌ ਲਾਇਬ੍ਰੇਰੀਆਂ, ਸਾਹਿਤਕ ਰਿਕਾਰਡਰਤਾਵਾਂ, ਲੋੜਵੰਦ ਲੇਖਕਾਂ ਤੇ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਮਾਲੀ ਸਹਾਇਤਾ ਅਤੇ ਭਾਪਾ ਪ੍ਰੀਤਮ ਸਿੰਘ ਵੱਲੋਂ ਤੋਹਫ਼ੇ ਵੱਜੋਂ ਦਿੱਤੇ ਪੰਜਾਬੀ ਭਵਨ ਦਾ ਚਰਚਾ ਕੀਤਾ।

ਸਮਾਗਮ ਦੇ ਅੰਤ ਵਿੱਚ ਪ੍ਰੋ. ਰੇਣੁਕਾ ਸਿੰਘ ਨੇ ਬਾਰਜ ਢਾਹਾਂ, ਸਨਮਾਨਤ ਸਾਹਿਤਕਾਰਾਂ, ਹਰਿੰਦਰ ਕੌਰ (ਢਾਹਾਂ ਨਾਮਜਦਗੀ ਇੰਚਾਰਜ), ਮੁਨਵੀਰ ਢਾਹਾਂ(ਕਨਵੀਨਰ, ਢਾਹਾਂ ਯੂਥ ਪ੍ਰਾਈਜ਼), ਡਾ. ਰਘਬੀਰ ਸਿੰਘ, ਡਾ. ਵਿਕਰਮ ਮਹਿਤਾ, ਸੀਨੀਅਰ ਸਰਜਨ, ਜਸਬੀਰ ਮਹਿਤਾ, ਡਾ. ਸ਼ਿਵਾਨੀ ਮਹਿਤਾ ਸਮੇਤ ਦੇਸ਼-ਵਿਦੇਸ਼ ਤੋਂ ਪਹੁੰਚੇ ਲੇਖਕਾਂ ਦਾ ਧੰਨਵਾਦ ਕੀਤਾ। ਹਾਜ਼ਰ ਲੇਖਕਾਂ ਨੇ ਸੁਹਾਵਣੇ ਮੌਸਮ, ਰੰਗ-ਬਿਰੰਗੇ ਫੁੱਲਾਂ ਤੇ ਹਰਿਆਲੀ ਦੇ ਨਜ਼ਾਰੇ ਦਰਮਿਆਨ ਨਾਸ਼ਤੇ ਤੋਂ ਲੈ ਕੇ ਦੁਪਹਿਰ ਦੇ ਖਾਣੇ ਤੱਕ ਦਾ ਅਨੰਦ ਲਿਆ ਅਤੇ ਵੱਖ-ਵੱਖ ਮੀਡੀਆ ਚੈਨਲਾਂ ਵੱਲੋਂ ਪੂਰੇ ਪ੍ਰੋਗਰਾਮ ਦੀ ਕਵਰੇਜ ਕੀਤੀ ਗਈ।

# 'ਪ੍ਰਲੇਸ' ਵੱਲੋਂ ਸ਼ਾਇਰ ਕੁਲਵੰਤ ਸੇਖੋਂ ਨਾਲ ਰੂਬਰੂ ਤੇ ਕਵੀ ਦਰਬਾਰ




**ਜਲੰਧਰ**-ਬੀਤੇ ਦਿਨੀਂ ਪ੍ਰਗਤੀਸ਼ੀਲ ਲੇਖਕ ਸੰਘ (ਜਲੰਧਰ ਇਕਾਈ) ਅਤੇ ਸਾਹਿਤਕ ਅਤੇ ਸੱਭਿਆਚਾਰਕ ਸੰਸਥਾ ਫੁਲਕਾਰੀ ਵੱਲੋਂ ਕੁਲਵੰਤ ਸੇਖੋਂ ਨਾਲ ਰੂਬਰੂ ਅਤੇ ਕਵੀ ਦਰਬਾਰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕਰਦਿਆਂ ਸੰਘ ਦੇ ਸੀਨੀਅਰ ਮੀਤ ਪ੍ਰਧਾਨ ਮੱਖਣ ਮਾਨ ਨੇ ਸਮਾਗਮ ਦੀ ਰੂਪ-ਰੇਖਾ ਸਾਂਝੀ ਕੀਤੀ। ਸ਼ਾਇਰ ਕੁਲਵੰਤ ਸੇਖੋਂ, 'ਮੰਤਵ' ਦੇ ਸੰਪਾਦਕ ਦੇ ਸ਼ਾਇਰ ਵਿਸ਼ਾਲ, ਕੁਲਦੀਪ ਸਿੰਘ ਬੇਦੀ ਤੇ ਜੁਗਿੰਦਰ ਸੰਧੂ ਪ੍ਰਧਾਨਗੀ ਮੰਡਲ ਵਿੱਚ ਬੈਠੇ। ਸੰਘ ਦੇ ਜਨਰਲ ਸਕੱਤਰ ਭਗਵੰਤ ਰਸੂਲਪੁਰੀ ਨੇ ਆਏ ਹੋਏ ਸ਼ਾਇਰਾਂ ਨੂੰ ਜੀ ਆਇਆਂ ਕਿਹਾ ਤੇ ਸੰਘ ਦੀ ਜਲੰਧਰ ਇਕਾਈ ਦੀਆਂ ਸਰਗਰਮੀਆਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਪਰਵਾਸੀ ਸ਼ਾਇਰ ਕੁਲਵੰਤ ਸੇਖੋਂ ਨੇ ਆਪਣੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਬੋਲਦਿਆਂ ਕਿਹਾ ਕਿ ਮੈਂ ਦੁਆਬੇ ਦੇ ਇਕ ਪਿੰਡ ਵਿੱਚੋਂ ਉੱਠ ਕੇ ਅਮਰੀਕਾ ਪਹੁੰਚਣ ਲਈ ਬੜੀ ਮੁਸ਼ਕਲ ਦਾ ਸਫ਼ਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪਰਵਾਸੀ ਬੰਦੇ ਨੂੰ ਹਰ ਸਮੇਂ ਆਪਣੀ ਮਿੱਟੀ ਦਾ ਭੂ ਹੇਰਵਾ ਸਤਾਉਂਦਾ ਰਹਿੰਦਾ ਹੈ । ਮੇਰਾ ਮਨ ਵੀ ਭੂ ਹੇਰਵੇ ਨਾਲ ਹਰ ਸਮੇਂ ਭਰਿਆ ਰਹਿੰਦਾ ਹੈ। ਸੋ ਮੈਂ ਇਸੇ ਕਰਕੇ ਪੰਜਾਬ ਆਉਂਦਾ-ਜਾਂਦਾ ਰਹਿੰਦਾ ਹਾਂ। ਮੇਰੀ ਸ਼ਾਇਰੀ ਵੀ ਇਸੇ ਪੀੜ ਵਿੱਚੋਂ ਉਪਜੀ ਹੈ। ਉਪਰੰਤ ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਤੇ ਗ਼ਜ਼ਲਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਤਸਕੀਨ, ਕਰਨ ਰਾਏ, ਡਾ. ਰੁਪਾਲੀ, ਸੁਰਿੰਦਰ ਕੁਮਾਰੀ ਤੇ ਹੋਰਨਾਂ ਨੇ ਬਹਿਸ ਵਿੱਚ ਹਿੱਸਾ ਲਿਆ। ਕਵੀ ਦਰਬਾਰ ਦੀ ਸੰਚਾਲਨਾ ਰਾਕੇਸ਼ ਆਨੰਦ ਨੇ ਕੀਤੀ। ਉਨ੍ਹਾਂ ਸੁਚੱਜੇ ਤਰੀਕੇ ਨਾਲ ਸ਼ਾਇਰਾਂ ਦੀ ਜਾਣ-ਪਛਾਣ ਕਰਵਾਈ ਤੇ ਆਪਣੀ ਹਿੰਦੀ ਵਿੱਚ ਨਵੀਂ ਕਵਿਤਾ ਪੜ੍ਹ ਕੇ ਸੁਣਾਈ ਅਤੇ ਸਮਾਗਮ ਵਿੱਚ ਪੁੱਜੇ ਸ਼ਾਇਰ ਮੋਹਨ ਮਤਿਆਲਵੀ, ਵਿਸ਼ਾਲ, ਰੂਪ ਦਬੁਰਜੀ, ਸੁਰਜੀਤ ਸਾਜਨ, ਸਰੋਜ, ਨਕਾਸ਼ ਚਿੱਤੇਵਾਣੀ, ਮੱਖਣ ਮਾਨ, ਸੰਦੀਪ ਮਨਨ, ਜੁਗਿੰਦਰ ਸੰਧੂ ਆਦਿ ਨੇ ਆਪਣੀਆਂ-ਆਪਣੀਆਂ ਕਵਿਤਾਵਾਂ ਸੁਣਾਈਆਂ। ਪ੍ਰਧਾਨਗੀ ਭਾਸ਼ਣ ਦੌਰਾਨ ਕੁਲਦੀਪ ਸਿੰਘ ਬੇਦੀ ਨੇ ਕਿਹਾ ਕਿ ਅੱਜ ਕੁਲਵੰਤ ਸੇਖੋਂ ਦੇ ਬਹਾਨੇ ਪਰਵਾਸ ਦੇ ਮਸਲਿਆਂ ਬਾਰੇ ਖੁੱਲ੍ਹ ਕੇ ਗੱਲਾਂ ਹੋਈਆਂ ਹਨ। ਭੂ ਹੇਰਵੇ ਬਾਰੇ ਹਰ ਇਕ ਦੀ ਆਪਣੀਆਂ-ਆਪਣੀਆਂ ਧਾਰਨਾਵਾਂ ਹਨ, ਜੋ ਇੱਥੇ ਪੇਸ਼ ਹੋਈ ਹੈ। ਪ੍ਰਗਤੀਸ਼ੀਲ ਸੰਘ ਗੋਸ਼ਟੀਆਂ ਤੇ ਸਮਾਗਮਾਂ ਦੇ ਬਹਾਨੇ ਨਾਲ ਸਾਹਿਤਕ ਮੁੱਦਿਆਂ ਬਾਰੇ ਤੇ ਕਿਤਾਬਾਂ ਬਾਰੇ ਵਿਚਾਰ ਚਰਚਾ ਕਰਵਾਉਂਦਾ ਰਹਿੰਦਾ ਹੈ। ਇਹ ਇੱਕ ਚੰਗੀ ਪ੍ਰੰਪਰਾ ਹੈ। ਇਸ ਤਰ੍ਹਾਂ ਦੇ ਯਤਨ ਹੁੰਦੇ ਰਹਿਣੇ ਚਾਹੀਦੇ ਹਨ। ਅੰਤ ਵਿੱਚ ਮੰਚ ਦੇ ਅਹੁਦੇਦਾਰ ਸੈਲੇਸ਼ ਤੇ ਕੇਸਰ ਨੇ ਸਭ ਦਾ ਧੰਨਵਾਦ ਕੀਤਾ।

# ਸੰਦੀਪ ਮੁੰਡੇ ਦਾ 'ਸੱਬੀ ਦੀਆਂ ਸਧਰਾਂ' ਲੋਕ-ਅਰਪਿਤ



**ਧਰਮਸ਼ਾਲਾ**-ਗੁਰੂ ਹਰਗੋਬਿੰਦ ਸਾਹਿਬ ਪੀ.ਜੀ. ਕਾਲਜ, ਸੀ.ਸੀ. ਹੈੱਡ, ਸ੍ਰੀ ਗੰਗਾਨਗਰ ਦੇ ਪ੍ਰਿੰਸੀਪਲ ਡਾ. ਸੰਦੀਪ ਸਿੰਘ ਮੁੰਡੇ ਨੇ ਹਿਮਾਚਲ ਪ੍ਰਦੇਸ਼ ਕੇਂਦਰੀ ਯੂਨੀਵਰਸਿਟੀ, ਧਰਮਸ਼ਾਲਾ ਵਿਖੇ ਆਯੋਜਿਤ ਅੰਤਰਰਾਸ਼ਟਰੀ ਸੈਮੀਨਾਰ ਗੁਰੂ ਤੇਗ ਬਹਾਦਰ ਸਾਹਿਬ ਜੀ: ਜੀਵਨ, ਬਾਣੀ ਅਤੇ ਸ਼ਹਾਦਤ ਵਿੱਚ ਰਾਜਸਥਾਨ ਦੀ ਤਰਫ਼ੋਂ ਪ੍ਰਤੀਨਿਧਤਾ ਕਰਦਿਆਂ ਸਰਗਰਮ ਅਤੇ ਗੌਰਵਮਈ ਭਾਗੀਦਾਰੀ ਦਰਜ ਕਰਵਾਈ। ਸੈਮੀਨਾਰ ਦੇ ਤੀਸਰੇ ਸੈਸ਼ਨ ਵਿੱਚ ਡਾ. ਸੰਦੀਪ ਸਿੰਘ ਮੁੰਡੇ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ: ਮਨੁੱਖੀ ਆਦਰਸ਼ ਅਤੇ ਸਮਕਾਲੀ ਪ੍ਰਸੰਗਿਕਤਾ ਵਿਸ਼ੇ 'ਤੇ ਆਪਣਾ ਖੋਜ-ਪੱਤਰ ਪੇਸ਼ ਕੀਤਾ।

ਸੈਮੀਨਾਰ ਦੇ ਸਮਾਪਨ ਸੈਸ਼ਨ ਦੇ ਮੌਕੇ ਡਾ. ਸੰਦੀਪ ਸਿੰਘ ਮੁੰਡੇ ਦੇ ਕਹਾਣੀ-ਸੰਗ੍ਰਹਿ 'ਸੱਬੀ ਦੀਆਂ ਸਧਰਾਂ' ਨੂੰ ਲੋਕ-ਅਰਪਿਤ ਕੀਤਾ ਗਿਆ। ਪੁਸਤਕ ਦਾ ਵਿਮੋਚਨ ਸਤਿਕਾਰਯੋਗ ਪ੍ਰੋਫੈਸਰ (ਡਾ.) ਜਗਬੀਰ ਸਿੰਘ, ਪ੍ਰੋ. ਕੁਲਦੀਪ ਚੰਦ ਅਗਨੀਹੋਤਰੀ, ਪ੍ਰੋ. ਸਤੀਸ਼ ਕੁਮਾਰ ਵਰਮਾ, ਡਾ. ਰਵਿੰਦਰ ਸਿੰਘ, ਪਰਮਿੰਦਰ ਸੋਢੀ, ਪ੍ਰੋ. ਸੁਹਿੰਦਰਬੀਰ ਸਿੰਘ, ਡਾ. ਮਨਮੋਹਨ, ਡਾ. ਰਜਿੰਦਰ ਸਿੰਘ, ਪ੍ਰੋ. ਨਰੇਸ਼ ਕੁਮਾਰ, ਡਾ. ਹਰਜਿੰਦਰ ਸਿੰਘ, ਡਾ. ਅਕਾਲ ਅੰਮ੍ਰਿਤ ਕੌਰ, ਡਾ. ਸੁਬੀਰ ਸਮੇਤ ਹਾਜ਼ਰ ਅਨੇਕਾਂ ਪ੍ਰਤਿਸ਼ਠਿਤ ਵਿਦਵਾਨਾਂ ਅਤੇ ਸਾਹਿਤਕਾਰਾਂ ਦੇ ਕਰ-ਕਮਲਾਂ ਦੁਆਰਾ ਕੀਤਾ ਗਿਆ। ਇਸ ਮੌਕੇ ਹਾਜ਼ਰ ਸ਼ਖ਼ਸੀਅਤਾਂ ਨੇ ਇਸ ਸੰਗ੍ਰਹਿ ਨੂੰ ਸਮਕਾਲੀ ਪੰਜਾਬੀ ਕਥਾ-ਸਾਹਿਤ ਵਿੱਚ ਇੱਕ ਮਹੱਤਵਪੂਰਨ ਯੋਗਦਾਨ ਦੱਸਿਆ।

# ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਪੁਸਤਕਾਂ ਲੋਕ ਅਰਪਣ

**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈ ਟੀ ਆਈ ਵਿਖੇ ਕਰਵਾਇਆ ਗਿਆ ।ਇਸ ਸਮਾਗਮ ਵਿੱਚ ਸਤਵੰਤ ਕੌਰ ਪੰਧੇਰ ਦੇ ਕਾਵਿ ਸੰਗ੍ਰਹਿ 'ਕਾਦਰ ਦੀ ਕੁਦਰਤ', ਜਗਜੀਤ ਸਿੰਘ ਵਜੀਦਕੇ ਦੇ ਗਜ਼ਲ ਸੰਗ੍ਰਹਿ 'ਸੁਲਗਦੇ ਪੰਨੇ' ਅਤੇ ਵਿਚਾਰ ਸੰਗ੍ਰਹਿ 'ਰੌਸ਼ਨੀਆਂ ਦੀ ਦਸਤਕ', ਬਿੰਨੀ ਬਰਨਾਲਵੀ ਦੇ ਕਾਵਿ ਸੰਗ੍ਰਹਿ 'ਬੇਗਾਨੀ ਚੱਕੀ' ਦਾ ਲੋਕ ਅਰਪਣ ਕੀਤਾ ਗਿਆ। 'ਕਾਦਰ ਦੀ ਕੁਦਰਤ' ਕਾਵਿ ਸੰਗ੍ਰਹਿ ਬਾਰੇ ਬੋਲਦਿਆਂ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਇਸ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਕੁਦਰਤ ਦੇ ਨੇੜੇ ਹਨ।




ਕਾਵਿ ਸੰਗ੍ਰਹਿ 'ਬੇਗਾਨੀ ਚੱਕੀ' ਬਾਰੇ ਬੋਲਦਿਆਂ ਡਾ. ਰਾਮਪਾਲ ਸਿੰਘ ਸ਼ਾਹਪੁਰੀ ਨੇ ਕਿਹਾ ਕਿ ਬਿੰਨੀ ਬਰਨਾਲਵੀ ਜਿੱਥੇ ਰੰਗ-ਮੰਚ ਨਾਲ ਜੁੜਿਆ ਹੋਇਆ ਨੌਜਵਾਨ ਕਲਾਕਾਰ ਹੈ, ਉੱਥੇ ਉਸ ਨੇ ਆਪਣੇ ਪਲੇਠੇ ਕਾਵਿ ਸੰਗ੍ਰਹਿ ਵਿੱਚ ਜਵਾਨੀ ਦੇ ਵਲਵਲਿਆਂ ਅਤੇ ਇਸ਼ਕ-ਮੁਹੱਬਤ ਦੇ ਨਾਲ-ਨਾਲ ਪੰਜਾਬੀ ਬੋਲੀ ਅਤੇ ਜ਼ਿੰਦਗੀ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ। ਜਗਜੀਤ ਸਿੰਘ ਵਜੀਦਕੇ ਦੇ ਗ਼ਜ਼ਲ ਸੰਗ੍ਰਹਿ 'ਸੁਲਗਦੇ ਪੰਨੇ' ਬਾਰੇ ਬੋਲਦਿਆਂ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਇਸ ਸੰਗ੍ਰਹਿ ਦੀਆਂ ਗਜ਼ਲਾਂ ਯਥਾਰਥ ਦੇ ਨੇੜੇ ਅਤੇ ਵਜ਼ਨ ਬਹਿਰ ਵਿੱਚ ਖਰਾ ਉੱਤਰਦੀਆਂ ਹਨ। ਜਗਜੀਤ ਸਿੰਘ ਵਜੀਦਕੇ ਦੇ ਵਿਚਾਰ ਸੰਗ੍ਰਹਿ ਬਾਰੇ ਬੋਲਦਿਆਂ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਲੇਖਕ ਨੇ ਆਪਣੇ ਵਿਚਾਰਾਂ ਨੂੰ ਕੁੱਜੇ ਵਿੱਚ ਸਮੁੰਦਰ ਵਾਂਗ ਬੰਦ ਕਰਕੇ ਸਾਕਾਰਾਤਮਿਕ ਉਪਦੇਸ਼ ਦਿੱਤਾ ਹੈ। ਇਹਨਾਂ ਤੋਂ ਇਲਾਵਾ ਕਹਾਣੀਕਾਰ ਭੋਲਾ ਸਿੰਘ ਸੰਘੇੜਾ, ਨਾਵਲਕਾਰ ਦਰਸ਼ਨ ਸਿੰਘ ਗੁਰੂ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਰੰਗਕਰਮੀ ਰੁਪਿੰਦਰ ਕੋਰਪਾਲ ਅਤੇ ਅਵਤਾਰ ਸਿੰਘ ਢਿੱਲੋਂ ਨੇ ਇਨ੍ਹਾਂ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪੰਜਾਬੀ ਮਾਤ-ਭਾਸ਼ਾ ਮੇਲਾ 21 ਨੂੰ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਅੰਤਰ-ਰਾਸ਼ਟਰੀ ਮਾਤਾ ਭਾਸ਼ਾ ਦਿਵਸ ਮੌਕੇ ਪੰਜਾਬੀ ਮਾਤ-ਭਾਸ਼ਾ ਮੇਲਾ 21 ਫ਼ਰਵਰੀ ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਮਾਤ-ਭਾਸ਼ਾ ਦਿਵਸ ਮੌਕੇ ਪੰਜਾਬ ਦੇ ਵੱਖ-ਵੱਖ ਕਾਲਜਾਂ ਦੀਆਂ ਟੀਮਾਂ ਪੰਜਾਬੀ ਕਹਾਣੀ ਸਿਰਜਣ, ਕਾਵਿ-ਸਿਰਜਣ, ਪੰਜਾਬੀ ਲੋਕਗੀਤ, ਸੱਭਿਆਚਾਰਕ ਪ੍ਰਸ਼ਨੋਤਰੀ, ਪੰਜਾਬੀ ਕਵਿਤਾ ਪੋਸਟਰ ਮੁਕਾਬਲਾ, ਪੰਜਾਬੀ ਕਾਵਿ-ਉਚਾਰਣ, ਅਖਾਣ ਅਤੇ ਮੁਹਾਵਰੇ ਭਰਪੂਰ ਵਾਰਤਾਲਾਪ ਅਤੇ ਕੈਲੀਗ੍ਰਾਫੀ (ਅੱਖ਼ਰਕਾਰੀ) ਮੁਕਾਬਲਿਆਂ ਵਿਚ ਹਿੱਸਾ ਲੈਂਦੀਆਂ ਹਨ।

ਉਨ੍ਹਾਂ ਦੱਸਿਆ ਕਿ ਪੰਜਾਬੀ ਮਾਤ-ਭਾਸ਼ਾ ਮੇਲੇ ਦੇ ਪਿਛਲੇ ਸਾਲ ਪੰਜਾਬ ਦੇ ਲੱਗਭੱਗ ਦੋ ਦਰਜਨ ਦੇ ਕਰੀਬ ਕਾਲਜਾਂ ਦੀਆਂ ਟੀਮਾਂ ਨੇ ਭਾਗ ਲਿਆ ਸੀ ਤੇ ਇਸ ਵਾਰ ਹੋਰ ਵੀ ਜ਼ਿਆਦਾ ਕਾਲਜਾਂ ਦੀਆਂ ਟੀਮਾਂ ਵੱਲੋਂ ਭਾਗ ਲੈਣ ਦੀ ਸੰਭਾਵਨਾ ਹੈ। ਉਨ੍ਹਾ ਦੱਸਿਆ ਕਿ ਅਕਾਡਮੀ ਵੱਲੋਂ ਵੱਖ-ਵੱਖ ਮੁਕਾਬਲਿਆਂ ਵਿੱਚੋਂ ਜੇਤੂ ਵਿਦਿਆਰਥੀਆਂ ਨੂੰ ਪੁਸਤਕਾਂ ਦੇ ਰੂਪ ਵਿੱਚ ਪਹਿਲਾ, ਦੂਜਾ ਤੇ ਤੀਜਾ ਇਨਾਮ ਦਿੱਤੇ ਜਾਣਗੇ ਅਤੇ ਜਿਸ ਕਾਲਜ ਦੀ ਟੀਮ ਨੇ ਸਮੁੱਚੇ ਰੂਪ ਵਿਚ ਜ਼ਿਆਦਾ ਅੰਕ ਪ੍ਰਾਪਤ ਕੀਤੇ, ਉਸ ਨੂੰ ਮਾਤ-ਭਾਸ਼ਾ ਟਰਾਫ਼ੀ ਪ੍ਰਦਾਨ ਕੀਤੀ ਜਾਵੇਗੀ।ਪੰਜਾਬੀ ਮਾਤ-ਭਾਸ਼ਾ ਮੇਲੇ ਦੇ ਸੰਯੋਜਕ ਡਾ. ਗੁਰਚਰਨ ਕੌਰ ਕੋਚਰ ਅਤੇ ਸ੍ਰੀ ਤ੍ਰੈਲੋਚਨ ਲੋਚੀ ਨੇ ਦੱਸਿਆ ਕਿ ਮੇਲੇ ਸੰਬੰਧੀ ਕਾਲਜਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ। ਜੇ ਕਿਸੇ ਕਾਲਜ ਨੂੰ ਸੱਦਾ ਪੱਤਰ ਸਮੇਂ ਸਿਰ ਨਹੀਂ ਪਹੁੰਚਦਾ, ਉਹ ਵੀ 21 ਫ਼ਰਵਰੀ ਨੂੰ ਪੰਜਾਬੀ ਭਵਨ ਪਹੁੰਚ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਭਾਗ ਲੈਣ ਵਾਲੇ ਕਾਲਜਾਂ ਦੇ ਵਿਦਿਆਰਥੀ ਆਪਣੀ ਸੰਸਥਾ ਦੇ ਮੁਖੀ ਤੋਂ ਅਧਿਕਾਰ ਪੱਤਰ ਨਾਲ ਲੈ ਕੇ ਆਉਣਗੇ ਅਤੇ ਉਨ੍ਹਾਂ ਦੀ ਰਜਿਸਟ੍ਰੇਸ਼ਨ ਸਵੇਰੇ 9 ਵਜੇ ਤੋਂ ਲੈ ਕੇ 10 ਵਜੇ ਤੱਕ ਪੰਜਾਬੀ ਭਵਨ, ਲੁਧਿਆਣਾ ਵਿਖੇ ਹੋਵੇਗੀ। ਉਪਰੰਤ ਸਾਹਿਤਕ ਮੁਕਾਬਲੇ ਸ਼ੁਰੂ ਹੋ ਜਾਣਗੇ।

# ਗਲਪਕਾਰ ਪ੍ਰੋ. ਬਲਜੀਤ ਕੌਰ ਬੱਲੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਪਟਿਆਲਾ**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਦੇ ਪ੍ਰਧਾਨ ਅਤੇ ਸਾਹਿਤ ਅਕਾਦਮੀ ਬਾਲ ਸਾਹਿਤ ਐਵਾਰਡੀ ਡਾ. ਦਰਸ਼ਨ ਸਿੰਘ ਆਸ਼ਟ ਨੇ ਪੰਜਾਬੀ ਦੀ ਉੱਘੀ ਗਲਪਕਾਰ ਪ੍ਰੋ. ਬਲਜੀਤ ਕੌਰ ਬੱਲੀ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਹੈ ਕਿ ਡਾ. ਬੱਲੀ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਮਨੁੱਖੀ ਸਮਾਜ ਦੀ ਵਾਸਤਵਕ ਤਸਵੀਰ ਨੂੰ ਪੇਸ਼ ਕੀਤਾ ਅਤੇ ਔਰਤ, ਮਰਦ ਦੇ ਰਿਸ਼ਤਿਆਂ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਬਾਖ਼ੂਬੀ ਪੇਸ਼ ਕਰਦੇ ਹੋਏ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਡੂੰਘਾ ਯੋਗਦਾਨ ਪਾਇਆ। ਪ੍ਰੋ. ਬੱਲੀ ਨੇ ਆਪਣੀ ਛਾਵੇਂ, ਠਰੀ ਰਾਤ, ਧੁੱਪ ਦੀ ਵਾਟ ਅਤੇ ਗੁਆਚੇ ਸੂਰਜ ਨਾਵਲਾਂ ਤੋਂ ਇਲਾਵਾ ਤੇ ਨਕਸ਼ ਮਿਟਦੇ ਗਏ, ਹਾਦਸੇ, ਹਵਾਲੇ, ਸਲੀਬਾਂ ਅਤੇ ਇੱਕ ਪੈਰ ਵਾਲਾ ਘਰ ਆਦਿ ਕਹਾਣੀ ਸੰਗ੍ਰਹਿਆਂ ਰਾਹੀਂ ਮਨੁੱਖੀ ਮਾਨਸਿਕਤਾ ਦੀਆਂ ਸੂਖਮਤਾਈਆਂ ਨੂੰ ਪਾਠਕਾਂ ਸਾਹਮਣੇ ਪੇਸ਼ ਕੀਤਾ। ਪ੍ਰੋ. ਬੱਲੀ ਨੇ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਅਤੇ ਫਿਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ਵਿਚ ਬਤੌਰ ਅਧਿਆਪਕਾ ਸੇਵਾਵਾਂ ਪ੍ਰਦਾਨ ਕੀਤੀਆਂ । ਉਹ ਪੰਜਾਬੀ ਸੱਭਿਆਚਾਰ ਮੰਚ ਪਟਿਆਲਾ ਦੇ ਉਪ-ਪ੍ਰਧਾਨ ਵੀ ਰਹੇ।ਇਸ ਤੋਂ ਇਲਾਵਾ ਸਭਾ ਦੇ ਵਰਤਮਾਨ ਸਰਪ੍ਰਸਤ ਕਹਾਣੀਕਾਰ ਬਾਬੂ ਸਿੰਘ ਰੈਹਲ, ਸੁਖਦੇਵ ਸਿੰਘ ਸ਼ਾਂਤ, ਡਾ.ਰਾਜਵੰਤ ਕੌਰ ਪੰਜਾਬੀ, ਜਨਰਲ ਸਕੱਤਰ ਦਵਿੰਦਰ ਪਟਿਆਲਵੀਂ, ਬਲਬੀਰ ਸਿੰਘ ਦਿਲਦਾਰ, ਡਾ. ਹਰਪ੍ਰੀਤ ਸਿੰਘ ਰਾਣਾ, ਸੁਖਦੇਵ ਸਿੰਘ ਚਹਿਲ ਅਤੇ ਨਵਦੀਪ ਸਿੰਘ ਮੁੰਡੀ ਆਦਿ ਨੇ ਵੀ ਪ੍ਰੋ.ਬੱਲੀ ਦੇ ਦੇਹਾਂਤ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

# ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਗੋਵਰਧਨ ਗੱਬੀ ਤੇ ਜਗਦੀਪ ਸਿੱਧੂ ਦੀਆਂ ਕਿਤਾਬਾਂ ਨੂੰ ਪੁਰਸਕਾਰ

**ਚੰਡੀਗੜ੍ਹ** : ਚੰਡੀਗੜ੍ਹ ਸਾਹਿਤ ਅਕਾਦਮੀ ਵੱਲੋਂ ਸਾਲ 2024 ਦੀਆਂ ਕਿਤਾਬਾਂ ਨੂੰ ਦਿੱਤੇ ਜਾਂਦੇ ਪੁਰਸਕਾਰਾਂ ਦਾ ਐਲਾਨ ਕੀਤਾ ਗਿਆ। ਯਾਦ ਰਹੇ ਕਿ ਇਹ ਪੁਰਸਕਾਰ ਚੰਡੀਗੜ੍ਹ ਨਿਵਾਸੀ ਲੇਖਕਾਂ ਨੂੰ ਹੀ ਦਿੱਤੇ ਜਾਂਦੇ ਹਨ। 2024 'ਚ ਛਪੇ ਗੋਵਾਰਧਨ ਗੱਬੀ ਦੇ ਕਹਾਣੀ ਸੰਗ੍ਰਹਿ 'ਆਪਣੇ ਘਰ' ਨੂੰ ਅਤੇ ਇਸ ਸਾਲ ਦਾ ਅਕਾਦਮੀ ਪੁਰਸਕਾਰ ਜਗਦੀਪ ਸਿੱਧੂ ਵੱਲੋਂ ਅਨੁਵਾਦ ਰਾਮ ਕੁਮਾਰ ਤਿਵਾੜੀ ਦੀਆਂ ਚੋਣਵੀਆਂ ਕਹਾਣੀਆਂ ਦੀ ਕਿਤਾਬ 'ਕੁਤੁਬ ਐਕਸਪ੍ਰੈੱਸ' ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਪੁਰਸਕਾਰ ਦੇ ਨਾਲ ਅਕਾਦਮੀ ਨੇ ਹਿੰਦੀ, ਉਰਦੂ, ਸੰਸਕ੍ਰਿਤ ਅਤੇ ਅੰਗਰੇਜ਼ੀ ਕਿਤਾਬਾਂ ਨੂੰ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ। ਅਕਾਦਮੀ ਦੇ ਚੇਅਰਮੈਨ ਡਾ. ਮਨਮੋਹਨ ਸਿੰਘ ਨੇ ਇਹ ਪੁਰਸਕਾਰਾਂ ਦਾ ਐਲਾਨ ਕੀਤਾ।




# ਛੇ ਲੇਖਕ ਡਾ. ਆਤਮ ਹਮਰਾਹੀ ਯਾਦਗਾਰੀ ਸਨਮਾਨ ਨਾਲ ਸਨਮਾਨਤ

**ਲੁਧਿਆਣਾ** : ਚਿੰਤਨਸ਼ੀਲ ਸਾਹਿਤਧਾਰਾ ਅਤੇ ਡਾ. ਆਤਮ ਹਮਰਾਹੀ ਯਾਦਗਾਰੀ ਮੰਚ ਵਲੋਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਹਿਯੋਗ ਨਾਲ ਡਾ. ਆਤਮ ਹਮਰਾਹੀ ਦੇ 91ਵੇਂ ਜਨਮ ਦਿਨ ਮਨਾਇਆ ਗਿਆ ਸਮਾਗਮ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ ਸਿਰਸਾ ਨੇ ਕੀਤੀ।ਪੰਜਵੇਂ ਸਨਮਾਨ ਸਮਾਗਮ ਮੌਕੇ ਛੇ ਲੇਖਕਾਂ ਨੂੰ ਸਨਮਾਨਤ ਕੀਤਾ ਗਿਆ। ਬੀਬਾ ਬਲਵੰਤ, ਰਣਜੋਧ ਸਿੰਘ, ਡਾ. ਚਰਨ ਕਮਲ ਸਿੰਘ, ਡਾ. ਨਵਰਾਜ ਸਿੰਘ ਮੋਗਾ, ਸ੍ਰੀਮਤੀ ਇੰਦਰਜੀਤ ਪਾਲ ਕੌਰ ਅਤੇ ਸ੍ਰੀਮਤੀ ਅਮਰਪ੍ਰੀਤ ਕੌਰ ਸੰਘਾ ਨੂੰ ਪੰਜਵੇਂ ਡਾ. ਆਤਮ ਹਮਰਾਹੀ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨਿਤ ਸ਼ਖ਼ਸੀਅਤਾਂ ਨੂੰ ਸ਼ੋਭਾ ਪੱਤਰ, ਪੁਸਤਕਾਂ, ਦੋਸ਼ਾਲੇ ਅਤੇ ਸਨਮਾਨ ਚਿੰਨ੍ਹ ਭੇਟਾ ਕਰਕੇ ਸਨਮਾਨਿਤ ਕੀਤਾ ਗਿਆ। ਉਪਰੋਕਤ ਜਾਣਕਾਰੀ ਦਿੰਦਿਆਂ ਚਿੰਤਨਸ਼ੀਲ ਸਾਹਿਤਧਾਰਾ ਅਤੇ ਡਾ. ਆਤਮ ਹਮਰਾਹੀ ਯਾਦਗਾਰੀ ਮੰਚ ਦੀ ਡਾਇਰੈਕਟਰ ਸ੍ਰੀਮਤੀ ਮਨਦੀਪ ਕੌਰ ਭੰਮਰਾ ਨੇ ਸਮਾਗਮ ਵਿਚ ਪਹੁੰਚੀਆਂ ਸਨਮਾਨਿਤ ਸ਼ਖ਼ਸੀਅਤਾਂ ਅਤੇ ਸਮੂਹ ਹਾਜ਼ਰੀ ਦਾ ਸਵਾਗਤ ਕਰਦਿਆਂ ਚਿੰਤਨਸ਼ੀਲ ਸਾਹਿਤਧਾਰਾ ਅਤੇ ਡਾ. ਆਤਮ ਹਮਰਾਹੀ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਅਤੇ ਸੰਸਥਾ ਰਾਹੀਂ ਕੀਤੇ ਜਾਣ ਵਾਲੇ ਆਪਣੇ ਆਸ਼ਿਆਂ ਬਾਰੇ ਜਾਣਕਾਰੀ ਦਿੱਤੀ। ਚਿੰਤਨਸ਼ੀਲ ਸਾਹਿਤਧਾਰਾ ਅਤੇ ਡਾ. ਆਤਮ ਹਮਰਾਹੀ ਯਾਦਗਾਰੀ ਮੰਚ ਦੇ ਮੁੱਖ ਸਲਾਹਕਾਰ ਡਾ. ਸੁਖਦੇਵ ਸਿੰਘ ਸਿਰਸਾ ਦਾ ਸਮਾਗਮ 'ਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਹਿਯੋਗ ਲਈ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਅਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਦਾ ਅਤੇ ਸਮਾਗਮ ਵਿਚ ਪਹੁੰਚੇ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਸਮਾਗਮ ਦਾ ਪ੍ਰਧਾਨਗੀ ਭਾਸ਼ਣ ਦਿੰਦਿਆਂ ਉੱਘੇ ਚਿੰਤਕ ਅਤੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਾਬਕਾ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਡਾ. ਆਤਮ ਹਮਰਾਹੀ ਅੱਖਰ ਗਿਆਨ ਦੇ ਉਹ ਸਮੁੰਦਰ ਸਨ ਜਿਨ੍ਹਾਂ ਨੂੰ ਬਹੁਪੱਖੀ ਰੂਪ ਵਿਚ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਵਿਚ ਦੇਖਿਆ ਜਾ ਸਕਦਾ ਹੈ। ਉੱਘੇ ਪੱਤਰਕਾਰ ਅਤੇ ਸਮਾਗਮ ਦੇ ਵਿਸ਼ੇਸ਼ ਅਤੇ ਸੰਸਥਾ ਮੁੱਖ ਸਲਾਹਕਾਰਾਂ ਵਿਚੋਂ ਇਕ, ਮਹਿਮਾਨ ਸ. ਸਤਿਬੀਰ ਸਿੰਘ ਨੇ ਡਾ. ਆਤਮ ਹਮਰਾਹੀ ਜੀ ਦੀ ਸਿਮਰਤੀ ਨੂੰ ਯਾਦ ਕਰਦਿਆਂ



ਸਨਮਾਨਿਤ ਸ਼ਖ਼ਸੀਅਤਾਂ ਨੂੰ ਵਧਾਈ ਦਿੱਤੀ। ਉਨ੍ਹਾਂ ਡਾ. ਹਮਰਾਹੀ ਜੀ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਚਿੰਤਨਸ਼ੀਲ ਸਾਹਿਤਧਾਰਾ ਅਤੇ ਡਾ. ਆਤਮ ਹਮਰਾਹੀ ਯਾਦਗਾਰੀ ਮੰਚ ਦੀ ਜਨਰਲ ਸਕੱਤਰ ਅਤੇ ਪੰਜਾਬੀ ਸਾਹਿਤ ਅਕਾਡਮੀ ਦੀ ਦਫ਼ਤਰ ਇੰਚਾਰਜ ਸੁਰਿੰਦਰ ਦੀਪ ਕੌਰ ਨੇ ਬੜੇ ਸਲੀਕੇ ਨਾਲ ਬੋਲਦਿਆਂ ਡਾ. ਆਤਮ ਹਮਰਾਹੀ ਸਾਹਿਬ ਦੀ ਪੰਜਾਬੀ ਭਵਨ ਦੀ ਆਮਦ ਤੇ ਆਹਟ ਨੂੰ ਖ਼ੂਬਸੂਰਤ ਤਰੀਕੇ ਨਾਲ ਯਾਦ ਕੀਤਾ। ਉਨ੍ਹਾਂ ਹਮਰਾਹੀ ਜੀ ਦੇ ਸ਼ੇਅਰ ਵੀ ਸਰੋਤਿਆਂ ਨਾਲ ਸਾਂਝੇ ਕੀਤੇ। ਉਨ੍ਹਾਂ ਸਨਮਾਨਿਤ ਸ਼ਖ਼ਸੀਅਤਾਂ ਨੂੰ ਵਧਾਈ ਦਿੰਦਿਆਂ ਸ਼ੋਭਾ ਪੱਤਰ ਪੇਸ਼ ਕਰਨ ਵਾਲੇ ਵਿਦਵਾਨਾਂ ਦਾ ਅਤੇ ਮੈਡਮ ਮਨਦੀਪ ਕੌਰ ਭੰਮਰਾ ਦਾ ਧੰਨਵਾਦ ਵੀ ਕੀਤਾ।ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਸ਼ਾਮਲ ਹੋਏ ਸ੍ਰੀਮਤੀ ਭੁਪਿੰਦਰ ਕੌਰ ਪਾਤਰ ਨੇ ਬਹੁਤ ਸੁਰੀਲੀ ਆਵਾਜ਼ 'ਚ ਡਾ. ਸੁਰਜੀਤ ਪਾਤਰ ਦੀ ਗ਼ਜ਼ਲ ਸਰੋਤਿਆਂ ਨਾਲ ਸਾਂਝੀ ਕੀਤੀ।

# ਪਾਠਕਾਂ ਦੇ ਝਰੋਖੇ 'ਚੋਂ

## ਵਣਧਾਰਾ

ਡਾਕਟਰ ਚੰਦਰ ਪ੍ਰਕਾਸ਼ ਨੇ 'ਦੇਹ ਦੇ ਵਣ 'ਚ ਵਹਿੰਦੀ ਨਾਟ ਧਾਰਾ' ਦੇ ਸਿਰਲੇਖ ਤਹਿਤ ਸਵਰਾਜਬੀਰ ਦੇ ਨਾਟਕ 'ਵਣਧਾਰਾ' ਦਾ ਵਧੀਆ ਤੇ ਵਿਦਵਤਾ ਭਰਪੂਰ ਮੁਲਾਂਕਣ ਕੀਤਾ ਹੈ।'ਵਣਧਾਰਾ' ਨਾਟਕ ਦਾ ਵਿਸ਼ਾ-ਵਸਤੂ ਔਰਤ ਦੀ ਆਜ਼ਾਦੀ ਦੇ ਮਸਲੇ ਨੂੰ ਪੱਛਮੀ ਨੁਕਤਾ-ਨਿਗਾਹ ਤੋਂ ਹੀ ਪੇਸ਼ ਕੀਤਾ ਲਗਦਾ ਹੈ। ਹੁਣ ਤੱਕ ਜਿੰਨਾ ਕੁੱਝ ਇਸ ਵਿਸ਼ੇ 'ਤੇ ਪੰਜਾਬੀ ਸਾਹਿਤ ਵਿੱਚ ਲਿਖਿਆ ਗਿਆ ਹੈ, ਉਹ ਪੱਛਮੀ ਚਿੰਤਨ ਤੋਂ ਪ੍ਰਭਾਵਿਤ ਹੈ।

1960 ਤੋਂ 80 ਦੇ ਦੌਰਾਨ ਯੂਰਪ ਵਿੱਚ ਉੱਠੀ women lib. movement ਦੇ ਏਜੰਡੇ ਮੁਤਾਬਕ ਹੀ ਪੰਜਾਬੀ ਲੇਖਕ ਔਰਤ ਦੀ ਮੁਕਤੀ ਦੇ ਮਸਲੇ ਨੂੰ ਜ਼ੇਰੇ-ਬਹਿਸ ਲਿਆ ਰਹੇ ਹਨ। ਸਮੱਸਿਆ ਪੂਰਬ ਦੀ ਔਰਤ ਨੂੰ ਪਿਤਰੀ ਤੇ ਪਤੀ ਦੀ ਗੁਲਾਮੀ ਤੋਂ ਆਜ਼ਾਦ ਕਰਨ ਦੀ ਹੈ, ਪਰ ਅਸੀਂ ਉਸ ਨੂੰ ਪੱਛਮੀ ਚਿੰਤਨ ਤੋਂ ਪੇਸ਼ ਕਰਦੇ ਰਹੇ ਹਾਂ, ਜਿੱਥੇ ਪੱਛਮੀ ਮੱਧ ਸ਼੍ਰੇਣਿਕ ਔਰਤ ਵਿਦਿਆਯਾਫ਼ਤਾ ਤੇ ਆਰਥਿਕਤਾ ਸੰਪੰਨ ਹੈ।ਇਸ ਲਈ ਪੂਰਬੀ ਚਿੰਤਨ ਪੱਖੋਂ ਵੀ ਇਸ ਮਸਲੇ ਨੂੰ ਸਮਝਿਆ ਜਾਣਾ ਚਾਹੀਦਾ ਹੈ। ਔਰਤ ਦੀ ਆਜ਼ਾਦੀ ਦੇ ਮਸਲੇ ਵਿੱਚ ਭਾਰਤ ਦੀ ਸਮਾਜਿਕ ਸੰਰਚਨਾ, ਪਰਵਾਰਕ ਤਾਣਾ-ਬਾਣਾ, ਸਾਡੀ ਵਿਆਹ ਦੀ ਮਜ਼ਬੂਤ ਸੰਸਥਾ, ਔਰਤ ਦੀ ਅਨਪੜ੍ਹਤਾ ਅਤੇ ਉਸ ਦੀ ਆਪਣੇ ਮਾਪਿਆਂ ਉੱਤੇ ਨਿਰਭਰਤਾ ਦਾ ਪ੍ਰਸ਼ਨ ਵੀ ਅਜੇ ਬਰਾਬਰ ਖੜ੍ਹਾ ਹੈ। ਇਸ ਪ੍ਰਸ਼ਨ ਨੂੰ ਮੁਖ਼ਾਤਬ ਹੁੰਦੀ ਕੋਈ ਸ਼ਾਹਕਾਰ ਰਚਨਾ ਪੰਜਾਬੀ ਸਾਹਿਤ ਵਿੱਚ ਨਹੀਂ ਮਿਲਦੀ।

—ਡਾ. ਲਾਭ ਸਿੰਘ ਖੀਵਾ, ਚੰਡੀਗੜ੍ਹ

ਹੈ । ਕਿਤਾਬਾਂ ਦੀ ਚੋਣ ਕਰਨੀ ਬਹੁਤ ਟੇਢਾ ਕੰਮ ਹੈ, ਕਿਉਂਕਿ ਹਰ ਬੰਦੇ ਦਾ ਆਪਣਾ ਦਾਇਰਾ ਹੈ। ਕਿਤਾਬਾਂ ਭੇਜਣ ਵਾਲੇ ਲੇਖਕ ਵੀ ਜਿਊਰੀ ਤੱਕ ਪਹੁੰਚ ਕਰ ਸਕਦੇ ਹਨ । ਭਾਵੇਂ ਇਹ ਕੰਮ ਸੌਖਾ ਨਹੀਂ ਹੈ, ਸੰਜੀਵਨ ਸਿੰਘ ਨੇ ਆਪਣੇ ਸਾਹਿਤਕਾਰ ਤਾਇਆ ਜੀ ਕਹਾਣੀਕਾਰ ਸੰਤੋਖ ਸਿੰਘ ਧੀਰ ਨਾਲ ਜੁੜੀਆਂ ਯਾਦਾਂ ਨੂੰ ਰੌਚਿਕ ਸ਼ੈਲੀ ਵਿਚ ਲਿਖਿਆ। ਬਹੁਤ ਵਧੀਆ ਲੱਗਾ ।ਸੰਤੋਖ ਸਿੰਘ ਧੀਰ ਦੇ ਸਾਦਗੀ ਦੇ ਦਰਸ਼ਨ ਹੋਏ। ਸੰਤੋਖ ਸਿੰਘ ਧੀਰ ਦੀ ਸਾਦਗੀ ਅਤੇ ਖੜੀ ਉਂਗਲ ਉਨ੍ਹਾਂ ਦੀ ਵਿਸ਼ੇਸ਼ ਸ਼ਖਸੀਅਤ ਬਣ ਗਈ।ਲੇਖਕ ਨੇ ਧੀਰ ਸਾਹਿਬ ਦੀਆਂ ਕਹਾਣੀਆਂ ਦੇ ਅਧਾਰਤ ਨਾਟਕ ਲਿਖੇ ਤੇ ਖੇਡੇ।

ਇਸ ਦੀ ਵੀ ਖੁਸ਼ੀ ਹੈ।।ਧੀਰ ਸਾਹਿਬ ਨੇ ਆਪਣੀ ਸਾਰੀ ਆਯੂ ਸਾਹਿਤਕਾਰੀ ਦੇ ਲੇਖੇ ਲਾਈ ।ਉਹ ਸਦਾ ਆਪਣੇ ਪਾਠਕਾਂ ਦੇ ਦਿਲ ਵਿਚ ਰਹਿਣਗੇ। 'ਦ੍ਰਿਸ਼ਟੀਕੋਣ' ਨੇ ਲੀਡਰਾਂ ਦੀ ਆਪਸੀ ਨੋਕ-ਝੋਕ ਦਾ ਜ਼ਿਕਰ ਕੀਤਾ ਹੈ। ਸੁਕੀਰਤ ਦੀ ਲਿਖਤ ਵਿਚ ਆਨੰਦ ਜੋੜੀ ਪੁਰਸਕਾਰ ਦੀ ਇਸ ਸਾਲ ਦੀ ਜਾਣਕਾਰੀ ਮਿਲੀ। ਸਵਰਾਜਬੀਰ ਦਾ ਨਵੇਂ ਨਾਟਕ 'ਵਣਧਾਰਾ' ਵਿਚ ਅਹਿਲਿਆ ਦੇ ਸੰਦਰਭ ਵਿਚ ਔਰਤ ਦੀ ਹਾਲਤ ਦਾ ਜ਼ਿਕਰ ਹੈ। ਡਾ. ਚੰਦਰ ਪ੍ਰਕਾਸ਼ ਨੇ ਚੰਗਾ ਵਿਸ਼ਲੇਸ਼ਣ ਕੀਤਾ ਹੈ। ਦਵਿੰਦਰ ਮੰਡ ਦੀਆਂ ਤੇਰਾ ਕਹਾਣੀਆਂ ਬਾਰੇ ਵੀ ਜਾਣਕਾਰੀ ਮਿਲੀ। ਡਾ. ਸੰਦੀਪ ਰਾਣਾ ਨੇ ਸ਼ਿਵ ਕੁਮਾਰ ਬਟਾਲਵੀ ਬਾਰੇ ਸੰਪਾਦਿਤ ਕਿਤਾਬ ਦਾ ਭਾਵਪੂਰਤ ਰੀਵਿਊ ਕੀਤਾ ਹੈ। ਸ਼ਿਵ ਕੁਮਾਰ ਬਟਾਲਵੀ ਬਹੁਤ ਫਕਰ ਤਬੀਅਤ ਦਾ ਕਵੀ ਸੀ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਬਾਰਜ ਢਾਹਾਂ ਨਾਲ ਮੁਲਾਕਾਤ

ਨਵਾਂ ਜ਼ਮਾਨਾ ਦੇ 8 ਜਨਵਰੀ 'ਐਤਵਾਰਤਾ' ਵਿਚ ਬਾਰਜ ਢਾਹਾਂ ਨਾਲ ਕੀਤੀ ਮੁਲਾਕਾਤ ਦੀ ਦੂਸਰੀ ਕਿਸ਼ਤ ਪੜ੍ਹੀ। ਬਾਰਜ ਢਾਹਾਂ ਸਾਹਿਬ ਨੇ ਪੁਰਸਕਾਰ ਦੀ ਆਰੰਭਤਾ ਬਾਰੇ ਜ਼ਿਕਰ ਕੀਤਾ ਹੈ। ਨਾਲ ਹੀ ਵਧੀਆ ਕਿਤਾਬ ਦੀ ਚੋਣ ਕਰਨ ਲਈ ਬਣਾਈ ਜਿਊਰੀ ਬਾਰੇ ਵਿਸਥਾਰ ਲਿਖਿਆ

## ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਬੀਮਾ ਸਕੀਮਾਂ ਰਾਹੀਂ ਸਿਹਤ ਸੇਵਾਵਾਂ ਦਾ ਨਿੱਜੀਕਰਨ : ਡਾ. ਜਸਵੀਰ ਸਿੰਘ ਔਲਖ

ਰਾਇ ਅਜ਼ੀਜ਼ਉੱਲਾ ਖਾਨ ਨਾਲ ਮੁਲਾਕਾਤ-2 : ਭਗਵੰਤ ਰਸੂਲਪੁਰੀ

'ਜ਼ਿੰਦਗੀ' : ਜਿੰਦਰ (ਫੋਕਸ) ਡਾ. ਭੁਪਿੰਦਰ ਕੌਰ

ਰਾਮਪਾਲ ਸ਼ਾਹਪੁਰੀ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਸੁਰਤਿ : ਪ੍ਰੋਫ਼ੈਸਰ ਪ੍ਰੀਤਮ ਸਿੰਘ ਨਾਲ ਮੁਲਾਕਾਤ


'ਸੁਰਤਿ ਦਾ 'ਬਸੰਤ, 2026 ਦਾ ਅੰਕ ਆਪਣੀ ਪਹਿਲਾਂ ਵਾਲੀ ਮੜਕ ਨਾਲ ਪ੍ਰਕਾਸ਼ਤ ਹੋ ਕੇ ਪੁੱਜਾ ਹੈ। ਹੱਥਲਾ ਅੰਕ 'ਸੁਰਤਿ' ਦਾ ਪੰਜਵਾਂ ਅੰਕ ਹੈ। ਸਮਰੱਥ, ਘਾਗ ਤੇ ਵੱਡੇ ਕੱਦ ਵਾਲੇ ਲੇਖਕਾਂ (ਸਾਰੇ ਨਹੀਂ) ਤੱਕ ਸੰਪਾਦਕੀ ਅਮਲੇ ਨੇ ਪਹੁੰਚ ਕੀਤੀ ਹੈ ਤੇ ਉਨ੍ਹਾਂ ਕੋਲੋਂ ਮੈਟਰ ਲਿਖਵਾਇਆ, ਤਿਆਰ ਕਰਵਾਇਆ ਹੈ। 'ਸਭਿਆਚਾਰਕ ਯਾਦਾਸ਼ਤ, ਸਾਹਿਤ ਅਤੇ ਪੰਜਾਬ' ਦੇ ਸੰਦਰਭ ਵਿੱਚ ਸੁਰਤਿ ਦੀ ਸੰਪਾਦਕੀ ਹੈ। ਜਿਸ ਵਿੱਚ ਅਗਲੀ ਪੀੜ੍ਹੀ ਬਾਰੇ ਫ਼ਿਕਰਾਂ ਦੀ ਗੱਲ ਕੀਤੀ ਗਈ ਹੈ। ਅਤੇ ਪੰਜਾਬੀ ਲੇਖਕ ਨੂੰ ਸਭਿਆਚਾਰਕ ਯਾਦਾਂ ਪ੍ਰਤੀ ਚੇਤੰਨ ਹੋਣ ਅਤੇ ਇਸਨੂੰ ਮਨੁੱਖਤਾ ਤੇ ਜੀਵਨ ਦਰਸ਼ਨ ਦੇ ਨਜ਼ਰੀਏ ਤੋਂ ਮੁੜ ਵੇਖਣ ਲਈ ਕਿਹਾ ਗਿਆ ਹੈ। ਸੰਪਾਦਕੀ ਵਿੱਚ ਸਭਿਆਚਾਰਕ ਯਾਦਾਸ਼ਤ ਦੀ ਲੰਮੀ ਪ੍ਰੰਪਰਾ ਦੀ ਵੀ ਗੱਲ ਤੋਰੀ ਗਈ ਹੈ। ਪਹਿਲਾਂ ਵਾਂਗ ਹੱਥਲੇ ਅੰਕ ਵਿੱਚ ਵੀ ਕਈ ਮੁੱਦੇ ਉਭਾਰਦੀ ਪ੍ਰੋ. ਪ੍ਰੀਤਮ ਸਿੰਘ ਦੀ ਮੁਲਾਕਾਤ ਹੈ। ਪ੍ਰੀਤਮ ਸਿੰਘ ਅਜਿਹੇ ਪ੍ਰਸਿੱਧ ਅਰਥ-ਸ਼ਾਸਤਰੀ ਹੋਏ ਨੇ ਜੋ ਪੰਜਾਬ ਦੇ ਨਿੱਕੇ ਜਿਹੇ ਪਿੰਡ ਤੋਂ ਉੱਠ ਕੇ ਆਕਸਫੋਰਡ ਯੂਨੀਵਰਸਿਟੀ ਤੱਕ ਪੁੱਜੇ ਹਨ। ਜਿਨ੍ਹਾਂ ਨੇ ਆਪਣੀ ਬੌਧਿਕ ਦਿਆਨਤਦਾਰੀ ਨਾਲ ਸਮਾਜ ਤੇ ਅਰਥਚਾਰੇ ਨੂੰ ਵੇਖਣ ਦੀਆਂ ਮੁੱਲਵਾਨ ਧਾਰਨਾਵਾਂ ਦਿੱਤੀਆਂ ਹਨ। ਮੁਲਾਕਾਤ ਵਿੱਚ ਨਕਸਲਵਾਦ, ਪਛਾਣ ਦੇ ਮਸਲੇ, ਕਿਸਾਨੀ ਖੇਤੀ ਸੰਕਟ, ਹਰੀ ਕ੍ਰਾਂਤੀ, ਪਰਵਾਸ, ਸਿੱਖ ਤੇ ਕਾਮਰੇਡ, ਭਾਸ਼ਾ, ਦਲਿਤ ਪਛਾਣ ਆਦਿ ਮੁੱਦਿਆ ਤੇ ਸੰਵਾਦ ਤੋਰਨ ਦੀ ਕੋਸ਼ਿਸ਼ ਹੋਈ ਹੈ। ਇਹ ਮੁਲਾਕਾਤ ਗੁਰਬੀਰ ਸਿੰਘ ਬਰਾੜ ਨੇ ਕੀਤੀ ਹੈ। ਹਰਿਭਜਨ ਸਿੰਘ ਭਾਟੀਆ ਵੱਲੋਂ ਰੰਗਮੰਚ ਨਾਲ ਜੁੜੇ ਜਤਿੰਦਰ ਬਰਾੜ ਦਾ ਸ਼ਬਦ ਚਿੱਤਰ ਲਿਖਿਆ ਹੈ। ਬਰਾੜ ਦਾ ਸਫ਼ਰ ਲੰਮੇ ਕਾਲਖੰਡ ਵਿੱਚ ਫੈਲਿਆ ਹੋਇਆ ਹੈ। ਕਥਾਕਾਰ ਜਿੰਦਰ ਨੇ ਨਾਵਲਕਾਰ ਹਰਜੀਤ ਅਟਵਾਲ ਦਾ ਮਸਾਲੇਦਾਰ ਫ਼ਿਕਰਿਆ ਨਾਲ ਭਰਪੂਰ ਸ਼ਬਦ ਚਿੱਤਰ ਲਿਖਿਆ ਹੈ। ਅਟਵਾਲ ਦੇ ਕਈ ਪੱਖ ਤੁਹਾਡੇ ਸਾਹਮਣੇ ਆ ਖੜਦੇ ਹਨ। ਰਾਣਾ ਨਈਅਰ ਦੀ ਲਿਖਤ 'ਪਾਠ ਕਿਵੇਂ ਪੜ੍ਹੀਏ' (ਅਨੁ. ਦੀਪ ਜਗਦੀਪ) ਵੀ ਕਾਬਲ-ਏ-ਗੌਰ ਹੈ। ਅਗਲੇ ਪੰਨਿਆਂ ਉੱਤੇ ਖੋਜਾਰਥੀ-ਆਲੋਚਕ-ਪਾਠਕ (ਡਾ. ਰਾਜੇਸ਼ ਸ਼ਰਮਾ), ਵਿਅਕਤੀਗਤ ਗਲਤੀ ਬਨਾਮ ਭਾਈਚਾਰਾ (ਡਾ. ਰਾਜਿੰਦਰ ਪਾਲ ਸਿੰਘ ਬਰਾੜ), ਪੰਜਾਬੀਅਤ ਦੇ ਬਿਰਤਾਂਤ ਦੀ ਸੱਤਾ (ਗੁਰਦੀਪ ਸਿੰਘ) ਲਿਖਤਾਂ ਪ੍ਰੰਪਰਕ ਧਾਰਨਾਵਾਂ ਨਾਲ ਲਬਰੇਜ਼ ਹਨ। ਨਿਰਲੇਪ ਸਿੰਘ ਦੀ 'ਕਵਿਤਾ ਪੜ੍ਹਦਿਆਂ' ਲਿਖਤ, ਕਵਿਤਾ ਪੜ੍ਹਨ ਦਾ ਰੁਝਾਨ ਪੈਦਾ ਕਰਦੀ ਹੈ। ਗ਼ਜ਼ਲਾਂ ਰਾਹੀਂ ਡਾ. ਜਗਤਾਰ, ਦੁਸ਼ਯੰਤ ਕੁਮਾਰ, ਹਰਦਿਆਲ ਸਾਗਰ, ਸਰਬਜੀਤ ਸੋਹੀ, ਸੁਖਦੀਪ ਔਜਲਾ, ਰੂਹੀ ਸਿੰਘ, ਅਨੀ, ਮਨੀਸ਼, ਚਮਨਦੀਪ, ਸਾਬਰ ਅਲੀ ਸਾਬਰ, ਬੁਸ਼ਰਾ ਨਾਜ਼ ਦੀ ਹਾਜ਼ਰੀ ਗੌਲਣਯੋਗ ਹੈ। ਨਕਸ਼ਦੀਪ ਪੰਜਕੋਹਾ, ਡਾ. ਰਵਿੰਦਰ, ਅੰਬਰੀਸ਼, ਸਿਫ਼ਰ ਸਤਬੀਰ ਸਿੰਘ, ਸੁਰਜੀਤ ਕੌਰ, ਵਰਿੰਦਰ ਪਰਿਹਾਰ, ਰਮਨਦੀਪ ਵਿਰਕ, ਨਵਰੂਪ ਕੌਰ, ਪਰਦੀਪ, ਸਿਮਰਤ ਗਗਨ, ਜਸ਼ਨਪ੍ਰੀਤ ਕੌਰ ਸਿੱਧੂ, ਸਨੀ ਵਰਮਾ, ਈਸ਼ਾ ਨਾਰੰਗ ਦੀ ਸਮਕਾਲੀ ਸਰੋਕਾਰਾਂ ਨੂੰ ਪੇਸ਼ ਕਰਦੀਆਂ ਕਵਿਤਾਵਾਂ ਹਨ।




ਗਾਇਤਰੀ ਸਰਾਫ (ਪੱਲੇ 'ਚ ਘਰ, ਉੜੀਆ), ਹਰਪ੍ਰੀਤ ਸੇਖਾ (ਲੀਹ), ਮੇਜਰ ਮਾਂਗਟ (ਮੌਰਚਰੀ), ਜਤਿੰਦਰ ਹਾਂਸ (ਹਾਰਟਲੈੱਸ), ਰੋਮਨ (ਤ੍ਰੀਮਤ), ਅੰਬਰ ਹੁਸੈਨੀ (ਕਮਰਾ) ਦੀਆਂ ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਪੰਜਾਬੀ ਕਹਾਣੀ ਔਸਤ ਪੱਧਰ 'ਤੇ ਪੁੱਜ ਗਈ ਹੈ। ਵਰਿਆਮ ਸਿੰਘ ਸੰਧੂ ਨੇ ਆਪਣੇ ਪਿਤਾ ਦੇ ਸਕੇ ਮਾਮੇ ਹਕੀਕਤ ਸਿੰਘ ਦਾ ਲੰਮਾਂ ਤੇ ਕਈ ਪੱਖਾ ਤੋਂ ਅਹਿਮ ਬਿਰਤਾਂਤ ਸਿਰਜਿਆ ਹੈ। ਅੱਗੇ ਬਲਬੀਰ ਮਾਧੋਪੁਰੀ ਦੇ ਨਾਵਲ ਦਾ ਨਵਾਂ ਅੰਸ਼ ਪ੍ਰਕਾਸ਼ਤ ਕੀਤਾ ਗਿਆ ਹੈ। ਨਾਵਲ ਦਾ ਬਿਰਤਾਂਤ ਪੰਜਾਬ ਤੋਂ ਬਾਹਰਲਾ ਤੇ ਰੌਚਿਕ ਹੈ। ਹਰਵਿੰਦਰ ਭੰਡਾਲ ਨੇ 'ਮਨ ਦਾ ਬਸਤੀਵਾਦ' ਵਿੱਚ ਮਨੁੱਖੀ ਮਨ ਦੀ ਮਨੋਵਿਗਿਆਨਕ ਬਣਤਰ ਬਿਆਨ ਕੀਤੀ ਹੈ ਜੋ ਡਿਜੀਟਲ ਯੁੱਗ ਵਿੱਚ ਨਵੇਂ ਮਨੁੱਖ ਦੀ ਉਸਰ ਰਹੀ ਹੈ। ਇਸੇ ਵਿਸ਼ੇ ਨੂੰ ਦਲਵੀਰ ਕੌਰ ਨੇ ਵੀ ਆਪਣੇ ਲੇਖ 'ਚੈਟ-ਰੂਮ' ਵਿੱਚ ਛੋਹਿਆ ਹੈ। ਪ੍ਰੇਮ ਸਿੰਘ ਦੀ ਚਿੱਤਰਕਾਰੀ ਮਨੁੱਖ ਦੀ ਮਾਨਸਿਕ ਬਣਤਰ ਬਿਆਨ ਕਰਨ ਵਾਲੀ ਹੈ। ਚਿੱਤਰ ਖਿੱਚ ਭਰਪੂਰ ਹਨ। ਮਨੁੱਖਤਾ ਨਾਲ ਮੁਲਾਕਾਤ (ਨਿਰਮਲ ਵਰਮਾ, ਅਨੁ.ਅਰਵਿੰਦਰ ਧਾਲੀਵਾਲ) ਲੇਖ ਵਿੱਚ ਸਾਹਿਤ, ਮਨੁੱਖ ਤੇ ਲੇਖਕ ਦੀ ਸੱਤਾ ਨਾਲ ਸਬੰਧਤ ਸੰਵਾਦ ਰਚਾਇਆ ਗਿਆ ਹੈ। ਪੁਸਤਕ 'ਸਾਹਿਤ, ਸ਼ਬਦ ਸੰਸਾਰ (ਰਾਜੇਸ਼ ਸ਼ਰਮਾ) ਤੇ 'ਸਿਨੇਮਾ ਦੇ ਸੁਪਨਸਾਜ਼' (ਡਾ. ਹਰਜੀਤ ਸਿੰਘ), ਅਜੈ ਤਨਵੀਰ ਦਾ ਅਦਬੀ ਜਗਤ ਬਾਰੇ ਹਰਿਭਜਨ ਸਿੰਘ ਭਾਟੀਆ ਵੱਲੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਸੁਰਿੰਦਰ ਸੋਹਲ ਦੀ ਸਿਰਜਣ ਪ੍ਰਕਿਰਿਆ ਵੀ ਪੜ੍ਹਨ ਨੂੰ ਮਿਲਦੀ ਹੈ। ਤਨਵੀਰ ਨੇ ਸਿਨੇਮਾ ਤੇ ਸਾਹਿਤ ਨਾਲ ਜੋੜ ਕੇ 'ਯਹੂਦੀ ਘੱਲੂਘਾਰਾ' ਤੇ ਠੋਸ ਸੰਵਾਦ ਤੋਰਿਆ ਹੈ। ਸਿਨੇਮਾ ਤੇ ਸਾਹਿਤ ਦੀ ਦੂਜੀ ਕੜੀ ਜੋੜੀ ਹੈ ਅਜੈ ਤਨਵੀਰ ਨੇ। ਉਸ ਨੇ 'ਆਨੰਦ ਭਰਾਵਾਂ ਦੀ ਗਾਈਡ' ਦੇ ਨਵੇਂ ਅਰਥ ਸਿਰਜਣ ਵਾਲਾ ਬਿਰਤਾਂਤ ਸਿਰਜਿਆ ਹੈ। ਲੇਖ ਬੜਾ ਨਿੱਠ ਕੇ ਲਿਖਿਆ ਹੈ। ਪਾਠਕ ਦਾ ਮੱਲੋਮੱਲੀ ਗਾਈਡ ਨਾਵਲ ਪੜ੍ਹਨ ਤੇ ਫਿਲਮ ਵੇਖਣ ਨੂੰ ਮਨ ਕਰਦਾ ਹੈ। ਜਤਿੰਦਰ ਔਲਖ ਦੀ ਲਿਖਤ 'ਇਬਨ ਬਤੂਤਾ' ਬਾਰੇ ਹੈ। ਕੁਮਾਰ ਜਗਦੇਵ ਸਿੰਘ ਦੀ ਸਵੈ ਜੀਵਨੀ ਅੰਸ਼ 'ਬੰਦਾ ਗੰਢੁ ਬੋਲੇ ਸਚੁ ਕੋਇ', ਪਾਸ਼ ਦਾ 'ਸ਼ਿਵ ਕੁਮਾਰ ਦੀ ਯਾਦ ਵਿੱਚ', ਅਲਫ਼ਾਜ਼ ਦਾ 'ਨੀਲਾ ਕੈਂਟਰ', ਅਕਾਸ਼ਦੀਪ ਦਾ 'ਲੁਗਦੀ ਸਾਹਿਤ ਬਹਾਨੇ' ਯਾਦਾਂ ਤੇ ਪ੍ਰਸੰਗ ਵੀ ਪੜ੍ਹਨ ਨੂੰ ਮਿਲਦੇ ਹਨ। ਅੰਤ 'ਚ ਕੁਝ ਕਿਤਾਬਾਂ ਦੀ ਜਾਣ ਪਛਾਣ ਹੈ। ਇੰਜ ਹੱਥਲਾ ਅੰਕ ਪੜ੍ਹ ਕੇ ਇਹ ਧਾਰਨਾ ਬੱਝਦੀ ਹੈ ਕਿ 'ਸੁਰਤਿ' ਨੇ ਆਪਣਾ ਮਿਆਰ ਕਾਇਮ ਰੱਖਿਆ ਹੈ। ਸੁਰਤਿ ਦੇ ਸਫ਼ੇ :224, ਮੁੱਲ : 250 ਰੁਪਏ ਹਨ। e.mail-surt-magazine@gmail.com, ਸੰਪਾਦਕ : ਗੁਰਬੀਰ ਸਿੰਘ ਬਰਾੜ (98150-73801

## ਤਾਸਮਨ : ਗੋਰਕੀ, ਸ਼ੁਕਲ ਤੇ ਹਬੀਬ 'ਤੇ ਵਿਸ਼ੇਸ਼ ਸਮੱਗਰੀ

'ਤਾਸਮਨ' ਦਾ ਨਵਾਂ ਅੰਕ ਮੇਰੇ ਤੱਕ ਕਾਫੀ ਪੱਛੜ ਕੇ ਪੁੱਜਾ ਹੈ। ਹੱਥਲੇ ਅੰਕ ਵਿੱਚ ਸੰਪਾਦਕੀ ਟੀਮ ਨੇ ਉੱਚ ਪੱਧਰ ਦੀਆਂ ਅਨੁਵਾਦ ਲਿਖਤਾਂ ਪ੍ਰਕਾਸ਼ਤ ਕੀਤੀਆਂ ਹਨ। ਸੰਪਾਦਕੀ ਵਿੱਚ ਵਾਰਤਕ ਦੇ ਵੱਧ ਰਹੇ ਅਤੇ ਕਹਾਣੀ ਦੇ ਘੱਟ ਰਹੇ ਪਾਠਕਾਂ ਬਾਰੇ ਆਪਣੀਆਂ ਧਾਰਨਾਵਾਂ ਦਿੱਤੀਆਂ ਹਨ। ਹੱਥਲੇ ਅੰਕ ਵਿੱਚ ਮਦਨ ਵੀਰਾ ਨੂੰ ਵਿਸ਼ੇਸ਼ ਕਵੀ ਵਜੋਂ ਪੇਸ਼ ਕੀਤਾ ਹੈ। ਮਦਨ ਦਾ ਸਵੈ ਕਥਨ ਤੇ ਨਵੀਆਂ ਕਵਿਤਾਵਾਂ ਸਮਝਣ ਵਾਲੀਆਂ ਹਨ। ਅਜ਼ੀਮ ਸ਼ੇਖ਼ਰ, ਜਸਪਾਲ ਮਾਨਖੇੜਾ, ਸੰਦੀਪ ਜਸਵਾਲ, ਸੰਤੋਖ ਸਿੰਘ ਸੁੱਖੀ, ਡਾ. ਹਰਮੇਲ ਸਿੰਘ, ਅੰਮ੍ਰਿਤ ਸਮਿਤੋਜ, ਜਸਪਾਲਜੀਤ, ਸਰੋਜ, ਮਲਕੀਤ ਜੌੜਾ, ਏਕਮਪ੍ਰੀਤ ਕੌਰ, ਗੁਰਿੰਦਰ ਸਿੰਘ ਕਲਸੀ ਦੀ ਸ਼ਾਇਰੀ ਪ੍ਰਕਾਸ਼ਤ ਕੀਤੀ ਗਈ ਹੈ। ਇਸ ਅੰਕ ਵਿੱਚ ਮੰਟੋ ਵੱਲੋਂ ਲਿਖੀ ਮੈਕਸਿਮ ਗੋਰਕੀ ਬਾਰੇ ਲਿਖਤ, ਵਿਨੋਦ ਕੁਮਾਰ ਸ਼ੁਕਲ ਦੀ ਮੁਲਾਕਾਤ, ਕਾਮਰੇਡ ਹਬੀਬ ਤਨਵੀਰ ਬਾਰੇ ਲੇਖ ਤਿੰਨੋਂ ਖਿੱਚ ਭਰਪੂਰ ਹਨ। ਬਲਬੀਰ ਪਰਵਾਨਾ (ਅਲੋਪ ਹੁੰਦੀ ਹੋਈ ਇਕ ਪ੍ਰੇਮ-ਕਥਾ), ਜਸਵਿੰਦਰ ਰੱਤੀਆਂ (ਨੌ ਸੌਰੀ) ਤੇ ਮਨਦੀਪ ਡਡਿਆਣਾ (ਬੜ੍ਹਕ) ਕਹਾਣੀ ਪ੍ਰਕਾਸ਼ਤ ਹੋਈਆਂ ਹਨ। ਅੱਗੇ ਅਲੀ ਉਸਮਾਨ ਬਾਜਵਾ (ਸ਼ਸ਼ਸ਼ਸ਼...), ਹਾਮਿਕ (ਜਿਤੇਂਦਰ ਭਾਟੀਆ, ਅਨੁ. ਸਤਪਾਲ ਭੀਖੀ) ਦੀਆਂ ਕਹਾਣੀਆਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਦੇਵ ਬਾਰੇ ਗੁਰਬਚਨ ਨੇ ਰੌਚਿਕ ਲਿਖਿਆ ਹੈ। ਅੰਕ ਵਿੱਚ ਸੁਕੀਰਤ, ਸਿੰਗਰ ਤੇ ਪਰਥ ਸਿਨਹਾ ਦੇ ਲਿਖਤਾਂ ਵੀ ਪ੍ਰਕਾਸ਼ਤ ਹੋਈਆਂ ਹਨ। ਇਹ ਲਿਖਤਾਂ ਸੰਖੇਪ ਦੇ ਬਾਵਜੂਦ ਅਰਥ ਭਰਪੂਰ ਹਨ। ਸੁਖਦਰਸ਼ਨ ਨੱਤ ਨੇ ਉਨ੍ਹਾਂ ਬੰਗਾਲੀ ਕੁੜੀਆਂ ਦਾ ਜ਼ਿਕਰ ਕੀਤਾ ਜਿਨ੍ਹਾਂ ਨੇ 23 ਮਾਰਚ ਦੇ ਸ਼ਹੀਦਾਂ ਦਾ ਬਦਲਾ ਲਿਆ। ਗੁਰਪ੍ਰੀਤ ਨੇ ਆਪਣੀ ਲਿਖਤ ਵਿੱਚ ਏ. ਆਈ. ਚੈਟ ਜੀ ਪੀ ਟੀ ਰਾਹੀਂ ਕਵਿਤਾ ਲਿਖਣ ਦੇ 'ਹੁਨਰ' ਬਾਰੇ ਪੰਜਾਬੀ ਕਵੀਆਂ ਨੂੰ ਜਾਣਕਾਰੀ ਦਿੱਤੀ ਹੈ। ਕੁਮਾਰ ਜਗਦੇਵ ਸਿੰਘ ਨੇ ਆਪਣਾ ਸਵੈ ਕਥਨ ਲਿਖਿਆ ਹੈ। 'ਪਰੰਪਰਾ, ਅਪਰਾਧ ਬੋਧ ਅਤੇ ਪਰਵਰਿਸ਼ (ਰਿੰਚਲ, ਅਨੁ. ਮਨਪ੍ਰੀਤ ਮਹਿਨਾਜ਼) ਚੰਗਾ ਲੇਖ ਹੈ ਜੋ ਜੈਂਨ ਜ਼ੀ , ਪਰਵਾਸੀ ਮਾਪਿਆਂ ਦੇ ਬੱਚਿਆ ਦੀ ਮਨੋਦਸ਼ਾ ਨੂੰ ਸਮਝਣ ਵਾਲਾ ਹੈ। ਕਾਤਿਆਯਨੀ ਦੀਆਂ ਕਵਿਤਾਵਾਂ ਤਰਸੇਮ ਰਾਹੀਂ ਅਤੇ ਲਹਿੰਦੇ ਪੰਜਾਬ ਦੇ ਕਹਾਣੀਕਾਰ ਏਜਾਜ਼ ਦੀ ਸ਼ਾਇਰੀ ਹਰਮੀਤ ਵਿਦਿਆਰਥੀ ਰਾਹੀਂ ਪੜ੍ਹਨ ਨੂੰ ਮਿਲੀ ਹੈ। ਨਸੀਰੁਦੀਨ ਸ਼ਾਹ ਦੀ ਮੁਲਾਕਾਤ, ਸ਼ਾਹ ਦੇ ਕਈ ਪੱਖਾਂ ਨੂੰ ਉਭਾਰਨ ਵਾਲੀ ਹੈ। ਸੁਰਿੰਦਰ ਸ਼ਰਮਾ ਦੀ ਲਤੀਫ਼ੇ ਦੀ ਅੱਖ ਰੌਚਿਕ ਲੱਗੀ। ਅੰਤਲੇ ਪੰਨਿਆਂ ਉੱਤੇ ਤਕਰੀਬਨ ਦੋ ਦਰਜਨ ਕਿਤਾਬਾਂ ਦੀ ਜਾਣ ਪਛਾਣ ਛਪੀ ਹੈ। ਸਾਹਿਤਕ ਪੱਤਰਕਾਰੀ ਵਿੱਚ 'ਤਾਸਮਨ' ਆਪਣੀ ਬਣਦੀ ਭੂਮਿਕਾ ਬੜੇ ਸਿਰੜ ਨਾਲ ਨਿਭਾ ਰਿਹਾ ਹੈ। ਇਸ ਅੰਕ ਦੇ ਸਫ਼ੇ : 224 ਅਤੇ ਮੁੱਲ: 150 ਰੁਪਏ ਹੈ। ਸੰਪਾਦਕ: ਸਤਪਾਲ ਭੀਖੀ, (98761-55530), Email: tasmanpunjabi2021@gmail.com





*ਮੀਨਾ ਨਵੀਨ ਏਸ ਵੇਲੇ ਅੰਬਾਲਾ ਕੈਂਟ (ਹਰਿਆਣਾ) ਵਿਖੇ ਪੰਜਾਬੀ ਦੀ ਸਕੂਲ ਲੈਕਚਰਾਰ ਹੈ। ਉਹ ਕਹਾਣੀ, ਨਾਵਲ, ਬਾਲ ਸਾਹਿਤ ਲਿਖਦੀ ਆ ਰਹੀ ਹੈ। ਹੁਣ ਤੱਕ ਉਸ ਦੀਆਂ ਇੱਕ ਦਰਜਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ ਉਡਾਣ (ਬਾਲ ਕਹਾਣੀ), ਭੁਰਦੀਆਂ ਕੰਧਾਂ (ਨਾਵਲ), ਸੱਚੋ ਸੱਚ (ਕਹਾਣੀ ਸੰਗ੍ਰਹਿ) ਤੋਂ ਇਲਾਵਾ ਕੁਝ ਬਾਲ ਸਾਹਿਤ ਦੀਆਂ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਸ ਨੂੰ 'ਉਡਾਣ' ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਸਮੇਤ ਹਰਿਆਣਾ ਸਾਹਿਤ ਅਤੇ ਸੰਸਕ੍ਰਿਤੀ ਅਕਾਦਮੀ ਵੱਲੋਂ ਪੁਰਸਕਾਰ ਵੀ ਪ੍ਰਾਪਤ ਹੋ ਚੁੱਕੇ ਹਨ। ਉਸ ਨੇ ਮਿੰਨੀ ਕਹਾਣੀਆਂ ਵੀ ਕਾਫ਼ੀ ਮਾਤਰਾ ਵਿੱਚ ਲਿਖੀਆਂ ਹਨ। ਉਸ ਦੀਆਂ ਕਹਾਣੀਆਂ ਵਿੱਚ ਜਿੱਥੇ ਬਾਲ ਮਾਨਸਿਕਤਾ ਪੇਸ਼ ਹੁੰਦੀ ਹੈ, ਉੱਥੇ ਨਾਰੀ ਦੀਆਂ ਭਾਵਨਾਵਾਂ ਨੂੰ ਵੀ ਪ੍ਰਮੁੱਖਤਾ ਨਾਲ ਪੇਸ਼ ਕੀਤਾ ਹੈ।*

# ਮੀਨਾ ਨਵੀਨ ਦੀਆਂ ਮਿੰਨੀ ਕਹਾਣੀਆਂ

## ਸਹਿਮ

ਮਿਡਲ ਸਕੂਲ ਦੇ ਗਰਾਊਂਡ ਦੀ ਘਾਹ ਕੱਟੀ ਜਾ ਰਹੀ ਸੀ। ਮੈਂ ਵੀ ਦੇਖ ਕੇ ਆਪਣੇ ਸਕੂਲ ਦੇ ਮਾਲੀ ਪਵਨ ਨੂੰ ਸੱਦ ਲਿਆ। ਪਵਨ ਨੇ ਪ੍ਰੈੱਸ ਕੀਤੀ ਚਿੱਟੀ ਕਮੀਜ਼ ਅਤੇ ਨੀਲੀ ਪੈਂਟ ਪਾਈ ਹੋਈ ਸੀ। ਪੈਰਾਂ ਵਿੱਚ ਚਮੜੇ ਦੇ ਪਾਲਿਸ਼ ਕੀਤੇ ਹੋਏ ਬੂਟ ਪਾਏ ਹੋਏ ਸਨ। ਉਹ ਵਾਲਾਂ ਵਿੱਚ ਕੰਘੀ ਮਾਰਦੇ ਆ ਕੇ ਖੜ੍ਹਾ ਹੋ ਗਿਆ ਅਤੇ ਕੰਘੀ ਦੇ ਦੰਦਿਆਂ 'ਤੇ ਹੱਥ ਮਾਰ ਕੇ ਉਸ ਨੂੰ ਫੂਕ ਮਾਰ ਕੇ ਸਾਫ਼ ਕਰਦਾ ਆਪਣੀ ਪੈਂਟ ਦੀ ਜੇਬ ਵਿੱਚ ਪਾਉਂਦਾ ਬੋਲਿਆ, 'ਦੱਸੋ ਮੈਡਮ ਜੀ, ਕੀ ਕਹਿਣਾ ਹੈ?' 'ਮੈਂ ਤਾਂ ਇਹੀ ਕਹਿਣਾ ਸੀ ਗਰਾਊਂਡ 'ਚ ਕਿੰਨੀ ਵੱਡੀ-ਵੱਡੀ ਘਾਹ ਖੜੀ ਹੈ। ਕੱਟ ਕੇ ਸਫਾਈ ਕਰ ਦਈਂ ਅੱਜ।ਸਾਹਮਣੇ ਮਿਡਲ ਸਕੂਲ ਦੀ ਗਰਾਊਂਡ ਦੀ ਵੀ ਸਫਾਈ ਕੀਤੀ ਜਾ ਰਹੀ ਹੈ, ਤੂੰ ਆਪ ਦੇਖ ਲੈ।'

'ਸਫਾਈ ਕਰਾਉਣੀ ਹੈ ਤੁਸੀਂ ਗਰਾਊਂਡ ਦੀ? ਇਸ ਦੇ ਪੰਜ ਸੌ ਰੁਪਏ ਲੱਗਣਗੇ।' ਪਵਨ ਸੱਜੇ ਹੱਥ ਦੀ ਉਂਗਲੀ ਕਰਦਾ ਹੋਇਆ ਮੈਨੂੰ ਪੁੱਛਦਾ ਹੱਸ ਰਿਹਾ ਸੀ। ਉਸ ਦੇ ਇਸ ਵਤੀਰੇ 'ਤੇ ਮੈਨੂੰ ਗੁੱਸਾ ਤਾਂ ਬਹੁਤ ਆਇਆ, ਪਰ ਬੋਲੀ, ਪੰਜ ਸੌ ਰੁਪਏ ਕਿਉਂ ਲੱਗਣਗੇ ਤੈਨੂੰ ਸੈਂਤੀ ਹਜ਼ਾਰ ਤਨਖ਼ਾਹ ਮਿਲਦੀ ਹੈ ਇਸੇ ਕੰਮ ਲਈ।'

'ਤਨਖਾਹ ਮੈਡਮ ਜੀ ਗਮਲਿਆਂ ਦੇ ਪੌਦਿਆਂ ਨੂੰ ਪਾਣੀ-ਧਾਣੀ ਦੇਣ ਦੀ ਮਿਲਦੀ ਹੈ। ਬਰਸਾਤਾਂ ਵਿੱਚ ਹੋਇਆ ਘਾਹ-ਫੂਸ ਕੋਈ ਮੈਂ ਸਾਫ ਕਰਨਾ ਹੈ। ਤੁਸੀਂ ਨਵੇਂ ਆਏ ਹੋ ਤੁਹਾਨੂੰ ਪਤਾ ਨਹੀਂ, ਤਾਂ ਮੈਂ ਤੁਹਾਡੀ ਇੰਨੀ ਸੁਣ ਲਈ ਮੇਰੀ ਸਲਾਹ ਮੰਨੋ ਮਜ਼ਦੂਰ ਲਗਵਾ ਕੇ ਕੰਮ ਕਰਵਾ ਲਵੋ ਸੁਖੀ ਰਹੋਗੇ।' ਪਵਨ ਆਪਣੇ ਕੰਨ ਵਿੱਚ ਤੀਲ੍ਹਾ ਘੁਮਾਉਂਦਾ ਬੋਲ ਰਿਹਾ ਸੀ।

'ਕਿਉਂ ਘਾਹ-ਫੂਸ ਕੀਹਣੇ ਸਾਫ ਕਰਨਾ ਹੋਇਆ?'

'ਫੇਰ ਉਹੀ ਗੱਲ ਮੈਡਮ ਜੀ! ਮੈਂ ਤੁਹਾਨੂੰ ਸਮਝਾ ਦਿੱਤਾ ਇਹ ਕੰਮ ਮਜ਼ਦੂਰ ਨੇ ਕਰਨਾ ਹੁੰਦਾ ਹੈ।ਸਾਹਮਣੇ ਮਿਡਲ ਸਕੂਲ ਵਿੱਚ ਦੇਖਿਆ ਤੁਸੀਂ ਕੌਣ ਕੱਟ ਰਿਹਾ ਘਾਹ? ਮਾਲੀ ਨੇ ਮਜ਼ਦੂਰ ਲਗਾਇਆ ਹੋਇਆ ਹੈ, ਮਜ਼ਦੂਰੀ ਉਨ੍ਹਾਂ ਦੀ ਮੈਡਮ ਨੇ ਦੇਣੀ ਹੈ।'

'ਇਹ ਕੀ ਗੱਲ ਹੋਈ ਭਲਾ 500 ਰੁਪਏ ਤੂੰ ਦੇ, ਜੇ ਤੂੰ ਆਪ ਨਹੀਂ ਕਰਨਾ ਕੰਮ। ਇਹ ਤੇਰਾ ਕੰਮ ਹੈ ਤੈਨੂੰ ਤਨਖਾਹ ਮਿਲਦੀ ਹੈ।'

'ਮੈਡਮ ਜੀ ਮੇਰਾ ਕੰਮ ਕਿਹੜਾ ਹੈ, ਮੈਨੂੰ ਸਭ ਪਤਾ ਹੈ ਪਤਾ ਤਾਂ ਤੁਹਾਨੂੰ ਨਹੀਂ ਮੈਡਮ ਜੀ ਨਾਲੇ ਤਨਖਾਹ ਮੈਨੂੰ ਸਰਕਾਰ ਦਿੰਦੀ ਹੈ, ਤੁਸੀਂ ਨਹੀਂ ਦਿੰਦੇ। ਮੈਂ ਸਰਕਾਰੀ ਮੁਲਾਜ਼ਮ ਹੋ ਕੇ ਘਾਹ ਕੱਟਾਂਗਾ ਬਹਿ ਕੇ।ਮੈਂ ਤਾਂ ਕਦੇ ਕੀਤਾ ਨਹੀਂ ਇਹ ਕੰਮ, ਨਾ ਕਰਾਂਗਾ। ਹਾਂ ਜੇ ਮਜ਼ਦੂਰ ਨੂੰ ਇੱਧਰ ਲਗਾਉਣਾ ਹੈ ਤਾਂ ਇਹ ਪ੍ਰਬੰਧ ਕਰ ਸਕਦਾ ਹਾਂ ਜੇ ਤੁਸੀਂ ਆਖੋ ਤਾਂ।' ਪਵਨ ਘੂਰ ਕੇ ਮੇਰੇ ਵੱਲ ਦੇਖਦਾ ਬੋਲ ਰਿਹਾ ਸੀ।

ਉਸ ਨੇ ਫੇਰ ਆਪਣੇ ਸੱਜੇ ਹੱਥ ਦੀ ਉਂਗਲ ਉਠਾ ਕੇ ਮੈਨੂੰ ਪੁੱਛਿਆ, 'ਹਾਂ ਦੱਸੋ ਕਰਾਉਣਾ ਹੈ ਗਰਾਊਂਡ ਸਾਫ? ਦੱਸੋ ਕੀ ਕਹਿੰਦੇ ਹੋ?'

'ਤੂੰ ਜਾਹ ਇੱਥੋਂ ਸੋਚ ਕੇ ਦੱਸਦੀ ਹਾਂ ਤੈਨੂੰ?'

ਪਵਨ ਚਲਾ ਗਿਆ ਅਤੇ ਮੈਂ ਮਿਡਲ ਸਕੂਲ ਦੀ ਅਧਿਆਪਕਾਂ ਨੂੰ ਫੋਨ ਕਰਕੇ ਗੱਲ ਕਰਨ ਲੱਗੀ। ਉਸ ਨੇ ਮੇਰੀ ਗੱਲ ਸੁਣਦੇ ਹੀ ਆਖਿਆ, 'ਨਹੀਂ ਮੈਮ! ਮਾਲੀ, ਨਾ ਹੀ ਸਵੀਪਰ ਇਹ ਦੋਵੇਂ ਨਹੀਂ ਕੱਟਦੇ ਗਰਾਊਂਡ ਦਾ ਘਾਹ, ਫੇਰ ਅਸੀਂ ਕੀ ਕਰੀਏ ਕੁਝ ਆਖੋ ਤਾਂ ਤੁਹਾਨੂੰ ਪਤਾ ਨਹੀਂ ਇਹਨਾਂ ਦੀ ਯੂਨੀਅਨ ਵਾਲੇ ਸ਼ਿਕਾਇਤ ਕਰਨ ਵਾਲੇ ਦੇ ਨੱਕ ਵਿੱਚ ਦਮ ਕਰ ਦਿੰਦੇ ਹਨ। ਇਸ ਲਈ ਦਿਹਾੜੀ 'ਤੇ ਕੰਮ ਕਰਵਾਉਣਾ ਸੌਖਾ ਹੈ, ਉੱਪਰੋਂ ਆਏ ਡੀ.ਓ, ਬੀ.ਓ ਨੇ ਕਿਸੇ ਨੂੰ ਨਹੀਂ ਪੁੱਛਣਾ, ਜਵਾਬਦੇਈ ਸਕੂਲ ਮੁਖੀਆਂ ਦੀ ਹੁੰਦੀ ਹੈ।ਇਸ ਲਈ ਸ਼ਾਂਤੀ ਨਾਲ ਜਿੰਨਾ ਸਮਾਂ ਲੰਘ ਜਾਵੇ, ਠੀਕ ਹੈ।'

ਉਹਦੀ ਗੱਲ ਸੁਣ ਕੇ ਨਾ ਚਾਹੁੰਦੇ ਹੋਏ ਵੀ ਮੈਂ ਆਖਿਆ, 'ਹਾਂ ਜੀ ਹਾਂ ਜੀ! ਠੀਕ ਹੈ ਜੀ ਤੁਹਾਡੀ ਗੱਲ।' ਕਹਿੰਦੀ ਨੇ ਫੋਨ ਬੰਦ ਕਰ ਦਿੱਤਾ। ਦਿਮਾਗ਼ ਵਿੱਚ ਉਥਲ-ਪੁਥਲ ਮਚੀ ਹੋਈ ਸੀ। ਸਾਹਮਣੇ ਦੇਖਿਆ ਤਾਂ ਫੇਰ ਧਿਆਨ ਵੱਡੇ-ਵੱਡੇ ਘਾਹ 'ਤੇ ਜਾ ਟਿਕਿਆ।

'ਇੰਸਪੈਕਸ਼ਨ ਹੋਈ ਤਾਂ ਹਰ ਕੋਈ ਮਿਡਲ ਸਕੂਲ ਤੋਂ ਵੀ ਪਹਿਲਾਂ ਸੀਨੀਅਰ ਸੈਕੰਡਰੀ ਸਕੂਲ ਵੜਦਾ ਹੈ। ਇੰਨਾ ਵੱਡਾ-ਵੱਡਾ ਘਾਹ ਦੇਖ ਕੇ ਹਰ ਆਉਣ ਵਾਲਾ ਸਵਾਲ ਕਰੇ ਬਿਨਾਂ ਰਹਿ ਨਹੀਂ ਸਕੇਗਾ, ਬਲਕਿ ਰਿਟਨ ਐਕਸਪਲੇਨੇਸ਼ਨ ਵੀ ਮੰਗ ਲੈਂਦੇ ਹਨ, ਫੇਰ ਮੈਂ ਕੀ ਕਰਾਂਗੀ?' ਸੋਚ ਕੇ ਡਰਦੀ ਨੇ ਮੁੜ ਪਵਨ ਨੂੰ ਬੁਲਾਉਣ ਲਈ ਬੈੱਲ ਮਾਰ ਦਿੱਤੀ।

## ਹਾਣੀ

ਅਮਨ ਦੇ ਵਾਰ-ਵਾਰ ਜ਼ਿੱਦ ਕਰਨ 'ਤੇ ਅੱਜ ਪ੍ਰਭਜੋਤ ਉਸ ਨੂੰ ਪਾਰਕ ਵਿੱਚ ਲੈ ਆਇਆ ਸੀ। ਅਮਨ ਦੇ ਸਭ ਦੋਸਤ ਵੀ ਆ ਗਏ।ਬੱਚਿਆਂ ਨੂੰ ਖੇਡਦੇ ਦੇਖ ਉਸ ਨੇ ਸੋਚਿਆ, 'ਚੰਗਾ ਏ ਬੱਚਾ ਕੁਝ ਖੇਡ ਲਵੇਗਾ, ਨਹੀਂ ਅੱਜਕੱਲ੍ਹ ਬੱਚੇ ਖੇਡਦੇ ਕਿੱਥੇ ਨੇ, ਸਾਰਾ ਦਿਨ ਮੋਬਾਈਲ 'ਤੇ ਹੀ ਤਾਂ ਲੱਗੇ ਰਹਿੰਦੇ ਹਨ, ਜਦੋਂਕਿ ਖੇਡਣਾ ਤਾਂ ਵਧਦੀ ਉਮਰ ਦੇ ਬੱਚਿਆਂ ਲਈ ਬਹੁਤ ਜ਼ਰੂਰੀ ਹੁੰਦਾ ਏ।' ਉਹ ਅਮਨ ਨੂੰ ਖੇਡਦੇ ਨੂੰ ਲਾਅਨ ਵਿੱਚ ਛੱਡ ਉਹ ਵੀ ਉੱਥੇ ਹੀ ਸੈਰ ਕਰਨ ਲੱਗ ਪਿਆ। ਸੈਰ ਕਰਦਿਆਂ ਉਸ ਨੂੰ ਉੱਥੇ ਆਪਣੀ ਜਾਣ-ਪਛਾਣ ਦੇ ਕਈ ਬੰਦੇ ਮਿਲ ਗਏ। ਉਹ ਸੈਰ ਕਰਦਾ ਉਹਨਾਂ ਨਾਲ ਗੱਲਬਾਤ ਵੀ ਕਰਦਾ ਰਿਹਾ। ਜਦੋਂ ਉਹ ਪਾਰਕ ਦੇ ਇਕ ਕੋਨੇ ਵਿੱਚ ਪਹੁੰਚਿਆ ਤਾਂ ਉੱਥੇ ਉੱਚੀ-ਉੱਚੀ ਗਾਉਣ ਅਤੇ ਹੱਸਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਉਸ ਨੇ ਉੱਧਰ ਧਿਆਨ ਨਾਲ ਦੇਖਿਆ ਤਾਂ ਬਹੁਤ ਸਾਰੇ ਬਜ਼ੁਰਗ ਘੇਰਾ ਬਣਾ ਕੇ ਖੜ੍ਹੇ ਆਪਣੇ ਇੱਕ ਸਾਥੀ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੰਦੇ ਗਾ ਰਹੇ ਸਨ,

ਬਾਰ-ਬਾਰ ਦਿਨ ਯੇ ਆਏ
ਬਾਰ-ਬਾਰ ਦਿਲ ਯੇ ਗਾਏ
ਤੁਮ ਜੀਓ ਹਜ਼ਾਰੋਂ ਸਾਲ,
ਸਾਲ ਕੇ ਦਿਨ ਹੋ ਪਚਾਸ ਹਜ਼ਾਰ,
ਯੇ ਮੇਰੀ ਹੈ ਆਰਜ਼ੂ,
ਹੈਪੀ ਬੱਡੇ ਟੂ ਯੂ,
ਹੈਪੀ ਬੱਡੇ ਟੂ ਯੂ।

ਸਭ ਤਾੜੀਆਂ ਮਾਰਦੇ ਹੱਸ ਰਹੇ ਸਨ। ਉਹਨਾਂ ਵਿੱਚੋਂ ਹੀ ਦੋ ਜਣੇ ਫੋਟੋਆਂ ਖਿੱਚਦੇ ਨਾਲ ਹੀ ਵੀਡੀਓ ਬਣਾ ਰਹੇ ਸਨ। ਉਹਨਾ ਵਿੱਚ ਕ੍ਰਿਸ਼ਨ ਚਾਚਾ ਜਿਹੜਾ ਕਿ ਪ੍ਰਭਜੋਤ ਦੇ ਪਾਪਾ ਜੀ ਦਾ ਦੋਸਤ ਹੈ ਹੱਸਦਾ ਆਖ ਰਿਹਾ ਸੀ, 'ਪਹਿਲਾਂ ਬੱਡੇ ਬੋਏ ਨੂੰ ਗਿਫਟ ਤਾਂ ਦਿਓ ਸਾਰੇ ਮਿਲ ਕੇ।'

ਸਾਰੇ ਮਿਲ ਕੇ ਇੱਕ ਫੁੱਲਾਂ ਵਾਲਾ ਗਮਲਾ ਉਸ ਨੂੰ ਦੇਣ ਲੱਗੇ, ਫੇਰ ਸਭ ਨੇ ਖ਼ੂਬ ਤਾੜੀਆਂ ਮਾਰੀਆਂ ਅਤੇ ਦੁਬਾਰਾ ਮਿਲ ਕੇ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਉਸ ਦੇ ਆਲੇ-ਦੁਆਲੇ ਘੁੰਮਦੇ ਸਭ ਮਸਤੀ ਵਿੱਚ ਝੂਮਦੇ ਨੱਚਣ ਲੱਗੇ। ਉਹਨਾਂ ਨੂੰ ਇਵੇਂ ਖ਼ੁਸ਼ ਦੇਖ ਕੇ ਪ੍ਰਭਜੋਤ ਨੂੰ ਬਹੁਤ ਚੰਗਾ ਲੱਗਾ।

'ਵਾਹ! ਕਿੰਨਾ ਵਧੀਆ ਲੱਗ ਰਿਹਾ ਹੈ ਕਿਉਂਕਿ ਜਦੋਂ ਬਜ਼ੁਰਗ ਵੀ ਆਪਸ ਵਿੱਚ ਮਿਲਦੇ ਹਨ ਤਾਂ ਆਪਣੀ ਉਮਰ ਭੁੱਲ ਜਾਂਦੇ ਹਨ ਅਤੇ ਉਹਨਾਂ ਦੇ ਦਿਲ ਵਿੱਚ ਲੁਕ ਕੇ ਬੈਠਾ ਬਚਪਨ ਛਾਲਾਂ ਮਾਰਦਾ ਨਜ਼ਰ ਆਉਂਦਾ ਹੈ। ਮੇਰੇ ਪਾਪਾ ਜੀ ਤਾਂ ਇਕੱਲੇ ਘਰ ਵਿੱਚ ਬੈਠੇ-ਬੈਠੇ ਜਿਵੇਂ ਉਮਰ ਤੋਂ ਵਧੇਰੇ ਬਜ਼ੁਰਗ ਹੋ ਗਏ ਹਨ। ਮੈਂ ਉਹਨਾਂ ਨੂੰ ਵੀ ਇੱਥੇ ਲੈ ਕੇ ਆਇਆ ਕਰਾਂਗਾ।' ਇਹ ਸੋਚ ਕੇ ਪ੍ਰਭਜੋਤ ਬਹੁਤ ਖ਼ੁਸ਼ ਸੀ।

## ਸ਼ਗਨ

ਦੀਪੂ ਦੇ ਵਿਆਹ ਹੋਏ ਨੂੰ ਦੋ ਦਿਨ ਹੀ ਹੋਏ ਸਨ, ਘਰ ਵਿੱਚ ਗਲੀ- ਗੁਆਂਢ ਦਾ ਵੀ ਖ਼ੂਬ ਆਣਾ-ਜਾਣਾ ਲੱਗਿਆ ਹੋਇਆ ਸੀ। ਸਵੇਰ ਦੇ ਦਸ ਕੁ ਵਜੇ ਹੀ ਇੱਕ ਖਾਸ ਤਾਲ ਵਿੱਚ ਵੱਜਦੀ ਢੋਲਕੀ ਦੇ ਵੱਜਣ ਦੀ ਆਵਾਜ਼ ਨਾਲ ਸਾਰਾ ਮੁਹੱਲਾ ਉਹਨਾਂ ਦੇ ਵਿਹੜੇ ਵਿੱਚ ਇਕੱਠਾ ਹੋ ਗਿਆ। ਬੁੱਢੀਆਂ ਮੰਜੇ-ਕੁਰਸੀਆਂ 'ਤੇ ਬੈਠੀਆਂ ਦੇਖ ਵੀ ਰਹੀਆਂ ਸਨ ਅਤੇ ਮੂੰਹ ਚੜ੍ਹਾਉਂਦੀਆਂ ਬੋਲ ਵੀ ਰਹੀਆਂ ਸਨ। ਇਹ ਵਾਧੂ ਦਾ ਖਰਚਾ ਪੈ ਗਿਆ ਹੈ ਕਾਰਜ ਵਾਲਿਆਂ ਨੂੰ, ਲੋਕਾਂ ਨੇ ਇਹਨਾਂ ਨੂੰ ਬਹੁਤ ਦੇ ਦੇ ਕੇ ਇਹਨਾਂ ਦੇ ਮੂੰਹ ਪਸਾਰ ਦਿੱਤੇ ਹਨ।

ਦੀਪੂ ਬਹੁਤ ਖ਼ੁਸ਼ ਸੀ। ਉਹ ਅਤੇ ਉਹਦੀ ਵਹੁਟੀ ਕੁਰਸੀਆਂ ਉੱਤੇ ਬੈਠ ਗਏ। ਨੀਰਜ ਨੇ ਸਭ ਤੋਂ ਪਹਿਲਾਂ ਮਾਂ ਦੀ ਭੇਟ ਗਾਂਦੇ ਹੋਏ ਨੱਚਣਾ ਸ਼ੁਰੂ ਕਰ ਦਿੱਤਾ-

ਫੁੱਲਾਂ ਦਾ ਬਣਾਇਆ ਤੇਰਾ ਹਾਰ ਸ਼ੇਰਾਂ ਵਾਲੀਏ,
ਗੋਦੀ ਵਿੱਚ ਬਿਠਾ ਕੇ ਦੇ ਦੇ ਪਿਆਰ ਸ਼ੇਰਾਂ ਵਾਲੀਏ।

ਇਸ ਪਿੱਛੋਂ ਉਹ ਅਨੇਕਾਂ ਫਿਲਮੀ ਗਾਣਿਆਂ ਉੱਤੇ ਠੁਮਕ-ਠੁਮਕ ਕੇ ਨੱਚਦੀ ਹੋਈ ਪਸੀਨੋ-ਪਸੀਨਾ ਹੋ ਗਈ। ਦੀਪੂ ਅਤੇ ਉਹਦੀ ਵਹੁਟੀ ਦੇ ਸਿਰ ਉੱਤੇ ਹੱਥ ਰੱਖ ਕੇ ਪਿਆਰ ਦਿੰਦੀ ਨੀਰਜ ਬਹੁਤ ਖ਼ੁਸ਼ ਸੀ।

ਉਸ ਨੇ ਨੀਰਜ ਦੀ ਮਾਂ ਮਿੰਦਰੋ ਨੂੰ ਵਧਾਈ ਦਿੰਦੇ ਆਖਿਆ, 'ਕਿਆ ਚੰਨ ਵਰਗੀ ਨੂੰ ਮਿਲੀ ਏ ਘਰ 'ਚ ਰੋਸ਼ਨੀ ਹੋ ਗਈ ਤੇਰੇ। ਇੱਕ ਮੁੰਡਾ ਤੇਰਾ ਹੀਰੇ ਵਰਗਾ ਉੱਤੋਂ ਨੂੰਹ ਚੰਨ ਵਰਗੀ ਆ ਗਈ।' ਜਿਉਂ-ਜਿਉਂ ਨੀਰਜ ਦੀਪੂ ਤੇ ਉਹਦੀ ਵਹੁਟੀ ਦੀ ਵਡਿਆਈਆਂ ਕਰਦੀ ਨੱਚਦੀ ਤਾਂ ਮਿੰਦਰੋ ਨੂੰ ਅੰਦਰੋਂ-ਅੰਦਰੀ ਫਿਕਰ ਹੋ ਰਹੀ ਸੀ ਕਿ ਮੋਟੀ ਰਕਮ ਲਏ ਬਿਨਾਂ ਨਹੀਂ ਇੱਥੋਂ ਜਾਣ ਵਾਲੀ। ਉਹ ਮਨ ਹੀ ਮਨ ਸੋਚ ਰਹੀ ਸੀ, ਭਾਵੇਂ ਕੁਝ ਵੀ ਬੋਲੀ ਜਾਵੇ, ਪਰ ਮੈਂ ਇਹਨੂੰ 2100 ਤੋਂ ਵੱਧ ਦੇਣ ਵਾਲੀ ਨਹੀਂ ਹਾਂ।

ਆਲੇ-ਦੁਆਲੇ ਖੜੇ ਲੋਕ ਨਾਚ ਦੇਖ ਕੇ ਬਹੁਤ ਖ਼ੁਸ਼ ਸਨ। ਨੀਰਜ ਅੱਜ ਇੱਕ ਦੋ ਗੀਤ 'ਤੇ ਨਹੀਂ, ਅਨੇਕਾਂ ਗੀਤ ਗਾਉਂਦੀ ਹੋਈ ਨੱਚ ਚੁੱਕੀ ਸੀ। ਦੀਪੂ ਨੇ ਆਪਣੀ ਵਿਆਹੀ ਭੈਣ ਨੂੰ ਆਖ ਕੇ ਚਾਹ ਵੀ ਬਣਵਾ ਦਿੱਤੀ ਸੀ।

ਚਾਹ ਤਾਂ ਜ਼ਰੂਰ ਪੀਵਾਂਗੀ ਵੀਰੇ ਨਾਲੇ ਤੇਰੇ ਵਿਆਹ ਦੀ ਮਠਿਆਈ ਵੀ ਖਾਣੀ ਹੈ।ਪਹਿਲਾਂ ਆਪਣਾ ਨੇਕ ਤਾਂ ਲੈ ਲਵਾਂ। ਕਹਿੰਦੀ ਨੀਰਜ ਨੇ ਦੋਵੇਂ ਹੱਥ ਫੈਲਾ ਕੇ ਤਾੜੀਆਂ ਮਾਰਦੀ ਹੋਈ ਨੇ ਮਿੰਦਰੋ ਤੋਂ ਇੱਕ ਕੌਲੀ ਵਿੱਚ ਚੌਲ ਮੰਗਵਾ ਲਏ। ਉਸ ਨੂੰ ਇਸ ਉੱਤੇ ਇਕਵੰਜਾ ਸੌ ਰੁਪਏ ਰੱਖ ਕੇ ਲੈ ਆਉਣ ਨੂੰ ਕਿਹਾ।

ਉਸ ਦੇ ਮੂੰਹੋਂ 5100 ਸੁਣ ਕੇ ਮਿੰਦਰੋ ਬੋਲ ਪਈ, 'ਇਹ ਭਲਾ ਕਿਹੜੀ ਦੱਸ ਤੂੰ ਹੋਰ ਵਾਲੀ ਗੱਲ ਹੋਈ, ਇੱਡਾ ਵੱਡਾ ਮੂੰਹ ਪਸਾਰਨ ਵਾਲੀ?' ਉਸ ਦੇ ਨਾਲ ਹੀ ਮੰਜੇ 'ਤੇ ਬੈਠੀਆਂ ਬੁੱਢੀਆਂ ਵੀ ਬੋਲ ਪਈਆਂ, ਇੱਡਾ ਵੱਡਾ ਮੂੰਹ ਪਸਾਰ ਕੇ ਨੀਂ ਮੰਗਣਾ ਬਣਦਾ, ਜੋ ਕੋਈ ਦੇਵੇ, ਲੈ ਲਿਆ ਕਰੋ, ਇਹੀ ਠੀਕ ਹੁੰਦਾ ਹੈ।'

ਆਂਟੀ ਦੇਖੋ ਆਪਣੀ ਧੀ ਨੂੰ ਵੀ ਤਾਂ ਦੇ ਕੇ ਹੀ ਤੋਰੋਗੇ ਕਿ ਨਹੀਂ ਵਿਆਹ 'ਤੇ ਆਈ ਨੂੰ। ਮੈਨੂੰ ਵੀ ਆਪਣੀ ਧੀ ਬੈਠੀ ਸਮਝ ਕੇ ਦੇ ਦਿਓ। ਨੀਰਜ ਨੇ ਤਾੜੀ ਮਾਰਦੇ ਹੋਏ ਆਖਿਆ ਤੇ ਉਹ ਫੇਰ ਗੀਤ ਗਾਉਂਦੀ ਨੱਚਣ ਲੱਗ ਪਈ। ਦੀਪੂ ਨੇ ਆਪਣੀ ਮਾਂ ਨੂੰ ਅੰਦਰੋਂ ਰੁਪਏ ਲੈ ਕੇ ਆਉਣ ਲਈ ਇਸ਼ਾਰਾ ਕੀਤਾ। ਉਹ ਅੰਦਰੋਂ ਰੁਪਏ ਲੈ ਕੇ ਬਾਹਰ ਆਉਂਦੀ ਬੋਲੀ, ਦੇਖ! ਜੋ ਮੈਂ ਖ਼ੁਸ਼ੀ ਨਾਲ ਦੇ ਰਹੀ ਹਾਂ ਰੱਖ ਲਵੀਂ, ਬੋਲੀਂ ਨਾ ਬਹੁਤਾ। ਧੀ ਨੂੰ ਵੀ ਆਪਣੀ ਮਰਜ਼ੀ ਦਾ ਹੀ ਦੇਣਾ ਹੈ।' ਕਹਿੰਦੇ ਉਸ ਨੇ ਕੌਲੀ ਉੱਤੇ ਇੱਕੀ ਸੌ ਰੁਪਏ ਰੱਖ ਕੇ ਨੀਰਜ ਨੂੰ ਦੇ ਦਿੱਤੇ। ਉਸ ਨੇ ਆਖ ਤਾਂ ਦਿੱਤਾ ਪਰ ਉਹ ਇਹ ਗੱਲ ਚੰਗੀ ਤਰ੍ਹਾਂ ਜਾਣਦੀ ਸੀ ਕਿ ਇੰਨੇ ਵਿੱਚ ਉਹ ਮੰਨਣ ਵਾਲੀ ਨਹੀਂ ਹੈ। ਨੀਰਜ 2100 ਰੁਪਏ ਮੱਥੇ ਉੱਤੇ ਲਗਾਉਂਦੀ ਗਾਉਣ ਲੱਗੀ, ਨਾਲੇ ਉਸ ਦੇ ਪੈਰ ਥਿਰਕਦੇ ਵਿਹੜੇ ਵਿੱਚ ਧੂਮ ਮਚਾ ਜਾ ਰਹੇ ਸਨ-

ਚੰਨ ਵਰਗੀ ਭਰਜਾਈ ਮੇਰਾ ਵੀਰਾ ਵਿਆਹ ਕੇ ਲਿਆਇਆ,
ਮੂੰਹ ਵਿੱਚ ਭਾਬੋ ਦੇ ਨੰਦ ਬੁਰਕੀਆਂ ਪਾਵੇ।

ਉਹ ਉੱਚੀ-ਉੱਚੀ ਤਾੜੀ ਵਜਾਂਦੀ ਹੋਈ ਬਹੁਤ ਖ਼ੁਸ਼ ਹੋ ਕੇ ਨੱਚ ਰਹੀ ਸੀ।

ਦੀਪੂ ਨੇ ਆਖਿਆ, 'ਦੀਦੀ ਹੋ ਗਿਆ ਨੱਚਣਾ ਗਾਣਾ ਬਥੇਰਾ।ਹੁਣ ਕੁਝ ਖਾ ਪੀ ਲੈ ਬਹਿ ਕੇ।' ਨੀਰਜ ਪਸੀਨਾ ਪੂੰਝਦੀ ਕੁਰਸੀ ਉੱਤੇ ਬਹਿ ਗਈ।

ਆਲੇ-ਦੁਆਲੇ ਖੜੀ ਭੀੜ ਘਟਣ ਲੱਗੀ। ਚਾਹ ਨਾਲ ਬਰਫੀ ਖਾ ਕੇ ਨੀਰਜ ਖੜੀ ਹੋ ਗਈ। ਉਸ ਨੇ ਦੀਪੂ ਦੀ ਵਹੁਟੀ ਦਾ ਸਿਰ ਚੁੰਮ ਕੇ ਉਸ ਦੇ ਸਿਰ ਉੱਤੇ ਹੱਥ ਫੇਰਿਆ ਅਤੇ ਇੱਕੀ ਸੌ ਰੁਪਏ ਉਹਦੀ ਝੋਲੀ ਵਿੱਚ ਪਾ ਦਿੱਤੇ। ਹੈਰਾਨ ਹੁੰਦੀ ਮਿੰਦਰੋ ਪੁੱਛਣ ਲੱਗੀ, 'ਇਹ ਕੀ ਭਲਾ?'

'ਆਂਟੀ ਸਾਰੇ ਇਲਾਕੇ ਵਿੱਚ ਇੱਕ ਦੀਪੂ ਹੀ ਤਾਂ ਹੈ, ਜਿਹੜਾ ਮੈਨੂੰ ਦੀਦੀ ਕਹਿੰਦਾ ਹੈ। ਦੀਪੂ ਦੀ ਵੱਡੀ ਭੈਣ ਹਾਂ, ਭਰਜਾਈ ਨੂੰ ਇੰਨਾ ਦੇਣਾ ਤਾਂ ਬਣਦਾ ਹੈ। ਮੈਂ ਵੀ ਇਨਸਾਨ ਹੀ ਹਾਂ, ਆਖਰ ਇੰਨੇ ਕੁ ਰਿਸ਼ਤੇ ਨਿਭਾਉਣੇ ਤਾਂ ਜਾਣਦੀ ਹਾਂ ਕਿ ਨਹੀਂ?' ਆਖਦੇ ਨੀਰਜ ਦੀਆਂ ਅੱਖਾਂ ਨਮ ਸਨ।

## ਥਾਂ

ਸਿਮਰਤ ਦੀ ਨਵੀਂ-ਨਵੀਂ ਨੌਕਰੀ ਹਰਿਆਣਾ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਲੱਗੀ। ਉਥੇ ਉਸ ਨੂੰ ਦੇਖ ਕੇ ਹੈਰਾਨੀ ਹੋਈ ਕਿ ਸਕੂਲ ਦੀ ਲਾਇਬ੍ਰੇਰੀ ਵਿੱਚ ਇੱਕ ਵੀ ਪੰਜਾਬੀ ਦੀ ਕਿਤਾਬ ਨਹੀਂ ਸੀ, ਨਾ ਹੀ ਸਕੂਲ ਵਿੱਚ ਪੰਜਾਬੀ ਦਾ ਕੋਈ ਕਮਰਾ ਸੀ, ਇਸ ਸੰਬੰਧੀ ਉਸ ਨੇ ਸਟਾਫ ਰੂਮ ਵਿੱਚ ਗੱਲ ਕੀਤੀ ਤਾਂ ਸੁਣ ਕੇ ਇੰਦੂ ਮੈਡਮ ਨੇ ਆਖਿਆ, 'ਮੈਡਮ ਇਹ ਹਰਿਆਣਾ ਹੈ, ਤੁਸੀਂ ਪਹਿਲਾਂ ਚੰਡੀਗੜ੍ਹ ਪੜ੍ਹਾ ਕੇ ਆਏ ਹੋ ਉੱਥੇ ਹੁੰਦੇ ਹੋਣੇ ਪੰਜਾਬੀ ਲਈ ਕਮਰੇ, ਇੱਥੇ ਤਾਂ ਚੋਣਵੇਂ ਵਿਸ਼ੇ ਦੇ ਤੌਰ 'ਤੇ ਹੁੰਦੀ ਹੈ ਪੰਜਾਬੀ ਇਸ ਨਾਲ ਆਈ.ਟੀ, ਬਿਊਟੀ ਵੈੱਲਫੇਅਰ ਸਰੀਰਕ ਸਿੱਖਿਆ, ਸੰਗੀਤ, ਆਰਟ ਐਂਡ ਕਰਾਫਟ ਅਤੇ ਸੰਸਕ੍ਰਿਤ ਆਦਿ ਵਿਸ਼ੇ ਵੀ ਹਨ। ਹਾਂ, ਪਰ ਉਹਨਾਂ ਸਾਰੇ ਵਿਸ਼ਿਆਂ ਦੇ ਤਾਂ ਆਪਣੇ ਵੱਖਰੇ-ਵੱਖਰੇ ਕਮਰੇ ਹਨ, ਪਰ ਪੰਜਾਬੀ ਵਾਲੇ ਤਾਂ ਐਵੇਂ ਹੀ ਇੱਧਰ-ਉੱਧਰ ਬਰਾਂਡਿਆਂ ਵਿੱਚ ਜਾਂ ਰੁੱਖਾਂ ਥੱਲੇ ਹੀ ਰੁਲਦੇ ਫਿਰਦੇ ਨੇ।'

'ਇਹ ਗੱਲ ਤਾਂ ਗ਼ਲਤ ਹੈ।' ਸਿਮਰਤ ਨੇ ਪ੍ਰਿੰਸੀਪਲ ਨਾਲ ਲਾਇਬ੍ਰੇਰੀ ਵਿੱਚ ਪੰਜਾਬੀ ਦੀਆਂ ਕਿਤਾਬਾਂ ਮੰਗਵਾਉਣ ਅਤੇ ਪੰਜਾਬੀ ਦੇ ਕਮਰੇ ਲਈ ਗੱਲ ਕੀਤੀ। ਮੈਡਮ ਠੀਕ ਹੈ ਅੱਗੇ ਤੋਂ ਜਦੋਂ ਲਾਇਬਰੇਰੀ ਦੀਆਂ ਕਿਤਾਬਾਂ ਦੀ ਗਰਾਂਟ ਆਵੇਗੀ ਤਾਂ ਤੁਸੀਂ ਪੰਜਾਬੀ ਦੀਆਂ ਕਿਤਾਬਾਂ ਦੀ ਲਿਸਟ ਬਣਾ ਕੇ ਦੇ ਦੇਣਾ। ਜ਼ਰੂਰ! ਕੁਝ ਗਰਾਂਟ ਦਾ ਹਿੱਸਾ ਪੰਜਾਬੀ ਦੀਆਂ ਪੁਸਤਕਾਂ 'ਤੇ ਖ਼ਰਚ ਕਰ ਦੇਵਾਂਗੇ, ਬਾਕੀ ਰਹੀ ਕਮਰੇ ਦੀ ਗੱਲ ਤੁਸੀਂ ਆਪ ਦੇਖ ਲਓ, ਜੇ ਕੋਈ ਕਮਰਾ ਤੁਹਾਨੂੰ ਖਾਲੀ ਦਿਖਦਾ ਹੋਵੇ, ਬਣਾ ਲਵੋ, ਤੁਸੀਂ ਪੰਜਾਬੀ ਦਾ ਕਮਰਾ।'

ਸਕੂਲ ਵਿੱਚ ਦੋ-ਤਿੰਨ ਕਮਰਿਆਂ ਵਿੱਚ ਬਹੁਤ ਸਾਰਾ ਫਰਨੀਚਰ ਪਿਆ ਸੀ। ਇਹਨਾਂ ਵਿੱਚ ਟੁੱਟੇ ਫਰਨੀਚਰ ਦੇ ਨਾਲ ਬਹੁਤ ਸਾਰਾ ਸਹੀ ਫਰਨੀਚਰ ਵੀ ਪਿਆ ਹੋਇਆ ਸੀ। ਸਿਮਰਤ ਨੇ ਇਹਨਾਂ ਕਮਰਿਆਂ ਵਿੱਚੋਂ ਅਜਿਹਾ ਫਰਨੀਚਰ ਵੱਖ ਕਰ ਲਿਆ, ਜਿਹੜਾ ਇਸਤੇਮਾਲ ਹੋ ਸਕਦਾ ਸੀ। ਉਸ ਨੂੰ ਇੱਕ ਕਮਰੇ ਵਿੱਚ ਲਗਵਾ ਦਿੱਤਾ ਅਤੇ ਇੱਥੋਂ ਟੁੱਟਿਆ ਫਰਨੀਚਰ ਕੱਢ ਕੇ ਦੋ ਕਮਰੇ ਵਿੱਚ ਰਖਵਾ ਦਿੱਤਾ। ਉਸੇ ਸਾਮਾਨ ਵਿੱਚ ਉਸ ਨੂੰ ਚਾਰਟ ਸਟੈਂਡ ਅਤੇ ਹੋਰ ਸਾਮਾਨ ਟੇਬਲ ਟੋਪ ਆਦਿ ਵੀ ਮਿਲ ਗਿਆ। ਜਿਹੜਾ ਝਾੜ-ਪੂੰਝ ਕਰਕੇ ਹੀ ਵਰਤਣਯੋਗ ਹੋ ਗਿਆ। ਬੱਚਿਆਂ ਨਾਲ ਲੱਗ ਕੇ ਸਿਮਰਤ ਨੇ ਪੰਜਾਬੀ ਦੇ ਚਾਟ ਅਤੇ ਮਾਡਲ ਤਿਆਰ ਕਰਕੇ ਇਸ ਕਮਰੇ ਨੂੰ ਖ਼ੂਬ ਸਜਾ ਦਿੱਤਾ।ਸਕੂਲ ਦੇ ਹੋਰ ਵਿਸ਼ਿਆਂ ਦੇ ਵਿਦਿਆਰਥੀ ਅਤੇ ਅਧਿਆਪਕ ਵੀ ਪੰਜਾਬੀ ਦੇ ਇਸ ਤਿਆਰ ਕੀਤੇ ਕਮਰੇ ਨੂੰ ਦੇਖਣ ਆਏ। ਇੰਦੂ ਮੈਡਮ ਦੇਖ ਕੇ ਕਹਿਣ ਲੱਗੀ, 'ਬਹੁਤ ਸੋਹਣਾ ਕਮਰਾ ਬਣ ਗਿਆ ਪੰਜਾਬੀ ਦਾ ਤਾਂ, ਮੈਨੂੰ ਲੱਗਦਾ ਜਿਹਾ ਕਮਰਾ ਤਾਂ ਪੂਰੇ ਸਕੂਲ ਵਿੱਚ ਨਹੀਂ ਹੋਣਾ ਕੋਈ। ਵਾਹ ਮੈਡਮ ਜੀ ਆਖਿਰ ਤੁਸੀਂ ਪੰਜਾਬੀ ਲਈ ਕਮਰਾ ਤਿਆਰ ਕਰ ਹੀ ਲਿਆ।'

***ਸੰਪਰਕ : 94678-64440***

ਸਫ਼ਾ 3 ਦੀ ਬਾਕੀ

## ਔਰਤ ਦੀ ਵਿਨਾਸ਼ਕ ਸ਼ਕਤੀ ਦਾ ਬਿਰਤਾਂਤ ...

ਕਦਰ ਅੰਗੜਾਈ ਲਈ ਉਹ ਠਕਰਾਉਣ ਬਣਨ ਲਈ ਕੁਝ ਵੀ ਕਰਨ ਲਈ ਤਿਆਰ ਹੋ ਗਈ।(ਸਫਾ-147) ਕਲਿਆਣੀ ਦੇ ਮਨ ਵਿੱਚ ਠਕਰਾਇਨ ਬਣਨ ਦੀ ਜ਼ਿੱਦ ਹੈ। ਪ੍ਰਸਿੰਨੀ ਆਪਣੀ ਜ਼ਿੱਦ ਕਾਰਨ ਆਪਣੇ ਸਹੁਰੇ ਦੀ ਅਤੇ ਆਪਣੀ ਜਾਨ ਲੈ ਲੈਂਦੀ ਹੈ। ਪ੍ਰਸਿੰਨੀ ਖੇਤ ਗਈ ਨਸ਼ੇ 'ਚ ਧੁੱਤ, ਗੱਜਨ ਖੂਹ ਵਾਲੀ ਖੋਟੜੀ 'ਚ ਪਿਆ ਸੀ। ਪ੍ਰਸਿੰਨੀ ਜੀ ਕਰੜਾ ਕੀਤਾ ਦੋ ਭਰੋਟੇ ਛਿਟੀਆਂ ਮੰਜੇ ਦੁਆਲੇ ਛੁੱਟੀਆਂ ਤੇਲ ਦੀ ਪੀਪੀ ਛਿੜਕੀ, ਤੀਲ੍ਹੀ ਛਾਈ ਆਪਦੇ ਲੀੜੇ ਲਗਾ ਰਹੇ ਕੋਠੜੀ ਦੀ ਕੁੰਡੀ ਮਾਰੀ ਖੂਹ ਵਿੱਚ ਕੁੱਦ ਗਈ।(ਸਫਾ134)

ਡਾਕਟਰ ਰਵੇਲ ਸਿੰਘ ਭੂਮਿਕਾ ਵਿੱਚ ਕਹਿੰਦੇ ਹਨ ਕਿ ਨਾਵਲ ਦੇ ਪੂਰੇ ਬਿਰਤਾਂਤ ਵਿੱਚ ਕਾਮ ਅਤੇ ਹਿੰਸਾ ਫੈਲੇ ਹੋਏ ਹਨ। ਹਿੰਸਾ ਦਾ ਮੁੱਖ ਕਾਰਨ ਬਦਲਾਖੋਰੀ, ਈਰਖਾ ਤੇ ਦਵੈਖ ਹੈ। (ਭੂਮਿਕਾ) ਗੁਰੋ ਦੇ ਕਾਮ ਸੰਬੰਧ ਗੁੰਥੀ ਨਾਲ ਹਨ।ਵਿਜੇ ਬਾਜ਼ਾਰੂ ਔਰਤਾਂ ਸ਼ੀਸ਼ੋ ਆਦਿ ਨਾਲ ਸੰਬੰਧ ਕਾਇਮ ਕਰਦਾ ਹੈ।ਕਲਿਆਣੀ, ਗੋਮਤੀ, ਨੰਜਾ, ਸ਼ੀਤਲ ਆਦਿ ਦੇ ਵਿਆਹ ਤੋਂ ਪਹਿਲਾਂ ਅਤੇ ਵਿਆਹ ਬਾਰੇ ਕਾਮੁਕ ਸੰਬੰਧ ਹਨ। ਚੰਦੂ ਰਾਹੀਂ ਵੀਰੂ ਦਾ ਕਤਲ, ਗੁਰੋ ਦੇ ਪ੍ਰੇਮੀ ਸਿੱਧੂ ਦਾ ਗੁਰੂ ਦੇ ਮੁੰਡੇ ਲਾਲਜੀ ਦੁਆਰਾ ਕਤਲ, ਜੋਰੇ ਦਾ ਕਲਿਆਣੀ ਰਾਹੀਂ ਕਤਲ, ਚਾਰੂ ਰਾਹੀਂ ਵਿਜੇ ਦਾ ਕਤਲ, ਚੂੜ ਦਾ ਆਪਣੇ ਭਣੋਈਏ ਦੇ ਕਾਤਲ ਦਾ ਕਤਲ, ਪ੍ਰਸਿੰਨੀ ਦਾ ਆਪਣੇ ਸਹੁਰੇ ਦਾ ਕਤਲ ਆਦਿ ਅਜਿਹੀਆਂ ਹਿੰਸਾਤਮਕ ਘਟਨਾਵਾਂ ਨਾਵਲ ਵਿੱਚ ਫੈਲੀਆਂ ਹੋਈਆਂ ਹਨ।ਇਹ ਕਾਮ ਅਤੇ ਹਿੰਸਾ ਵਿਅਕਤੀਗਤ ਪ੍ਰਸਥਿਤੀਆਂ ਨਾਲ ਜੁੜੀਆਂ ਹੋਈਆਂ ਹਨ। ਡਾਕਟਰ ਸੁਧੀਰ ਕੱਕੜ ਕਹਿੰਦਾ ਹੈ-ਭਾਰਤੀ ਲੋਕ ਕਹਾਣੀਆਂ ਵਿੱਚ ਆਮ ਦੇਖਣ ਨੂੰ ਮਿਲਦਾ ਹੈ ਕਿ ਜਦੋਂ ਔਰਤ ਕਾਮ ਵਿੱਚ ਰਤ ਹੁੰਦੀ ਹੈ ਤਾਂ ਉਹ ਕਾਮੁਕ ਤਰੰਗ ਹੇਠ ਆਪਣੀਆਂ ਸਾਰੀਆਂ ਹੀ ਮਰਿਆਦਾਵਾਂ ਅਤੇ ਚੰਗੇ ਪੱਖਾਂ ਨੂੰ ਭੁੱਲ ਜਾਂਦੀ ਹੈ।ਆਪਣੀ ਕਾਮ ਅਗਨੀ ਨੂੰ ਸ਼ਾਂਤ ਕਰਨ ਲਈ ਉਹ ਮਾਂ, ਪਿਓ, ਤੇ ਘਰ ਵਾਲਾ ਤੇ ਇੱਥੋਂ ਤੱਕ ਕਿ ਬੱਚੇ ਵੀ ਦਾਅ 'ਤੇ ਲਾ ਸਕਦੀ ਹੈ।ਇੰਟੀਮੇਟ ਰਿਲੇਸ਼ਨਜ਼ (ਸਫਾ-50) ਇਹ ਨਾਵਲ ਦੀ ਭਾਰਤੀ ਲੋਕ ਕਥਾਵਾਂ ਦੀ ਇਸ ਰੂੜੀ ਨੂੰ ਅੱਗੇ ਤੋਰਦਾ ਹੈ।ਇਸ ਵਿੱਚ ਹਿੰਸਾਤਮਕ ਪ੍ਰਵਿਰਤੀ ਦਾ ਇੱਕ ਉਦਾਹਰਨ ਚੰਦੂ ਨੌਕਰ ਦੀ ਮਾਨਸਿਕਤਾ ਵਿੱਚੋਂ ਮਿਲਦਾ ਹੈ। ਉਹਨਾਂ ਦੇਖਿਆ, ਇੱਕ ਪਾਸੇ ਕੁੱਕੜਾਂ ਦੀ ਢੇਰੀ, ਚੰਦ ਢੇਰੀ 'ਚੋਂ ਕੁਕੜ ਝੁੱਟ ਦਾ, ਪਹੁੰਚਿਆ ਤੇ ਬੰਨ੍ਹਿਆ ਧਾਗੇ ਦਾ ਜੁੱਟ ਤੋਲੇ ਬਿਨਾਂ ਪੈਰਾਂ ਹੇਠ ਦਾ ਖਿੱਚ ਕੇ ਧੌਣ ਵੱਖ ਕਰਦਾ, ਲਹੂ ਦਾ ਫੁਹਾਰਾ ਫੁੱਟਦਾ।( ਸਫਾ-86)

ਨਾਵਲਕਾਰ ਨੇ ਅਜੋਕੀਆਂ ਪੰਜਾਬ ਦੀਆਂ ਸਮੱਸਿਆਵਾਂ ਨੂੰ ਵੀ ਛੋਹਿਆ ਹੈ।ਜਿਵੇਂ ਬਿਹਾਰ ਤੇ ਉੱਤਰ ਪ੍ਰਦੇਸ਼ ਦੇ ਪ੍ਰਵਾਸੀ ਮਜ਼ਦੂਰਾਂ ਦੀ ਆਮਦ, ਮਜ਼ਦੂਰਾਂ ਰਾਹੀਂ ਕੀਤੀ ਜਾਂਦੀ ਤਰੱਕੀ, ਰਾਖਵੇਂਕਰਨ ਦੀਆਂ ਸਹੂਲਤਾਂ ਕਾਰਨ ਜੱਟਾਂ ਅਤੇ ਮਜ਼੍ਹਬੀਆਂ ਦਾ ਆਪਸੀ ਤਨਾਓ, ਜਾਗੀਰਦਾਰੀ ਸਿਸਟਮ ਦਾ ਉਤਾਰ, ਪਿੰਡਾਂ ਵਿੱਚ ਦਲਿਤ ਸ਼੍ਰੇਣੀਆਂ ਦਾ ਉੱਚ ਸ਼੍ਰੇਣੀ ਦੇ ਨਾਲ ਮੁਕਾਬਲਾ ਸ਼ਹਿਰੀਕਰਨ ਦੇ ਦੌਰ ਵਿੱਚ ਦਲਿਤ ਮਜ਼ਦੂਰਾਂ ਦਾ ਫੈਕਟਰੀਆਂ ਜਾਂ ਹੋਰ ਕਿਰਤਾਂ ਨੂੰ ਅਪਣਾਉਣਾ, ਛੋਟੀ ਕਿਰਸਾਨੀ ਦਾ ਡੁੱਬਣਾ, ਅੰਤਰਜਾਤੀ ਵਿਆਹ, ਆਦਿ ਮਸਲਿਆਂ ਨੂੰ ਲਿਆ ਹੈ। ਮੈਂ ਵਿਅਕਤੀਗਤ ਤੌਰ 'ਤੇ ਡਾਕਟਰ ਰਵੇਲ ਦੀ ਇਸ ਟਿੱਪਣੀ ਨਾਲ ਸਹਿਮਤ ਨਹੀਂ ਕਿ ਇਹ ਨਾਵਲ ਕਿਰਪਾਲ ਕਜ਼ਾਕ ਵੱਲੋਂ ਮਨੁੱਖ ਦੀਆਂ ਵਿਅਕਤੀਗਤ ਤਰਜੀਹਾਂ ਅਤੇ ਸਮਾਜਿਕ-ਸੰਸਕ੍ਰਿਤ ਤਰਜੀਹਾਂ ਦੇ ਅੰਤਰ ਵਿਰੋਧਾਂ ਦੇ ਪ੍ਰਗਟਾਵੇ ਵਜੋਂ ਹੀ ਰਚਿਆ ਗਿਆ ਹੈ।(ਭੂਮਿਕਾ ਸਫਾ-16) ਇਸ ਟਿੱਪਣੀ ਵਿੱਚ ਇੱਕੋ ਹੀ ਗੱਲ ਠੀਕ ਹੈ ਕਿ ਇਹ ਨਾਵਲ ਵਿਅਕਤੀਗਤ ਤਰਜੀਹਾਂ ਦੀ ਤਰਜਮਾਨੀ ਕਰਦਾ ਹੈ। ਸਮਾਜਿਕ, ਸੰਸਕ੍ਰਿਤਿਕ ਤਰਜੀਹਾਂ ਦੇ ਅੰਤਰ ਵਿਰੋਧਾਂ ਦਾ ਸਿਰਫ ਸੂਚਨਾਤਮਕ ਤੌਰ 'ਤੇ ਪ੍ਰਗਟਾਵਾ ਹੋਇਆ ਹੈ। ਇਹ ਪਰਿਵਰਤਨ ਪ੍ਰਸਥਿਤੀਆਂ ਵਿੱਚੋਂ ਪੈਦਾ ਨਹੀਂ ਹੁੰਦਾ। ਉਦਾਹਰਨ ਦੇ ਤੌਰ 'ਤੇ ਹਰੀ ਕ੍ਰਾਂਤੀ ਦੇ ਇਸ ਦੌਰ ਵਿੱਚ ਬਹੁਤ ਸਾਰੇ ਕਿੱਤੇ ..... (ਸਫਾ-118) ਨਿਮਨ ਸ਼੍ਰੇਣੀ ਬਹੁ ਸੰਖਿਆ ਵਿੱਚ ਹੋਣ ਦੇ ਬਾਵਜੂਦ ਭਵਿੱਖ ਦੇ ਵੱਡੇ ਮਸਲਿਆਂ ਦੇ ਰੂਬਰੂ ਨਹੀਂ ਸੀ (ਸਫਾ-119) ਜਿਵੇਂ ਹੀ ਆਜ਼ਾਦ ਹਵਾ ਦਾ ਬੁੱਲਾ ਆਇਆ (ਸਫਾ-217) ਹੈ ਤਾਂ ਨਮੋਸ਼ੀ, ਪਰ ਇਹ ਹੋਣਾ ਹੀ ਸੀ (ਸਫਾ 253) ਭਾਵ ਅਜਿਹੀਆਂ ਅਨੇਕਾਂ ਉਦਾਹਰਣਾਂ ਹਨ, ਜਿਹੜੀਆਂ ਪ੍ਰਸਥਿਤੀਆਂ ਦੀਆਂ ਸੂਚਨਾਵਾਂ ਦਿੰਦੀਆਂ ਹਨ। ਨਾਵਲਕਾਰ ਇੱਥੇ ਸਿਰਫ ਇੱਕ ਸੂਤਰਧਾਰ ਦਾ ਕੰਮ ਕਰਦਾ ਹੈ। ਪੰਜਾਬ ਦੀਆਂ ਅਜੋਕੀਆਂ ਸਮੱਸਿਆਵਾਂ ਨਾਲ ਸੰਬੰਧਤ ਘਟਨਾਵਾਂ ਪਾਤਰਾਂ ਰਾਹੀਂ ਨਹੀਂ ਘਟਦੀਆਂ। ਮੇਰੀ ਜਾਚੇ ਜਦੋਂ ਲੇਖਕ ਇਕੋ ਵਾਰ ਬਹੁਤ ਸਾਰੇ ਮਸਲਿਆਂ ਨੂੰ ਲੈ ਕੇ ਤੁਰਦਾ ਹੈ ਤਾਂ ਫਿਰ ਉਹ ਉਹਨਾਂ ਨਾਲ ਨਿਆਂ ਨਹੀਂ ਕਰ ਪਾਉਂਦਾ।

ਇਹ ਨਾਵਲ ਬੁਣਤੀ ਤੇ ਬਣਤਰ ਪੱਖੋਂ ਮੱਧਕਾਲੀ ਰੁਮਾਂਟਿਕ ਪ੍ਰਵਿਰਤੀਆਂ ਨਾਲ ਜੁੜਿਆ ਹੋਇਆ ਹੈ। ਨਾਵਲ ਦੀ ਬਣਤਰ ਤਿੰਨ ਮੱਧਕਾਲੀਨ ਯਾਨਰ ਨਾਟਕ ਮਹਾਂਕਾਵਿ ਅਤੇ ਕਿੱਸੇ ਦਾ ਸੁਮੇਲ ਹੈ। ਨਾਵਲ ਜ਼ਿਆਦਾਤਰ ਵਾਰਤਾਲਾਪੀ ਹੈ। ਮਹਾਂਕਾਵਿ ਵਾਂਗ ਕਾਂਡ ਵੰਡੇ ਹੋਏ ਹਨ। ਆਉਣ ਵਾਲੀਆਂ ਘਟਨਾਵਾਂ ਦੀ ਸੂਚਨਾ ਅਗਾਊਂ ਦਿੱਤੀ ਗਈ ਹੈ। ਸਫਾ-17) ਕਿੱਸੇ ਦੇ ਤੱਤ ਜਿਵੇਂ ਬਦਲਾ, ਔਰਤ ਨਿੰਦਿਆ (ਸਫਾ-272), ਤ੍ਰੀਆ ਹੱਠ, ਕਾਤਲਾਂ ਦੀ ਉਸਤਤ, ਕਾਮੁਕਤਾ ਕਹਿਣ ਤੋਂ ਭਾਵ ਕਿ ਇਹ ਨਾਵਲ ਮੱਧ ਕਾਲੀ ਰੁਮਾਂਟਿਕ ਪ੍ਰਵਿਰਤੀਆਂ ਦਾ ਧਾਰਨੀ ਹੈ। ਡਾਕਟਰ ਮਹਿਲ ਸਿੰਘ ਕਹਿੰਦੇ ਹਨ ਕਿ ਇਸ ਨਾਵਲ ਵਿੱਚ ਬਦਲਾਅ ਦਾ ਦਰਸ਼ਨ ਕੇਂਦਰੀ ਸੂਤਰ ਵਾਂਗ ਸੁਭਾਏਮਾਨ ਹੈ। ਇਹ ਬਦਲਾਓ ਮਨ ਇੱਛਤ ਹੋਣ ਕਰਕੇ ਆਪਣਾ ਪ੍ਰਭਾਵ ਪਾਠਕ ਉਪਰ ਨਹੀਂ ਛੱਡਦਾ। ਬਾਕੀ ਉਪਰੋਕਤ ਨਾਵਲ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਕਥਨ ਕਿੰਨਾ ਕੁ ਸਹੀ ਹੈ, ਇਸ ਦਾ ਅੰਦਾਜ਼ਾ ਪਾਠਕ ਆਪ ਲਗਾ ਸਕਦੇ ਹਨ।

***ਸੰਪਰਕ-98552-63576***

ਸਫ਼ਾ 1 ਦੀ ਬਾਕੀ

## ਗ਼ਦਰ ਲਹਿਰ ਦਾ ਕੂਕਾ ਸ਼ਹੀਦ ...

ਅਤੇ ਹੋਰ ਪੱਤਰ ਪਕੜੇ ਸਨ। ਭਾਈ ਹਜ਼ਾਰਾ ਸਿੰਘ ਦੇਸ਼ ਪ੍ਰੇਮ ਅਤੇ ਅੰਗਰੇਜ਼ ਸਰਕਾਰ ਵਿਰੁੱਧ ਅਥਾਹ ਨਫ਼ਰਤ ਅਤੇ ਗੁੱਸੇ ਦੇ ਮਾਹੌਲ ਵਿਚ ਪਲਿਆ ਵੱਡਾ ਹੋਇਆ। ਉਸ ਨੇ ਗੁਰਮੁਖੀ ਅੱਖਰਾਂ ਦੀ ਸਿੱਖਿਆ ਹਾਸਲ ਕੀਤੀ ਅਤੇ ਪੰਜ ਗ੍ਰੰਥੀ ਪੜ੍ਹਣ ਜੋਗ ਹੋ ਗਿਆ। ਇਹ ਸਮਾਂ ਆਰਥਿਕ ਮੰਦਵਾੜੇ ਦਾ ਸੀ। ਖੇਤੀ ਬਰਾਨੀ ਸੀ। ਮੀਂਹ ਪੈ ਨਹੀਂ ਸੀ ਰਿਹਾ। 1956 ਬਿਕਰਮੀ ਦਾ ਅਕਾਲ ਪਿਆ ਹੋਇਆ ਸੀ। ਨੱਸਣ ਭੱਜਣ ਅਤੇ ਘੋੜ ਸੁਆਰੀ ਦਾ ਸ਼ੌਕੀਨ ਹਜ਼ਾਰਾ ਸਿੰਘ ਘਰ ਦੀ ਮੰਦਹਾਲੀ ਦਾ ਕੋਈ ਬਾਨ੍ਹਣੂ ਬੰਨ੍ਹਣ ਅਤੇ ਆਪਣੇ ਸ਼ੌਕ ਮੁਤਾਬਕ ਖੇਡਾਂ, ਕਰਤਬ ਕਰਨ ਵਾਸਤੇ, ਕੂਕਾ ਅਨੁਸ਼ਾਸਨ ਦੀ ਰਤਾ ਅਵੱਗਿਆ ਕਰਕੇ ਵੀ ਜੋ ਕਿ ਸਰਕਾਰ ਅੰਗਰੇਜ਼ੀ ਨਾਲ ਬਾਈਕਾਟ ਦੀ ਨੀਤੀ ਤੇ ਚੱਲ ਰਹੇ ਸਨ। ਅੰਬਾਲਾ ਛਾਉਣੀ ਵਿੱਚ ਪੁੱਜ ਕੇ। ਦਸੰਬਰ 1599, 12 ਨੰਬਰ ਰਸਾਲੇ ਵਿੱਚ ਬਤੌਰ ਘੋੜ ਸੁਆਰ ਭਰਤੀ ਹੋ ਗਿਆ। ਉੱਥੇ ਉਸ ਨੇ ਬੜੀ ਮਿਹਨਤ ਕਰਕੇ ਜੰਗੀ ਖੇਡਾਂ, ਕਰਤਬਾਂ, ਘੋੜ ਸੁਆਰੀ ਨੇਜਾ ਬਾਜੀ ਵਿੱਚ ਨਿਪੁੰਨਤਾ ਹਾਸਲ ਕੀਤੀ। ਇੱਥੋਂ ਫਿਰ ਜਦੋਂ ਸਾਲ ਕੁ ਬਾਅਦ ਆਪ ਛੁੱਟੀ ਤੇ ਆਏ ਤਾਂ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰਕੇ ਅਵੱਗਿਆ ਦੀ ਖਿਮਾ ਯਾਚਨਾ ਕੀਤੀ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਛੁੱਟੀਆਂ ਵਿੱਚ ਜਦੋਂ ਆਇਆ ਕਰਨਗੇ, ਸਾਹਿਬਜ਼ਾਦਾ ਪ੍ਰਤਾਪ ਸਿੰਘ ਜੀਨੂੰ ਘੋੜ ਸੁਆਰੀ ਅਤੇ ਹੋਰ ਖੇਡਾਂ ਕਰਤੱਬ ਆਦਿ ਸਿਖਾਇਆ ਕਰਨਗੇ। ਬਾਲਕ ਸਤਿਗੁਰੂ ਜੀ ਅੱਗੇ ਹੀ ਇਸ ਤਰ੍ਹਾਂ ਦੇ ਸ਼ੌਕ ਰੱਖਦੇ ਸਨ ਅਤੇ ਉਹ ਕੁਝ ਸਮੇਂ ਵਿੱਚ ਹੀ ਨਿਪੁੰਨ ਘੋੜ ਸੁਆਰ ਬਣ ਗਏ ਸਨ। ਭੱਜੇ ਜਾਂਦੇ ਊਠ 'ਤੇ ਆਪ ਘੋੜੇ ਦੀਆਂ ਰਕਾਬਾਂ ਤੇ ਖੜ੍ਹੇ ਹੋ ਕੇ ਚੜ੍ਹ ਜਾਇਆ ਕਰਦੇ ਸਨ। ਆਪਣੇ ਦੋਵੇਂ ਕੰਨ ਫੜ ਕੇ ਘੋੜੇ ਤੇ ਚੜ੍ਹ ਜਾਂਦੇ ਸਨ। ਨੇਂਗੇਬਾਜ਼ੀ ਅਤੇ ਕਿਲਾ ਢੁੰਡਣ ਵਿੱਚ ਵੀ ਆਪ ਜੀ ਮਾਹਰ ਹੋ ਗਏ ਸਨ। ਇਤਿਆਦਿਕ ਕਰਤਬਾਂ ਦੇ ਸਤਿਗੁਰੂ ਜੀ ਦੇ ਸਿੱਖਿਆ ਦਾਤੇ ਇਹ ਭਾਈ ਹਜ਼ਾਰਾਂ ਸਿੰਘ ਹੀ ਸਨ।

ਹੁਣ ਜਦੋਂ 1914 ਈ. ਵਿੱਚ ਇਹ ਗ਼ਦਰੀ ਸੂਰਮੇ ਦੇਸ਼ ਪੁੱਜੇ ਤਾਂ ਇਨ੍ਹਾਂ ਨੇ ਵੱਖ-ਵੱਖ ਛਾਉਣੀਆਂ ਵਿੱਚ ਬਗਾਵਤ ਕਰਨ ਲਈ ਮੁਹਿੰਮ ਵਿੱਢ ਲਈ। ਇਸੇ ਮੁਹਿੰਮ ਤਹਿਤ ਗ਼ਦਰ ਲਹਿਰ ਦਾ ਸ਼੍ਰੋਮਣੀ ਸ਼ਹੀਦ ਕਰਤਾਰ ਸਿੰਘ ਸਰਾਭਾ ਮੇਰਠ ਛਾਉਣੀ ਪੁੱਜਦਾ ਹੈ। ਗ਼ਦਰ ਸ਼ਹਿਰ ਨਾਲ ਬਹੁਤ ਨੇੜਿਉਂ ਜੁੜੇ ਰਹੇ ਅਤੇ ਉਮਰ ਭਰ ਇਸ ਤੇ ਤੱਥ ਪਰਨ ਖੋਜ ਕਰਨ ਵਾਲੇ ਗਿਆਨੀ ਕੇਸਰ ਸਿੰਘ ਕੇਸਰ ਹੋਰੀਂ ਬੇਸ਼ੱਕ ਇਸ ਲਹਿਰ ਬਾਰੇ ਵੱਡੇ ਅਕਾਰੀ ਇਤਿਹਾਸਕ ਨਾਵਲ ਲਿਖ ਚੁੱਕੇ ਹਨ ਪਰ ਇਸ ਵਿੱਚੋਂ ਵੀ ਇਤਿਹਾਸਿਕ ਘਟਨਾਵਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਉਸ ਨੇ ਰਾਸ ਬਿਹਾਰੀ (ਬੋਸ) ਨੂੰ ਮਿਲ ਕੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬਨਾਰਸ ਦੇ ਗ਼ਦਰੀ ਫੌਜੀ ਤਿਆਰ ਹਨ, ਇਸ ਲਈ ਇਹ ਮੌਕਾ ਹੱਥੋਂ ਨਹੀਂ ਗੁਆਉਣਾ ਚਾਹੀਦਾ। ਰਾਸ ਬਿਹਾਰੀ ਨੇ ਸਲਾਹ ਦਿੱਤੀ "ਲਾਹੌਰ ਦਾ ਕੰਮ ਵਿਗੜ ਜਾਣ ਦੀ ਗੱਲ ਏਥੇ ਵੀ ਫੌਜੀਆਂ ਨੂੰ ਪਤਾ ਲੱਗ ਗਈ ਹੋਵੇਗੀ। ਇਸ ਲਈ ਏਧਰ ਦੇ ਫੌਜੀ ਵੀ ਢਿੱਲੇ ਪੈ ਗਏ ਹੋਣਗੇ। ਇਸ ਲਈ ਕੁਝ ਦਿਨ ਹੋਰ ਉਡੀਕ ਕਰਨੀ ਚਾਹੀਦੀ ਹੈ। ਠੰਢ-ਠੰਢੋਰ ਹੋਣ 'ਤੇ ਕੋਈ ਤਦਬੀਰ ਬਣਾਵਾਂਗੇ।"

"ਨਹੀਂ ਦਾਦਾ। ਹੁਣ ਲੋਹਾ ਗਰਮ ਐ। ਸੱਟ ਮਾਰਨ ਦਾ ਵੇਲਾ ਹੁਣ ਹੀ ਹੈ।"

ਵਿਸ਼ਨੂੰ ਗਣੇਸ਼ ਪਿੰਗਲੇ ਦੂਜੇ ਦਿਨ ਮੇਰਠ ਮੁੜ ਗਿਆ। ਬਾਰਾਂ ਨੰਬਰ ਰਸਾਲੇ ਦੇ ਪਠਾਣ ਜਮਾਦਾਰ ਨਾਦਰ ਖਾਨ ਨੂੰ ਜਾ ਮਿਲਿਆ। ਉਹ ਪਹਿਲੋਂ ਵੀ ਉਸ ਨੂੰ ਕਈ ਵਾਰ ਮਿਲ ਚੁੱਕਾ ਸੀ। ਪਿੰਗਲੇ ਨੇ ਸਟੀਲ ਦਾ ਇੱਕ ਟਰੰਕ ਨਾਦਰ ਖਾਨ ਦੇ ਹਵਾਲੇ ਕਰਦਿਆਂ ਦੱਸਿਆ, "ਇਸ ਟਰੰਕ ਵਿੱਚ ਦਸ ਬੰਬ ਹਨ, ਜੋ ਵੇਲਾ ਆਉਣ ਤੇ ਗੋਰੇ ਅਫ਼ਸਰਾਂ ਦੇ ਖ਼ਿਲਾਫ਼ ਵਰਤੇ ਜਾਣਗੇ। ਗ਼ਦਰੀਆਂ ਦੇ ਵਿਰੁੱਧ ਮੁਕੱਦਮੇ ਸੁਣਨ ਵਾਲੇ ਸਪੈਸ਼ਨ ਟ੍ਰਿਬਿਊਨਲ ਦੇ ਫੈਸਲੇ ਵਿੱਚ, "ਮੇਰਠ ਦਾ ਮਾਮਲਾ" ਅਨੁਵਾਨ ਹੇਠ ਦਰਜ ਹੈ, "ਇੱਕ ਤਾਂ 12 ਨੰਬਰ ਰਸਾਲੇ ਦੇ ਸ਼ੇਅਰਾਂ ਬਾਰੇ ਯਤਨ ਹੈ। ਯਤਨ ਕੀਤੇ ਗਏ ਸਨ ਮੇਰਠ ਦੇ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ ਵਿੱਚ ਜਿਸ ਵਿੱਚ ਉਹ ਸਫ਼ਲ ਵੀ ਹੋਏ। ਇਹ ਬਗਾਵਤ 21 ਫਰਵਰੀ ਨੂੰ ਹੋਣੀ ਸੀ। ਇੱਥੇ ਵਿਸ਼ਨੂੰ ਗਨੇਸ਼ ਪਿੰਗਲੇ ਕੁਝ ਬੰਬ ਦੇ ਵੀ ਗਿਆ ਸੀ ਜਿਸ ਨੂੰ (ਜਮਾਂਦਰ ਨਾਦਰ ਖਾਨ ਦੀ ਮੁਖਬਰੀ ਕਾਰਨ) 23 ਮਾਰਚ ਨੂੰ ਮੇਰਠ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਸੀ। ਅਸੀਂ ਇਹ ਵੀ ਜਾਣਦੇ ਹਾਂ ਕਿ ਇਸ ਰੈਜੀਮੈਂਟ ਦੇ ਦੋ ਵਿਅਕਤੀ ਫਾਂਸੀ ਤੇ ਲਟਕਾ ਦਿੱਤੇ ਗਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ ਇਕ ਕਿਤਾਬ ਵਿੱਚ ਦਰਜ ਹੈ "ਰਸਾਲਾ ਨੰ: 12 ਵਿੱਚ ਸਿਪਾਹੀ ਈਸ਼ਰ ਸਿੰਘ ਪਿੰਡ ਰਕਬਾ (ਲੁਧਿਆਣਾ) ਤੇ ਸਿਪਾਹੀ (ਸੋਆਰ) ਸਨ, ਉਨ੍ਹਾਂ ਦਾ ਦੇਸ਼ ਭਗਤ ਪਿੰਗਲੇ ਨਾਲ ਮੇਲ ਹੋਇਆ ਜਿਸ ਰਾਹੀਂ ਡਾ. ਮਥਰਾ ਸਿੰਘ ਪੁੱਤਰ ਹਰੀ ਸਿੰਘ (ਢੁਡਿਆਲ ਜ਼ਿਲ੍ਹਾ ਜੇਲ੍ਹਮ) ਨਾਲ ਵੀ ਰਾਬਤਾ ਕਾਇਮ ਹੋ ਗਿਆ, ਜੋ ਉਸ ਸਮੇਂ ਦੇ ਮੰਨੇ ਪ੍ਰਮੰਨੇ ਇਨਕਲਾਬੀ ਸਨ। ਦੋਹਾਂ ਵੀਰ ਸਿਪਾਹੀਆਂ ਨੇ ਆਜ਼ਾਦੀ ਦੀ ਲੜਾਈ ਵਿੱਚ ਵੱਧ ਚੜ੍ਹਕੇ ਹਿੱਸਾ ਲੈਣਾ ਸ਼ੁਰੂ ਕੀਤਾ। ਜਮਾਂਦਾਰ ਨਾਦਰ ਖਾਨ ਨੇ ਮੁਖਬਰੀ ਕਰਕੇ ਦੋਹਾਂ ਸਿਖ ਸਿਪਾਹੀਆਂ ਨੂੰ ਪਕੜਣਾ ਦਿੱਤਾ। ਇਨ੍ਹਾਂ ਦਾ ਕੋਰਟ ਮਾਰਸ਼ਲ ਹੋਇਆ ਤੇ ਦੋਹਾਂ ਨੂੰ ਫਾਂਸੀ ਦੇ ਦਿੱਤ ਗਈ।

ਸਮਰੀ ਕੋਰਟ ਮਾਰਸ਼ਲ 20 ਅਪ੍ਰੈਲ 1915 ਨੂੰ ਮੇਰਠ ਵਿਖੇ ਹੋਈ ਅਤੇ ਉਸੇ ਦਿਨ ਦੋਹਾਂ ਯੋਧਿਆਂ ਨੂੰ ਫਾਂਸੀ ਦੁਆਰਾ ਮੌਤ ਦੀ ਸਜ਼ਾ ਸੁਣਾਈ ਜਿਸ ਤੇ ਅਮਲ ਦਰਾਮਦ 24 ਅਪ੍ਰੈਲ 1915 ਨੂੰ ਹੋਇਆ ਅਤੇ ਇਹ ਦੋਵੇਂ ਸੂਰਬੀਰ ਇਸ ਤਰ੍ਹਾਂ ਅਜ਼ਾਦੀ ਸ਼ਮ੍ਹਾਂ ਦੀ ਲਾਟ ਤੇ ਸਿੰਘ (ਚਮਿੰਡਾ-ਲੁਧਿਆਣਾ) ਨੇ ਗ਼ਦਰੀ ਸੁਰਮਿਆਂ ਬਾਰੇ,ਆਪਣੀ ਸੰਖੇਪਾਂ ਕਾਵਿ ਰਚਨਾ ਲਹੂ ਭਿੰਨੀਆਂ ਯਾਦਾਂ ਵਿੱਚ ਇਉਂ ਲਿਖਿਆ ਹੈ-

"ਹਜ਼ਾਰਾ ਸਿੰਘ ਭੈਣੀ ਰਾਣੀਆਂ ਪਿੰਡ ਦਾ ਸੀ
ਪਾਈਆਂ ਜਿਹਲ ਦੇ ਵਿੱਚ ਸ਼ਹੀਦੀਆਂ ਨੇ।
ਇਨ੍ਹਾਂ ਲਹੂ ਦੇ ਰੰਗਿਆਂ ਫੱਟਿਆਂ ਤੇ,
ਗਈਆਂ ਲੱਗ ਸਮਾਧੀਆਂ ਜੀਹਦੀਆਂ ਨੇ।
ਰੂਹ ਰੰਗਲੀ ਉਠ ਅਸਮਾਨ ਚੜ੍ਹ ਗਈ,
ਗਲੇ ਰੱਸੀਆਂ ਲਟਕੀਆਂ ਦੀਰਦੀਆਂ ਨੇ।
ਬਿਨਾਂ ਆਪਣੇ ਸਾਥੀਆਂ ਕੌਣ ਦੱਸੇ,
ਲਾਸ਼ਾਂ ਲਟਕੀਆਂ ਕੀਹਦੀਆਂ ਕੀਹਦੀਆਂ ਨੇ।"

**# ਸੰਪਰਕ : 99963-71716**

ਸਫ਼ਾ 3 ਦੀ ਬਾਕੀ

## ਡਰੇ ਹੋਏ ਮਨੁੱਖ ਦੀ ਗਾਥਾ...

ਪਰ ਫੋਮਾ ਭਟਕਣਾ ਦਾ ਸ਼ਿਕਾਰ ਹੀ ਰਿਹਾ। ਨਾਵਲ ਦੇ ਅੰਤ ਵਿੱਚ ਜਦੋਂ ਉਸ ਦੀ ਵਿਚਾਰ-ਚਰਚਾ ਮਾਇਕਨ ਦੇ ਬੇਟੇ ਟਾਰਸ ਨਾਲ ਹੁੰਦੀ ਹੈ ਤਾਂ ਉਹ ਉਸ ਸਮੇਂ ਆਪਣੀ ਮਨ ਦੀ ਗੱਲ ਖੁੱਲ੍ਹੇ ਰੂਪ ਵਿੱਚ ਕਹਿੰਦਾ ਹੈ, ਉਸ ਲਈ ਕਾਰੋਬਾਰ, ਕੰਮ ਤੇ ਲੋਕ ਸਭ ਕੁਝ ਝੂਠ ਤੇ ਪ੍ਰਪੰਚ ਸੀ ਤੇ ਵਪਾਰ ਨੂੰ ਉਹ ਆਤਮਾ ਦੇ ਖਾਲੀ ਪੀਪੇ ਨੂੰ ਅਸ਼ਰਫੀਆਂ ਨਾਲ ਭਰਨ ਦੀ ਕੋਸ਼ਿਸ਼ ਕਹਿੰਦਾ। ਉਸ ਦਾ ਕਹਿਣਾ ਸੀ ਕਿ ਸਰਮਾਏਦਾਰ ਲੋਕ ਜੇਕਰ ਆਪਣੀਆਂ ਤਿਜੌਰੀਆਂ ਭਰਦੇ ਨੇ ਤਾਂ ਤਿਜੌਰੀਆਂ ਵਿੱਚ ਪਿਆ ਹੋਇਆ ਧਨ ਮਿਹਨਤਕਸ਼ ਲੋਕਾਂ ਦੀ ਮਿਹਨਤ ਹੁੰਦਾ ਹੈ। ਉਹ ਅਮੀਰ ਬਾਪ ਦਾ ਬੇਟਾ ਹੁੰਦਾ ਹੋਇਆ ਵੀ ਮਿਹਨਤਕਸ਼ ਲੋਕਾਂ ਦੇ ਪੱਖ ਦੀ ਗੱਲ ਕਰਦਾ ਹੈ।

ਈਲੀਆ ਯਫੀਮ ਦੇ ਨਵੇਂ ਸਟੀਮਰ ਵਿੱਚ ਤਕਰੀਬਨ 30 ਦੇ ਕਰੀਬ ਬੰਦੇ ਸਫ਼ਰ ਕਰ ਰਹੇ ਸਨ, ਜਿਨ੍ਹਾਂ 'ਚੋਂ ਬਹੁਤੇ ਅੱਧਖੜ ਉਮਰ ਦੇ ਤੇ ਮੰਨੇ-ਪ੍ਰਮੰਨੇ ਵਪਾਰੀ ਸਨ। ਉਹ ਆਪਣੇ-ਆਪਣੇ ਕਾਰੋਬਾਰਾਂ ਪ੍ਰਤੀ ਮਾਣ ਮਹਿਸੂਸ ਕਰਦੇ ਹੋਏ ਸਟੀਮਰ ਵਿੱਚ ਜਾ ਰਹੇ ਸਨ। ਮਾਇਕਨ ਤੇ ਹੋਰ ਮੰਨੇ-ਪ੍ਰਮੰਨੇ ਵਪਾਰੀ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਦੇ ਰਹੇ ਸਨ। ਮਾਇਕਨ ਆਪਣੇ ਭਾਸ਼ਣ ਵਿੱਚ ਕਹਿੰਦਾ ਹੈ, ਵਪਾਰੀ ਹੀ ਇਸ ਮੁਲਕ ਦੇ ਉਸਰੱਈਏ ਨੇ। ਸਾਰੇ ਵਪਾਰੀ ਰੂਸ ਦੇ ਵਪਾਰੀ ਵਰਗ ਦੇ ਗੌਰਵ ਹਨ। ਇਸ ਸਫ਼ਰ ਦੌਰਾਨ ਫੋਮਾ ਵੀ ਉਹਨਾਂ ਦੇ ਨਾਲ ਸੀ। ਫੋਮਾ ਜੋ ਇਹਨਾਂ ਸਾਰਿਆਂ ਨੂੰ ਪਸੰਦ ਨਹੀਂ ਕਰਦਾ, ਕਿਉਂਕਿ ਉਹ ਸਮਝਦਾ ਹੈ ਕਿ ਇਹ ਸਾਰੇ ਭ੍ਰਿਸ਼ਟ ਤੇ ਘਟੀਆ ਹਨ, ਇਹਨਾਂ ਨੇ ਜ਼ਿੰਦਗੀ ਦਾ ਨਹੀਂ, ਬਲਕਿ ਜੇਲ੍ਹਖਾਨੇ ਦਾ ਨਿਰਮਾਣ ਕੀਤਾ ਹੈ। ਇਨ੍ਹਾਂ ਵਿਵਸਥਾ ਕਾਇਮ ਨਹੀਂ ਕੀਤੀ, ਬਲਕਿ ਮਨੁੱਖ ਦੇ ਪੈਰਾਂ ਵਿੱਚ ਗੁਲਾਮੀ ਦੀਆਂ ਬੇੜੀਆਂ ਪਾਈਆਂ ਹਨ। ਫੋਮਾ ਇਸ ਪ੍ਰਕਾਰ ਦੀ ਜ਼ਿੰਦਗੀ ਨੂੰ ਪਸੰਦ ਨਹੀਂ ਕਰਦਾ। ਉਸ ਦਾ ਇਸ ਵਿੱਚ ਸਾਹ ਲੈਣਾ ਔਖਾ ਹੈ ਕਿਉਂਕਿ ਇਸ ਦੁਨੀਆ ਵਿੱਚ ਆਦਮੀ ਤਿਲ-ਤਿਲ ਮਰ ਰਿਹਾ ਤੇ ਇਨਸਾਨੀਅਤ ਖਤਮ ਹੋ ਰਹੀ ਹੈ। ਫੋਮਾ ਜੋ ਕਾਫ਼ੀ ਸਮੇਂ ਤੋਂ ਇਹਨਾਂ ਸਭ ਦੇ ਖ਼ਿਲਾਫ਼ ਸੀ। ਮਾਇਕਨ ਦਾ ਲੈਕਚਰ ਸੁਣਨ ਤੋਂ ਬਾਅਦ ਉਸ ਦੇ ਅੰਦਰ ਦਾ ਲਾਵਾ ਫੁੱਟ ਉੱਠਿਆ ਤੇ ਉਸ ਨੇ ਸਭ ਵਪਾਰੀਆਂ ਦਾ ਪਰਦਾਫਾਸ਼ ਕਰ ਦਿੱਤਾ। ਕੋਨੋਨੋਵ ਜਿਸ 'ਤੇ ਨਾਬਾਲਗ ਲੜਕੀ ਦੇ ਅਪਹਰਣ ਤੇ ਉਸ ਨਾਲ ਜਬਰ-ਜ਼ਨਾਹ ਦੇ ਇਲਜ਼ਾਮ ਤਹਿਤ ਮੁਕੱਦਮਾ ਚੱਲਣਾ ਸੀ ਤੇ ਉਸ ਦਾ ਜੇਲ੍ਹ ਵਿੱਚ ਜਾਣਾ ਲਾਜ਼ਮੀ ਸੀ। ਇਸੇ ਤਰ੍ਹਾਂ ਗੁਸ਼ਚਿਨ ਜਿਸ ਨੇ ਆਪਣੇ ਭਰਾ ਦੀ ਜਾਇਦਾਦ 'ਤੇ ਆਪਣਾ ਕਬਜ਼ਾ ਕਰ ਲਿਆ। ਉਸ ਦੇ ਪੂਰੇ ਛਿਅੱਤਰ ਹਜ਼ਾਰ ਰੂਬਲ ਹੜੱਪ ਲਏ ਤੇ ਬੋਬਰੋਵ ਜਿਸ ਨੇ ਆਪਣੀ ਰਖੇਲ 'ਤੇ ਚੋਰੀ ਦਾ ਝੂਠਾ ਇਲਜ਼ਾਮ ਲਗਾ ਕੇ ਜੇਲ੍ਹ ਵਿੱਚ ਪਹੁੰਚਾ ਦਿੱਤਾ। ਇਸ ਤਰ੍ਹਾਂ ਇਸ ਸਟੀਮਰ ਵਿੱਚ ਜਿੰਨੇ ਵੀ ਵਪਾਰੀ ਸਨ।ਫੋਮਾ ਨੇ ਇੱਕ-ਇੱਕ ਕਰਕੇ ਸਾਰਿਆਂ ਦੇ ਖ਼ਿਲਾਫ਼ ਆਪਣੀ ਭੜਾਸ ਕੱਢੀ। ਸਾਰੇ ਉਸ ਦੇ ਖਿਲਾਫ਼ ਹੋ ਜਾਂਦੇ ਹਨ ਤੇ ਉਸ ਨੂੰ ਰਸਤੇ 'ਚੋਂ ਹਟਾਉਣ ਦੇ ਮਨਸੂਬੇ ਬਣਾਉਂਦੇ ਹਨ। ਨਾਵਲ ਇਹ ਦੱਸਦਾ ਹੈ ਕਿ ਇੱਕ ਚੰਗੀ ਸੋਚ ਵਾਲੇ ਇਨਸਾਨ ਨੂੰ ਇਸ ਦੁਨੀਆ ਵਿੱਚ ਕਿਤੇ ਵੀ ਢੋਈ ਨਹੀਂ ਮਿਲਦੀ। ਉਸ ਦੀ ਸਾਰੀ ਜਾਇਦਾਦ ਹੜੱਪਣ ਬਾਰੇ ਸੋਚਿਆ ਜਾਂਦਾ ਹੈ। ਉਹ ਸੱਚ ਬੋਲਦਾ ਹੈ ਜੋ ਹਰ ਇਕ ਲਈ ਕੌੜਾ ਹੁੰਦਾ ਹੈ। ਫੋਮਾ ਦੇ ਸੱਚ ਬੋਲਣ ਕਾਰਨ ਸਾਰੇ ਹੀ ਉਸ ਦੇ ਵਿਰੋਧੀ ਹੋ ਜਾਂਦੇ ਹਨ ਤੇ ਉਸ ਨੂੰ ਬੇੜੀਆਂ ਵਿੱਚ ਜਕੜ ਦਿੱਤਾ ਜਾਂਦਾ ਹੈ। ਨਾਵਲ ਦੱਸਦਾ ਹੈ ਜਿਵੇਂ ਨਾਨਕ ਸਿੰਘ ਦੇ ਨਾਵਲ 'ਕੋਈ ਹਰਿਆ ਬੂਟ ਰਹਿਓ ਰੀ' ਵਿੱਚ ਇੱਕ ਭ੍ਰਿਸ਼ਟ ਪਿਤਾ ਦੇ ਘਰ ਇੱਕ ਇਮਾਨਦਾਰ ਬੱਚਾ ਪੈਦਾ ਹੁੰਦਾ ਹੈ, ਜੋ ਆਪਣੇ ਬਾਪ ਦੀਆਂ ਭ੍ਰਿਸ਼ਟ ਹਰਕਤਾਂ ਦਾ ਵਿਰੋਧ ਕਰਦਾ ਹੈ। ਇਸੇ ਤਰ੍ਹਾਂ ਇਗਨਟ ਦੇ ਘਰ ਫੋਮਾ ਵਰਗਾ ਪੁੱਤਰ ਪੈਦਾ ਹੁੰਦਾ ਹੈ, ਜਿਸ ਨੂੰ ਉਸ ਦੇ ਸਰਪ੍ਰਸਤ ਮਾਇਕਨ ਨੇ ਇੱਕ ਚੰਗਾ ਆਪਣੇ ਵਰਗਾ ਵਪਾਰੀ ਬਣਾਉਣ ਦਾ ਯਤਨ ਕੀਤਾ, ਪਰ ਉਹ ਉਸ ਨੂੰ ਬਣਾਉਣ ਵਿੱਚ ਕਾਮਯਾਬ ਨਾ ਹੋ ਸਕਿਆ ਤੇ ਅਖੀਰ ਵਿੱਚ ਫੋਮਾ ਵਰਗਾ ਪਾਤਰ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਜਾਂਦਾ ਹੈ ਤੇ ਭਵਿੱਖ ਵਿੱਚ ਮਾਇਕਨ ਆਪਣੇ ਤੇ ਆਪਣੇ ਜਵਾਈ ਸਮੋਲਿਨ ਦੇ ਨਾਂਅ ਇੱਕ ਸ਼ਾਨਦਾਰ ਕਮਰਸ਼ੀਅਲ ਹਾਊਸ ਦਾ ਨਿਰਮਾਣ ਕਰਦਾ ਹੈ, ਜਿਸ ਦਾ ਨਾਂਅ 'ਟਾਰਸ ਮਾਇਕਨ ਐਂਡ ਅਫ਼ਰੀਕਨ ਸਮੋਲਿਨ' ਹੁੰਦਾ ਹੈ ਤੇ ਫੋਮਾ ਵਰਗੇ ਪਾਤਰ ਇਸ ਦੁਨੀਆ ਵਿੱਚ ਨੀਮ ਪਾਗਲ ਹੋ ਕੇ ਦੁਨੀਆ ਵਿੱਚ ਵਿਚਰਦੇ ਰਹਿੰਦੇ ਹਨ। ਸੋ ਇਹ ਨਾਵਲ ਇੱਕ ਪਾਤਰ ਪ੍ਰਧਾਨ ਨਾਵਲ ਹੈ, ਜੋ ਕਿ ਫੋਮਾ ਗੋਰਦੇਵ ਦੇ ਸਹਿਮੇ ਹੋਏ ਕਿਰਦਾਰ ਨੂੰ ਪਾਠਕਾਂ ਸਾਹਵੇਂ ਰੱਖਦਾ ਹੈ।

ਭੁਪਿੰਦਰ ਸਿੰਘ ਮਲਿਕ ਨੇ ਇਸ ਨਾਵਲ ਨੂੰ ਅਨੁਵਾਦ ਕਰਨ ਦੀ ਚੁਨੌਤੀ ਨੂੰ ਸਵੀਕਾਰਦਿਆਂ ਬਹੁਤ ਹੀ ਮਿਹਨਤ ਨਾਲ ਇਸ ਦਾ ਪੰਜਾਬੀ ਅਨੁਵਾਦ ਕੀਤਾ ਹੈ। ਉਸ ਨੇ ਟਕਸਾਲੀ ਪੰਜਾਬੀ ਵਿੱਚ ਹੀ ਵਾਰਤਾਲਾਪ ਨੂੰ ਇਸ ਕਦਰ ਪੇਸ਼ ਕੀਤਾ ਹੈ ਕਿ ਉਹ ਅਨੁਵਾਦ ਕੀਤੀ ਰਚਨਾ ਨਹੀਂ ਜਾਪਦੀ, ਬਲਕਿ ਇੱਕ ਮੌਲਿਕ ਰਚਨਾ ਲੱਗਦੀ ਹੈ। ਭੁਪਿੰਦਰ ਸਿੰਘ ਮਲਿਕ ਦੀ ਅਨੁਵਾਦਿਤ ਰਚਨਾ ਦੇ ਇੱਕ-ਇੱਕ ਸ਼ਬਦ 'ਤੇ ਕੀਤੀ ਹੋਈ ਮਿਹਨਤ ਬੋਲਦੀ ਹੈ। ਅਨੁਵਾਦ ਸ਼ਬਦਾਂ ਦਾ ਇਨ-ਬਿਨ ਅਨੁਵਾਦ ਨਹੀਂ ਹੁੰਦਾ, ਬਲਕਿ ਇਸ ਰਾਹੀਂ ਉਹ ਭਾਵ ਸਪੱਸ਼ਟ ਹੋਣਾ ਚਾਹੀਦਾ ਹੈ, ਜੋ ਮੂਲ ਰਚਨਾ ਦਾ ਲੇਖਕ ਪਾਠਕਾਂ ਸਾਹਮਣੇ ਰੱਖਣਾ ਚਾਹੁੰਦਾ ਹੈ। ਭੁਪਿੰਦਰ ਸਿੰਘ ਮਲਿਕ ਨੇ ਇਸ ਨਾਵਲ ਵਿੱਚ ਉਸ ਭਾਵ ਨੂੰ ਜਿਉਂ ਦਾ ਤਿਉਂ ਰੱਖਣ ਦਾ ਇੱਕ ਉਪਰਾਲਾ ਕੀਤਾ ਹੈ, ਜੋ ਕਾਬਲੇ-ਤਾਰੀਫ਼ ਹੈ। ਉਸ ਨੇ ਵੱਡੇ-ਵੱਡੇ ਰੂਸੀ ਨਾਵਾਂ ਨੂੰ ਵੀ ਸੰਖੇਪ ਵਿੱਚ ਇਸ ਪ੍ਰਕਾਰ ਪੇਸ਼ ਕੀਤਾ ਹੈ, ਜੋ ਪੰਜਾਬੀਆਂ ਦੀ ਜ਼ੁਬਾਨ 'ਤੇ ਆਸਾਨੀ ਨਾਲ ਲਏ ਜਾ ਸਕਦੇ ਹਨ। ਸੋ ਇੱਕ ਵਧੀਆ ਅਨੁਵਾਦਿਤ ਨਾਵਲ ਹੈ, ਜੋ ਮੈਕਸਿਮ ਗੋਰਕੀ ਦੀ ਰਚਨਾ 'ਮਾਂ' ਦੀ ਤਰ੍ਹਾਂ 'ਫੋਮਾ ਗੋਰਦਿਏਵ' ਨਾਵਲ ਨੂੰ ਵੀ ਹਰਮਨ-ਪਿਆਰਾ ਬਣਾਏਗੀ। ਅੰਤ ਵਿੱਚ ਮੈਂ ਪ੍ਰਵੇਸ਼ ਸ਼ਰਮਾ ਦੇ ਵਿਚਾਰਾਂ ਨਾਲ ਸਹਿਮਤ ਹਾਂ, ਜਿਵੇਂ ਕਈ ਪੁਰਾਣੀਆਂ ਫਿਲਮਾਂ ਕਹਾਣੀ ਤੱਤ ਦੀ ਕਿੱਲਤ ਹੋਣ ਦੇ ਬਾਵਜੂਦ ਮਧੁਰ ਸੰਗੀਤ ਕਾਰਨ ਹੀ ਆਪਣਾ ਮੁਕਾਮ ਹਾਸਲ ਕਰ ਲੈਂਦੀਆਂ ਸਨ, ਉਵੇਂ ਹੀ ਇਹ ਕਿਤਾਬ ਆਪਣੀ ਅਦਬੀ ਬੁਲੰਦੀ ਦੇ ਬਾਵਜੂਦ ਅਨੁਵਾਦ ਦੀ ਖ਼ੂਬਸੂਰਤੀ ਕਰਕੇ ਹੀ ਪਾਠਕਾਂ ਦੇ ਮਨ ਵਿੱਚ ਆਪਣਾ ਸਥਾਨ ਬਣਾ ਲਵੇਗੀ ਅਤੇ ਪੰਜਾਬੀ ਅਦਬ ਦੇ ਤਰਜ਼ ਨੂੰ ਤਰਜਮਾਸ਼ੁਦਾ ਖ਼ਜ਼ਾਨੇ ਵਿੱਚ ਬੇਸ਼-ਕੀਮਤ ਵਾਧਾ ਕਰੇਗੀ।

ਮੈਕਸਿਮ ਗੋਰਕੀ ਦਾ ਇਹ ਨਾਵਲ ਕਾਲਜੱਈ ਨਾਵਲ ਕਿਹਾ ਜਾ ਸਕਦਾ ਹੈ, ਕਿਉਂਕਿ ਇਸ ਦੀ ਮਹੱਤਤਾ 125 ਵਰ੍ਹੇ ਪਹਿਲਾਂ ਜਿੰਨੀ ਸੀ, ਓਨੀ ਹੀ ਮਹੱਤਤਾ ਅੱਜ ਦੇ ਯੁੱਗ ਵਿੱਚ ਹੀ ਹੈ ਤੇ ਸਦਾ ਰਹੇਗੀ। ਅੱਜ ਵੀ ਪੂੰਜੀਵਾਦ ਨੇ ਸਭ ਨੂੰ ਇਹ ਆਪਣੇ ਸ਼ਿਕੰਜੇ ਵਿੱਚ ਕੱਸਿਆ ਹੋਇਆ ਹੈ ਤੇ ਦੁਨੀਆ ਭਰ ਦੇ ਕਾਰੋਬਾਰਾਂ ਨੂੰ ਹਥਿਆਰ ਬਣਾ ਕੇ ਅੱਜ ਵੀ ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਮੈਕਸਿਮ ਗੋਰਕੀ ਦਾ ਇਹ ਨਾਵਲ ਉਸ ਸਮੇਂ ਦੇ ਯਥਾਰਥ ਨੂੰ ਅੱਜ ਦੇ ਸੰਦਰਭ ਵਿੱਚ ਦੇਖਣ ਦੀ ਨਜ਼ਰ ਵੱਲ ਤਵੱਕੋ ਦੇ ਰਿਹਾ ਪ੍ਰਤੀਤ ਹੁੰਦਾ ਹੈ।

***ਸੰਪਰਕ : 98555-95818***

ਸਫ਼ਾ 1 ਦੀ ਬਾਕੀ

## ਖੁਸ਼ਹੈਸੀਅਤ ਟੈਕਸ ਵਿਰੁੱਧ ਕਿਸਾਨ ਸੰਘਰਸ਼ ...

ਆਉਣਾ ਸ਼ੁਰੂ ਕਰ ਦਿੰਦੇ ਸਨ।

ਉਦਾਹਰਣ ਵਜੋਂ ਪਿੰਡ ਰੁੜਕਾ ਵਿੱਚ ਜਿੱਥੋਂ ਸੌ ਤੋਂ ਵੱਧ ਵਲੰਟੀਅਰਾਂ ਨੇ ਸੱਤਿਆਗ੍ਰਹਿ ਦੀ ਪੇਸ਼ਕਸ਼ ਕੀਤੀ ਹੈ, ਮੀਟਿੰਗ ਲਈ ਕੋਈ ਪ੍ਰੋਗਰਾਮ ਨਹੀਂ ਸੀ। ਪਰ ਜਦੋਂ ਅਸੀਂ ਲੰਘ ਰਹੇ ਸੀ, ਤਾਂ ਸਾਨੂੰ ਰੋਕ ਲਿਆ ਗਿਆ। ਆਮ ਵਾਂਗ ਲੋਕ ਇਕੱਠੇ ਹੋ ਗਏ। 2 ਮਿੰਟਾਂ ਦੇ ਅੰਦਰ-ਅੰਦਰ ਉਨ੍ਹਾਂ ਨੇ ਕਿਤੋਂ ਮਾਈਕ ਮੰਗਵਾਇਆ। ਉਨ੍ਹਾਂ ਕੋਲ ਇਸ ਨੂੰ ਸਹੀ ਢੰਗ ਨਾਲ ਸੈੱਟ ਕਰਨ ਦਾ ਸਮਾਂ ਵੀ ਨਹੀਂ ਸੀ। ਇਸ ਲਈ ਇੱਕ ਬਜ਼ੁਰਗ ਆਦਮੀ ਨੇ ਆਪਣੇ ਹੱਥਾਂ ਵਿੱਚ ਲਾਊਡ ਸਪੀਕਰ ਫੜਿਆ ਹੋਇਆ ਸੀ, ਜਦੋਂ ਕਿ ਦੂਜੇ ਨੇ ਕਾਮਰੇਡ ਗੋਪਾਲਨ ਲਈ ਮੀਟਿੰਗ ਨੂੰ ਸੰਬੋਧਨ ਕਰਨ ਲਈ ਮਾਈਕ੍ਰੋਫ਼ੋਨ ਫੜਿਆ ਹੋਇਆ ਸੀ। ਜੰਡਿਆਲਾ ਪਿੰਡ ਵਿੱਚ ਪ੍ਰਦੇਸ਼ ਕਾਂਗਰਸ ਪ੍ਰਧਾਨ ਦਰਬਾਰਾ ਸਿੰਘ ਦਾ ਘਰ ਹੈ। ਇਸ ਪਿੰਡ ਵਿੱਚ ਵੀ ਕੋਈ ਪ੍ਰੋਗਰਾਮ ਨਹੀਂ ਸੀ। ਪਰ ਜਦੋਂ ਅਸੀਂ ਇੱਕ ਗੁਆਂਢੀ ਪਿੰਡ ਵਿੱਚ ਸੀ, ਤਾਂ ਇੱਕ ਵਿਅਕਤੀ ਸਾਈਕਲ 'ਤੇ ਆਇਆ ਅਤੇ ਜ਼ੋਰ ਦੇ ਕੇ ਕਿਹਾ ਕਿ ਸਾਨੂੰ ਘੱਟੋ-ਘੱਟ 5 ਮਿੰਟ ਲਈ ਜੰਡਿਆਲਾ ਜਾਣਾ ਚਾਹੀਦਾ ਹੈ। ਜਦੋਂ ਅਸੀਂ ਉੱਥੇ ਗਏ ਤਾਂ ਮੀਟਿੰਗ ਵਾਲੀ ਥਾਂ ਭਰੀ ਹੋਈ ਸੀ, ਪਿੰਡ ਦੇ ਕਾਂਗਰਸੀ ਆਗੂ ਵੀ ਉੱਥੇ ਸਨ। ਇਹ ਦਿਨ ਦੀ ਸਭ ਤੋਂ ਵੱਡੀ ਮੀਟਿੰਗ ਸਾਬਤ ਹੋਈ।

ਧਾਲੀਵਾਲ ਪਿੰਡ ਵਿੱਚ ਜਿੱਥੇ ਪੁਲਸ ਨੇ ਪਹਿਲਾਂ ਗੋਲੀ ਚਲਾਈ ਸੀ, ਉੱਥੇ ਔਰਤਾਂ ਦਾ ਇੱਕ ਬਹੁਤ ਵੱਡਾ ਇਕੱਠ ਸੀ। ਕਾਮਰੇਡ ਗੋਪਾਲਨ ਮੀਟਿੰਗ ਨੂੰ ਸੰਬੋਧਨ ਕਰਨ ਤੋਂ ਬਾਅਦ ਉੱਥੇ ਗਏ, ਜਿੱਥੇ ਔਰਤਾਂ ਬੈਠੀਆਂ ਸਨ। ਉਨ੍ਹਾਂ ਨੂੰ ਪੁੱਛਿਆ ਕਿ ਪਿੰਡ ਐਤੀਆਣਾ ਵਿੱਚ ਤੁਹਾਡੀਆਂ ਦੋ ਭੈਣਾਂ ਮਾਰੀਆਂ ਗਈਆਂ ਹਨ। ਜੇਕਰ ਪੁਲਸ ਦੁਬਾਰਾ ਇੱਥੇ ਆਈ ਤਾਂ ਤੁਸੀਂ ਕੀ ਕਰੋਗੇ? ਬਿਨਾਂ ਕਿਸੇ ਝਿਜਕ ਦੇ ਜਵਾਬ ਆਇਆ, 'ਪੁਲਸ ਗੋਲੀ ਮਾਰ ਸਕਦੀ ਹੈ, ਪਰ ਉਹ ਇਸ ਪਿੰਡ ਤੋਂ ਕੁਝ ਨਹੀਂ ਲੈ ਸਕਦੀ।' ਠੀਕਰੀਵਾਲ ਵਿੱਚ ਅਸੀਂ ਪਟਿਆਲਾ ਪਰਜਾ ਮੰਡਲ ਲਹਿਰ ਦੇ ਪਹਿਲੇ ਸ਼ਹੀਦ ਸੇਵਾ ਸਿੰਘ ਦੀ ਵਿਧਵਾ ਦੇ ਘਰ ਗਏ। ਉਸ ਨੇ ਕੈਰੋਂ ਵਿਰੁੱਧ ਕੌੜੀ ਸ਼ਿਕਾਇਤ ਕੀਤੀ ਅਤੇ ਸਾਨੂੰ ਦੱਸਿਆ ਕਿ ਸਰਕਾਰ ਨੇ ਉਸ ਨੂੰ ਦਿੱਤੀ ਜਾ ਰਹੀ ਪੈਨਸ਼ਨ ਬੰਦ ਕਰ ਦਿੱਤੀ ਹੈ। 'ਸਰਕਾਰ ਨੇ ਪਟਿਆਲਾ ਵਿੱਚ ਇੱਕ ਨਾਇਕ ਵਜੋਂ ਉਸ ਦੇ ਲਈ ਇੱਕ ਯਾਦਗਾਰ ਬਣਾਈ ਹੈ।' ਉਸ ਨੇ ਕਿਹਾ, 'ਪਰ ਮੈਂ ਹੀ ਜਾਣਦੀ ਹਾਂ ਕਿ ਮੈਨੂੰ ਪੈਨਸ਼ਨ ਦਾ ਹੱਕਦਾਰ ਬਣਾਉਣ ਲਈ ਉਸ ਦੀ ਕੀ-ਕੀ ਘਾਲਣਾ ਹੈ।' ਫਿਰ ਉਸ ਨੇ ਕਿਹਾ, 'ਜੇਕਰ ਪਿੰਡ ਦੀਆਂ ਔਰਤਾਂ ਚਾਹੁੰਦੀਆਂ ਹਨ ਕਿ ਮੈਂ ਉਨ੍ਹਾਂ ਦੇ ਨਾਲ ਜਾਵਾਂ ਤਾਂ ਮੈਂ ਸੱਤਿਆਗ੍ਰਹਿ ਕਰਾਂਗੀ।' 'ਤੁਹਾਨੂੰ ਔਰਤਾਂ ਨੂੰ ਇਸ ਦਾ ਪੂਰਾ ਅਰਥ ਸਮਝਣ ਲਈ ਦੇਖਣਾ ਪਵੇਗਾ' ਇੱਕ ਬਜ਼ੁਰਗ ਔਰਤ ਜੋ ਕੁੱਬੀ ਸੀ ਅਤੇ ਆਪਣੇ-ਆਪ ਸਿੱਧੀ ਖੜ੍ਹੀ ਹੋਣ ਤੋਂ ਅਸਮਰੱਥ ਸੀ, ਉਹ ਔਰਤ ਸੱਤਿਆਗ੍ਰਹੀਆਂ ਦੇ ਜਥੇ ਦੀ ਅਗਵਾਈ ਕਰਨ ਦੀ ਪੇਸ਼ਕਸ਼ ਕਰ ਰਹੀ ਸੀ। ਇਹੀ ਉਹ ਪਕੜ ਹੈ, ਜੋ ਖੁਸ਼ਹੈਸੀਅਤੀ ਟੈਕਸ ਸੰਘਰਸ਼ ਨੇ ਸਮੁੱਚੇ ਕਿਸਾਨੀ 'ਤੇ ਬਣਾਈ ਹੈ।

ਕਾਮਰੇਡ ਗੋਪਾਲਨ ਘੱਲ ਕਲਾਂ ਵਿੱਚ ਕਿਸਾਨਾਂ ਨਾਲ ਪੁਲਸ ਜਬਰ ਅਤੇ ਇਸ ਦਾ ਵਿਰੋਧ ਕਰਨ ਦੀ ਜ਼ਰੂਰਤ ਬਾਰੇ ਗੱਲ ਕਰ ਰਹੇ ਸਨ, ਜਦੋਂ ਇੱਕ ਸਲੇਟੀ ਦਾੜ੍ਹੀ ਵਾਲਾ ਕਿਸਾਨ ਚੰਨਣ ਸਿੰਘ ਉੱਠਿਆ ਅਤੇ ਹੌਲੀ ਜਿਹੀ ਕਿਹਾ, 'ਕਿਸੇ ਨੇ ਸਾਨੂੰ ਇਸ ਅੰਦੋਲਨ ਬਾਰੇ ਨਹੀਂ ਦੱਸਿਆ, ਇਹ ਸਾਡੀਆਂ ਮੁਸ਼ਕਲਾਂ ਵਿੱਚੋਂ ਪੈਦਾ ਹੋਇਆ ਹੈ, ਕੋਈ ਵੀ ਜਬਰ ਸਾਨੂੰ ਨਹੀਂ ਰੋਕ ਸਕਦਾ।'

ਇਨ੍ਹਾਂ ਸ਼ਬਦਾਂ ਨੇ ਨਾ ਸਿਰਫ਼ ਲੜਨ ਦੇ ਉਨ੍ਹਾਂ ਦੇ ਦ੍ਰਿੜ੍ਹ ਇਰਾਦੇ ਨੂੰ ਪ੍ਰਗਟ ਕੀਤਾ, ਸਗੋਂ ਉਨ੍ਹਾਂ ਨੇ ਅੰਦੋਲਨ ਦੇ ਸਰਬਪੱਖੀ ਚਰਿੱਤਰ ਨੂੰ ਦਰਸਾਇਆ-ਇੱਕ ਅੰਦੋਲਨ ਜਿਸ ਨੂੰ ਕਿਸਾਨ ਖ਼ੁਦ ਚਲਾ ਰਹੇ ਹਨ, ਖ਼ੁਦ ਲੜ ਰਹੇ ਹਨ ਅਤੇ ਉਹ ਜਿੱਤਣ ਲਈ ਦ੍ਰਿੜ੍ਹ ਹਨ।

ਕੰਡੋਲਾ ਸ਼ਹੀਦ ਮਲਕੀਤ ਸਿੰਘ ਦਾ ਪਿੰਡ ਹੈ। ਇਸ ਨੌਜਵਾਨ ਸੱਤਿਆਗ੍ਰਹੀ ਦੀ ਪੁਲਸ ਦੀ ਬੇਰਹਿਮੀ ਵਾਲੀ ਲਾਪਰਵਾਹੀ ਕਾਰਨ ਨਮੂਨੀਆ ਨਾਲ ਜੇਲ੍ਹ ਵਿੱਚ ਮੌਤ ਹੋ ਗਈ ਸੀ। ਜਦੋਂ ਅਸੀਂ ਪਿੰਡ ਪਹੁੰਚੇ ਤਾਂ ਦੇਰ ਰਾਤ ਹੋ ਚੁੱਕੀ ਸੀ। ਆਦਮੀ ਕਾਫ਼ੀ ਸਮੇਂ ਤੋਂ ਇੰਤਜ਼ਾਰ ਕਰਦੇ-ਕਰਦੇ ਖਿੰਡ ਗਏ ਸਨ, ਪਰ ਕੁੜੀਆਂ ਦਾ ਇੱਕ ਸਮੂਹ ਉੱਥੇ ਹੀ ਬੈਠਾ ਹੋਇਆ ਸੀ। ਉਨ੍ਹਾਂ ਨੇ ਨਾਅਰੇ ਲਗਾਏ ਅਤੇ ਸਾਨੂੰ ਮਲਕੀਤ ਸਿੰਘ ਦੇ ਘਰ ਲੈ ਗਏ। ਕਾਮਰੇਡ ਗੋਪਾਲਨ ਨੇ ਸ਼ਹੀਦ ਦੀ ਮਾਂ ਨੂੰ ਸ਼ਰਧਾਂਜਲੀ ਦਿੱਤੀ। ਤੁਸੀਂ ਕਲਪਨਾ ਨਹੀਂ ਕਰ ਸਕਦੇ ਕਿ ਉਸ ਨੇ ਕੀ ਕਿਹਾ। ਗੋਪਾਲਨ ਦੇ ਸ਼ਬਦਾਂ ਵਿੱਚ 'ਮੈਨੂੰ ਉਮੀਦ ਸੀ ਕਿ ਉਹ ਰੋਵੇਗੀ ਅਤੇ ਮੈਂ ਇਸ ਦੇ ਲਈ ਤਿਆਰ ਸੀ, ਪਰ ਉਸ ਨੇ ਹੰਝੂ ਦੀ ਇੱਕ ਬੂੰਦ ਵੀ ਨਹੀਂ ਵਹਾਈ, ਉਸ ਨੇ ਮੈਨੂੰ ਦੱਸਿਆ ਕਿ ਅਸੀਂ ਸਾਰੇ ਉਸ ਦੇ ਪੁੱਤਰ ਹਾਂ ਅਤੇ ਉਸ ਨੇ ਮੈਨੂੰ ਆਸ਼ੀਰਵਾਦ ਦਿੱਤਾ ਅਤੇ ਕਿਹਾ ਕਿ ਅੰਦੋਲਨ ਸਫਲ ਹੋਵੇਗਾ। ਮੈਂ ਅਜਿਹੀਆਂ ਦਲੇਰ ਔਰਤਾਂ ਘੱਟ ਹੀ ਦੇਖੀਆਂ ਹਨ।' ਪਿੰਡ ਸੁਧਾਰ ਦੇ ਹਸਪਤਾਲ ਵਿੱਚ ਅਸੀਂ ਐਤੀਆਣਾ ਗੋਲੀਬਾਰੀ ਤੋਂ ਗੰਭੀਰ ਜ਼ਖਮੀ ਹੋਏ ਲੋਕਾਂ ਨੂੰ ਦੇਖਿਆ। ਸਾਡੇ ਵਿੱਚੋਂ ਕੋਈ ਵੀ ਉਨ੍ਹਾਂ ਵਿੱਚੋਂ ਇੱਕ 18 ਸਾਲ ਦੀ ਕੁੜੀ ਅਜਾਇਬ ਕੌਰ ਦਾ ਚਿਹਰਾ ਕਦੇ ਨਹੀਂ ਭੁੱਲੇਗਾ। ਉਸ ਦੀ ਸੱਜੀ ਬਾਂਹ ਵਿੱਚ ਗੋਲੀ ਲੱਗੀ ਹੈ ਅਤੇ ਉਹ ਸ਼ਾਇਦ ਜਾਣਦੀ ਸੀ ਕਿ ਉਹ ਉਸ ਬਾਂਹ ਨੂੰ ਦੁਬਾਰਾ ਕਦੇ ਨਹੀਂ ਵਰਤ ਸਕੇਗੀ। ਉਸ ਦੇ ਕੱਪੜੇ ਅਜੇ ਵੀ ਖ਼ੂਨ ਨਾਲ ਲੱਥਪੱਥ ਸਨ, ਪਰ ਜਦੋਂ ਉਸ ਨੂੰ ਦੱਸਿਆ ਗਿਆ ਕਿ ਉਸ ਨੂੰ ਮਿਲਣ ਕੌਣ ਆਇਆ ਹੈ, ਤਾਂ ਉਸ ਦਾ ਚਿਹਰਾ ਮੁਸਕਰਾਹਟ ਨਾਲ ਚਮਕ ਉੱਠਿਆ। ਉਸ ਦੇ ਚਿਹਰੇ 'ਤੇ ਕੋਈ ਪਛਤਾਵਾ ਨਹੀਂ ਸੀ। ਜਦੋਂ ਅਸੀਂ ਹਸਪਤਾਲ ਤੋਂ ਬਾਹਰ ਆਏ ਤਾਂ ਸਾਨੂੰ ਇੱਕ ਗੱਲ ਦਾ ਯਕੀਨ ਸੀ ਕਿ ਕੋਈ ਵੀ ਗੋਲੀ ਕਦੇ ਵੀ ਉਸ ਮੁਸਕਰਾਹਟ ਨੂੰ ਦਬਾਅ ਨਹੀਂ ਸਕੇਗੀ।

*(15 ਮਾਰਚ 1959 ਦੇ ਨਿਊ ਏਜ ਵਿਚ ਛਪੀ ਰਿਪੋਰਟ ਦਾ ਪੰਜਾਬੀ ਅਨੁਵਾਦ)*

**ਸੰਪਰਕ : +99884-91002**

# ਸਾਡੇ ਪੁਰਖਿਆਂ ਨੇ ਹਠੂਰ... ਚੱਕਰ... ਜਗਰਾਓਂ... ਰਾਇਕੋਟ ਕਸਬੇ ਅਬਾਦ ਕੀਤੇ

# ਰਾਇ ਅਜ਼ੀਜ਼ਉੱਲ੍ਹਾ ਖਾਨ

ਫਾਹਾਂ ਇਨਾਮ ਵੰਡ ਸਮਾਗਮ ਤੋਂ ਵਿਹਲੇ ਹੋ ਕੇ ਜਦੋਂ ਬਾਰਜ ਫਾਹਾਂ ਹੁਰੀਂ ਸਾਨੂੰ ਵਿਕਟੋਰੀਆ ਅਸੰਬਲੀ ਵਿਖੇ ਸਾਡੀ ਗੇੜੀ ਮਰਵਾਉਣ ਲੈ ਕੇ ਗਏ ਤਾਂ ਸਾਡੇ ਜਥੇ ਦੇ ਨਾਲ ਰਾਇ ਅਜੀਜਉੱਲ੍ਹਾ ਖਾਨ ਵੀ ਸਨ। ਬਾਰਜ ਹੁਰੀਂ ਸਭ ਦੀ ਜਾਣ-ਪਛਾਣ ਕਰਵਾਈ। ਸਾਡੇ ਕੋਲ ਪੂਰਾ ਦਿਨ ਸੀ। ਵਿਕਟੋਰੀਆ ਘੁੰਮਦਿਆਂ, ਫੇਰੀ ਵਿੱਚ ਸਫ਼ਰ ਕਰਦਿਆਂ ਮੈਂ ਤੇ ਬਲਬੀਰ ਪਰਵਾਨਾ ਉਨ੍ਹਾਂ ਨਾਲ ਗੱਲਾਂ ਕਰਦੇ ਰਹੇ। ਉਹ ਸਾਡੇ ਨਾਲ ਬੜੇ ਨਿਮਰ ਸੁਭਾਅ ਤੇ ਹਲੀਮੀ ਨਾਲ ਗੱਲਾਂ ਕਰ ਰਹੇ ਸਨ। ਕੁਝ ਆਪਣੇ ਬਾਰੇ ਦੱਸ ਰਹੇ ਸਨ। ਕੁਝ ਸਾਨੂੰ ਪੁੱਛ ਰਹੇ ਸਨ। ਬੜੇ ਸਹਿਜ ਤਰੀਕੇ ਨਾਲ ਆਪਣੇ ਪੁਰਖਿਆਂ ਬਾਰੇ ਦੱਸ ਰਹੇ ਸਨ। ਮੈਂ ਮਹਿਸੂਸ ਕੀਤਾ ਕਿ ਸਾਡੇ ਨਾਲ ਅਜਿਹੇ ਇਨਸਾਨ ਵਿਚਰ ਰਹੇ ਹਨ, ਜਿਨ੍ਹਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਸਨ। ਉਨ੍ਹਾਂ ਦੇ ਪੁਰਖੇ ਪੰਜਾਬ ਸਥਿਤ ਕਈ ਰਿਆਸਤਾਂ ਦੇ ਮਾਲਕ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਿਸ਼ਾਨੀ 'ਗੰਗਾ ਸਾਗਰ' ਕਈ ਪੀੜ੍ਹੀਆਂ ਦਾ ਸਫ਼ਰ ਤਹਿ ਕਰਦੀ ਹੋਈ ਉਨ੍ਹਾਂ ਤੱਕ ਸੁਰੱਖਿਅਤ ਪੁੱਜੀ ਹੈ। ਉਸ ਦਿਨ ਸ਼ਾਮ ਨੂੰ ਰਾਇ ਹੁਰੀਂ ਮੈਨੂੰ ਤੇ ਬਲਬੀਰ ਪਰਵਾਨਾ ਨੂੰ ਸਾਡੇ ਘਰ ਛੱਡ ਕੇ ਗਏ। ਫਿਰ ਇਕ ਦਿਨ ਉਨ੍ਹਾਂ ਨੇ ਸਾਨੂੰ ਸਰੀ ਦੇ ਲਾਹੌਰੀ ਰੈਸਟੋਰੈਂਟ ਵਿਖੇ ਸਵਾਦਲਾ ਖਾਣਾ ਵੀ ਖਵਾਇਆ। ਮੈਨੂੰ ਬਲਬੀਰ ਪਰਵਾਨਾ ਹੁਰਾਂ ਨੇ ਕਿਹਾ ਕਿ ਤੂੰ ਇਨ੍ਹਾਂ ਦੀ ਇੰਟਰਵਿਊ ਹੀ ਕਰ ਲੈ। ਮੈਂ ਮੁਲਾਕਾਤ ਲਈ ਆਪਣੇ ਆਪ ਨੂੰ ਤਿਆਰ ਕੀਤਾ। ਜਿੱਥੇ ਮੈਂ ਬੱਚਿਆਂ ਨਾਲ ਰਹਿ ਰਿਹਾ ਸਾਂ, ਰਾਇ ਹੁਰੀਂ ਸਾਡੇ ਨੇੜੇ ਹੀ ਰਹਿ ਰਹੇ ਸਨ। ਇਕ ਦਿਨ ਮੈਂ ਰਾਇ ਹੁਰਾਂ ਨੂੰ ਮੁਲਾਕਾਤ ਕਰਨ ਦਾ ਕਹਿ ਦਿੱਤਾ। ਉਨ੍ਹਾਂ ਨੇ ਮੈਨੂੰ ਘਰੋਂ ਚੁੱਕ ਲਿਆ ਤੇ ਉਹ ਆਪਣੇ ਸਰੀ ਸਥਿਤ ਘਰ ਲੈ ਗਏ। ਅਸੀਂ ਆਪਸ ਵਿੱਚ ਉਨ੍ਹਾਂ ਦੇ ਘਰ ਤਕਰੀਬਨ ਦੋ ਘੰਟੇ ਗੱਲਾਂ ਕੀਤੀਆਂ। ਉਨ੍ਹਾਂ ਦੇ ਰੁਝੇਵੇਂ ਭਰੇ ਸਮੇਂ ਵਿੱਚ ਅਸੀਂ ਕਾਫੀ ਗੱਲਾਂ ਕਰ ਲਈਆਂ। ਰਾਇ ਹੁਰੀਂ ਆਪਣੇ ਪੁਰਖਿਆਂ ਬਾਰੇ ਬਹੁਤ ਸਾਰੀਆਂ ਗੱਲਾਂ ਸਾਂਭੀ ਬੈਠੇ ਹਨ। ਮੈਨੂੰ ਆਸ ਹੈ ਕਿ ਇਸ ਗੱਲਬਾਤ ਨਾਲ ਪੰਜਾਬ ਦੇ ਇਤਿਹਾਸ ਵਿੱਚ ਕੁਝ ਨਵੇਂ ਵਰਕੇ ਜ਼ਰੂਰ ਜੁੜਨਗੇ।

**? ਰਾਇ ਸਾਹਿਬ ਸਭ ਤੋਂ ਪਹਿਲਾਂ ਤਾਂ ਆਪਣੇ ਪੁਰਖਿਆਂ ਬਾਰੇ ਜਾਣਕਾਰੀ ਦਿਓ...ਉਨ੍ਹਾਂ ਦੀ ਸਮਾਜਿਕ, ਰਾਜਨੀਤਿਕ ਸਥਿਤੀ ਕਿਹੋ ਜਿਹੀ ਸੀ।**

-ਅਸੀਂ ਰਾਜਪੂਤ ਹਾਂ। ਸਾਡੇ ਪੁਰਖੇ ਪਹਿਲਾਂ ਪਹਿਲ ਹਿੰਦੂ ਸਨ ਤੇ ਉਹ ਜੈਸਲਮੇਰ ਤੋਂ ਆਏ ਸਨ। ਫਿਰ ਏਧਰ ਪੰਜਾਬ ਵਿੱਚ ਵਸ ਗਏ। ਮੋਕਲ ਚੰਦ ਸਾਡੇ ਪਹਿਲੇ ਬਜ਼ੁਰਗ ਸਨ। ਉਨ੍ਹਾਂ ਨੇ ਮੋਕਲਹਰ ਜਿਸ ਦਾ ਬਾਅਦ ਵਿੱਚ ਨਾਂਅ ਫਰੀਦਕੋਟ ਪੈ ਗਿਆ ਸੀ, ਉਨ੍ਹਾਂ ਨੇ

## ਪੈੜਾਂ

## ਮੁਲਾਕਾਤੀ : ਭਗਵੰਤ ਰਸੂਲਪੁਰੀ

ਅਬਾਦ ਕੀਤਾ ਸੀ। ਉਨ੍ਹਾਂ ਤੋਂ ਬਾਅਦ ਚੌਥੀ ਪੀੜ੍ਹੀ ਸੀ ਰਾਇ ਤੁਲਸੀ ਦਾਸ। ਉਹ 1323 ਵਿੱਚ ਮੁਸਲਮਾਨ ਹੋ ਗਏ ਸਨ। ਬਹਾਵਲਪੁਰ ਵਿੱਚ ਇਕ ਸ਼ਹਿਰ ਦੇ ਉੱਚ ਸਰੀਫ਼ ਉਥੋਂ ਦੇ ਇਕ ਸੂਫ਼ੀ ਦਰਵੇਸ਼ ਸਨ ਮਖ਼ਦੂਮ ਜਹਾਨੀਆ ਜਹਾਨ ਗਸ਼ਤ। ਉਨ੍ਹਾਂ ਨੂੰ ਉੱਚ ਦਾ ਪੀਰ ਵੀ ਕਿਹਾ ਜਾਂਦਾ ਐ। ਉਥੋਂ ਦੇ ਬਹੁਤ ਹੀ ਉੱਚ ਪੱਧਰੀ ਲੋਕ ਹੋਏ ਨੇ। ਉਹ ਇਸਲਾਮ ਦਾ ਬਹੁਤ ਵੱਡਾ ਸਿੱਖਿਆ ਦਾ ਕੇਂਦਰ ਵੀ ਸੀ। ਮਖ਼ਦੂਮ ਜਹਾਨੀਆ...ਉਨ੍ਹਾਂ ਦੇ ਹੱਥੋਂ 1323 ਵਿੱਚ ਰਾਇ ਤੁਲਸੀ ਦਾਸ ਇਸਲਾਮ ਵਿੱਚ ਆਏ ਤੇ ਉਨ੍ਹਾਂ ਦਾ ਨਾਂਅ ਰਾਇ ਸਰਾਜੂ ਦੀਨ ਰੱਖਿਆ। ਉਨ੍ਹਾਂ ਨੇ 1323 ਵਿੱਚ ਚੱਕਰ ਪਿੰਡ, (ਤਹਿਸੀਲ ਜਗਰਾਓਂ) ਅਬਾਦ ਕੀਤਾ। ਇਸ ਗੱਲ ਨੂੰ ਤਕਰੀਬਨ 700 ਸਾਲ ਹੋ ਗਏ। ਉਸ ਤੋਂ ਬਾਅਦ ਉਨ੍ਹਾਂ ਦੀਆਂ ਅਗਲੀਆਂ ਪੁਸ਼ਤਾਂ ਨੇ ਹਠੂਰ...ਚੱਕਰ...ਹਲਵਾਰਾ...ਤਲਵੰਡੀ, ਰਾਏਕੋਟ, ਜਗਰਾਓਂ ਵਰਗੇ ਕਸਬੇ ਅਬਾਦ ਕੀਤੇ। ਇਸ ਤਰ੍ਹਾਂ ਸਾਡੇ ਪੁਰਖਿਆਂ ਨੇ ਕਈ ਕਸਬੇ ਅਬਾਦ ਕੀਤੇ। ਜੋ ਸਾਡੀ ਸਾਖ਼ ਸੀ। ਉਨ੍ਹਾਂ ਨੇ ਚੱਕਰ ਤੋਂ ਬਾਅਦ ਤਲਵੰਡ ਰਾਇ ਕਸਬਾ ਅਬਾਦ ਕੀਤਾ 1478 ਵਿੱਚ। ਇਹ ਰਾਇ ਪਰਵਾਰ ਦਾ ਹੈੱਡ ਕਵਾਟਰ ਬਣ ਗਿਆ। ਰਾਇ ਕੱਲ੍ਹਾ ਦੇ ਨਾਂਅ ਦੇ ਤਿੰਨ ਬਜ਼ੁਰਗ ਸਾਡੇ ਪਰਵਾਰ ਦੇ ਹੋਏ ਨੇ। ਰਾਇ ਕੱਲ੍ਹਾ-1 ਚੌਥੀ ਪੀੜ੍ਹੀ ਰਾਇ ਸਿਰਾਜੂਦੀਨ ਸੀ। ਜੋ ਮੁਗਲ ਅਲਾਉਦੀਨ ਦੇ ਰਾਜ ਵਿੱਚ ਕਰਮਚਾਰੀ ਸਨ ਅਤੇ ਤਲਵੰਡੀ ਰਾਇ ਜ਼ਿਲ੍ਹਾ ਲੁਧਿਆਣਾ ਨੂੰ 1478 ਈ. ਵਿਚ ਅਬਾਦ ਕੀਤਾ। ਰਾਇ ਕੱਲ੍ਹਾ-3 ਜੋ ਰਾਇ ਕਮਾਲੂਦੀਨ-2 ਦੇ ਪੁੱਤਰ ਸਨ, ਜੋ 1705 ਵਿੱਚ ਮੁਸਲਿਮ ਚੀਫ਼ ਰਹੇ। ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕੀਤੀ, ਉਹ ਰਾਇ ਕੱਲ੍ਹਾ ਤੀਜਾ...ਪਹਿਲੇ ਉਹ ਸਨ, ਜਿਨ੍ਹਾਂ ਨੇ ਤਲਵੰਡੀ ਰਾਏ ਆਬਾਦ ਕੀਤਾ। ਫਿਰ ਰਾਏਕੋਟ ਅਬਾਦ ਹੋਇਆ। ਇਕ ਹਲਵਾਰਾ ਆਬਾਦ ਹੋਇਆ। ਸਾਡੇ ਵਾਲੀ ਜੋ ਵੱਡੀ ਸਾਖ਼ ਸੀ, ਉਨ੍ਹਾਂ ਰਾਏਕੋਟ ਅਬਾਦ ਕੀਤਾ 1648 ਵਿੱਚ। ਜਗਰਾਵਾਂ ਨੂੰ 1680 ਵਿੱਚ ਅਬਾਦ ਕੀਤਾ...ਰਾਇ ਕਮਾਲਓਦੀਨ-ਦੂਜੇ ਨੇ। ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਕੀਤੀ, ਉਹ ਰਾਇ ਕੱਲ੍ਹਾ ਦੇ ਪਿਤਾ ਸਨ। ਰਾਇ ਅਹਿਮਦ ਨੇ ਰਾਏਕੋਟ ਅਬਾਦ ਕੀਤਾ ਸੀ 1648 ਵਿੱਚ। ਰਾਇ ਕੱਲ੍ਹਾ ਦੇ ਚਾਚੇ ਤਾਏ ਸਨ। ਰਾਇ ਮੁਹੰਮਦ ਹੁਰੀਂ ਰਾਇ ਕੱਲ੍ਹਾ ਤੀਜੇ ਦੇ ਪੁੱਤਰ ਸਨ। ਰਾਇ ਅੱਲੀਆ ਰਾਇ ਮੁਹੰਮਦ ਦੇ ਪੁੱਤਰ ਸਨ, ਜਿਨ੍ਹਾਂ ਦੀ 1802 ਵਿੱਚ ਮੌਤ ਹੋ ਗਈ ਸੀ। ਨੂਰ ਉਨ ਨਿਸ਼ਾ ਤੇ ਰਾਣੀ ਭਾਗਭਰੀ ਵਿਧਵਾ ਸਨ, ਜਿਹੜੇ ਰਾਇ ਅਲੀਆ ਦੇ ਮੌਤ ਉਪਰੰਤ ਰਿਆਸਤ ਦੀਆਂ ਮਾਲਕ ਬਣੀਆਂ। ਇਹ ਸਮਾਂ 1802 ਦਾ ਸੀ। ਰਾਣੀ ਭਾਗਭਰੀ ਨੇ ਵੀ ਰਿਆਸਤ ਵਿੱਚ ਰਾਜ ਕੀਤਾ 1854 ਵਿੱਚ। ਰਾਇ ਇਮਾਮ ਬਖ਼ਸ਼ੀ ਦੇ ਵੱਡੇ ਪੁੱਤਰ ਰਾਇ ਫਿਜ਼ਾ ਤਾਲਿਬ ਖਾਨ (1848-1900) ਸਨ। ਜੋ ਰਾਇ ਪਰਵਾਰ ਦੇ ਰਾਏਕੋਟ ਦੇ ਚੀਫ ਰਹੇ। ਰਾਇ ਇਨਾਇਤ ਖਾਨ (1877-1953) ਰਾਇ ਫਿਜ਼ਾ ਤਾਲਿਬ ਖਾਨ ਦੇ ਇਕਲੌਤੇ ਪੁੱਤਰ ਸਨ। ਜੋ ਰਾਏਕੋਟ ਮਿਊਂਸਪਲ ਕਮੇਟੀ ਦੇ ਪ੍ਰਧਾਨ ਰਹੇ 1904 ਵਿੱਚ। ਉਹ ਮੈਜਿਸਟ੍ਰੇਟ, ਸਿਵਲ ਜੱਜ ਤੇ ਸਬ ਰਜਿਸਟਰਾਰ ਜਗਰਾਓਂ (1912-1937) ਰਹੇ, ਜੋ ਸੰਤਾਲੀ ਵੇਲੇ ਪਾਕਿਸਤਾਨ ਵਿੱਚ ਚਲੇ ਗਏ ਸਨ।

**? ਤੁਹਾਡੇ ਪੁਰਖਿਆਂ ਦਾ ਇਤਿਹਾਸ ਤੁਹਾਡੇ ਤੱਕ ਕਿਵੇਂ ਪੁੱਜਾ...ਇਹ ਲਿਖਤੀ ਰੂਪ ਵਿੱਚ ਵੀ ਤੁਹਾਨੂੰ ਮਿਲਿਆ।**

—ਇਸ ਤਰ੍ਹਾਂ ਕੋਈ ਲਿਖਤੀ ਇਤਿਹਾਸ ਤਾਂ ਮੇਰੇ ਤੱਕ ਨਹੀਂ ਪੁੱਜਾ। ਪਰ ਜਦੋਂ ਮੈਂ ਆਪਣੇ ਪੁਰਖਿਆਂ ਦੀ ਖੋਜ ਕੀਤੀ। ਇਤਿਹਾਸ ਦੀਆਂ ਕਿਤਾਬਾਂ ਵਿੱਚ ਮੈਨੂੰ ਕੁਝ ਹਵਾਲੇ ਮਿਲੇ ਸਨ। ਭਾਈ ਕਾਨ੍ਹ ਸਿੰਘ ਨਾਭਾ ਦੀ 'ਮਹਾਨ ਕੋਸ਼' ਐ...ਹੋਰ ਹਵਾਲਾ ਬੁੱਕਸ ਹਨ। ਡਿਸਟਿਕ ਗਜ਼ਟੀਅਰ ਹਨ, ਕਿਉਂਕਿ ਮੇਰੇ ਮਾਤਾ-ਪਿਤਾ ਜੀ ਉਦੋਂ ਫੌਤ ਹੋ ਗਏ ਸਨ, ਜਦੋਂ ਮੈਂ ਬਹੁਤ ਛੋਟਾ ਸਾਂ। ਮੈਨੂੰ ਮੇਰੀ ਦਾਦੀ ਜੀ ਨੇ ਪਾਲ਼ਿਆ। ਮੇਰਾ ਪਾਕਿਸਤਾਨ ਦਾ ਜਨਮ ਹੈ 1951 ਦਾ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਸਾਡਾ ਪਿਛੋਕੜ ਰਾਏਕੋਟ ਦਾ ਹੈ।

**? ਮੈਂ ਥੋੜ੍ਹਾ ਜਿਹਾ ਫਿਰ ਪਿੱਛੇ ਨੂੰ ਜਾਣਾ ਚਾਹੁੰਦਾ ਹਾਂ। ਜੋ ਤੁਹਾਡੇ ਪੁਰਖੇ ਸਨ। ਜੋ ਉਨ੍ਹਾਂ ਨੇ ਓਸ ਵੇਲੇ ਪੁਲੀਟੀਕਲ ਸਪੇਸ ਆਪਣੀ ਬਣਾਈ ਸੀ। ਉਹਦੇ ਪਿੱਛੇ ਕਿਹੜੇ ਕਾਰਨ ਸਨ। ਕੀ ਉਹ ਆਰਥਿਕ ਤੌਰ 'ਤੇ ਤਕੜੇ ਸਨ ਤੇ ਉਨ੍ਹਾਂ ਦਾ ਸਮਾਜ ਵਿੱਚ ਦਬਦਬਾ ਸੀ।**

—ਜਦੋਂ ਸਾਡੇ ਬਜ਼ੁਰਗ ਪਹਿਲੇ ਮੁਸਲਮਾਨ ਹੋਏ ਸਨ। ਉਹ ਜਦੋਂ ਏਥੇ ਆਏ ਤਾਂ ਏਥੋਂ ਦੇ ਰਾਜਿਆਂ ਨੂੰ ਮਿਲੇ ਸਨ। ਪੀਰ ਸਾਹਿਬ ਨੇ ਵੀ ਉਨ੍ਹਾਂ ਦੀ ਜਾਣ-ਪਛਾਣ ਕਰਵਾਈ। ਉਸ ਜ਼ਮਾਨੇ ਵਿੱਚ ਉੱਚੀ ਤੇ ਸੁੱਚੀ ਸੋਚ ਵਾਲੇ ਪੀਰ ਹੁੰਦੇ ਸਨ। ਉਨ੍ਹਾਂ ਦੀ ਗੱਲ ਰਾਜੇ-ਮਹਾਰਾਜੇ ਮੰਨਦੇ ਵੀ ਸਨ। ਜੋ ਜੈਸਲਮੇਰ ਦੇ ਸਾਡੇ ਪੁਰਖੇ ਸਨ, ਉਨ੍ਹਾਂ ਦਾ ਉਦੋਂ



ਖਾਨ ਬਹਾਦਰ ਰਾਏ ਇਨਾਇਤ ਖਾਨ



ਰਾਏ ਫਕੀਰ ਉਲ੍ਹਾ ਖਾਨ

ਵੀ ਉਥੇ ਅਸਰ-ਰਸੂਖ ਸੀ। ਜਦੋਂ ਮੋਕਲ ਚੰਦ ਹੁਰਾਂ ਨੇ ਫਰੀਦਕੋਟ ਅਬਾਦ ਕੀਤਾ। ਫਰੀਦਕੋਟ ਦਾ ਪਹਿਲਾ ਨਾਂਅ ਮੋਕਲ ਹਰ ਸੀ। ਸੋ ਅਗਲੀਆਂ ਪੀੜ੍ਹੀਆਂ ਵਿੱਚ ਉਹ ਲਿਆਕਤ ਤੇ ਰਸੂਖ ਆਉਂਦਾ ਗਿਆ। ਅਗਲੀਆਂ ਪੀੜ੍ਹੀਆਂ ਵਿੱਚ ਐਜੂਕੇਸ਼ਨ ਤੇ ਜਾਇਦਾਦ ਆ ਗਈ। ਫਿਰ ਲੋਕਾਂ ਪ੍ਰਤੀ ਤੁਹਾਡੀ ਕਿਸ ਤਰ੍ਹਾਂ ਦੀ ਨੇੜਤਾ ਤੇ ਵਰਤਾਓ ਹੁੰਦਾ ਹੈ। ਇਹ ਸਾਰੀਆਂ ਗੱਲਾਂ ਅਗਲੀਆਂ ਪੀੜ੍ਹੀਆਂ ਤੱਕ ਆਉਂਦੀਆਂ ਗਈਆਂ।

**? ਤੁਹਾਡੇ ਪੁਰਖਿਆਂ ਵਿੱਚ ਕੋਈ ਇਸ ਤਰ੍ਹਾਂ ਦਾ ਬਜ਼ੁਰਗ ਵੀ ਹੋਇਆ, ਜੋ ਆਰਟ ਕਲਾ ਨਾਲ ਜੁੜਿਆ ਹੋਵੇ।**

—ਨਹੀਂ, ਇਸ ਤਰ੍ਹਾਂ ਨਾਲ ਕੋਈ ਕਲਾ ਜਾਂ ਆਰਟ ਨਾਲ ਜੁੜਿਆ ਸਾਡਾ ਕੋਈ ਬਜ਼ੁਰਗ ਨਹੀਂ ਹੈ, ਪਰ ਉਨ੍ਹਾਂ ਦਾ ਰਾਜਨੀਤਕ ਰਸੂਖ ਸੀ। ਰਾਜਨੀਤੀ ਵਿੱਚ ਉਨ੍ਹਾਂ ਦੀ ਰੁਚੀ ਸੀ। ਭਾਈਚਾਰੇ ਦੀ ਸੇਵਾ ਕਰਨ ਦਾ ਜਜ਼ਬਾ ਸੀ। ਜਦੋਂ ਤੁਸੀਂ ਬਿਨਾਂ ਕਿਸੇ ਵਿਤਕਰੇ ਨਾਲ ਸਾਰੇ ਭਾਈਚਾਰੇ ਲਈ ਕੰਮ ਕਰਦੇ ਹੋ ਤਾਂ ਉਦੋਂ ਹਰ ਇਕ ਸ਼ਖਸ ਦੇ ਮਨ ਵਿੱਚ ਤੁਹਾਡੀ ਥਾਂ ਬਣ ਜਾਂਦੀ ਹੈ।

**? ਜਦੋਂ ਤੁਹਾਡੇ ਪੁਰਖਿਆਂ ਨੇ ਰਾਏਕੋਟ ਅਬਾਦ ਕੀਤਾ, ਉਥੇ ਜੋ ਦੂਜੇ ਧਰਮਾਂ ਦੇ ਲੋਕ ਸਨ, ਉਨ੍ਹਾਂ ਦੀ ਆਪਸੀ ਸਾਂਝ ਕਿੰਨੀ ਕੁ ਜਾਂ ਕਿਹੋ ਜਿਹੀ ਸੀ।**

—ਕੁਝ ਗੱਲਾਂ ਤਾਂ ਮੇਰੇ ਤੱਕ ਬਜ਼ੁਰਗਾਂ ਰਾਹੀ ਆਈਆਂ। ਕੁਝ ਮੈਂ ਇਤਿਹਾਸ ਦੀਆਂ ਕਿਤਾਬਾਂ ਪੜ੍ਹੀਆਂ ਤਾਂ ਮੈਨੂੰ ਆਪਣੇ ਪੁਰਖਿਆਂ ਬਾਰੇ ਜਾਣਕਾਰੀ ਮਿਲੀ। ਰਾਏਕੋਟ ਵਿੱਚ ਇਕ ਲਾਲਾ ਦੂਨੀ ਚੰਦ ਹੋਏ ਸਨ, ਜੋ ਸਾਡੇ ਪੁਰਖਿਆਂ ਨਾਲ ਕੰਮ ਕਰਦੇ ਸਨ। ਜੋ ਰਾਏਕੋਟ ਦੀ ਰਿਆਸਤ ਸੀ, ਉਸ ਵਿੱਚ 1360 ਪਿੰਡ ਸਨ। ਰਾਣੀ ਭਾਗਭਰੀ ਸਾਡੀ ਬਜ਼ੁਰਗ ਔਰਤ ਸੀ। ਉਨ੍ਹਾਂ ਦੇ ਨਾਲ ਦੂਨੀ ਚੰਦ ਹੁਰਾਂ ਕੰਮ ਵੀ ਕੀਤਾ। ਭਾਈਚਾਰੇ ਵਿੱਚ ਬਹੁਤ ਪਿਆਰ ਸੀ। ਸਾਰੇ ਹਿੰਦੂ, ਸਿੱਖ, ਮੁਸਲਮਾਨ ਸਾਰੇ ਭਰਾਵਾਂ ਵਾਂਗੂ ਰਹਿੰਦੇ ਸਨ। ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦੀ ਇਕ ਕਿਤਾਬ ਸੀ 1971 ਵਿੱਚ ਛਪੀ। ਉਹ ਕਿਤਾਬ ਮੈਨੂੰ ਕਿਸੇ ਰਾਹੀਂ ਮਿਲੀ। ਇਹ ਸਾਰੀਆਂ ਗੱਲਾਂ ਉਸ ਵਿੱਚ ਲਿਖੀਆਂ ਹੋਈਆਂ ਮੈਨੂੰ ਮਿਲੀਆਂ। ਮੇਰੇ ਆਪਣੇ ਅੱਬਾ ਜੀ ਦੇ ਅਧਿਆਪਕ ਲਾਲਾ ਸਾਧੂ ਰਾਮ ਸਦਾਵਰਤੀ ਸਨ। ਉਹ ਮੈਨੂੰ 1999



ਵਿੱਚ ਉਦੋਂ ਮਿਲੇ, ਜਦੋਂ ਮੈਂ ਪਹਿਲੀ ਵਾਰ ਇੰਡੀਆ ਗਿਆ ਸਾਂ। ਤਾਂ ਮੈਨੂੰ ਜੱਫੀ ਪਾ ਕੇ ਰੋਣ ਲੱਗ ਪਏ। ਉਹ ਕਹਿਣ ਲੱਗੇ ਕਿ ਬੇਟੇ ਤੁਹਾਡੇ ਵਿੱਚੋਂ ਮੈਨੂੰ ਤੁਹਾਡੇ ਫਾਦਰ ਰਾਇ ਫਕੀਰਉੱਲ੍ਹਾ ਦਿਸਦੇ ਨੇ। 47 ਤੋਂ ਬਾਅਦ ਮੈਂ ਪਹਿਲੀ ਵਾਰ 1999 ਵਿੱਚ ਮੈਂ ਰਾਏਕੋਟ ਗਿਆ। ਤਲਵਣ ਆਪਣੇ ਨਾਨਕੇ ਪਿੰਡ ਗਿਆ। ਜਿਹਨੂੰ ਵੀ ਪਤਾ ਲੱਗਾ, ਉਹ ਇਸ ਤਰ੍ਹਾਂ ਮਿਲੇ, ਜਿਵੇਂ ਆਪਣੇ ਵਿੱਛੜੇ ਬੱਚੇ ਨੂੰ ਮਿਲਦੇ ਹੁੰਦੇ ਨੇ।

**? ਤੁਹਾਡੇ ਪੁਰਖਿਆਂ ਦਾ ਸਮਾਂ ਬਸਤੀਵਾਦ ਤੋਂ ਪਹਿਲਾਂ ਦਾ ਐ। ਜਦੋਂ ਅੰਗਰੇਜ਼ ਭਾਰਤ 'ਤੇ ਕਾਬਜ਼ ਹੁੰਦੇ ਨੇ। ਸਾਰੀਆਂ ਪੰਜਾਬ ਦੀਆਂ ਰਿਆਸਤਾਂ ਆਪਣੇ ਕਬਜ਼ੇ ਵਿੱਚ ਲੈ ਲੈਂਦੇ ਨੇ। ਉਦੋਂ ਤੁਹਾਡੇ ਪੁਰਖਿਆਂ ਦੀ ਸਥਿਤੀ ਕਿਹੋ ਜਿਹੀ ਰਹੀ। ਕੀ ਉਹ ਅੰਗਰੇਜ਼ਾਂ ਦੇ ਅਧੀਨ ਹੋ ਗਏ। ਉਨ੍ਹਾਂ ਦੀਆਂ ਜਾਇਦਾਦਾਂ ਕਿੱਥੇ ਗਈਆਂ। ਉਨ੍ਹਾਂ ਦੀ ਸਥਿਤੀ ਕਿਹੋ ਜਿਹੀ ਰਹੀ।**

-ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਇਹ ਰਿਆਸਤ ਤੋੜ ਦਿੱਤੀ ਸੀ। ਉਸ ਤੋਂ ਪਹਿਲਾਂ ਬੰਦਾ ਸਿੰਘ ਬਹਾਦਰ ਆਏ। ਉਨ੍ਹਾਂ ਨੇ ਜਦੋਂ ਰਾਏਕੋਟ ਵੱਲ ਚੜ੍ਹਾਈ ਕੀਤੀ, ਉਦੋਂ ਉਹਨੂੰ ਜਦੋਂ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸੇਵਕ ਰਾਇ ਕੱਲ੍ਹਾ ਏਥੇ ਰਹਿੰਦਾ ਹੈ, ਉਹ ਰਾਏਕੋਟ ਤੋਂ ਪਹਿਲਾਂ ਰੁਕ ਗਏ ਸਨ। ਜਦੋਂ ਰਣਜੀਤ ਸਿੰਘ ਦਾ ਰਾਜ ਆਉਂਦਾ ਏ, ਉਹ ਰਿਆਸਤ ਨੂੰ ਆਪਣੇ ਕਬਜ਼ੇ ਵਿੱਚ ਲੈਂਦੇ ਨੇ ਤਾਂ ਉਹ ਸਾਡੇ ਪੁਰਖਿਆਂ ਲਈ ਪੰਜ ਪਿੰਡ ਛੱਡ ਦਿੰਦੇ ਨੇ ਉਨ੍ਹਾਂ ਦੇ ਗੁਜ਼ਾਰੇ ਲਈ। ਉਨ੍ਹਾਂ ਬਾਕਾ ਪਿੰਡਾਂ 'ਤੇ ਕਾਬਜ਼ਾ ਕਰਕੇ ਆਪਣੇ ਲੋਕਾਂ ਨੂੰ ਵੰਡ ਦਿੱਤੇ ਸਨ। ਸਾਡੇ ਪੁਰਖਿਆਂ ਨੂੰ ਸ਼ਾਸਨ ਵਿੱਚ ਕੋਈ ਸਪੇਸ ਨਹੀਂ ਦਿੱਤੀ, ਪਰ ਸਾਡੇ ਪੁਰਖਿਆਂ ਦੀ ਰਾਜਨੀਤਕ ਹੈਸੀਅਤ ਦੇਖੀ ਜ਼ਰੂਰ ਗਈ। ਰਾਏਕੋਟ, ਤਲਵੰਡੀ, ਹੇਰਾਂ, ਛੱਜਲਵਾਲ ਆਦਿ। ਉਨ੍ਹਾਂ ਪਿੰਡਾਂ ਦੀ ਖੇਤੀ ਵਿੱਚੋਂ ਜੋ ਵੀ ਆਮਦਨ ਹੁੰਦੀ ਸੀ, ਉਸ 'ਤੇ ਸਾਡੇ ਬਜ਼ੁਰਗਾਂ ਦਾ ਕੰਟਰੋਲ ਹੁੰਦਾ ਸੀ।

**? ਉਸ ਵੇਲੇ ਤੁਹਾਡੇ ਪੁਰਖੇ... ਆਪਣੇ ਕੰਮ ਚਲਾਉਣ ਲਈ, ਜਾਇਦਾਦ ਦੀ ਰਾਖੀ ਲਈ, ਲਗਾਨ ਇਕੱਠਾ ਕਰਨ ਲਈ ਕੋਈ ਆਪਣੇ ਨਿੱਜੀ ਫੌਜ ਅਧਿਕਾਰੀ ਵੀ ਰੱਖਦੇ ਸਨ।**

-ਮੈਂ ਹਰੀ ਰਾਮ ਗੁਪਤਾ ਦੀ ਇਕ ਕਿਤਾਬ ਪੜ੍ਹੀ ਸੀ। ਰਾਇ ਕੱਲ੍ਹਾ ਦਾ ਪੋਤਾ ਸੀ ਰਾਇ ਇਲਿਆਸ। ਉਨ੍ਹਾਂ ਬਾਰੇ ਉਸ ਕਿਤਾਬ ਵਿੱਚ ਲਿਖਿਆ ਕਿ ਉਸ ਕੋਲ ਆਪਣੇ ਪੰਦਰਾਂ ਸੌ ਘੋੜ ਸਵਾਰ ਤੇ ਸੈਨਿਕ ਸਨ। ਕੁਝ ਤੋਪਾਂ ਵੀ ਸਨ। ਇਹ ਗੱਲਾਂ ਹਰੀ ਰਾਮ ਗੁਪਤਾ ਨੇ ਆਪਣੀ ਕਿਤਾਬ ਵਿੱਚ ਲਿਖੀਆਂ। ਰਾਇ ਕੱਲ੍ਹਾ ਕੋਲ ਤਾਂ ਪੂਰੀ ਰਿਆਸਤ ਸੀ। ਉਸ ਕੋਲ ਹੋਰ ਵੀ ਵੱਧ ਸੈਨਿਕ ਤੇ ਕੰਮ ਕਰਨ ਵਾਲੇ ਲੋਕ ਹੋਣਗੇ।

**? ਕੋਈ ਇਸ ਤਰ੍ਹਾਂ ਦੇ ਹਵਾਲੇ ਵੀ ਮਿਲਦੇ ਹਨ ਕਿ ਤੁਹਾਡੇ ਪੁਰਖੇ ਆਪਣੀ ਰਿਆਸਤ ਵਿੱਚ ਭਾਈਚਾਰਕ ਸਾਂਝ ਪੈਦਾ ਕਰਨ ਲਈ ਇਸ ਤਰ੍ਹਾਂ ਦੇ ਕੰਮ ਵੀ ਕਰਦੇ ਸਨ। ਉਨ੍ਹਾਂ ਦੀ ਇਮਜ ਲੋਕਾਂ ਵਿੱਚ ਕਿਸ ਤਰ੍ਹਾਂ ਦੀ ਸੀ।**

-ਜਦੋਂ ਮੈਂ ਆਪਣੇ ਪੁਰਖਿਆਂ ਦੀ ਖੋਜ ਕਰ ਰਿਹਾ ਸੀ ਤਾਂ ਮੈਨੂੰ ਕਈ ਕਿਤਾਬਾਂ ਦੇ ਹਵਾਲੇ ਮਿਲੇ। ਕਈ ਹਾਈਕੋਰਟ ਦੀਆਂ ਜਜਮੈਂਟਾਂ ਵੀ ਪ੍ਰਾਪਤ ਹੋਈਆਂ ਕਿ ਰਾਇ ਕੱਲ੍ਹਾ ਨੇ ਹਿੰਦੂ ਧਰਮ ਦੀ ਭਲਾਈ ਲਈ ਸਾਰੇ ਧਰਮਾਂ ਦੇ ਲੋਕਾਂ ਨੂੰ ਆਹ-ਆਹ ਜ਼ਮੀਨਾਂ ਦਾਨ ਦਿੱਤੀਆਂ। ਇਹ ਸਾਰਾ ਕੁਝ ਰਿਕਾਰਡ ਵਿੱਚ ਹੈ। ਜ਼ਮੀਨ ਜਦੋਂ ਕਿਸੇ ਦੇ ਨਾਂਅ ਲੱਗਦੀ ਹੈ ਤਾਂ ਉਹ ਨੋਟ ਹੋ ਜਾਂਦੀ ਹੈ। ਜੋ ਗੁਰਦੁਆਰਾ ਟਾਹਲੀਆਣਾ ਸਾਹਿਬ ਹੈ। ਉਸ ਦੀ ਜ਼ਮੀਨ ਵੀ ਸਾਡੇ ਬਜ਼ੁਰਗਾਂ ਨੇ ਗੁਰਦੁਆਰਾ ਬਣਾਉਣ ਲਈ ਉਦੋਂ ਦਿੱਤੀ ਸੀ।

**? ਜਦੋਂ ਪੰਜਾਬ ਵਿੱਚ ਅੰਗਰੇਜ਼ ਕਾਬਜ਼ ਹੁੰਦੇ ਨੇ, ਉਦੋਂ ਤੁਹਾਡੇ ਪੁਰਖਿਆਂ ਦੀ ਸਪੇਸ ਕਿੰਨੀ ਕੁ ਰਹਿ ਜਾਂਦੀ ਹੈ।**

-ਅੰਗਰੇਜ਼ਾਂ ਨੇ ਵੀ ਬਾਕੀਆਂ ਵਾਂਗ ਸਾਡੇ ਬਜ਼ੁਰਗਾਂ ਨੂੰ ਸਤਿਕਾਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਜਦੋਂ ਰਾਏਕੋਟ ਆਉਂਦੇ ਨੇ ਤਾਂ ਉਨ੍ਹਾਂ ਸਾਡੇ ਪੁਰਖਿਆਂ ਨੂੰ ਤਿੰਨ ਚੀਜ਼ਾਂ ਬਖ਼ਸ਼ੀਆਂ ਸਨ। ਓਸ ਵੇਲੇ ਔਰੰਗਜ਼ੇਬ ਦਾ ਸਮਾਂ ਬਹੁਤ ਭਿਆਨਕ ਸੀ। ਗੁਰੂ ਸਾਹਿਬ ਜਦੋਂ ਰਾਏਕੋਟ ਆਉਂਦੇ ਹਨ। ਦੋ ਬੱਚੇ ਤਾਂ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋ ਗਏ ਸਨ। ਮਾਤਾ ਗੁਜਰੀ ਤੇ ਦੋ ਛੋਟੇ ਬੱਚੇ ਵਿੱਛੜ ਗਏ ਸਨ ਜਦੋਂ ਰਾਏਕੋਟ ਪੁੱਜਦੇ ਨੇ। ਉਹ ਸਮਾਂ ਬੜਾ ਬੁਰਾ ਸੀ। ਗੁਰੂ ਜੀ ਨੂੰ ਜਾਨਣ ਵਾਲਿਆਂ ਨੇ ਹੱਥ ਜੋੜ ਦਿੱਤਾ ਸੀ। ਰਾਇ ਕੱਲ੍ਹਾ ਵੱਲੋਂ ਗੁਰੂ ਸਾਹਿਬ ਨੂੰ ਪਨਾਹ ਦੇਣ ਦਾ ਸਮਾਂ ਬੜਾ ਜੁਰਅਤ ਦਾ ਵੇਲਾ ਸੀ। ਉਹ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਏਧਰ ਆਉਂਦੇ ਸਨ। ਇਕ ਮੁਸਲਮਾਨ ਆਗੂ ਦਾ ਮੁਸਲਮਾਨ ਹਕੂਮਤ ਦੇ ਵਿਰੁੱਧ ਖੜੇ ਹੋਣਾ ਬੜੀ ਵੱਡੀ ਗੱਲ ਸੀ। ਇਹ 1705 ਦੀਆਂ ਗੱਲਾਂ ਹਨ। ਇਹ ਹਵਾਲੇ ਮੈਨੂੰ ਮਹਾਨ ਕੋਸ਼, ਮਾਲਵੇ ਦਾ ਇਤਿਹਾਸ, ਗੁਰੂ ਦੀਆਂ ਸਾਖੀਆਂ ਵਿੱਚੋਂ ਮਿਲੇ। ਜਦੋਂ ਮੇਰੀ ਸੁਰਤਿ ਸੰਭਲਦੀ ਹੈ, ਮੇਰੇ ਮਨ ਵਿੱਚ ਆਇਆ ਕਿ ਇਹ ਕੰਮ ਇਕ ਇਨਸਾਨੀਅਤ ਦੇ ਤੌਰ 'ਤੇ ਬਹੁਤ ਵੱਡਾ ਕੰਮ ਹੈ। ਜਦੋਂ ਪਹਿਲੀ ਵਾਰ ਮੈਂ 'ਗੰਗਾ ਸਾਗਰ' ਦੇ ਦਰਸ਼ਨ ਕਰਵਾਉਣ ਪੰਜਾਬ ਜਾਣਾ ਸੀ ਤਾਂ ਮੈਨੂੰ ਪਾਕਿਸਤਾਨ ਦੇ ਕੁਝ ਦੋਸਤਾਂ ਨੇ ਰੋਕਿਆ ਵੀ। 1947 ਤੋਂ ਬਾਅਦ ਇਹ ਪਤਾ ਹੀ ਨਹੀਂ ਸੀ ਕਿ ਉਹ ਪਰਵਾਰ ਬਚੇ ਹਨ ਕਿ ਨਹੀਂ ਬਚੇ। ਬਾਅਦ ਵਿੱਚ ਪੈਦਾ ਹੋਏ ਸਾਡੇ ਪਰਵਾਰ ਦੇ ਬੱਚਿਆਂ ਨੂੰ 'ਗੰਗਾ ਸਾਗਰ' ਦੇ ਇਤਿਹਾਸ ਦਾ ਪਤਾ ਹੀ ਨਹੀਂ ਲੱਗਾ। ਹੁਣ ਹੌਲੀ-ਹੌਲੀ ਲੱਗ ਰਿਹਾ ਐ। ਜਿਵੇਂ ਕਿ ਮੈਂ ਪਹਿਲਾਂ ਕਿਹਾ, ਮੇਰੇ ਅੱਬਾ ਉਦੋਂ 28 ਸਾਲ ਦੇ ਸਨ, ਜਦੋਂ ਫੌਤ ਹੋ ਗਏ। ਮੈਂ ਛੇ ਸਾਲ ਦਾ ਸੀ। ਮੇਰੇ ਮਾਤਾ-ਪਿਤਾ ਮੇਰੇ ਜਵਾਨ ਹੋਣ ਤੋਂ ਪਹਿਲਾਂ ਪੂਰੇ ਹੋ ਗਏ। ਕੇਵਲ ਮੇਰੀ ਦਾਦੀ ਨੇ ਮੈਨੂੰ ਕੁਝ ਗੱਲਾਂ ਦੱਸੀਆਂ।

**? ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਹੋਰ ਕੀ-ਕੀ ਨਿਸ਼ਾਨੀਆਂ ਸਨ, ਜਿਨ੍ਹਾਂ ਦਾ ਹਵਾਲਿਆਂ ਵਿੱਚ ਜ਼ਿਕਰ ਆਉਂਦਾ ਹੈ।**

—ਇਕ ਤਾਂ 'ਗੰਗਾ ਸਾਗਰ' ਹੈ। ਇਕ ਸ੍ਰੀ ਸਾਹਿਬ (ਖੜਗ ਭਾਵ ਤਲਵਾਰ) ਸੀ। ਇਕ ਲੱਕੜੀ ਦੇ ਰਿਹਲ ਸੀ। ਅਸੀਂ ਮੁਸਲਮਾਨ ਉਸ 'ਤੇ ਕੁਰਾਨ ਸ਼ਰੀਫ ਰੱਖ ਕੇ ਪੜ੍ਹਦੇ ਹਾਂ ਤੇ ਸਿੱਖ ਧਰਮ 'ਚ ਉਸ ਉੱਤੇ ਪੋਥੀ ਰੱਖ ਕੇ ਪੜ੍ਹਦੇ ਨੇ। ਇਹ ਤਿੰਨ ਚੀਜ਼ਾਂ ਬਚੀਆਂ ਸਨ। ਮੈਨੂੰ ਪਤਾ ਲੱਗਾ ਜਦੋਂ ਚਮਕੌਰ ਦੀ ਗੜ੍ਹੀ ਤੋਂ ਬਾਅਦ ਮਾਛੀਵਾੜੇ ਗੁਰੂ ਗੋਬਿੰਦ ਸਿੰਘ ਜੀ ਗਏ ਸਨ। ਉੱਥੇ ਦੋ ਮੁਸਲਮਾਨਾਂ ਨਬੀ ਖਾਂ ਤੇ ਗਨੀ ਖਾਂ ਉਨ੍ਹਾਂ ਨੂੰ ਉੱਚ ਦਾ ਪੀਰ ਬਣਾਇਆ। ਉਦੋਂ ਹਾਲਾਤ ਬੜੇ ਨਾਜ਼ੁਕ ਸਨ। ਆਪਣੀ ਜਾਨ ਬਚਾਉਣ ਦੀ ਹਰ ਇਕ ਨੂੰ ਫ਼ਿਕਰ ਹੁੰਦਾ ਸੀ। ਉਦੋਂ ਗੁਰੂ ਜੀ ਨੇ ਇਹ ਤਿੰਨ ਚੀਜ਼ਾਂ ਆਪਣੇ ਨਾਲ ਰੱਖੀਆਂ ਕਿ ਕੋਈ ਇਨ੍ਹਾਂ ਨੂੰ ਪਛਾਣੇ ਨਾ। ਮੈਨੂੰ ਜਿਹੜੀ ਜਾਣਕਾਰੀ ਮਿਲੀ ਕਿ ਉਨ੍ਹਾਂ ਨੇ ਉਸ ਵੇਲੇ ਕੁਰਾਨ ਸ਼ਰੀਫ਼ ਵੀ ਆਪਣੇ ਨਾਲ ਰੱਖਿਆ ਸੀ। ਜਦੋਂ ਨਬੀ ਖਾਂ-ਗਨੀ ਖਾਂ ਨੂੰ ਰਾਏਕੋਟ ਤੋਂ ਵਾਪਸ ਭੇਜਿਆ ਤਾਂ ਉਹ ਕੁਰਾਨ ਸ਼ਰੀਫ਼ ਉਨ੍ਹਾਂ ਨੂੰ ਹੱਥੀਂ ਸੌਂਪ ਕੇ ਵਾਪਸ ਕਰ ਦਿੱਤਾ ਸੀ। ਉਨ੍ਹਾਂ ਦੀ ਸੋਚ ਸੀ ਕਿ ਮੁਸਲਮਾਨਾਂ ਦਾ ਪਵਿੱਤਰ ਗ੍ਰੰਥ ਐ, ਮੈਂ ਮੁਸਲਮਾਨਾਂ ਦੇ ਹੱਥੀਂ ਵਾਪਸ ਕਰ ਦੇਵਾਂ। ਪਤਾ ਨਹੀਂ ਹਾਲਾਤ ਨੇ ਮੈਨੂੰ ਕਿੱਧਰ ਨੂੰ ਲੈ ਜਾਣਾ ਹੈ। ਸਾਡੇ ਪੁਰਖਿਆਂ ਕੋਲ ਰਿਹਲ, ਸ੍ਰੀ ਸਾਹਿਬ ਤੇ ਗੰਗਾ ਸਾਗਰ ਤਿੰਨ ਚੀਜ਼ਾਂ ਬਚੀਆਂ ਸਨ।

**? ਉਹ ਤਿੰਨੋਂ... ਗੁਰੂ ਸਾਹਿਬ ਦੀਆਂ ਨਿਸ਼ਾਨੀਆਂ ਤੁਹਾਡੀ ਦਾਦੀ ਰਾਹੀਂ ਤੁਹਾਡੇ ਤੱਕ ਪੁੱਜੀਆਂ।**

-ਤੁਸੀਂ ਵੇਖੋ ਸਾਡੇ ਪੁਰਖੇ ਤਕਰੀਬਨ 250 ਸਾਲ ਰਾਏਕੋਟ ਰਹਿ ਕੇ ਗਏ ਨੇ। ਜਿਹੜੀ ਤਾਂ ਲੱਕੜੀ ਦੀ ਰਿਹਲ ਸੀ, ਉਹ ਸੁਰੱਖਿਅਤ ਨਾ ਰਹਿ ਸਕੀ। ਲੱਕੜੀ ਨੂੰ ਘੁਣ ਵਗੈਰਾ ਲੱਗ ਜਾਂਦਾ ਸੀ। ਜੋ 'ਸ੍ਰੀ ਸਾਹਿਬ' ਸੀ, ਉਹ 1854 ਵਿੱਚ ਅੰਗਰੇਜ਼ਾਂ ਨੇ ਆਪਣੀ ਹਕੂਮਤ ਸਮੇਂ ਸਾਡੇ ਪੁਰਖਿਆਂ ਕੋਲੋਂ ਲੈ ਲਈ ਸੀ। ਸਾਡੇ ਪਰਵਾਰ ਦੀ ਸੂਚਨਾ ਤਾਂ ਇਹ ਕਹਿੰਦੀ ਹੈ ਕਿ ਅੰਗਰੇਜ਼ਾਂ ਨੇ ਉਹ ਨਿਸ਼ਾਨੀ ਇੰਗਲੈਂਡ ਭੇਜ ਦਿੱਤੀ। ਮੈਨੂੰ 1854 ਦੇ ਸਮੇਂ ਡੀ.ਸੀ. ਦੇ ਲਿਖੇ ਲੈਟਰ ਵੀ ਮਿਲੇ ਹਨ। ਜੋ ਉਨ੍ਹਾਂ ਆਪਣੀ ਹਕੂਮਤ ਦੇ ਓਸ ਵੇਲੇ ਦੇ ਵਾਇਸ ਰਾਏ ਨੂੰ ਲਿਖੇ ਸਨ। ਆਪ ਕੋਈ ਦੁਰਲੱਭ ਚੀਜ਼-ਵਸਤੂ ਲੈ ਕੇ ਲੈਟਰ ਵਿੱਚ ਇਹ ਲਿਖਦੇ ਸਨ ਕਿ ਆਹ ਚੀਜ਼ ਸਾਨੂੰ ਪੇਸ਼ ਕੀਤੀ ਗਈ ਹੈ। ਵਾਇਸ ਰਾਏ ਤੋਂ ਬਾਅਦ ਕਮਿਸ਼ਨਰ ਨੂੰ... ਫਿਰ ਕਲਕੱਤਾ ਵਿਖੇ ਜਦੋਂ ਇਹ ਨਿਸ਼ਾਨੀ ਇੰਗਲੈਂਡ ਸ਼ਿੱਪ ਵਿੱਚ ਜਾਂਦੀ ਹੈ ਉਦੋਂ ਤੱਕ ਦੇ ਲੈਟਰ ਮਿਲ ਜਾਂਦੇ ਨੇ। ਇੰਗਲੈਂਡ ਦੇ ਆਰਕਾਈਵ ਵਿੱਚ ਕਿਤੇ ਟਰੇਸ ਨਹੀਂ ਹੁੰਦੀ 'ਸ੍ਰੀ ਸਾਹਿਬ' ਕਿਸੇ ਮਿਊਜ਼ੀਅਮ ਵਿੱਚ ਹੈ। ਉਥੇ ਵੀ ਕਈ ਚੀਜ਼ਾਂ ਉਨ੍ਹਾਂ ਰੱਖੀਆਂ ਹੋਈਆਂ ਹਨ। ਕੁਝ ਨਹੀਂ। ਮੈਂ ਇਕ-ਦੋ ਵਾਰ ਕੋਸ਼ਿਸ਼ ਕੀਤੀ ਹੈ, ਪਰ ਪਤਾ ਨਹੀਂ ਲੱਗ ਸਕਿਆ।

**? ਜੋ 'ਗੰਗਾ ਸਾਗਰ' ਹੈ, ਉਸ ਦੀ ਪ੍ਰਮਾਣਕਤਾ ਨੂੰ ਜਾਨਣ ਲਈ ਤੁਸੀਂ ਇਸ ਦੇ ਸਰੋਤ ਜਾਂ ਹਵਾਲੇ ਵੀ ਲੱਭੇ।**

-ਮੈਨੂੰ ਤਾਂ ਮੇਰੀ ਦਾਦੀ ਜੀ ਨੇ ਦੱਸਿਆ ਸੀ ਕਿ ਗੁਰੂ ਗੋਬਿੰਦ ਸਿੰਘ ਦੀ ਆਹ ਨਿਸ਼ਾਨੀ ਸਾਡੇ ਕੋਲ ਹੈ। ਇਸ ਨੂੰ ਸਾਂਭਣ ਦੀ ਜ਼ਿੰਮੇਵਾਰੀ ਮੇਰੇ ਮੋਢਿਆਂ ਉੱਤੇ ਪੈਣੀ ਹੈ। ਉਹ ਇਸ ਗੱਲ ਨੂੰ ਲੈ ਕੇ ਬੜਾ ਫ਼ਿਕਰ ਕਰਦੇ ਸਨ ਕਿ ਇਹ ਬੱਚਾ ਹੈ। ਇਹਨੂੰ ਇਸ ਨਿਸ਼ਾਨੀ ਦਾ ਨਹੀਂ ਪਤਾ ਕਿ ਇਹ ਕਿਸ ਹਸਤੀ ਦੀ ਨਿਸ਼ਾਨੀ ਹੈ ਤੇ ਇਹਨੂੰ ਸਤਿਕਾਰ ਕਿਵੇਂ ਦੇਣਾ ਏ। ਮੈਂ 24 ਸਾਲ ਦਾ ਸੀ ਜਦੋਂ ਮੇਰੀ ਦਾਦੀ ਪੂਰੇ ਹੋਏ। 24 ਸਾਲਾਂ ਵਿੱਚ ਮੈਨੂੰ ਵੀ ਸਿਰਫ਼ ਦੋ ਵਾਰ ਹੱਥ ਲਾਣ ਦਿੱਤਾ ਸੀ। 'ਗੰਗਾ ਸਾਗਰ' ਬਾਰੇ 1993 ਵਿੱਚ ਅਨਾਊਂਸ ਕੀਤਾ ਕਿ ਇਹ ਗੁਰੂ ਗੋਬਿੰਦ ਸਿੰਘ ਦੀ ਨਿਸ਼ਾਨੀ ਸਾਡੇ ਕੋਲ ਆ, ਕਿਉਂਕਿ 1947 ਵੇਲੇ ਏਧਰੋਂ ਜੋ ਲੋਕ ਗਏ ਸਨ, ਉਨ੍ਹਾਂ ਨੂੰ ਇਸ ਨਿਸ਼ਾਨੀ ਦਾ ਪਤਾ ਸੀ। ਉਨ੍ਹਾਂ ਨੇ ਸਾਡੇ ਦਾਦੇ ਜੀ ਹੱਥੋਂ ਇਸ ਨਿਸ਼ਾਨੀ ਦੇ ਦਰਸ਼ਨ ਕੀਤੇ ਹੋਏ ਸਨ। ਜਦੋਂ ਪੋਹ ਮਹੀਨੇ 'ਚ ਦੀਵਾਨ ਸਜਦੇ ਸਨ, ਗੁਰਦੁਆਰਾ ਟਾਹਲੀਆਣਾ ਸਾਹਿਬ ਸੰਗਤ ਸਾਡੀ ਹਵੇਲੀ ਵਿੱਚ ਵੀ ਆਉਂਦੀ ਸੀ। ਉਦੋਂ ਮੇਰੇ ਦਾਦਾ ਜੀ ਸਰ ਅਨਾਇਤ ਖਾਨ ਆਨਰੇਰੀ ਮੈਜਿਸਟ੍ਰੇਟ ਸਨ। ਤਹਿਸੀਲ ਜਗਰਾਵਾਂ ਦੇ ਮੈਜਿਸਟ੍ਰੇਟ ਵੀ ਤੇ ਸਬ ਰਜਿਸਟਰਾਰ ਵੀ ਸਨ। 'ਟਾਹਲੀਆਣਾ' ਨਾਂਅ ਤੇ ਮਹਾਨ ਕੋਸ਼ ਵਿੱਚ ਪੰਨਾ ਨੰਬਰ 550 'ਤੇ ਹਵਾਲਾ ਹੈ, "ਜ਼ਿਲ੍ਹਾ ਲੁਧਿਆਣਾ ਤਸੀਲ ਜਗਰਾਉਂ ਵਿੱਚ ਰਾਇਕੋਟ ਤੋਂ ਇੱਕ ਮਾਲ ਵਾਯਵੀ ਕੋਣ ਇਹ ਅਸਥਾਨ ਹੈ, ਮਾਛੀਵਾੜੇ ਤੋਂ ਚੱਲ ਕੇ ਦਸ਼ਮੇਸ਼ ਜੀ ਇੱਕ ਛੱਪੜੀ 'ਤੇ ਠਹਿਰੇ ਅਤੇ ਟਾਹਲੀ ਹੇਠ ਬਿਰਾਜੇ, ਇਸੇ ਥਾਂ ਕੱਲ੍ਹਾ ਰਾਇ ਗੁਰੂ ਸਾਹਿਬ ਦੀ ਸੇਵਾ ਵਿੱਚ ਹਾਜ਼ਰ ਹੋਇਆ ਅਰ ਨੂਰੇ ਮਾਹੀ ਨੂੰ ਸਰਹਿੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੀ ਖ਼ਬਰ ਮੰਗਵਾਈ। ਗੁਰਦੁਆਰਾ ਬਣਿਆ ਹੋਇਆ ਹੈ। ਦਸ ਵਿੱਘੇ ਜ਼ਮੀਨ ਖ਼ਰੀਦੀ ਹੋਈ ਸਾਥ ਹੈ।"

> ### ਕਲ੍ਹਾਰਾਇ ਕਲ੍ਹਾਰਾਯ
>
> ਰਾਇਕੋਟ (ਜਿਲ੍ਹਾ ਲੁਦਿਆਨਾ) ਦਾ ਸਰਦਾਰ, ਜੋ ਜਗਰਾਵਾਂ ਦੇ ਪਾਸ ਦੇ ਤਿਹਾੜੇ ਇਲਾਕੇ ਦਾ ਰਾਜਾ ਸੀ, ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸੇਵਕ ਸੀ, ਮਾਛੀਵਾੜੇ ਤੋਂ ਉੱਚਪੀਰ ਦੀ ਸ਼ਕਲ ਵਿੱਚ ਦਸਮੇਸ਼ ਰਾਇਕੋਟ ਪਹੁੰਚੇ। ਕਲ੍ਹੇ ਨੇ ਤਨ ਮਨ ਤੋਂ ਸੇਵਾ ਕੀਤਾ। ਆਪਣਾ ਚਰਵਾਹਾ ਨੂਰਾ ਸਰਹਿੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਇਸੇ ਨੇ ਮੰਗਵਾਈ ਸੀ। ਕਲਗੀਧਰ ਨੇ ਕਲ੍ਹਰਾਇ ਨੂੰ ਇੱਕ ਖੜਗ ਬਖ਼ਸ਼ਿਆ ਅਤੇ ਹੁਕਮ ਦਿੱਤਾ ਕਿ ਇਸ ਨੂੰ ਸਨਮਾਨ ਨਾਲ ਰੱਖਣਾ, ਕਲ੍ਹੇ ਨੇ ਹੁਕਮ ਦੀ ਪੂਰੀ ਪਾਲਨਾ ਕੀਤੀ, ਪਰ ਉਸ ਦੇ ਪੋਤੇ ਨੇ ਦਸ਼ਮੇਸ਼ ਦਾ ਖੜਗ ਪਹਿਨ ਲਿਆ ਅਤੇ ਉਸੇ ਦਿਨ ਸ਼ਿਕਾਰ ਵਿੱਚ ਘੋੜੇ ਤੋਂ ਡਿਗਕੇ ਦਸ਼ਮੇਸ਼ ਦੇ ਖੜਗ ਨਾਲ ਜ਼ਖਮੀ ਹੋ ਕੇ ਮੋਇਆ, ਕਲ੍ਹੇ ਦੀ ਬਿਰਾਦਰੀ ਦੇ ਲੋਕ ਹੁਣ ਰਾਯਕੋਟ ਵਿੱਚ ਹਨ, ਕਲਗੀਧਰ ਦੀ ਦੋ ਵਸਤੂਆਂ ਉਨ੍ਹਾਂ ਪਾਸ ਹਨ, ਇੱਕ ਗੰਗਾ ਸਾਗਰ ਅਤੇ ਇੱਕ ਪੋਥੀ ਖੋਲਣ ਦੀ ਰੇਹਲ। (ਮਹਾਨ ਕੋਸ਼ ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ, ਪੰਨਾ-311)

ਇਹ ਸਿਲਸਿਲਾ 1944 ਤੱਕ ਰਿਹਾ। ਸੰਤਾਲੀ ਵੇਲੇ ਮੇਰੇ ਦਾਦਾ ਜੀ ਪਾਕਿਸਤਾਨ ਆ ਗਏ ਸਨ। ਇਸ ਲਈ 'ਗੰਗਾ ਸਾਗਰ' ਕਾਫੀ ਬਜ਼ੁਰਗਾਂ ਨੇ ਆਪਣੇ ਅੱਖੀਂ ਵੇਖਿਆ ਹੋਇਆ ਸੀ। ਤਕਰੀਬਨ 250 ਸਾਲ ਤਾਂ 'ਗੰਗਾ ਸਾਗਰ' ਸਾਡੇ ਪੁਰਖਿਆਂ ਕੋਲ ਰਿਹਾ। ਜਦੋਂ ਮੇਰੇ ਦਾਦੀ ਜੀ ਫੌਤ ਹੋ ਗਏ ਤਾਂ ਮੇਰੇ ਮਨ 'ਚ ਸੀ ਕਿ 'ਗੰਗਾ ਸਾਗਰ' ਦੇ ਦਰਸ਼ਨ ਕਰਵਾਉਣ ਦਾ ਸਾਂਝਾ ਕਾਰਜ ਮੈਂ ਮੁੜ ਸ਼ੁਰੂ ਕਰਾਂ। 1993 ਵਿੱਚ ਜਾ ਕੇ ਮੈਂ 'ਗੰਗਾ ਸਾਗਰ' ਬਾਰੇ ਅਨਾਊਂਸ ਕੀਤਾ। ਇੰਗਲੈਂਡ ਵਿੱਚ ਗੁਰਦੁਆਰਾ ਸਿੰਘ ਸਭਾ, ਸਾਊਥ ਹਾਲ, ਲੰਡਨ ਬੜਾ ਪੁਰਾਣਾ ਗੁਰਦੁਆਰਾ ਹੈ। ਮੈਂ ਉਥੇ ਗੁਰਦੁਆਰੇ ਗਿਆ। ਉਥੇ ਜੋ ਕਮੇਟੀ ਮੈਂਬਰ ਸਨ, ਉਨ੍ਹਾਂ ਨੇ ਸੰਤਾਲੀ ਦਾ ਵਾਕਿਆ ਵੇਖਿਆ ਹੋਇਆ ਸੀ। ਉਨ੍ਹਾਂ ਨੂੰ ਮੈਂ ਸਾਰਾ ਪ੍ਰਸੰਗ ਦੱਸਿਆ। ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਸੀ। ਉਨ੍ਹਾ ਕਿਹਾ ਕਿ ਕੁਝ ਦਿਨ ਤੱਕ ਏਥੇ ਬਹੁਤ ਵੱਡਾ ਸਮਾਗਮ ਹੋਣਾ ਹੈ। ਜਿੱਥੇ ਕਾਫੀ ਲੋਕ ਆਉਂਦੇ ਹਨ। ਤੁਸੀਂ 'ਗੰਗਾ ਸਾਗਰ' ਬਾਰੇ ਸਾਰਾ ਪ੍ਰਸੰਗ ਆਪ ਦੱਸਿਓ। ਅਸੀਂ ਤੁਹਾਨੂੰ ਸਮਾਂ ਦੇ ਦੇਵਾਂਗੇ। ਮੈਂ ਜਾ ਕੇ ਇਸ ਬਾਰੇ ਗੱਲ ਕੀਤੀ। ਉੱਥੇ ਸਟੇਜ ਤੋਂ ਆਪਣੇ ਪੁਰਖਿਆਂ ਬਾਰੇ ਦੱਸਿਆ। ਆਪਣੇ ਪਰਵਾਰ ਬਾਰੇ ਦੱਸਿਆ। ਦੱਸਿਆ ਕਿ ਸੰਤਾਲੀ ਤੱਕ ਮੇਰੇ ਦਾਦਾ ਕੋਲ ਸੰਗਤ ਆਉਂਦੀ ਹੁੰਦੀ ਸੀ ਤੇ 'ਗੰਗਾ ਸਾਗਰ' ਦੇ ਦਰਸ਼ਨ ਕਰਦੀ ਹੁੰਦੀ ਸੀ। ਮੇਰੇ ਮਨ ਵਿੱਚ ਸੀ ਕਿ ਹੁਣ ਇਹ ਗੱਲ ਅੱਗੇ ਜਾਵੇਗੀ। ਤੇ ਇਹ ਗੱਲ ਇੰਡੀਆ, ਪੰਜਾਬ ਤੱਕ ਵੀ ਪੁੱਜੇਗੀ। ਜਿਸ ਵਿਅਕਤੀ ਲਈ ਇਹ ਇਕੱਠ ਕੀਤਾ ਗਿਆ ਸੀ, ਉਹ ਗਿਆਨੀ ਜਸਵੰਤ ਸਿੰਘ ਪਰਵਾਨਾ ਬਾਰੇ ਸੀ। ਉਹ ਹਰਿਮੰਦਰ ਸਾਹਿਬ ਹੈੱਡ ਗ੍ਰੰਥੀ ਵੀ ਰਹਿ ਚੁੱਕੇ ਸਨ। ਉਨ੍ਹਾਂ ਨੇ ਉੱਥੇ ਕਥਾ ਕਰਨੀ ਸੀ। ਮੈਂ ਬੋਲਦਿਆਂ ਰਾਏਕੋਟ ਦਾ ਇਤਿਹਾਸ ਸਾਰਾ ਦੱਸਿਆ, ਪਰ ਆਪਣੇ ਦਾਦਾ ਜੀ ਦਾ ਨਾਂਅ ਲੈਣਾ ਭੁੱਲ ਗਿਆ। ਆਪਣੀ ਗੱਲ ਕਰਨ ਤੋਂ ਪਹਿਲਾਂ ਮੇਰੇ ਕੋਲ ਆ ਕੇ ਪਰਵਾਨਾ ਜੀ ਕਹਿਣ ਲੱਗੇ ਕਿ ਕੀ ਮੈਨੂੰ ਇਹ ਦੱਸੋ ਕਿ ਰਾਇ ਅਨਾਇਤ ਖਾਨ ਦੇ ਤੁਸੀਂ ਕੀ ਲੱਗਦੇ ਹੋ। ਮੈਂ ਦੱਸਿਆ ਕਿ ਉਹ ਮੇਰੇ ਦਾਦਾ ਜੀ ਸਨ। ਉਨ੍ਹਾਂ ਨੇ ਮੈਨੂੰ ਜੱਫੀ ਪਾ ਲਈ। ਆਪਣੀ ਕਥਾ ਕਰਨ ਲੱਗਿਆਂ ਉਨ੍ਹਾ ਕਿਹਾ ਕਿ ਅਸੀਂ ਬੜੇ ਭਾਗਾਂ ਵਾਲੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਨਿਸ਼ਾਨੀ 'ਗੰਗਾ ਸਾਗਰ' ਜੋ ਰਾਇ ਅਨਾਇਤ ਖਾਨ ਕੋਲ 1947 ਤੱਕ ਅਸੀਂ ਦੇਖਦੇ ਹੁੰਦੇ ਸਾਂ। ਇਸ ਨਿਸ਼ਾਨੀ ਨੂੰ ਅਸੀਂ ਲੱਭਣਾ ਸੀ, ਪਰ ਇਹ ਆਪ ਦੱਸਣ ਅੱਜ ਆ ਗਏ ਹਨ, ਕਿਉਂਕਿ ਸੰਤਾਲੀ ਨੇ ਲੋਕਾਂ ਦੀ ਜ਼ਿੰਦਗੀ ਉਥਲ-ਪੁਥਲ ਕਰ ਦਿੱਤੀ ਸੀ। ਫਿਰ ਉਥੇ ਹੀ ਇਕ ਕਰਨੈਲ ਸਿੰਘ ਨਾਂਅ ਦਾ ਬੰਦਾ ਮੈਨੂੰ ਮਿਲਿਆ। ਉਨ੍ਹਾਂ ਦੱਸਿਆ ਕਿ ਮੈਂ ਰਾਏਕੋਟ ਵਿਖੇ ਤੁਹਾਡੇ ਪਿਤਾ ਜੀ ਨਾਲ ਪੜ੍ਹਿਆ ਹੋਇਆ ਹਾਂ। ਉਨ੍ਹਾਂ ਸਾਡਾ ਸਾਮਾਨ ਹੋਟਲ ਵਿੱਚੋਂ ਚੁੱਕ ਕੇ ਲੰਡਨ ਦੇ ਕੈਂਟ ਇਲਾਕੇ ਵਿੱਚ ਲੈ ਗਏ, ਜਿੱਥੇ ਉਨ੍ਹਾਂ ਦਾ ਘਰ ਸੀ। ਇਸ ਤਰ੍ਹਾਂ ਜੁਲਾਈ, 1994 ਵਿੱਚ 44 ਸਾਲਾਂ ਬਾਅਦ 'ਗੰਗਾ ਸਾਗਰ' ਦੇ ਦਰਸ਼ਨ ਲੰਡਨ ਵਿੱਚ ਸੰਗਤਾਂ ਨੇ ਕੀਤੇ। ਉਦੋਂ ਮੈਂ ਪਾਕਿਸਤਾਨ ਵਿੱਚ ਰਹਿੰਦਾ ਹੁੰਦਾ ਸਾਂ। 1979 ਵਿੱਚ ਮੈਂ ਇੰਗਲੈਂਡ ਕ੍ਰਿਕਟ ਦਾ ਮੈਚ ਵੇਖਣ ਗਿਆ ਸਾਂ। 1981 ਵਿੱਚ ਵਰਲਡ ਕੱਪ ਹਾਕੀ ਦਾ ਦੇਖਣ ਬੰਬਈ ਗਿਆ ਸਾਂ। 1982 ਵਿੱਚ ਏਸ਼ੀਅਨ ਖੇਡਾਂ ਦਿੱਲੀ ਦੇਖਣ ਗਿਆ। ਫਿਰ 1983 ਦਾ ਕ੍ਰਿਕਟ ਮੈਚ ਜਲੰਧਰ ਦੇਖਣ ਗਿਆ। ਮੈਂ ਖੁਦ ਗੌਲਫ਼ ਦਾ ਖਿਡਾਰੀ ਰਿਹਾ। 1992 ਵਿੱਚ ਗੌਲਫ਼ ਖੇਡਣ ਵੀ ਗਿਆ। ਉਸ ਵੇਲੇ ਮੈਂ ਪਹਿਲੀ ਵਾਰ ਰਾਏਕੋਟ ਵੀ ਗਿਆ ਸਾਂ। ਉਸ ਵੇਲੇ ਮੈਂ 'ਗੰਗਾ ਸਾਗਰ' ਦਾ ਕਿਤੇ ਵੀ ਜਾ ਕੇ ਜ਼ਿਕਰ ਨਹੀਂ ਕੀਤਾ। ਪਹਿਲੀ ਵਾਰ ਲੰਡਨ ਵਿੱਚ 'ਗੰਗਾ ਸਾਗਰ' ਬਾਰੇ ਸਟੇਜ 'ਤੇ ਜ਼ਿਕਰ ਕੀਤਾ। ...ਮੈਨੂੰ ਲੰਡਨ ਦੀ ਇਕ ਗੱਲ ਚੇਤੇ ਆ ਰਹੀ ਏ.. ਜਦੋਂ ਮੈਂ ਪਹਿਲੀ ਵਾਰ ਲੰਡਨ 'ਗੰਗਾ ਸਾਗਰ' ਦਾ ਜ਼ਿਕਰ ਕਰਨ ਜਾਣਾ ਸੀ ਤਾਂ ਮੈਨੂੰ ਕੁਝ ਦੋਸਤ-ਮਿੱਤਰਾਂ ਨੇ ਰੋਕਿਆ ਵੀ ਕਿ ਪਤਾ ਨ੍ਹੀਂ ਉਹ ਲੋਕ ਤੇਰੇ ਨਾਲ ਕਿਵੇਂ ਮਿਲਦੇ ਨੇ। ਉਨ੍ਹਾਂ ਦਾ ਪ੍ਰਤੀਕਰਮ ਕਿਹੋ ਜਿਹਾ ਹੋਵੇਗਾ। ਮੇਰੇ ਮਨ ਵਿੱਚ ਇਹ ਗੱਲ ਸੀ ਕਿ ਕੋਈ ਵੀ ਅੱਛਾ ਇਨਸਾਨ ਰਾਇ ਕੱਲ੍ਹਾ ਦੀ ਸੇਵਾ ਨੂੰ ਮਾੜਾ ਨਹੀਂ ਕਹਿ ਸਕਦਾ। ਇਸ ਕਾਰਜ ਲਈ ਮੈਂ ਇਕੱਲਾ ਤੁਰਿਆ ਸਾਂ। ਇਕ ਗੱਲ ਹੋਰ ... ਜਦੋਂ ਮੈਂ ਪਹਿਲੀ ਵਾਰ 'ਗੰਗਾ ਸਾਗਰ' ਦੇ ਸੰਗਤਾਂ ਨੂੰ ਦਰਸ਼ਨ ਕਰਵਾਉਣ ਲੰਡਨ ਗਿਆ ਸਾਂ ਤਾਂ 'ਦੇਸ਼ ਪ੍ਰਦੇਸ਼' ਅਖਬਾਰ ਨੇ ਇਸ ਸੰਬੰਧੀ ਪਹਿਲਾਂ ਆਰਟੀਕਲ ਪ੍ਰਕਾਸ਼ਤ ਕੀਤਾ ਸੀ।



ਪਵਿੱਤਰ ਗੰਗਾ ਸਾਗਰ ਨਾਲ ਫ਼ਰਜ਼ੰਦ ਰਾਏ ਮੁਹੰਮਦ ਅਲੀ ਖਾਨ ਆਪਣੇ ਵਾਲਿਦ ਰਾਏ ਅਜ਼ੀਜ਼ ਉਲ੍ਹਾ ਖਾਨ

(● ਬਾਕੀ ਅਗਲੇ ਐਤਵਾਰਤਾ 'ਚ)

## ਬਾਲ ਕੋਨਾ





ਏਕਨੂਰ ਕੌਰ, ਦੂਜੀ, ਗੁਰੂ ਨਾਨਕ ਇੰਟਰਨੈਸ਼ਨਲ ਪਬਲਿਕ ਸਕੂਲ, ਲੁਧਿਆਣਾ



ਰਣਵਿਜੇ ਸਿੰਘ ਸਹੋਤਾ, ਪਹਿਲੀ, ਸੇਂਟ ਜੇ. ਵੀ.ਆਰ ਹਾਈ ਸਕੂਲ, ਮਾਨਸਾ

### ਪਾਰਕ ਨੂੰ ਚੱਲੀਏ

ਆਜੋ ਵੀਰ ਜੀ ਪਾਰਕ ਨੂੰ ਚੱਲੀਏ,
ਆਪਣਾ ਮਨ ਪਸੰਦ ਝੂਲਾ ਮੱਲੀਏ।
ਦਿਨ ਐਤਵਾਰ ਦੀ ਛੁੱਟੀ ਹੈ ਅੱਜ,
ਜਲਦੀ ਪਹੁੰਚੀਏ ਥੋੜ੍ਹਾ ਵੀਰੇ ਭੱਜ।
ਚੁਸਤ ਦੋਨੋਂ ਨੇ ਈਸਟਾ, ਏਕਵੀਰਾ,
ਵੇਖਕੇ ਹੋਵੇਗਾ ਤੂੰ ਫੇਰ ਦੂਰਾ ਤੀਰਾ।
ਝੂਲਾ ਰੋਕ ਲੈਣਾ ਮੈਂ ਪੀਂਘ ਵਾਲਾ,
ਰੋਜ਼ ਬੈਠਦੀ ਹੈ ਜਿਸ ਉੱਤੇ ਮਾਲਾ।
ਮੋਹੀ ਕਹਿੰਦਾ ਭੈਣੇ ਸੁਣ ਮੇਰੀ ਗੱਲ,
ਮੈਂ ਤਾਂ ਜਾਊਂਗਾ ਸਿੱਧਾ ਰੱਸੇ ਵੱਲ।
ਜਿੰਨਾਂ ਚਿਰ ਮੇਰਾ ਕੱਦ ਨੀਂ ਵੱਧਦਾ,
ਮੈਂ ਰੱਸੇ ਦਾ ਖਹਿੜਾ ਨਹੀਂ ਛੱਡਦਾ।
ਪਹਿਲਾਂ ਪੁੱਜ ਗਏ ਦੋਨੋਂ ਭੈਣ-ਭਰਾ,
ਯਾਰ ਪਿੱਛੇ ਛੱਡ ਕੇ ਦਿੱਤੇ ਨੇ ਹਰਾਂ।
ਰੱਜ ਕੇ ਝੂਟੇ ਲਏ ਬੜੀ ਹੀ ਵਾਰੀ।
ਛੁੱਟੀ ਲੰਘ ਗਈ ਖੁਸ਼ੀ 'ਚ ਸਾਰੀ।
'ਚਮਨ' ਪਾਰਕ ਨੂੰ ਹਰ ਰੋਜ਼ ਜਾਓ,
ਸਰੀਰ ਨੂੰ ਬਿਮਾਰੀਆਂ ਤੋਂ ਬਚਾਓ।

**- ਚਮਨਦੀਪ ਸ਼ਰਮਾ**

### ਸ਼ੋਰ ਪ੍ਰਦੂਸ਼ਣ

ਬੇਨਤੀ ਹੈ ਇੱਕ ਸਭ ਨੂੰ ਕਰਨਾ ਮਨਜ਼ੂਰ ਜੀ ,
ਪੇਪਰਾਂ ਦੇ ਦਿਨੀਂ 'ਵਾਜ ਘੱਟ ਰੱਖਣਾ ਜ਼ਰੂਰ ਜੀ ,

ਵਿਆਹ-ਸ਼ਾਦੀਆਂ 'ਤੇ ਡੀ ਜੇ ਉੱਚੀ ਲਾਇਓ ਨਾ,
ਸ਼ੋਰ ਪ੍ਰਦੂਸ਼ਣ ਕੰਨਾਂ ਤੱਕ ਪਹੁੰਚਾਇਓ ਨਾ,
ਮਾੜੀਆਂ ਆਦਤਾਂ ਨੂੰ ਰਲ਼ ਕਰਨਾ ਦੂਰ ਜੀ .

ਸਭ ਧਰਮਾਂ ਵਾਲਿਓ ਹੱਥ ਜੋੜ ਕੇ ਅਪੀਲ ਏ ,
ਤਰਕ ਦਾ ਸੂਰਜ ਚੜ੍ਹੇ ਚਾਨਣ ਕੋਹਾਂ ਮੀਲ ਏ,
ਉੱਚੀ ਸੁੱਚੀ ਸੋਚ ਹੋਵੇ ਜੱਗ ਭਰਪੂਰ ਜੀ...

ਸੜਕਾਂ ਤੇ ਬਿਨਾਂ ਵਜ੍ਹਾ ਪੌਂ-ਪੌਂ ਵਜਾਇਆ ਨਾ,
ਦਿਲ ਦੇ ਮਰੀਜ਼ਾ ਨੂੰ ਐਂਵੇ ਧਮਕਾਇਓ ਨਾ,
ਮੰਨਣਾ ਕਨੂੰਨ ਛੱਡ, ਝੂਠਾ ਏ ਗਰੂਰ ਜੀ

ਆਓ ਰਲ਼ਕੇ ਸਾਰੇ ਵਾਅਦਾ ਇੱਕ ਕਰੀਏ ,
ਦੇਸ਼ ਦੇ ਭਵਿੱਖ ਅੱਗੇ ਨਾ ਕੰਡੇ ਆਪਾਂ ਧਰੀਏ,
'ਪ੍ਰੀਤ ਬੀੜ ਕਿਸ਼ਨ', ਗੱਲ ਕਰੋ ਮਨਜ਼ੂਰ ਜੀ

**- ਗੁਰਪ੍ਰੀਤ ਸਿੰਘ ਬੀੜ ਕਿਸ਼ਨ**

### ਪੱਕੇ ਪੇਪਰ

ਪੱਕੇ ਪੇਪਰ ਹੁਣ ਆ ਗਏ ਨੇੜੇ,
ਦੱਬ ਕੇ ਪੜ੍ਹ ਲਓ ਸ਼ਾਮ ਸਵੇਰੇ।
ਸਮਾਂ ਸਾਰਨੀ ਬਣਾ ਕੇ ਪੜ੍ਹਨਾ,
ਛੱਡ ਦੋ ਇਧਰ-ਓਧਰ ਖੜ੍ਹਨਾ।
ਕਿਤਾਬਾਂ ਅੱਗੇ ਲਾਓ ਪੱਕੇ ਡੇਰੇ,
ਪੱਕੇ ਪੇਪਰ ਹੁਣ...
ਖੇਡਣਾ ਕੁੱਦਣਾ ਕਰ ਦਿਓ ਬੰਦ,
ਜੀ ਲਾ ਕੇ ਪੜ੍ਹੋ ਨਿੱਤ ਘੰਟੇ ਪੰਜ।
ਮਾਪਿਆਂ ਤੋਂ ਨਹੀਂ ਖਾਣੇ ਲਫੇੜੇ,
ਪੱਕੇ ਪੇਪਰ ਹੁਣ...
ਟੀਵੀ ਦੇਖਣ ਤੋਂ ਕਰਲੋ ਕਿਨਾਰਾ,
ਧਿਆਨ ਭੰਗ ਕਰ ਦਿੰਦਾ ਸਾਰਾ।
ਫੋਨ ਵੇਖਣ ਨੂੰ ਦਿਨ ਹੋਰ ਬਥੇਰੇ,
ਪੱਕੇ ਪੇਪਰ ਹੁਣ...
ਵਧੀਆ ਨੰਬਰਾਂ ਨਾਲ ਹੋਣਾ ਪਾਸ,
ਮਾਪਿਆਂ ਨੇ ਲਗਾ ਰੱਖੀ ਹੈ ਆਸ।
ਵਿੱਦਿਆ ਬਿਨ੍ਹਾਂ ਤਾਂ ਘੋਰ ਹਨ੍ਹੇਰੇ,
ਪੱਕੇ ਪੇਪਰ ਹੁਣ...
'ਚਮਨ' ਸਰਦੀ ਤੋਂ ਬਚਕੇ ਰਹਿਣਾ,
ਆਪਣੇ ਗੁਰੂ ਦਾ ਮੰਨਿਓ ਕਹਿਣਾ।
ਯਾਦ ਨੇ ਪ੍ਰਸ਼ਨ ਉਨ੍ਹਾਂ ਦੱਸੇ ਜਿਹੜੇ ?
ਪੱਕੇ ਪੇਪਰ ਹੁਣ...

**- ਚਮਨਦੀਪ ਸ਼ਰਮਾ**